**Reo-Bankowned Properties**

From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969




**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192




3100 Mowry Ave. #303, Fremont, CA 94538
E-mail: kuldipdhariwal@yahoo.com



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 35, August 31st, 2013
20451 N Plum Grove Rd., Palatine, IL 60074
Ph:847-359-0746, Fax:847-705-9388


# ਸਿੱਖਾਂ ਨੇ ਸੁਖਬੀਰ ਦੀ ਕੈਨੇਡਾ ਉਡਾਣ ਡੱਕੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਕੈਨੇਡਾ ਫੇਰੀ ਲਗਾਤਾਰ ਦੂਜੀ ਵਾਰ ਰੱਦ ਹੋ ਗਈ ਹੈ। ਇਹ ਦੌਰਾ ਰੱਦ ਹੋਣ ਦਾ ਕਾਰਨ ਬੇਸ਼ੱਕ ਕੈਨੇਡਾ ਸਰਕਾਰ ਵੱਲੋਂ ਸੁਰੱਖਿਆ ਮੁਹੱਈਆ ਨਾ ਕਰਾਉਣਾ ਦੱਸਿਆ ਜਾ ਰਿਹਾ ਹੈ, ਪਰ ਅਸਲ ਵਿਚ ਗਰਮਖਿਆਲੀ ਜਥੇਬੰਦੀਆਂ ਦੇ ਵਿਰੋਧ ਦੇ ਮੱਦੇਨਜ਼ਰ ਸ. ਬਾਦਲ ਵਿਦੇਸ਼ ਜਾਣ ਤੋਂ ਕੰਨੀ ਕਤਰਾ ਰਹੇ ਹਨ। ਪਿਛਲੇ ਸਾਲ ਵੀ ਸੁਖਬੀਰ ਬਾਦਲ ਨੇ ਕੈਨੇਡਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ, ਪਰ ਗਰਮਖਿਆਲੀ ਜਥੇਬੰਦੀਆਂ ਦੇ ਵਿਰੋਧ ਨੂੰ ਦੇਖਦਿਆਂ ਐਨ ਮੌਕੇ 'ਤੇ ਦੌਰਾ ਰੱਦ ਕਰ ਦਿੱਤਾ ਗਿਆ ਸੀ।

ਸਿਆਸੀ ਹਲਕਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਸੁਖਬੀਰ ਬਾਦਲ ਦਾ ਲਗਾਤਾਰ ਦੂਜੇ ਵਰ੍ਹੇ ਕੈਨੇਡਾ ਦਾ ਦੌਰਾ ਰੱਦ ਹੋਣ ਨਾਲ ਹਾਕਮ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ 'ਤੇ ਵੀ ਸਵਾਲ ਉਠਿਆ ਹੈ ਜਿਨ੍ਹਾਂ ਤੋਂ ਵਿਦੇਸ਼ਾਂ ਵਿਚ ਰਹਿੰਦੇ ਸਿੱਖ ਖਫ਼ਾ ਹਨ। ਸੂਤਰਾਂ ਅਨੁਸਾਰ ਸੁਖਬੀਰ ਬਾਦਲ ਨੇ ਦੌਰੇ ਤੋਂ ਪਹਿਲਾਂ ਹਾਲਾਤ ਦਾ ਜਾਇਜ਼ਾ ਲੈਣ ਲਈ ਸੀਨੀਅਰ ਅਕਾਲੀ ਆਗੂਆਂ ਦੀ ਟੀਮ ਕੈਨੇਡਾ ਭੇਜੀ ਸੀ ਜਿਨ੍ਹਾਂ ਦੀ ਰਿਪੋਰਟ ਤੋਂ ਬਾਅਦ ਹੀ ਪਾਰਟੀ ਪ੍ਰਧਾਨ ਨੂੰ ਵਿਦੇਸ਼ ਨਾ ਜਾਣ ਦਾ ਫੈਸਲਾ ਕਰਨਾ ਪਿਆ।

ਉਂਜ, ਸੁਖਬੀਰ ਬਾਦਲ ਵੱਲੋਂ ਵਿਦੇਸ਼ ਦੌਰਾ ਰੱਦ ਕਰਨ ਦਾ ਕਾਰਨ ਵਿਦੇਸ਼ੀ ਸਰਕਾਰ ਵੱਲੋਂ ਸੁਰੱਖਿਆ ਦਾ ਪੁਖ਼ਤਾ ਪ੍ਰਬੰਧ ਨਾ ਕਰਨਾ ਦੱਸਿਆ ਜਾ ਰਿਹਾ ਹੈ ਪਰ ਸਿਆਸੀ ਮਾਹਿਰਾਂ ਦੀ ਰਾਏ ਹੈ ਕਿ ਹਾਕਮ ਧਿਰ ਵੱਲੋਂ ਆਲੋਚਨਾ ਤੋਂ ਬਚਣ ਲਈ ਇਹ ਬਹਾਨਾ ਬਣਾਇਆ ਜਾ ਰਿਹਾ ਹੈ। ਸੁਖਬੀਰ ਦੇ ਦਾਅਵੇ ਦੀ ਪੋਲ ਇਸ ਕਰ ਕੇ ਵੀ ਖੁੱਲ੍ਹਦੀ ਹੈ ਕਿ ਵਿਦੇਸ਼ੀ ਸਰਕਾਰਾਂ ਕੇਂਦਰ ਸਰਕਾਰ ਦੇ ਦਖ਼ਲ ਤੋਂ ਬਿਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਜਾਂ ਹੋਰ ਅਹਿਮ ਵਿਅਕਤੀਆਂ ਨੂੰ ਸੁਰੱਖਿਆ ਦਿੰਦੀਆਂ ਹੀ ਨਹੀਂ। ਇਸ ਦਾ ਸਬੂਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਮਰੀਕਾ ਜਾਣ ਵੇਲੇ ਰਾਜ ਸਰਕਾਰ ਵੱਲੋਂ ਆਪਣੀ ਕੀਮਤ 'ਤੇ ਵਿਸ਼ੇਸ਼ ਸੁਰੱਖਿਆ ਛੱਤਰੀ ਮੁਹੱਈਆ ਕਰਾਉਣ ਤੋਂ ਮਿਲਦਾ ਹੈ। ਮੁੱਖ ਮੰਤਰੀ ਪਿਛਲੇ ਸਾਲਾਂ ਦੌਰਾਨ ਆਪਣੀ ਪਤਨੀ ਸੁਰਿੰਦਰ ਕੌਰ ਦੇ ਇਲਾਜ ਲਈ ਜਿੰਨੀ ਵਾਰੀ ਵੀ ਅਮਰੀਕਾ ਗਏ, ਉਨ੍ਹਾਂ ਲਈ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਸਨ। ਸਰਕਾਰ ਨੇ ਅਮਰੀਕਾ ਦੀ ਪ੍ਰਾਈਵੇਟ ਕੰਪਨੀ ਨੂੰ 60 ਲੱਖ ਰੁਪਏ ਤੋਂ ਵੱਧ ਦੀ ਰਕਮ ਸੁਰੱਖਿਆ ਲਈ ਅਦਾ ਕੀਤੀ ਸੀ।



**ਪਰਵਾਸੀ ਸਿੱਖਾਂ ਵਿਚ ਬਾਦਲਾਂ ਖਿਲਾਫ ਤਿੱਖਾ ਰੋਹ**

**ਸੁਰੱਖਿਆ ਨਾ ਮਿਲਣ ਦਾ ਬਣਾਇਆ ਬਹਾਨਾ**

**ਪਿਛਲੇ ਸਾਲ ਵੀ ਰੱਦ ਕਰਨਾ ਪਿਆ ਸੀ ਦੌਰਾ**

ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਨੇ ਆਪਣਾ ਦੌਰਾ ਟੋਰਾਂਟੋ ਤੋਂ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਤੇ 19 ਸਤੰਬਰ ਨੂੰ ਟੋਰਾਂਟੋ ਵਿਚ ਪਹਿਲਾ ਵੱਡਾ ਜਨਤਕ ਸਮਾਗਮ ਕੀਤਾ ਜਾਣਾ ਸੀ। ਟੋਰਾਂਟੋ ਵਿਚ ਸਮਾਗਮ ਲਈ ਵੱਡਾ ਹਾਲ ਵੀ ਬੁੱਕ ਕਰ ਲਿਆ ਗਿਆ ਸੀ। ਉਧਰ, ਸੁਖਬੀਰ ਬਾਦਲ ਦੇ ਕੈਨੇਡਾ ਦੌਰੇ ਦੀ ਭਿਣਕ ਪੈਂਦਿਆਂ ਹੀ ਯੂਨਾਈਟਿਡ ਸਿੱਖਸ, ਸਿੱਖਸ ਫਾਰ ਜਸਟਿਸ ਤੇ ਹੋਰ ਸਿੱਖ ਸੰਸਥਾਵਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਸੋਸ਼ਲ ਮੀਡੀਆ ਉਪਰ ਪ੍ਰਚਾਰ ਮੁਹਿੰਮ ਅਰੰਭ ਕਰ ਦਿੱਤੀ। ਸੂਤਰਾਂ ਮੁਤਾਬਕ ਸੁਖਬੀਰ ਬਾਦਲ ਨੂੰ ਇਹ ਵੀ ਡਰ ਸੀ ਕਿ ਕੈਨੇਡਾ ਦੇ ਕਾਨੂੰਨ ਮੁਤਾਬਕ ਉਥੇ ਉਨ੍ਹਾਂ ਵਿਰੁਧ ਫੌਜਦਾਰੀ ਕੇਸ ਵੀ ਦਰਜ ਹੋ ਸਕਦਾ ਹੈ। ਜੇ ਫੌਜਦਾਰੀ ਕੇਸ ਦਰਜ ਹੋ ਜਾਵੇ ਤਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਕੋਈ ਨਹੀਂ ਰੋਕ ਸਕਦਾ। ਇਸੇ ਤਰ੍ਹਾਂ ਅਮਰੀਕਾ ਗਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁਧ ਵੀ ਕੇਸ ਦਰਜ ਹੋ ਗਿਆ ਸੀ ਭਾਵੇਂ ਉਹ ਸਿਵਲ ਦਾ ਮਾਮਲਾ ਸੀ। ਉਸ ਕੇਸ ਵਿਚ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਆਧਾਰ ਬਣਾਇਆ ਗਿਆ ਸੀ। ਅਮਰੀਕਨ ਨਾਗਰਿਕਾਂ ਨਾਲ ਉਸ ਮਾਮਲੇ ਦਾ ਕੋਈ ਸਿੱਧਾ ਸਬੰਧ ਨਹੀਂ ਸੀ। ਚੇਤੇ ਰਹੇ ਕਿ ਸਿੱਖ ਸੰਗਠਨਾਂ ਨੇ ਅਜਿਹੇ ਕਈ ਮਾਮਲੇ ਸਾਹਮਣੇ ਲਿਆਉਣੇ ਸ਼ੁਰੂ ਕੀਤੇ ਹਨ ਜਿਨ੍ਹਾਂ ਵਿਚ ਪੰਜਾਬੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਦੇ ਪੰਜਾਬ ਵਿਚ ਆਉਣ ਸਮੇਂ ਉਨ੍ਹਾਂ 'ਤੇ ਤਸ਼ੱਦਦ ਹੋਏ। ਇਨ੍ਹਾਂ ਮਾਮਲਿਆਂ ਨੂੰ ਲੈ ਕੇ ਕਾਨੂੰਨੀ ਸਲਾਹਕਾਰਾਂ, ਸੁਰੱਖਿਆ ਏਜੰਸੀਆਂ ਤੇ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ ਵੀ ਸੁਖਬੀਰ ਬਾਦਲ ਨੂੰ ਵਿਦੇਸ਼ ਨਾ ਜਾਣ ਦੀ ਸਲਾਹ ਦਿੱਤੀ।

ਪੰਜਾਬ ਵਿਚ ਮੁੜ ਤੋਂ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੈਨੇਡਾ ਜਾਣ ਲਈ ਪੂਰਾ ਤਾਣ ਲਾ ਰਹੇ ਹਨ। ਪਿਛਲੇ ਸਾਲ ਸਤੰਬਰ ਮਹੀਨੇ ਵਿਚ ਵੀ ਉਨ੍ਹਾਂ ਵੱਲੋਂ ਕੈਨੇਡਾ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਉਸ ਵੇਲੇ ਸਿੱਖ ਜਥੇਬੰਦੀਆਂ ਦੇ ਵਿਰੋਧ ਦਾ ਜਾਇਜ਼ਾ ਲੈਣ ਲਈ ਬਲਵੰਤ ਸਿੰਘ ਰਾਮੂਵਾਲੀਆ ਤੇ ਮਨਪ੍ਰੀਤ ਸਿੰਘ ਇਯਾਲੀ ਨੂੰ ਕੈਨੇਡਾ ਭੇਜਿਆ ਗਿਆ ਸੀ। ਇਨ੍ਹਾਂ ਅਕਾਲੀ ਆਗੂਆਂ ਦੀ ਰਿਪੋਰਟ ਤੋਂ ਬਾਅਦ ਸੁਖਬੀਰ ਬਾਦਲ ਨੇ 2012 ਦੌਰਾਨ ਕੈਨੇਡਾ ਦਾ ਦੌਰਾ ਰੱਦ ਕਰ ਦਿੱਤਾ ਸੀ। ਇਸ ਦੇ ਉਲਟ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕੁਝ ਵਰ੍ਹੇ ਪਹਿਲਾਂ ਕੈਨੇਡਾ ਵਿਚ ਗਰਮਖਿਆਲੀ ਜਥੇਬੰਦੀਆਂ ਸਮੇਤ ਪੰਜਾਬੀਆਂ ਨੇ ਭਰਵਾਂ ਸਵਾਗਤ ਕੀਤਾ ਸੀ। ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਕੈਨੇਡਾ ਰਹਿੰਦੇ ਪੰਜਾਬੀਆਂ ਨੇ ਖੁੱਲ੍ਹੀ ਹਮਾਇਤ ਕੀਤੀ ਸੀ। ਅਹਿਮ ਤੱਥ ਇਹ ਵੀ ਹੈ ਕਿ ਕੈਨੇਡਾ ਨੇ ਪਿਛਲੇ ਸਾਲਾਂ ਦੌਰਾਨ ਪੰਜਾਬ ਪੁਲਿਸ ਦੇ ਕਈ ਅਧਿਕਾਰੀਆਂ ਨੂੰ ਵੀਜ਼ਾ ਦੇਣ ਤੋਂ ਵੀ ਨਾਂਹ ਕਰ ਦਿੱਤੀ ਸੀ। ਅਜਿਹੇ ਅਧਿਕਾਰੀਆਂ ਵਿਚ ਡੀ.ਜੀ.ਪੀ. ਰੈਂਕ ਦੇ ਪੁਲੀਸ ਅਧਿਕਾਰੀ ਰਾਜਨ ਗੁਪਤਾ ਸਮੇਤ ਹੋਰ ਕਈਆਂ ਦੇ ਨਾਂ ਸ਼ਾਮਲ ਹਨ।

ਅਕਾਲੀ ਦਲ ਦੇ ਹਲਕਿਆਂ ਦਾ ਕਹਿਣਾ ਹੈ ਕਿ ਸੁਖਬੀਰ ਬਾਦਲ ਪੰਜਾਬ ਨੂੰ ਵਿੱਤੀ ਸੰਕਟ ਵਿਚੋਂ ਕੱਢਣ ਲਈ ਪਰਵਾਸੀ ਪੰਜਾਬੀਆਂ ਨੂੰ ਨਿਵੇਸ਼ ਲਈ ਉਤਸ਼ਾਹਤ ਕਰਨਾ ਚਾਹੁੰਦੇ ਹਨ। ਉਨ੍ਹਾਂ ਵੱਲੋਂ

*(ਬਾਕੀ ਸਫਾ 6 'ਤੇ)*

# ਕੈਪਟਨ ਅਮਰਿੰਦਰ ਸਿੰਘ ਨਹੀਂ ਛੱਡਣਗੇ ਕਪਤਾਨੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਾਰ-ਦਰ-ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਪੰਜਾਬ ਕਾਂਗਰਸ ਨੇ ਸਬਕ ਨਹੀਂ ਸਿੱਖਿਆ ਤੇ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਵਿਚਲੀ ਖਾਨਾਜੰਗੀ ਇਕ ਵਾਰ ਫਿਰ ਖੁੱਲ੍ਹ ਕੇ ਸਾਹਮਣੇ ਆ ਗਈ ਹੈ।



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆ ਰਹੀਆਂ ਲੋਕ ਸਭਾ ਚੋਣਾਂ ਲਈ ਆਪਣੇ ਪੱਧਰ 'ਤੇ ਪੰਜਾਬ ਦਾ ਦੌਰਾ ਕਰਨ ਤੇ ਮੌਜੂਦਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀਆਂ ਰੈਲੀਆਂ ਨਾਲ ਕੋਈ ਸਬੰਧ ਨਾ ਹੋਣ ਦਾ ਐਲਾਨ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਸ. ਬਾਜਵਾ ਦੀ ਕਮਾਂਡ ਹੇਠ ਪੰਜਾਬ ਵਿਚ ਕੰਮ ਕਰਨ ਦੇ ਰੌਂਅ ਵਿਚ ਨਹੀਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਤੇ ਵਿਧਾਨ ਸਭਾ ਸੀਟਾਂ ਦੇ ਉਮੀਦਵਾਰ ਐਲਾਨਣ ਸਬੰਧੀ ਸ. ਬਾਜਵਾ ਦੇ ਅਧਿਕਾਰ 'ਤੇ ਸਵਾਲ ਖੜ੍ਹਾ ਕੀਤਾ ਸੀ।

ਉਧਰ, ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਵੱਲੋਂ ਵੀ ਪੰਜਾਬ ਕਾਂਗਰਸ ਦੇ ਅਹਿਮ ਸਮਾਗਮਾਂ ਤੋਂ ਦੂਰ ਰਹਿਣ ਤੇ ਆਪਣੀਆਂ ਸਰਗਰਮੀਆਂ ਵੱਖਰੇ ਤੌਰ 'ਤੇ ਚਲਾਉਣ ਕਾਰਨ ਪਾਰਟੀ ਖੇਰੂੰ-ਖੇਰੂੰ ਹੋਈ ਨਜ਼ਰ ਆ ਰਹੀ ਹੈ। ਇਹੀ ਨਹੀਂ ਦੂਜੀ ਕਤਾਰ ਦੇ ਆਗੂਆਂ ਵਿਚਾਲੇ

*(ਬਾਕੀ ਸਫਾ 6 'ਤੇ)*


**REAL ESTATE & HOME LOANS**



Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)




Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

*To Advertise with Punjab Times*
*Call: 847-359-0746*
*punjabtimesusa.com*

# ਮਨਮੋਹਨ-ਓਬਾਮਾ ਵਾਰਤਾ 27 ਸਤੰਬਰ ਨੂੰ

**ਵਾਸ਼ਿੰਗਟਨ (ਬਿਊਰੋ):** ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 27 ਸਤੰਬਰ ਨੂੰ ਵ੍ਹਾਈਟ ਹਾਊਸ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੁਲਾਕਾਤ ਕਰਨਗੇ ਜਿਸ ਦੌਰਾਨ ਉਨ੍ਹਾਂ ਵੱਲੋਂ ਦੁਵੱਲੇ ਸਬੰਧਾਂ ਤੇ ਰੱਖਿਆ ਸਹਿਯੋਗ ਨੂੰ ਵਧਾਉਣ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਨੇ ਕਿਹਾ ਕਿ ਇਹ ਕੰਮਕਾਜ ਨਾਲ ਮੁਤੱਲਕ ਮੁਲਾਕਾਤ ਹੋਵੇਗੀ ਤੇ ਇਹ ਇਕ ਛੋਟਾ ਦੌਰਾ ਹੈ ਪਰ ਮੇਰਾ ਖਿਆਲ ਹੈ ਕਿ ਠੋਸ ਸਿੱਟਿਆਂ ਦੇ ਪੱਖ ਤੋਂ ਇਹ ਇਕ ਚੰਗਾ ਦੌਰਾ ਸਾਬਤ ਹੋਵੇਗਾ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400



Soft Touch Dental Practice
A reason to smile . . .
Call us Today! (510) 952-9395


*State of the art Dental Facility in your neighborhood.*
General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients
$69.99
Cleaning Exam X-Rays
ਅਸੀਂ ਮੁਸਕਰਾਹਟਾਂ ਵੰਡਦੇ ਹਾਂ
Special Rates For New Patients.
ਡਾ. ਅੰਮ੍ਰਿਤਪਾਲ ਕੌਰ
www.soft touch dental practice.com
Call us Today (510) 952-9395
email: amrit@drakaur.com
People Like Us On Yelp!
facebook.com/softtouchdentalpractice
Parking in the back.
2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.



A & I Transport Inc.
123 E Lee Rd., Watsonville, CA, 95076
Ph:831-763-7805
A&I WATSONVILLE, CA.
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll

2012, 13 ਤੇ 14 ਮਾਡਲ ਦੇ ਨਵੇਂ ਨਕੋਰ ਟਰੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ




Janta India Restaurant
369 Lytton Ave, Palo Alto, CA, 94301
ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ

ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ
ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ
ਫੋਨ: 650-462-5903

# ਇਕ-ਚੌਥਾਈ ਭਾਰਤੀ ਨਹੀਂ ਕਰਦੇ ਨਾਸ਼ਤਾ

**ਮੁੰਬਈ:** ਦੇਸ਼ ਵਿਚ ਗਰੀਬਾਂ ਲਈ ਰਾਸ਼ਨ ਮੁਹੱਈਆ ਕਰਾਉਣ ਬਾਰੇ ਪਾਰਲੀਮੈਂਟ ਵਿਚ ਖੁਰਾਕ ਸੁਰੱਖਿਆ ਬਿੱਲ 'ਤੇ ਜਦੋਂ ਬਹਿਸ ਚੱਲ ਰਹੀ ਤਾਂ ਮੋਟੇ ਅਨਾਜ ਦੇ ਉਤਪਾਦ ਬਣਾਉਣ ਵਾਲੀ ਕੈਲੌਗਜ਼ ਇੰਡੀਆ ਨੇ ਅਧਿਐਨ ਕਰਕੇ ਪਤਾ ਲਾਇਆ ਕਿ ਦੇਸ਼ ਦੇ ਚਾਰ ਮਹਾਨਗਰਾਂ ਵਿਚ ਇਕ ਚੁਥਾਈ ਲੋਕ ਸਵੇਰ ਦਾ ਨਾਸ਼ਤੇ ਨਹੀਂ ਕਰਦੇ ਜਿਸ ਕਰਕੇ ਉਹ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ।

ਕਾਲਜ ਆਫ ਹੋਮ ਸਾਇੰਸ ਨਿਰਮਲਾ ਨਿਕੇਤਨ ਮੁੰਬਈ ਵੱਲੋਂ ਕੀਤੇ ਗਏ ਅਧਿਐਨ ਵਿਚ ਕਿਹਾ ਗਿਆ ਹੈ ਕਿ ਸਮੇਂ ਦੀ ਘਾਟ ਤੋਂ ਲੈ ਕੇ ਮੋਟਾਪਾ ਹੋਣ ਜਿਹੇ ਕਾਰਨਾਂ ਕਰਕੇ 27 ਫੀਸਦ ਲੋਕਾਂ ਦਾ ਕਹਿਣਾ ਸੀ ਕਿ ਉਹ ਸਵੇਰ ਦਾ ਨਾਸ਼ਤਾ ਨਹੀਂ ਕਰਦੇ। ਸਿਰਫ਼ 33 ਫੀਸਦ ਲੋਕਾਂ ਦਾ ਕਹਿਣਾ ਸੀ ਕਿ ਉਹ ਨਾਸ਼ਤੇ ਨੂੰ ਆਪਣੇ ਨਿਤਨੇਮ ਦਾ ਜ਼ਰੂਰੀ ਹਿੱਸਾ ਮੰਨਦੇ ਹਨ। ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨਈ ਵਿਚ ਇਹ ਅਧਿਐਨ 2009 ਤੋਂ ਸ਼ੁਰੂ ਹੋਇਆ ਸੀ ਜਿਸ ਤਹਿਤ 3619 ਲੋਕਾਂ ਨੇ ਜਵਾਬ ਦਿੱਤੇ।

ਸੰਸਥਾ ਦੀ ਰਿਸਰਚ ਡਾਇਰੈਕਟਰ ਮਾਲਤੀ ਸਿਵਰਾਮਕ੍ਰਿਸ਼ਨਨ ਨੇ ਕਿਹਾ ਕਿ ਜਿਹੜੇ ਲੋਕ ਨਾਸ਼ਤਾ ਕਰਦੇ ਵੀ ਹਨ, ਉਨ੍ਹਾਂ ਵਿਚ ਵੀ ਸਿਫਾਰਸ਼ਸ਼ੁਦਾ ਪੋਸ਼ਕ ਭੱਤੇ (ਆਰਡੀਏ) ਮੁਤਾਬਕ ਪੋਸ਼ਕ ਤੱਤਾਂ ਵਿਚ ਘਾਟ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਕੋਲਕਾਤਾ ਵਿਚ ਇਹ ਸਭ ਤੋਂ ਵੱਧ ਹੈ। ਉਸ ਤੋਂ ਬਾਅਦ ਮੁੰਬਈ ਅਤੇ ਦਿੱਲੀ ਦੇ ਨੰਬਰ ਆਉਂਦੇ ਹਨ ਜਦਕਿ ਚੇਨਈ ਵਿਚ ਪੋਸ਼ਕ ਤੱਤਾਂ ਦਾ ਅਨੁਪਾਤ ਸਭ ਤੋਂ ਵਧੀਆ ਪਾਇਆ ਗਿਆ।

ਅਧਿਐਨ ਮੁਤਾਬਕ ਨਾਸ਼ਤਾ ਨਾ ਕਰਨ ਦੀ ਆਦਤ ਸਭ ਤੋਂ ਵੱਧ ਅੱਲ੍ਹੜ ਵਰੇਸਾਂ (13-17 ਸਾਲ ਦੀ ਉਮਰ) ਤੇ ਔਰਤਾਂ (54 ਫੀਸਦ) ਵਿਚ ਪਾਈ ਗਈ। ਦਿੱਲੀ ਵਾਲਿਆਂ ਲਈ ਸਭ ਤੋਂ ਪਸੰਦੀਦਾ ਨਾਸ਼ਤਾ ਪਰੌਂਠਾ ਹੈ ਜਦਕਿ ਚੇਨਹੀ ਇਡਲੀ ਤੇ ਡੋਸਾ ਪਸੰਦ ਕੀਤਾ ਜਾਂਦਾ ਹੈ। ਮੁੰਬਈ ਤੇ ਕੋਲਕਾਤਾ ਦੇ ਲੋਕੀਂ ਨਾਸ਼ਤੇ ਵਿਚ ਬ੍ਰੈੱਡ, ਦੁੱਧ ਤੇ ਅੰਡਾ ਪਸੰਦ ਕਰਦੇ ਹਨ।

## ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਤਿੰਨ ਨੂੰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਦਲ ਦਾ ਡੈਲੀਗੇਟ ਇਜਲਾਸ ਤਿੰਨ ਸਤੰਬਰ ਨੂੰ ਅੰਮ੍ਰਿਤਸਰ ਵਿਚ ਹੋਵੇਗਾ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਦਲ ਦਾ ਡੈਲੀਗੇਟ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ ਵਿਖੇ ਹੋਵੇਗਾ।

ਇਸ ਇਜਲਾਸ ਵਿਚ ਪਾਰਟੀ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੇ ਚੁਣੇ ਗਏ ਸਾਰੇ 445 ਸੂਬਾ ਡੈਲੀਗੇਟ ਸ਼ਾਮਲ ਹੋਣਗੇ। ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਰਾਜਸਥਾਨ, ਉਤਰ ਪ੍ਰਦੇਸ਼, ਉਤਰਾਂਚਲ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਵਿੱਚੋਂ ਵੀ ਪਾਰਟੀ ਦੀ ਭਰਤੀ ਕੀਤੀ ਜਾਂਦੀ ਹੈ। ਇਨ੍ਹਾਂ ਸੂਬਿਆਂ ਤੋਂ ਇਲਾਵਾ ਬਾਹਰਲੇ ਦੇਸ਼ਾਂ ਵਿਚੋਂ ਵੀ ਡੈਲੀਗੇਟ ਸ਼ਾਮਲ ਕੀਤੇ ਜਾਂਦੇ ਹਨ।

# ਸੱਜਣ ਕੁਮਾਰ ਨੂੰ ਬਰੀ ਕਰਨ ਖਿਲਾਫ਼ ਅਪੀਲ 'ਤੇ ਹਾਈ ਕੋਰਟ ਕਰੇਗਾ ਸੁਣਵਾਈ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਇਕ ਸਥਾਨਕ ਅਦਾਲਤ ਵੱਲੋਂ ਬਰੀ ਕਰਨ ਦੇ ਫੈਸਲੇ ਖਿਲਾਫ਼ ਸੀ.ਬੀ.ਆਈ. ਵੱਲੋਂ ਦਾਇਰ ਕੀਤੀ ਅਪੀਲ ਦਿੱਲੀ ਹਾਈ ਕੋਰਟ ਨੇ ਪ੍ਰਵਾਨ ਕਰ ਲਈ ਹੈ। ਆਪਣੀ ਅਪੀਲ ਵਿਚ ਸੀ.ਬੀ.ਆਈ. ਨੇ ਦਾਅਵਾ ਕੀਤਾ ਹੈ ਕਿ ਸੱਜਣ ਕੁਮਾਰ ਨੂੰ ਬਰੀ ਕਰ ਕੇ ਹੇਠਲੀ ਅਦਾਲਤ ਨੇ ਗਲਤੀ ਕੀਤੀ ਹੈ, ਕਿਉਂਕਿ ਸੱਜਣ ਕੁਮਾਰ ਹੀ ਭੀੜ ਨੂੰ ਸਿੱਖਾਂ ਉੱਤੇ ਹਮਲੇ ਕਰਨ ਲਈ ਭੜਕਾ ਰਿਹਾ ਸੀ। ਇਹ ਅਪੀਲ ਪ੍ਰਵਾਨ ਹੋ ਜਾਣ ਕਾਰਨ ਇਸੇ ਮਾਮਲੇ ਵਿਚ ਆਪਣੇ ਤੌਰ 'ਤੇ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ਼ ਅਪੀਲ ਦਾਇਰ ਕਰਨ ਵਾਲੇ ਪੀੜਤ ਪਰਿਵਾਰਾਂ ਨੇ ਹਾਈ ਕੋਰਟ 'ਚੋਂ ਆਪਣੀ ਅਪੀਲ ਵਾਪਸ ਲੈ ਲਈ ਹੈ, ਕਿਉਂਕਿ ਹਾਈ ਕੋਰਟ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਪੀਲ 'ਚ ਚੁੱਕੇ ਗਏ ਨੁਕਤੇ, ਸੀ.ਬੀ.ਆਈ. ਦੀ ਅਪੀਲ ਦੇ ਨੁਕਤਿਆਂ ਤੋਂ ਵਾਧੂ ਮੰਨੇ ਜਾਣਗੇ।

ਜਸਟਿਸ ਜੀ.ਐਸ. ਸਿਸਤਾਨੀ ਅਤੇ ਜਸਟਿਸ ਜੀ.ਪੀ. ਮਿੱਤਲ 'ਤੇ ਆਧਾਰਤ ਦਿੱਲੀ ਹਾਈ ਕੋਰਟ ਦੇ ਬੈਂਚ ਨੇ ਇਸ ਅਪੀਲ ਦੀ ਅਗਲੀ ਸੁਣਵਾਈ ਲਈ 30 ਅਕਤੂਬਰ ਮਿਥੀ ਹੈ। ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਦਿੱਲੀ ਵਿਚ ਸਿੱਖ ਵਿਰੋਧੀ ਹਿੰਸਾ ਦੌਰਾਨ ਦਿੱਲੀ ਛਾਉਣੀ ਵਿਚ ਪੰਜ ਸਿੱਖਾਂ ਦੇ ਕਤਲ ਦੇ ਕੇਸ ਦੀ ਸੁਣਵਾਈ ਕਰਨ ਵਾਲੀ ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਦਾ ਕਹਿਣਾ ਸੀ ਕਿ ਸੱਜਣ ਕੁਮਾਰ ਨੂੰ ਸ਼ੱਕ ਦਾ ਲਾਭ ਮਿਲਣਾ ਚਾਹੀਦਾ ਹੈ ਕਿਉਂਕਿ ਚਸ਼ਮਦੀਦ ਗਵਾਹ ਜਗਦੀਸ਼ ਕੌਰ ਨੇ ਇਸ ਕੇਸ ਤੋਂ ਪਹਿਲਾਂ ਵੱਖ-ਵੱਖ ਜਾਂਚ ਕਮਿਸ਼ਨਾਂ ਕੋਲ ਦਰਜ ਕਰਵਾਏ ਆਪਣੇ ਬਿਆਨਾਂ ਵਿਚ ਕਦੇ ਸੱਜਣ ਕੁਮਾਰ ਦਾ ਨਾਂ ਨਹੀਂ ਲਿਆ ਸੀ। ਅਦਾਲਤ ਨੇ ਕੇਸ ਦੇ ਬਾਕੀ ਪੰਜ ਦੋਸ਼ੀਆਂ ਸਾਬਕਾ ਕੌਂਸਲਰ ਬਲਵਾਨ ਖੋਖਰ, ਸਾਬਕਾ ਵਿਧਾਇਕ ਮਹਿੰਦਰ ਯਾਦਵ, ਕਿਸ਼ਨ ਖੋਖਰ, ਗਿਰਧਾਰੀ ਲਾਲ ਅਤੇ ਕੈਪਟਨ ਭਾਗਮਲ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਹੁਣ ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਇਹ ਹੁਕਮ ਵੀ ਦਿੱਤੇ ਹਨ ਕਿ ਉਹ 2 ਸਤੰਬਰ ਨੂੰ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਅੱਗੇ ਪੇਸ਼ ਹੋ ਕੇ ਮੁਚਲਕਾ ਭਰੇ। ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਉਦੋਂ ਬਾਹਰੀ ਦਿੱਲੀ ਤੋਂ ਲੋਕ ਸਭਾ ਮੈਂਬਰ ਸੀ ਤੇ ਉਸ ਵਿਰੁੱਧ ਹੋਰਨਾਂ ਦੇ ਨਾਲ ਦਿੱਲੀ ਛਾਉਣੀ ਦੇ ਰਾਜਨਗਰ ਇਲਾਕੇ ਵਿਚ ਇੱਕ ਹੀ ਪਰਿਵਾਰ ਦੇ ਪੰਜ ਮੈਂਬਰਾਂ ਦੇ ਕਤਲ ਦਾ ਦੋਸ਼ ਹੈ।

# ਐਲ ਸੋਬਰਾਂਟੇ ਗੁਰੂਘਰ ਕਮੇਟੀ ਅਦਾਲਤ ਵੱਲੋਂ ਗੈਰ ਕਾਨੂੰਨੀ ਕਰਾਰ

### *ਨਵੀਂ ਕਮੇਟੀ ਬਣਾਉਣ ਦੇ ਆਦੇਸ਼*

**ਐਲ ਸੋਬਰਾਂਟੇ (ਬਿਊਰੋ):** ਕੌਂਟਰਾ ਕੌਸਟਾ ਕਾਉਂਟੀ ਸੁਪੀਰੀਅਰ ਕੋਰਟ ਨੇ ਗੁਰਦੁਆਰਾ ਐਲ ਸੋਬਰਾਂਟੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਦਿਆਂ ਕਿਹਾ ਹੈ ਕਿ ਕਿਉਂਕਿ ਇਹ ਕਮੇਟੀ ਗੁਰਦੁਆਰਾ ਦੇ ਬਾਈਲਾਜ਼ ਦੀ ਉਲੰਘਣਾ ਕਰਕੇ ਬਣਾਈ ਗਈ ਹੈ ਇਸ ਲਈ ਇਸ ਦੀ ਥਾਂ ਨਵੀਂ ਕਮੇਟੀ ਬਾਈਲਾਅਜ਼ ਮੁਤਾਬਕ ਬਣਾਈ ਜਾਵੇ।

ਸ. ਰਵਿੰਦਰ ਸਿੰਘ ਬਾਠ ਅਤੇ ਸਾਥੀਆਂ ਵਲੋਂ ਕੀਤੇ ਗਏ ਕੇਸ ਵਿਚ ਮੌਜੂਦਾ ਕਮੇਟੀ ਦੀ ਚੋਣ ਨੂੰ ਇਸ ਬਿਨਾ ਉਤੇ ਚੁਣੌਤੀ ਦਿੱਤੀ ਗਈ ਸੀ ਕਿ ਇਹ ਕਮੇਟੀ ਗੁਰੂਘਰ ਦੇ ਬਾਈਲਾਅਜ਼ ਦੀ ਉਲੰਘਣਾ ਕਰਕੇ ਬਣਾਈ ਗਈ ਹੈ। 21 ਅਗਸਤ ਨੂੰ ਦਿਤੇ ਫੈਸਲੇ ਵਿਚ ਜੱਜ ਨੇ ਕਿਹਾ ਹੈ ਕਿ ਬਾਈਲਾਅਜ਼ ਅਨੁਸਾਰ ਪ੍ਰਬੰਧਕ ਕਮੇਟੀ ਦੀ ਚੋਣ ਦੋ ਪੜਾਅਵਾਂ ਵਿਚ ਕੀਤੀ ਜਾਂਦੀ ਹੈ ਜਿਸ ਅਨੁਸਾਰ ਪਹਿਲਾਂ ਸਿਲੈਕਸ਼ਨ ਕਮੇਟੀ ਬਣਾਈ ਜਾਂਦੀ ਹੈ ਅਤੇ ਫਿਰ ਇਹ ਸਿਲੈਕਸ਼ਨ ਕਮੇਟੀ ਅੱਗੇ ਪ੍ਰਬੰਧਕ ਕਮੇਟੀ ਚੁਣਦੀ ਹੈ। ਅਦਾਲਤ ਨੇ ਮੁਦੱਈ ਧਿਰ ਦੀ ਇਹ ਦਲੀਲ ਪ੍ਰਵਾਨ ਕਰਨ ਲਈ ਇਹ ਕਿ ਇਨ੍ਹਾਂ ਦੋਹਾਂ ਪੱਧਰਾਂ ਉਤੇ ਬਾਈਲਾਅਜ਼ ਦੀ ਉਲੰਘਣਾ ਹੋਈ ਹੈ। ਅਦਾਲਤ ਨੇ ਇਸ ਕਮੇਟੀ ਵਲੋਂ ਲਏ ਗਏ ਫੈਸਲਿਆਂ ਨੂੰ ਵੀ ਅਯੋਗ ਕਰਾਰ ਦਿੱਤਾ ਹੈ। ਅਦਾਲਤ ਨੇ ਬਾਈਲਾਅਜ਼ ਅਨੁਸਾਰ ਨਵੀਂ ਕਮੇਟੀ ਚੁਣਨ ਦੇ ਆਦੇਸ਼ ਦਿੱਤੇ ਹਨ।

ਮੁਦੱਈ ਧਿਰ ਦੇ ਆਗੂ ਰਵੀ ਬਾਠ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਗੁਰੂਘਰ ਦੀ ਭਲਾਈ ਹਿੱਤ ਅਤੇ ਗੁਰੂਘਰ ਵਿਚ ਸ਼ਾਂਤੀ ਦਾ ਮਾਹੌਲ ਬਣਾਈ ਰੱਖਣ ਲਈ ਬਚਾਓ ਪੱਖ ਦੇ ਵੀਰਾਂ ਤੋਂ ਆਸ ਕਰਦੇ ਹਨ ਕਿ ਉਹ ਅਦਾਲਤ ਦੇ ਇਸ ਫੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਕਿਹਾ ਕਿ ਸਾਡਾ ਮਨੋਰਥ ਜਿੱਤ-ਹਾਰ ਨਹੀਂ ਬਲਕਿ ਗੁਰੂਘਰ ਵਿਚ ਸ਼ਾਂਤੀ ਰੱਖਣਾ ਅਤੇ ਕਾਨੂੰਨ ਦਾ ਸਤਿਕਾਰ ਬਹਾਲ ਕਰਨਾ ਹੈ ਅਤੇ ਇਸ ਮੰਤਵ ਲਈ ਗੱਲਬਾਤ ਵਾਸਤੇ ਮੁੱਦਈ ਧਿਰ ਦੇ ਦਰਵਾਜ਼ੇ ਸਦਾ ਖੁਲ੍ਹੇ ਹਨ।


## ਡੀਜ਼ਲ ਚੋਰਾਂ ਤੋਂ ਸਾਵਧਾਨ

**ਟਰੱਕਾਂ ਦੀਆਂ ਤੇਲ ਟੈਂਕੀਆਂ ਵਿਚੋਂ ਚੋਰੀ ਕਰਨ ਵਾਲੇ ਚੋਰਾਂ ਨੂੰ ਅਸੀਂ ਆਪਣੇ ਟਰੱਕ ਸਟਾਪ ਤੋਂ ਤੇਲ ਚੋਰੀ ਕਰਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਜੇ ਕਿਸੇ ਵੀਰ ਦੇ ਟਰੱਕ ਵਿਚੋਂ ਢਿਲੋਂ ਟਰੱਕ ਸਟਾਪ ਤੋਂ ਤੇਲ ਚੋਰੀ ਕੀਤਾ ਗਿਆ ਹੋਵੇ ਤਾਂ ਉਹ ਆਪਣੀ ਕੰਪਨੀ ਦਾ ਨਾਂ ਅਤੇ ਟੈਲੀਫੋਨ ਦੱਸਣ ਲਈ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।**

**ਸਾਡੇ ਨਾਲ ਸੰਪਰਕ ਫੋਨ 575-815-8536 ਜਾਂ ਨਿਊ ਮੈਕਸੀਕੋ ਸਟੇਟ ਪੁਲਿਸ, ਟਕਮਕੈਰੀ (Tucmcari) ਦੇ ਪੁਲਿਸ ਅਫਸਰ ਗਰੀਗੂ (Griegu) ਫੋਨ 575-403-9330 ਨਾਲ ਸੰਪਰਕ ਕਰ ਸਕਦੇ ਹੋ।**

ਕੁਲਵਿੰਦਰ ਢਿਲੋਂ, ਗਿੱਲ ਮੰਝ
ਢਿਲੋਂ ਟਰੱਕ ਸਟਾਪ, ਨਿਊ ਮੈਕਸੀਕੋ
ਫੋਨ: 575-576-2444, 575-576-4111



## Trailer For Sale

**Strick 2006-53 feet dry van**

*ਟਰੇਲਰ ਵਿਕਾਊ ਹੈ*
*ਸਟਰਿਕ 2006*
*53 ਫੁੱਟ ਡਰਾਈ ਵੈਨ*



*Contact:*
**Gurshinder Singh 734-306-3975**



## ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆ ਵਿਚ
ਸਟੋਰ ਲਈ ਕੈਸ਼ੀਅਰ
$9:00 (ਪ੍ਰਤੀ ਘੰਟਾ) ਤੋਂ ਸ਼ੁਰੂ
ਸਟੋਰ ਲਈ ਤਨਖਾਹ ਤੇ ਸੁਪਰਵਾਈਜ਼ਰ
ਰੈਸਟੋਰੈਂਟ ਲਈ ਵੇਟਰ/ਮੈਨੇਜ਼ਰ
ਰਸੋਈ ਲਈ ਹੈਲਪਰ
ਦੀ ਤੁਰੰਤ ਲੋੜ ਹੈ
ਸੰਪਰਕ ਕਰੋ
661-364-0341



## *ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?*

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



*ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ*

***Safe & Easy Weight Loss***
***Ph:317-886-4858***

**916 East Main Street, Suite 106,**
**Greenwood, IN 46143**
*ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ*
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
**www.punjabiweightloss.blogspot.com**
**www.goherbalife.com/skaur**

*ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।*

ੴ ਸਤਿਗੁਰ ਪ੍ਰਸਾਦਿ॥

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥

## Retraction of Statements Published About Hardev Singh Grewal

On June 18, 2005, December 31, 2005 and May 24, 2008, four articles/advertisements were published in the Punjab Times containing statements about Hardev Singh Grewal. Three of the publications were entitled 'Few Words With Hardev Singh Grewal' (June 18, 2005); Some Observations About Hardev Singh Grewal`s Golden Period (Dec 31, 2005); and Serious Notice Taken Of Hardev Singh Grewal`s Statement On Guru Granth Sahib (May 24, 2008).



These statements were published in the Punjab Times in the heat of contested elections of Fremont Gurdwara by various people. As there was no truth in these statements, the people responsible hereby retract and withdraw all of them.

**Some of the published statements suggested:**

1. That Grewal took Fremont Gurdwara's cash offerings home for tax deduction purposes;
2. That Grewal charged car-parking fees to Fremont Gurdwara for his San Francisco visits;
3. That while Grewal was the President of the Temple, the Gurdwara was treated as a club and alcohol was served on special occasions without hesitation;
4. That Grewal was devoid of the Sikh way of life; and that he told a newspaper that he would not marry his daughter to a Sikh;
5. That Fremont Gurdwara was the special post (or camp) of the Indian consulate and that Grewal was the key man of the Indian Government. Even now, the gang terms the freedom fighters as terrorists.

***(Retracted by: Devinder Singh)***

6. That Grewal left the Fremont Temple in disgrace in 1984 and went in to hiding; that he must have committed a grave sin that forced him to go into hiding; that he visited the Fremont Temple in secret from 1984 and resurfaced in 2002;
7. That Grewal was against the Sikh nation and sided with forces out to destroy the Sikh nation; and that he was the key man for the Indian Government;
8. That Grewal did not believe in Baptism;
9. "That the Sikh Rehat Maryada (Code of Conduct) is poison to Grewal; he (Grewal) during a gurdwara meeting had swung and slammed the Maryada booklet on the floor, yelling: why do we need it?"

***(Retracted by: Sukhdev Singh, Avtar Singh, Palwinder Singh, SP Singh, Gurmeet Singh Khalsa, and Harjinder Singh)***

10. That Grewal referred the Fremont Gurdwara school as Madrassa and the students as terrorists.

***(Retracted by: Amolak Singh Jammu, Punjab Times and A B Publication, Inc.)***

## Retraction of Statements Published By United Sikh Alliance

In December 2005-January 2006, The United Sikh Alliance published documents containing statements about Gurmeet Singh. Some of the statements suggested the following:

1. Gurmeet Singh is converting the Fremont Temple school to a Madrassa and our children to Taliban;
2. Gurmeet Singh wants to establish a dictatorship;
3. Gurmeet Singh discriminates against non-amritdhari;
4. Gurmeet Singh was alcoholic, a marijuana smoker, and characterless.

*These statements were published in the heat of contested elections of the Fremont Gurdwara by the United Sikh Alliance, which is now inactive. As there was no truth in these statements. Hardev Singh Grewal, a former member of the United Sikh Alliance, hereby retracts these statements on behalf of the United Sikh Alliance.*

***Advt.***

# ਕੈਨੇਡੀਅਨ ਸਿੱਖ ਕਤਲੇਆਮ 84 ਬਾਰੇ ਸੰਯੁਕਤ ਰਾਸ਼ਟਰ ਵਿਚ ਸ਼ਿਕਾਇਤ ਦਰਜ ਕਰਵਾਉਣਗੇ

**ਚੰਡੀਗੜ੍ਹ:** ਕੈਨੇਡਾ ਵਿਚ ਕਰਵਾਈ ਸਿੱਖ ਨਸਲਕੁਸ਼ੀ ਅਤੇ ਪ੍ਰਭੁਸੱਤਾ ਕਾਨਫਰੰਸ ਵਿਚ ਜੁੜੇ ਕੈਨੇਡੀਅਨ ਸਿੱਖਾਂ ਨੇ ਪ੍ਰਣ ਕੀਤਾ ਕਿ ਨਵੰਬਰ 1984 ਨਸਲਕੁਸ਼ੀ ਹਮਲਿਆਂ ਬਾਰੇ ਸੰਯੁਕਤ ਰਾਸ਼ਟਰ ਅੱਗੇ ਦਾਇਰ ਕੀਤੀ ਜਾਣ ਵਾਲੀ ਸ਼ਿਕਾਇਤ ਦਾ ਪੂਰਾ ਸਮਰਥਨ ਕੀਤਾ ਜਾਵੇਗਾ। ਇਕੱਠ ਵਿਚ ਇਹ ਪ੍ਰਣ ਵੀ ਕੀਤਾ ਗਿਆ ਕਿ ਸਿੱਖਾਂ ਦੇ ਖੁਦਮੁਖਤਿਆਰੀ ਦੇ ਅਧਿਕਾਰ ਦੇ ਮੁੱਦੇ 'ਤੇ ਸੰਸਾਰ ਦੇ ਸਿੱਖ ਭਾਈਚਾਰੇ ਨੂੰ ਇਕਜੁੱਟ ਕਰਨ ਲਈ ਯਤਨ ਅਰੰਭੇ ਜਾਣਗੇ। ਨਵੰਬਰ 1984 ਦੌਰਾਨ ਸਿੱਖਾਂ 'ਤੇ ਨਸਲਕੁਸ਼ੀ ਹਮਲੇ ਕਰਵਾਉਣ ਵਿਚ ਨਿਭਾਈ ਭੂਮਿਕਾ, ਪੀੜਤਾਂ ਨੂੰ ਇਨਸਾਫ ਤੋਂ ਲਗਾਤਾਰ ਕੀਤੇ ਜਾ ਰਹੇ ਇਨਕਾਰ ਅਤੇ ਨਵੰਬਰ 1984 ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਦੇ ਆਧਾਰ ਉਤੇ 'ਸਿੱਖਸ ਫਾਰ ਜਸਟਿਸ' ਭਾਰਤ ਦੀ ਕਾਂਗਰਸ ਪਾਰਟੀ ਖਿਲਾਫ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਸ਼ਿਕਾਇਤ ਦਰਜ ਕਰਵਾਏਗੀ।

ਸੰਯੁਕਤ ਰਾਸ਼ਟਰ ਦੀ ਨਿਯਮ ਪ੍ਰਕਿਰਿਆ ਤਹਿਤ ਅਜਿਹੀਆਂ ਸ਼ਿਕਾਇਤਾਂ ਨੂੰ ਸਬ-ਕਮਿਸ਼ਨ ਦੇ ਹਵਾਲੇ ਕੀਤਾ ਜਾਂਦਾ ਹੈ ਜਿਸ ਦਾ ਗਠਨ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤਾ ਗਿਆ ਹੁੰਦਾ ਹੈ। ਇਹ ਕਮਿਸ਼ਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਪੁਸ਼ਤਪਨਾਹੀ ਸਬੰਧੀ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ।

ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਦਖਲ ਨੂੰ ਸਹੀ ਕਰਾਰ ਦਿੰਦਿਆਂ 'ਸਿੱਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਭਾਰਤ ਦੀ ਨਿਆਂ ਪ੍ਰਣਾਲੀ ਨਵੰਬਰ 1984 ਸਿੱਖ ਨਸਲਕੁਸ਼ੀ ਕਰਵਾਉਣ ਵਾਲਿਆਂ ਦੀ ਜਾਂਚ, ਮੁਕੱਦਮੇ ਚਲਾਉਣ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਨਾਕਾਮ ਰਹੀ ਹੈ। ਹੁਣ 'ਸਿੱਖਸ ਫਾਰ ਜਸਟਿਸ' ਸੰਯੁਕਤ ਰਾਸ਼ਟਰ ਨੂੰ ਉਹ ਸਾਰੇ ਸਬੂਤ ਤੇ ਦਸਤਾਵੇਜ਼ ਸੌਂਪੇਗੀ ਜੋ ਇਹ ਸਾਬਤ ਕਰਨਗੇ ਕਿ ਨਵੰਬਰ 1984 ਦੌਰਾਨ ਸਿੱਖਾਂ 'ਤੇ ਨਸਲਕੁਸ਼ੀ ਹਮਲੇ ਕਰਵਾਉਣ ਵਿਚ ਕਾਂਗਰਸੀ ਅਗੂਆਂ ਵਲੋਂ ਕਿਸ ਤਰਾਂ ਸਥਾਨਕ ਪ੍ਰਸ਼ਾਸਨ ਤੇ ਸਰਕਾਰੀ ਸਾਧਨਾਂ ਦੀ ਵਰਤੋਂ ਕੀਤੀ ਗਈ ਸੀ।

ਇਹ ਕਾਨਫਰੰਸ 'ਸਿੱਖਸ ਫਾਰ ਜਸਟਿਸ' ਵਲੋਂ ਵੱਖ ਵੱਖ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਈ ਗਈ ਸੀ।



# ਗਾਇਕ ਦਲੇਰ ਮਹਿੰਦੀ ਕਾਂਗਰਸ ਵਿਚ ਸ਼ਾਮਲ

**ਨਵੀਂ ਦਿੱਲੀ:** ਪੌਪ ਗਾਇਕ ਦਲੇਰ ਮਹਿੰਦੀ ਆਖ਼ਰਕਾਰ ਦਿੱਲੀ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਚਾਰ ਹੋਰ ਸੀਨੀਅਰ ਆਗੂਆਂ ਨਾਲ ਕਾਂਗਰਸ 'ਚ ਸ਼ਮੂਲੀਅਤ ਕੀਤੀ।



ਸਿਆਸੀ ਮਾਹਿਰਾਂ ਮੁਤਾਬਕ ਕਾਂਗਰਸ ਦੀ ਨਜ਼ਰ ਸਿੱਖ ਵੋਟਰਾਂ 'ਤੇ ਹੈ। ਹਰੀ ਨਗਰ, ਰਾਜੌਰੀ ਗਾਰਡਨ ਤੇ ਤਿਲਕ ਨਗਰ ਸਮੇਤ ਦਿੱਲੀ 'ਚ ਸਿੱਖ ਵੋਟਰ ਵੱਡੀ ਗਿਣਤੀ ਵਿਚ ਰਹਿੰਦੇ ਹਨ। ਦਲੇਰ ਮਹਿੰਦੀ ਨੂੰ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਿਤ ਦੇ ਨੇੜੇ ਮੰਨਿਆ ਜਾਂਦਾ ਹੈ।

ਯਾਦ ਰਹੇ ਕਿ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦੌਰਾਨ ਕਾਂਗਰਸ ਪੱਖੀ ਸਰਨਾ ਧੜੇ ਦੀ ਕਰਾਰੀ ਹਾਰ ਕਾਰਨ ਕਾਂਗਰਸ ਲਈ ਸਿੱਖ ਵੋਟਰਾਂ ਨਾਲ ਰਾਬਤਾ ਬਣਾਉਣਾ ਹੁਣ ਪਹਿਲਾਂ ਨਾਲੋਂ ਔਖਾ ਜਾਪ ਰਿਹਾ ਹੈ। ਹੋਰ ਜਿਹੜੇ ਸਿਆਸੀ ਆਗੂ ਕਾਂਗਰਸ 'ਚ ਸ਼ਾਮਲ ਹੋਏ ਹਨ, ਉਨ੍ਹਾਂ 'ਚ ਬਸਪਾ ਦੇ ਵਿਧਾਇਕ ਰਾਮ ਸਿੰਘ, ਆਜ਼ਾਦ ਵਿਧਾਇਕ ਆਰਿਫ਼ ਮੁਹੰਮਦ ਖ਼ਾਨ, ਐਨ.ਸੀ.ਪੀ. ਆਗੂ ਰਾਮ ਸਿੰਘ ਬਿਧੂੜੀ ਤੇ ਭਾਜਪਾ ਤੋਂ ਟੁੱਟ ਕੇ ਆਏ ਵੀ.ਕੇ. ਮੌਂਗਾ ਵੀ ਸ਼ਾਮਲ ਹਨ।

# ਜਗਜੀਤ ਸਿੰਘ ਸੋਢੀ ਅਮਰੀਕਾ ਫੇਰੀ 'ਤੇ

**ਸੈਨ ਹੋਜ਼ੇ (ਦੁਪਾਲਪੁਰ):** ਦੁਆਬਾ ਇਲਾਕੇ ਵਿਚ ਲੋੜਵੰਦਾਂ ਨੂੰ ਨਿਸ਼ਕਾਮ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਵਾਲੇ ਲੋਕ ਭਲਾਈ ਅਦਾਰੇ ਗੁਰੂ ਅਰਜਨ ਦੇਵ ਮਿਸ਼ਨ ਹਸਪਤਾਲ ਬੰਗਾ (ਨਵਾਂ ਸ਼ਹਿਰ) ਦੇ ਮੀਤ ਪ੍ਰਧਾਨ ਸ. ਜਗਜੀਤ ਸਿੰਘ ਸੋਢੀ 28 ਅਗਸਤ ਨੂੰ ਅਮਰੀਕਾ ਪਹੁੰਚ ਰਹੇ ਹਨ। ਆਪਣੇ ਇਕ ਮਹੀਨੇ ਦੇ ਪ੍ਰਚਾਰ ਦੌਰੇ ਦੌਰਾਨ ਉਹ ਕੈਲੀਫੋਰਨੀਆ ਦੇ ਕੁਝ ਸ਼ਹਿਰਾਂ ਵਿਚ ਜਾਣਗੇ ਅਤੇ ਦੁਆਬਾ ਖੇਤਰ ਨਾਲ ਸਬੰਧਤ ਪ੍ਰਵਾਸੀ ਪੰਜਾਬੀਆਂ ਨਾਲ ਮੀਟਿੰਗਾਂ ਕਰਨਗੇ।



ਯਾਦ ਰਹੇ ਉਕਤ ਹਸਪਤਾਲ ਦੇ ਬਾਨੀ ਪ੍ਰਧਾਨ ਸ. ਮੋਹਨ ਸਿੰਘ ਮਾਨ ਹਨ, ਜੋ ਲੰਮੇ ਅਰਸੇ ਤੋਂ ਯੂਨੀਅਨ ਸਿਟੀ ਰਹਿੰਦੇ ਹਨ। ਸ. ਸੋਢੀ ਨਾਲ ਫੋਨ: 209-394-2509 ਜਾਂ 209-648-0013 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਲਾਤਕਾਰੀਆਂ ਨਾਲ ਨਰਮੀ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਬਲਾਤਕਾਰ ਕਰਨ ਵਾਲਿਆਂ ਨਾਲ ਕੋਈ ਨਰਮੀ ਨਹੀਂ ਵਰਤੀ ਜਾ ਸਕਦੀ, ਭਾਵੇਂ ਉਹ ਪੀੜਤਾ ਨਾਲ ਵਿਆਹ ਕਰਵਾ ਲੈਣ ਜਾਂ ਉਨ੍ਹਾਂ ਦਾ ਉਸ ਨਾਲ ਰਾਜ਼ੀਨਾਮਾ ਹੋ ਜਾਵੇ। ਇਹ ਫੈਸਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਸੁਣਾਇਆ ਅਤੇ ਅਦਾਲਤ ਨੇ ਦਸੰਬਰ, 1995 ਵਿਚ ਹੋਏ ਸਮੂਹਿਕ ਬਲਾਤਕਾਰ ਕਾਂਡ ਦੇ ਦੋ ਮੁਜਰਮਾਂ ਦੀ ਅਪੀਲ ਖਾਰਜ ਕਰ ਦਿੱਤੀ। ਅਦਾਲਤ ਨੇ ਇਸ ਤੱਥ ਦਾ ਸਖ਼ਤ ਨੋਟਿਸ ਲਿਆ ਕਿ ਹਾਈ ਕੋਰਟਾਂ ਅਤੇ ਸੁਣਵਾਈ ਅਦਾਲਤਾਂ ਵੱਲੋਂ ਬਲਾਤਕਾਰ ਦੇ ਅਜਿਹੇ ਕੇਸਾਂ ਵਿਚ ਮੁਜਰਮਾਂ ਨੂੰ ਸਜ਼ਾ ਦੇਣ ਵਿਚ 'ਨਰਮੀ' ਵਰਤੀ ਜਾਂਦੀ ਹੈ ਜਿੱਥੇ ਮੁਜਰਮ ਵੱਲੋਂ ਪੀੜਤਾ ਨਾਲ ਵਿਆਹ ਕਰ ਲਿਆ ਜਾਂਦਾ ਹੈ ਜਾਂ ਉਸ ਨੂੰ ਮੁਆਵਜ਼ਾ ਦੇ ਕੇ ਰਾਜ਼ੀਨਾਮਾ ਕਰ ਲਿਆ ਜਾਂਦਾ ਹੈ।

ਅਦਾਲਤ ਨੇ ਇਸ ਦੇ ਨਾਲ ਹੀ ਹਰਿਆਣਾ ਦੇ ਦੋ ਬਲਾਤਕਾਰੀਆਂ ਨੂੰ ਸੁਣਾਈ ਗਈ ਦਸ-ਦਸ ਸਾਲ ਕੈਦ ਖ਼ਿਲਾਫ਼ ਉਨ੍ਹਾਂ ਵੱਲੋਂ ਦਾਇਰ ਅਪੀਲ ਖਾਰਜ ਕਰ ਦਿੱਤੀ। ਇਨ੍ਹਾਂ ਨੇ ਦਸੰਬਰ 1995 ਵਿਚ ਮਹਿੰਦਰਗੜ੍ਹ ਜ਼ਿਲ੍ਹੇ ਦੇ ਪਿੰਡ ਨੰਗਲ ਡਗਰੂ ਵਿਚ ਸਮੂਹਿਕ ਬਲਾਤਕਾਰ ਕੀਤਾ ਸੀ। ਅਦਾਲਤ ਨੇ ਹੇਠਲੀਆਂ ਅਦਾਲਤਾਂ ਨੂੰ ਹਦਾਇਤ ਦਿੱਤੀ ਕਿ ਉਹ ਬਲਾਤਕਾਰੀਆਂ ਪ੍ਰਤੀ 'ਧਰਮ, ਨਸਲ, ਜਾਤ ਜਾਂ ਮੁਲਜ਼ਮ ਜਾਂ ਪੀੜਤਾ ਦੇ ਮਾਲੀ ਜਾਂ ਸਮਾਜੀ ਰੁਤਬੇ ਜਾਂ ਕੇਸ ਲੰਬਾ ਸਮਾਂ ਲਟਕਣ ਜਾਂ ਬਲਾਤਕਾਰੀ ਵੱਲੋਂ ਪੀੜਤਾ ਨਾਲ ਵਿਆਹ ਦੀ ਪੇਸ਼ਕਸ਼ ਜਾਂ ਵਿਆਹ ਕਰਵਾ ਕੇ ਜ਼ਿੰਦਗੀ ਵਸਾ ਲੈਣ' ਵਰਗੇ ਆਧਾਰ ਉਤੇ ਕੋਈ ਨਰਮੀ ਨਾ ਵਰਤਣ।

# ਰਾਜਾ ਸਵੀਟਸ 'ਚ ਲੱਗਾ 5 ਦਿਨਾਂ ਪੁਸਤਕ ਮੇਲਾ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਲੁਧਿਆਣਾ ਦੇ ਪੰਜਾਬੀ ਭਵਨ ਵਿਚ ਚੇਤਨਾ ਪ੍ਰਕਾਸ਼ਨ ਚਲਾ ਰਹੇ ਸਤੀਸ਼ ਗੁਲਾਟੀ ਵੱਲੋਂ ਪੁਸਤਕ ਮੇਲਾ 26 ਅਗਸਤ ਤੋਂ ਸਥਾਨਕ ਰਾਜਾ ਸਵੀਟਸ ਐਲਵਰਾਡੋ ਬੁਲੇਵਾਰਡ ਵਿਖੇ ਲਗਾਇਆ ਗਿਆ ਹੈ ਜੋ 30 ਅਗਸਤ ਤੱਕ ਚੱਲੇਗਾ।

ਵਿਸ਼ਵ ਪੰਜਾਬੀ ਸਾਹਿਤ (ਵਿਪਸਾਅ) ਤੇ ਇੰਡੋ ਯੂ.ਐਸ. ਡਾਇਲਾਗ ਦੇ ਸਹਿਯੋਗ ਨਾਲ ਲਾਏ ਗਏ ਇਸ ਮੇਲੇ ਦਾ ਉਦਘਾਟਨ ਮੱਖਣ ਬੈਂਸ ਨੇ ਕੀਤਾ। ਇਸ ਮੌਕੇ ਪ੍ਰਕਾਸ਼ਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਇਸ ਪੁਸਤਕ ਮੇਲੇ ਉਤੇ ਜਿੱਥੇ ਪੰਜਾਬੀ ਦੇ ਨਾਮਵਰ ਸਾਹਿਤਕਾਰਾਂ ਤੇ ਕਵੀਆਂ ਦੀਆਂ ਪੁਸਤਕਾਂ ਰੱਖੀਆਂ ਗਈਆਂ ਹਨ, ਉਥੇ ਧਾਰਮਿਕ ਤੇ ਪੁਰਾਤਨ ਕਿੱਸਾ ਕਾਵਿ ਤੇ ਲੋਕ ਸਾਹਿਤ ਰੰਗ ਵਾਲੀਆਂ ਪੁਸਤਕਾਂ ਵੀ ਰੱਖੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਹ ਮੇਲਾ ਦੋ ਮਹੀਨੇ ਸਰੀ (ਕੈਨੇਡਾ) ਵਿਚ ਲਗਾਇਆ ਗਿਆ ਸੀ। ਇਸ ਦਾ ਅਗਲਾ ਪੜਾਅ ਨਿਊ ਯਾਰਕ ਹੋਵੇਗਾ। ਹੋਰ ਜਾਣਕਾਰੀ ਲਈ ਕੁਲਵਿੰਦਰ ਨਾਲ ਫੋਨ ਨੰਬਰ 510-367-2090 ਜਾਂ ਸਤੀਸ਼ ਗੁਲਾਟੀ ਨਾਲ 604-230-9379 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Short Sale Specialist

Do you want to sell your home

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Please call me to find out value of your home.
Listing: 4 bed, 2 bath in Stockton $189,000
If you want to Buy or Sell

*Call: Sohanpreet 'Sam' Chahal*
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007 to 2011

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



**Punjab Times**
Established in 2000
13th Year in Publication
Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਾਸ਼ਿੰਗਟਨ ਵਿਚ ਖੁੱਲ੍ਹੇਗਾ ਭਗਤ ਪੂਰਨ ਸਿੰਘ ਅਜਾਇਬ ਘਰ

**ਅੰਮ੍ਰਿਤਸਰ:** ਪਿੰਗਲਵਾੜਾ ਦੇ ਮੋਢੀ ਮਰਹੂਮ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਅਤੇ ਸੇਵਾ ਨੂੰ ਸਮਰਪਿਤ ਅਜਾਇਬ ਘਰ ਵਾਸ਼ਿੰਗਟਨ ਦੇ ਗੁਰਦੁਆਰੇ ਵਿਚ 14 ਸਤੰਬਰ ਨੂੰ ਖੋਲ੍ਹਿਆ ਜਾ ਰਿਹਾ ਹੈ। ਵਿਦੇਸ਼ੀ ਧਰਤੀ ਉਤੇ ਇਹ ਅਜਿਹਾ ਪਹਿਲਾ ਅਜਾਇਬ ਘਰ ਹੈ ਜੋ ਭਗਤ ਪੂਰਨ ਸਿੰਘ (4 ਜੂਨ 1904-5 ਅਗਸਤ 1992) ਵੱਲੋਂ ਕੀਤੀ ਸੰਗਤ ਦੀ ਸੇਵਾ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਦੀ ਜਾਨਸ਼ੀਨ ਅਤੇ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਦੀ ਪ੍ਰਧਾਨ ਡਾ. ਇੰਦਰਜੀਤ ਕੌਰ ਇਸ ਅਜਾਇਬ ਘਰ ਦਾ ਉਦਘਾਟਨ ਕਰਨਗੇ।

ਭਗਤ ਪੂਰਨ ਸਿੰਘ ਅਜਾਇਬ ਘਰ ਵਾਸ਼ਿੰਗਟਨ ਦੀ ਸਿੱਖ ਗੁਰਦੁਆਰਾ ਸੁਸਾਇਟੀ ਵੱਲੋਂ ਗੁਰਦੁਆਰੇ ਵਿਚ ਬਣਾਇਆ ਗਿਆ ਹੈ। ਇਸ ਵਿਚ ਭਗਤ ਪੂਰਨ ਸਿੰਘ ਨਾਲ ਸਬੰਧਤ ਵਸਤਾਂ, ਸਾਹਿਤ, ਤਸਵੀਰਾਂ ਅਤੇ ਹੋਰ ਸਮੱਗਰੀ ਰੱਖੀ ਗਈ ਹੈ। ਇਕ ਗੱਲਬਾਤ ਦੌਰਾਨ ਡਾ. ਇੰਦਰਜੀਤ ਕੌਰ ਨੇ ਖੁਲਾਸਾ ਕੀਤਾ ਕਿ ਭਗਤ ਪੂਰਨ ਸਿੰਘ ਦੀ 21ਵੀਂ ਬਰਸੀ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਦੇ ਗੁਰਦੁਆਰਿਆਂ ਵਿਚ ਮਨਾਈ ਜਾ ਰਹੀ ਹੈ। ਇਸ ਬਰਸੀ ਮੌਕੇ ਹੀ ਇਹ ਅਜਾਇਬ ਘਰ ਖੋਲ੍ਹਿਆ ਜਾ ਰਿਹਾ ਹੈ। ਇਸ ਅਜਾਇਬ ਘਰ ਵਿਚ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਨਾਲ ਜੁੜੀਆਂ ਵਸਤਾਂ ਰੱਖੀਆਂ ਗਈਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿੰਗਲਵਾੜਾ ਸੁਸਾਇਟੀ ਭਗਤ ਪੂਰਨ ਸਿੰਘ ਉਤੇ ਪੰਜਾਬੀ ਫੀਚਰ ਫਿਲਮ ਵੀ ਬਣਾ ਰਹੀ ਹੈ। ਇਸ ਫਿਲਮ ਦੀ ਸ਼ੂਟਿੰਗ ਅਕਤੂਬਰ ਵਿਚ ਸ਼ੁਰੂ ਹੋ ਜਾਵੇਗੀ। ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਹਰਜੀਤ ਸਿੰਘ ਇਸ ਫਿਲਮ ਦੀ ਸਕਰਿਪਟ ਲਿਖਣਗੇ ਅਤੇ ਨਿਰਦੇਸ਼ਕ ਵੀ ਉਹੀ ਹੋਣਗੇ।



ਇਸ ਦੌਰਾਨ ਡਾ. ਇੰਦਰਜੀਤ ਕੌਰ ਵੱਲੋਂ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਬਾਰੇ ਲਿਖੀ ਕਿਤਾਬ 'ਪਿਆਰ ਦੀਆਂ ਤੰਦਾਂ' ਵੀ ਰਿਲੀਜ਼ ਕੀਤੀ ਗਈ। ਪਹਿਲੀ ਸਤੰਬਰ ਨੂੰ ਅਲਬਰਟਾ (ਕੈਨੇਡਾ) ਵਿਖੇ 'ਦੇਸ਼ ਪੰਜਾਬ ਟਾਈਮਜ਼' ਵੱਲੋਂ ਡਾ. ਇੰਦਰਜੀਤ ਕੌਰ ਦਾ ਸਨਮਾਨ ਕੀਤਾ ਜਾਵੇਗਾ। 'ਦੇਸ਼ ਪੰਜਾਬ ਟਾਈਮਜ਼' ਦਾ ਇਹ 13ਵਾਂ 'ਪੰਜਾਬੀ ਇੰਡੋ ਫੈਸਟ' ਕਾਮਾਗਾਟਾਮਾਰੂ ਦੇ ਸ਼ਹੀਦਾਂ ਤੇ ਜੁਝਾਰੂਆਂ ਨੂੰ ਸਮਰਪਿਤ ਹੈ। ਅਖ਼ਬਾਰ ਹਰ ਸਾਲ ਅਜਿਹੀ ਸ਼ਖ਼ਸੀਅਤ ਨੂੰ ਸਨਮਾਨਿਤ ਕਰਦੀ ਹੈ ਜਿਸ ਨੇ ਵੱਡਾ ਯੋਗਦਾਨ ਪਾਇਆ ਹੁੰਦਾ ਹੈ।

ਚੇਤੇ ਰਹੇ ਕਿ ਭਗਤ ਪੂਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਲੂਲੇ-ਲੰਗੜਿਆਂ ਅਤੇ ਲਾਚਾਰ ਲੋਕਾਂ ਦੀ ਸੇਵਾ ਦੇ ਲੇਖੇ ਲਾ ਦਿੱਤੀ। ਉਨ੍ਹਾਂ ਦੀ ਇਸ ਸੇਵਾ ਬਦਲੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1979 ਵਿਚ 'ਪਦਮਸ੍ਰੀ' ਦੇ ਖਿਤਾਬ ਨਾਲ ਨਵਾਜਿਆ, ਪਰ ਜਦੋਂ 1984 ਵਿਚ ਫੌਜ ਨੇ ਅਕਾਲ ਤਖਤ ਉਤੇ ਹਮਲਾ ਕੀਤਾ ਤਾਂ ਉਨ੍ਹਾਂ ਇਹ ਖਿਤਾਬ ਵਾਪਸ ਕਰ ਦਿੱਤਾ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ, ਪਰ ਬਾਅਦ ਵਿਚ ਉਨ੍ਹਾਂ ਸਿੱਖ ਧਰਮ ਅਪਨਾ ਲਿਆ ਅਤੇ ਲੋੜਵੰਦਾਂ ਦੀ ਸੇਵਾ ਵਿਚ ਜੁਟ ਗਏ।

# ਅਥਲੀਟ ਮੱਖਣ ਸਿੰਘ ਦੇ ਪਰਿਵਾਰ ਨੂੰ 5 ਲੱਖ ਰੁਪਏ ਮਿਲੇ

**ਪੁੱਤਰ ਨੂੰ ਪੱਕੀ ਨੌਕਰੀ ਪਹਿਲੀ ਸਤੰਬਰ ਤੋਂ**

**ਹੁਸ਼ਿਆਰਪੁਰ:** ਕੋਲਕਾਤਾ ਵਿਚ 1962 ਦੀਆਂ ਕੌਮੀ ਖੇਡਾਂ ਵਿਚ ਉਡਣੇ ਸਿੱਖ ਮਿਲਖਾ ਸਿੰਘ ਨੂੰ 400 ਮੀਟਰ ਦੌੜ ਵਿਚ ਹਰਾਉਣ ਵਾਲੇ ਗੁੰਮਨਾਮ ਅਥਲੀਟ ਮਰਹੂਮ ਮੱਖਣ ਸਿੰਘ ਦੇ ਪਰਿਵਾਰ ਨੂੰ ਕੇਂਦਰ ਸਰਕਾਰ ਨੇ 5 ਲੱਖ ਰੁਪਏ ਦਿੱਤੇ ਹਨ। 5 ਲੱਖ ਰੁਪਏ ਦਾ ਇਹ ਚੈੱਕ ਮੱਖਣ ਸਿੰਘ ਦੀ ਪਤਨੀ ਸ਼ਲਿੰਦਰ ਕੌਰ ਨੂੰ ਪੈਟਰੋਲੀਅਮ ਸਪੋਰਟਸ ਪ੍ਰੋਮੋਸ਼ਨ ਬੋਰਡ ਵੱਲੋਂ ਦਿੱਤਾ ਗਿਆ ਹੈ। ਚੇਤੇ ਰਹੇ ਕਿ ਇਕ ਹਾਦਸੇ ਵਿਚ ਮੱਖਣ ਸਿੰਘ ਦੀ ਲੱਤ ਟੁੱਟ ਗਈ ਸੀ ਅਤੇ ਮੱਖਣ ਸਿੰਘ ਦੀ 2002 ਵਿਚ ਮੌਤ ਤੋਂ ਬਾਅਦ ਉਸ ਦੇ ਟੱਬਰ ਦਾ ਆਰਥਿਕ ਤੌਰ ਉਤੇ ਬਹੁਤ ਮਾੜਾ ਹਾਲ ਹੋ ਗਿਆ ਸੀ।

ਇਸੇ ਦੌਰਾਨ ਹੁਸ਼ਿਆਰਪੁਰ ਦੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਮੇਜਰ (ਸੇਵਾ ਮੁਕਤ) ਯਸ਼ਪਾਲ ਸਿੰਘ ਅਤੇ ਜ਼ਿਲ੍ਹਾ ਸੈਨਿਕ ਭਲਾਈ ਬੋਰਡ ਹੁਸ਼ਿਆਰਪੁਰ ਦੇ ਉਪ ਪ੍ਰਧਾਨ ਕਰਨਲ (ਸੇਵਾ ਮੁਕਤ) ਕੇ. ਮਹਿੰਦਰ ਸਿੰਘ ਮਰਹੂਮ ਸੂਬੇਦਾਰ ਮੱਖਣ ਸਿੰਘ ਅਰਜਨ ਐਵਾਰਡੀ ਦੇ ਪਰਿਵਾਰ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਬਠੁਲਾ ਗਏ।

ਉਨ੍ਹਾਂ ਦੱਸਿਆ ਕਿ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਪੰਜਾਬ ਦੇ ਬ੍ਰਿਗੇਡੀਅਰ (ਸੇਵਾ ਮੁਕਤ) ਮਨਜੀਤ ਸਿੰਘ ਨਾਲ ਗੱਲਬਾਤ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਅਰਜਨ ਐਵਾਰਡੀ ਮੱਖਣ ਸਿੰਘ ਦੇ ਪੁੱਤਰ ਜੋ 50 ਪ੍ਰਤੀਸ਼ਤ ਨਕਾਰਾ ਹੈ, ਨੂੰ ਜ਼ਿਲ੍ਹਾ ਸੈਨਿਕ ਬੋਰਡ ਹੁਸ਼ਿਆਰਪੁਰ ਵਿਚ ਪਹਿਲੀ ਸਤੰਬਰ ਤੋਂ ਪੱਕੀ ਨੌਕਰੀ 'ਤੇ ਰੱਖਿਆ ਜਾਵੇਗਾ। ਇਸ ਦੇ ਨਾਲ ਹੀ ਉਸ ਨੂੰ ਟਰਾਈ-ਸਾਈਕਲ ਵੀ ਦਿੱਤਾ ਜਾਵੇਗਾ।

# ਵਿਸ਼ਵ ਹਿੰਦੂ ਪ੍ਰੀਸ਼ਦ ਦੀ ਯਾਤਰਾ ਠੁੱਸ

**ਲਖਨਊ:** ਰਾਮ ਮੰਦਰ ਦੇ ਮੁੱਦੇ ਨੂੰ ਲਗਾਤਾਰ ਹਵਾ ਦੇ ਰਹੇ ਕੱਟੜਪੰਥੀ ਧੜੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਇਸ ਵਾਰ ਮੂੰਹ ਦੀ ਖਾਣੀ ਪਈ। ਸਰਕਾਰੀ ਸਖ਼ਤੀ ਤੇ ਲੋਕਾਂ ਵੱਲੋਂ ਹੁੰਗਾਰਾ ਨਾ ਦੇਣ ਕਾਰਨ ਵੀਐਚਪੀ ਦੀ ਵਿਵਾਦਗ੍ਰਸਤ 'ਚੁਰਾਸੀ ਕੋਸੀ ਪਰਿਕਰਮਾ ਯਾਤਰਾ' ਬੁਰੀ ਤਰ੍ਹਾਂ ਅਸਫਲ ਰਹੀ। ਹੋਰ ਤਾਂ ਹੋਰ ਰਾਮ ਮੰਦਰ ਦੇ ਹਮਾਇਤੀ ਸਾਧੂਆਂ ਨੇ ਵੀ ਯਾਤਰਾ ਲਈ ਕੋਈ ਸਹਿਯੋਗ ਨਾ ਦਿੱਤਾ ਗਿਆ। ਅਸਲ ਵਿਚ ਇਹ ਮੁੱਦਾ ਹੁਣ ਧਾਰਮਿਕ ਨਾ ਹੋ ਕੇ ਸਿਆਸੀ ਬਣ ਗਿਆ ਹੈ ਜਿਸ ਕਰਕੇ ਲੋਕ ਇਸ ਤੋਂ ਦੂਰ ਹੋ ਗਏ ਹਨ।

ਯਾਤਰਾ ਉਤੇ ਲਾਈ ਗਈ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਯੂਪੀ ਪ੍ਰਸ਼ਾਸਨ ਨੇ ਵੀਐਚਪੀ ਦੇ ਚੋਟੀ ਦੇ ਆਗੂਆਂ ਪ੍ਰਵੀਨ ਤੋਗੜੀਆ ਤੇ ਅਸ਼ੋਕ ਸਿੰਘਲ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਸ੍ਰੀ ਤੋਗੜੀਆ ਨੂੰ ਅਯੁੱਧਿਆ ਤੋਂ ਗ੍ਰਿਫਤਾਰ ਕੀਤਾ ਜਦੋਂਕਿ ਸ੍ਰੀ ਸਿੰਘਲ ਨੂੰ ਲਖਨਊ ਹਵਾਈ ਅੱਡੇ ਤੋਂ ਹਿਰਾਸਤ ਵਿਚ ਲਿਆ ਗਿਆ। ਉਧਰ, ਸਰਕਾਰ ਨਾਲ ਟਕਰਾਅ ਦਾ ਆਗਾਜ਼ ਕਰਦਿਆਂ ਰਾਮ ਜਨਮ ਭੂਮੀ ਦੇ ਨਰਿਤਿਆ ਗੋਪਾਲ ਦਾਸ ਨੇ ਆਪਣੇ ਮੰਦਰ ਤੋਂ ਬਾਹਰ ਦਸ ਕਦਮ ਤੁਰ ਕੇ ਇਸ ਯਾਤਰਾ ਦਾ ਸੰਕੇਤਕ ਉਦਘਾਟਨ ਕੀਤਾ ਪਰ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪ੍ਰਸ਼ਾਸਨ ਨੇ ਸ੍ਰੀ ਤੋਗੜੀਆ ਤੇ ਸ੍ਰੀ ਸਿੰਘਲ ਸਮੇਤ 1700 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕਰਕੇ ਇਸ ਯਾਤਰਾ ਨੂੰ ਅਸਫਲ ਕਰ ਦਿੱਤਾ।

# ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ

**ਲਾਸ ਏਂਜਲਸ:** ਅਮਰੀਕਾ ਵਿਚ ਕਲਰਕ ਵਜੋਂ ਕੰਮ ਕਰ ਰਹੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਨੌਜਵਾਨ ਦੀ ਇਕ ਅਣਪਛਾਤੇ ਹਮਲਾਵਰ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਕਾਤਲ ਦੀ ਸੂਹ ਦੇਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਮਾਜਰੀ ਕਿਸ਼ਨੇਵਾਲੀ ਦਾ 27 ਸਾਲਾ ਲੜਕਾ ਮਨਪ੍ਰੀਤ ਸਿੰਘ ਘੁੰਮਣ ਕੈਲੀਫੋਰਨੀਆ ਵਿਚ ਇਕ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ।

ਮਨਪ੍ਰੀਤ ਦੀ ਇਕੋ ਗੋਲੀ ਲੱਗਣ ਨਾਲ ਛੇ ਅਗਸਤ ਨੂੰ ਮੌਤ ਹੋਈ ਸੀ। ਇਸ ਕਤਲ ਦੇ ਸ਼ੱਕੀ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ ਤੇ ਲਗਦਾ ਹੈ ਕਿ ਕਤਲ ਇਕੋ ਵਿਅਕਤੀ ਨੇ ਕੀਤਾ ਹੈ। ਪੁਲਿਸ ਅਨੁਸਾਰ ਇਸ ਅਪਰਾਧ ਵਿਚ ਕਿਸੇ ਡਕੈਤੀ ਵਾਲੀ ਕੋਈ ਗੱਲ ਨਹੀਂ ਲਗਦੀ। ਪੁਲਿਸ ਨੇ ਕਲੋਜ਼ ਸਰਕਟ ਕੈਮਰੇ ਦੇ ਵੀਡੀਓ ਤੋਂ ਲਈਆਂ ਦੋ ਤਸਵੀਰਾਂ ਜਾਰੀ ਕੀਤੀਆਂ ਹਨ ਪਰ ਇਨ੍ਹਾਂ ਦੀ ਮਾੜੀ ਕੁਆਲਟੀ ਹੋਣ ਕਾਰਨ ਤਸਵੀਰ ਵਿਚ ਦਿਖ ਰਹੇ ਬੰਦੂਕਧਾਰੀ ਨੂੰ ਪਛਾਣਨਾ ਮੁਸ਼ਕਲ ਹੈ।

# ਕੈਪਟਨ ਅਮਰਿੰਦਰ ਸਿੰਘ ਨਹੀਂ ਛੱਡਣਗੇ ਕਪਤਾਨੀ

*(ਸਫਾ ਇਕ ਦੀ ਬਾਕੀ)*

ਵੀ ਖਿੱਚੋਤਾਣ ਹੈ। ਬਾਬੇ ਬਕਾਲੇ ਦੀ ਕਾਨਫਰੰਸ ਦੌਰਾਨ ਸਾਬਕਾ ਵਿਧਾਇਕ ਜਸਬੀਰ ਡਿੰਪਾ ਤੇ ਰਣਜੀਤ ਸਿੰਘ ਛੱਜਲਵੱਡੀ ਦੇ ਧੜਿਆਂ ਵਿਚਕਾਰ ਤਕਰਾਰ ਕਾਂਗਰਸ ਲਈ ਸਿਰਦਰਦੀ ਬਣਿਆ ਰਿਹਾ ਸੀ।

ਇਸ ਧੜੇਬੰਦੀ ਕਾਰਨ ਸ. ਬਾਜਵਾ ਵੱਲੋਂ ਅਕਾਲੀ ਦਲ-ਭਾਜਪਾ ਸਰਕਾਰ ਵਿਰੁਧ ਵਿੱਢੀ ਸਿੱਧੀ ਲੜਾਈ ਵੀ ਰੁਲਦੀ ਜਾ ਰਹੀ ਹੈ। ਜਦੋਂ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਨੂੰ ਲਾਂਭੇ ਕਰ ਕੇ ਸ. ਬਾਜਵਾ ਨੂੰ ਪੰਜਾਬ ਕਾਂਗਰਸ ਦੀ ਕਮਾਂਡ ਸੌਂਪੀ ਸੀ ਤਾਂ ਉਸ ਵੇਲੇ ਨਵੇਂ ਪ੍ਰਧਾਨ ਦੀ ਤਾਜਪੋਸ਼ੀ ਮੌਕੇ ਸਮੂਹ ਆਗੂਆਂ ਦੇ ਇਕੋ ਸਟੇਜ ਉਪਰ ਇਕੱਠੇ ਹੋਣ ਤੋਂ ਸੰਕੇਤ ਮਿਲੇ ਸਨ ਪਰ ਕੁਝ ਚਿਰ ਬਾਅਦ ਹੀ ਇਹ ਭਰਮ ਟੁੱਟ ਗਿਆ ਸੀ।

ਅਸਲ ਵਿਚ ਜਦੋਂ ਪੰਜਾਬ ਵਿਧਾਨ ਸਭਾ ਵਿਚ ਕਾਂਗਰਸੀ ਵਿਧਾਇਕਾਂ ਦਾ ਸਰਕਾਰੀ ਧਿਰ ਨਾਲ ਟਕਰਾਅ ਪੈਦਾ ਹੋਇਆ ਸੀ ਤਾਂ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਵੱਲੋਂ ਵਿਧਾਨ ਸਭਾ ਦੇ ਬਾਹਰ ਸੜਕ ਉਪਰ ਬਰਾਬਰ ਸੈਸ਼ਨ ਚਲਾਉਣ ਤੇ ਦੂਜੇ ਪਾਸੇ ਸ. ਬਾਜਵਾ ਵੱਲੋਂ ਪੰਜਾਬ ਵਿਚ ਮੀਟਿੰਗਾਂ ਦਾ ਦੌਰ ਸ਼ੁਰੂ ਕਰਨ ਕਾਰਨ ਨਾਲ ਪਾਰਟੀ ਵਿਚਲੀ ਖਾਨਾਜੰਗੀ ਸਾਹਮਣੇ ਆ ਗਈ ਸੀ। ਇਸ ਧੜੇਬੰਦੀ ਨੂੰ ਠੱਲ੍ਹਣ ਲਈ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਵੀ ਪੰਜਾਬ ਦੇ ਕਈ ਗੇੜੇ ਲਾ ਚੁੱਕੇ ਹਨ ਪਰ ਇਸ ਦਾ ਕੋਈ ਹੱਲ ਨਹੀਂ ਨਿਕਲਿਆ।

ਹੈਰਾਨੀ ਦੀ ਗੱਲ ਹੈ ਕਿ ਸ. ਬਾਜਵਾ ਵੱਲੋਂ ਪੰਜਾਬ ਸਰਕਾਰ ਨਾਲ ਲਈ ਜਾ ਰਹੀ ਟੱਕਰ ਦੌਰਾਨ ਕਾਂਗਰਸ ਹਾਈ ਕਮਾਂਡ ਵੀ ਉਨ੍ਹਾਂ ਦਾ ਖੁੱਲ੍ਹ ਕੇ ਸਾਥ ਨਹੀਂ ਦੇ ਰਹੀ। ਜਦੋਂ ਪਹਿਲਾਂ ਸ. ਬਾਜਵਾ ਨੇ ਆਪਣੇ ਪੱਧਰ 'ਤੇ ਫਤਿਹਜੰਗ ਬਾਜਵਾ ਤੇ ਸੁਖਪਾਲ ਖਹਿਰਾ ਦੀਆਂ ਨਿਯੁਕਤੀਆਂ ਕੀਤੀਆਂ ਸਨ ਤਾਂ ਹਾਈ ਕਮਾਂਡ ਨੇ ਸ. ਬਾਜਵਾ ਨੂੰ ਇਹ ਨਿਯੁਕਤੀਆਂ ਰੱਦ ਕਰਨ ਲਈ ਮਜਬੂਰ ਕਰ ਕੇ ਉਨ੍ਹਾਂ ਦੀ ਹਾਲਤ ਹਾਸੋਹੀਣੀ ਬਣਾ ਦਿੱਤੀ ਸੀ। ਇਸ ਤੋਂ ਬਾਅਦ ਸ. ਬਾਜਵਾ ਨੇ ਪੰਜਾਬ ਕਾਂਗਰਸ ਦੀ ਨਵੀਂ ਟੀਮ ਦੇ ਗਠਨ ਲਈ ਅਹੁਦੇਦਾਰਾਂ ਦੀ ਸੂਚੀ ਦਿੱਲੀ ਭੇਜੀ ਸੀ ਜਦਕਿ ਹਾਈ ਕਮਾਂਡ ਵੱਲੋਂ ਇਸ ਨੂੰ ਪ੍ਰਵਾਨਗੀ ਦੇਣ ਦੀ ਥਾਂ ਉਲਟਾ ਮੀਤ ਪ੍ਰਧਾਨਾਂ ਤੇ ਵਿਧਾਇਕ ਦਲ ਦੇ ਆਗੂ ਕੋਲੋਂ ਵੱਖਰੀਆਂ ਸੂਚੀਆਂ ਮੰਗ ਲਈਆਂ। ਇਸ ਕਾਰਨ ਅੱਜ ਤੱਕ ਸ. ਬਾਜਵਾ ਨੂੰ ਆਪਣੀ ਮਰਜ਼ੀ ਦੀ ਟੀਮ ਵੀ ਨਸੀਬ ਨਹੀਂ ਹੋਈ।

ਉਧਰ, ਕਾਂਗਰਸ ਹਾਈ ਕਮਾਂਡ ਨੇ ਸ. ਬਾਜਵਾ ਤੇ ਕੈਪਟਨ ਅਮਰਿੰਦਰ ਵਿਚਾਲੇ ਜਨਤਕ ਤੌਰ 'ਤੇ ਚੱਲ ਰਹੀ ਸਿਆਸੀ ਖਿੱਚੋਤਾਣ ਦਾ ਨੋਟਿਸ ਲੈਂਦਿਆਂ ਪਾਰਟੀ ਦੇ ਮੁੱਦਿਆਂ ਨੂੰ ਮੀਡੀਆ ਵਿਚ ਨਾ ਉਛਾਲਣ ਦੀ ਨਸੀਹਤ ਦਿੱਤੀ ਹੈ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਕਿਸੇ ਵੀ ਆਗੂ ਨੂੰ ਆਪਣੇ ਮਤਭੇਦ ਜਾਂ ਵਖਰੇਵੇਂ ਮੀਡੀਆ ਵਿਚ ਲਿਜਾਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਦਾ ਬੜਾ ਸਪੱਸ਼ਟ ਸਿਧਾਂਤ ਹੈ ਕਿ ਕਿਸੇ ਵੀ ਸੂਬਾ ਇਕਾਈ ਦਾ ਕੋਈ ਵੀ ਵੱਡਾ ਜਾਂ ਛੋਟਾ ਆਗੂ ਪਾਰਟੀ ਦੇ ਅੰਦਰੂਨੀ ਮਾਮਲੇ ਨਾ ਤਾਂ ਜਨਤਕ ਤੌਰ 'ਤੇ ਉਛਾਲ ਸਕਦਾ ਹੈ ਤੇ ਨਾ ਹੀ ਅੰਦਰੂਨੀ ਮਾਮਲੇ ਮੀਡੀਆ ਵਿਚ ਲਿਜਾਏ ਜਾ ਸਕਦੇ ਹਨ।

ਸੂਤਰਾਂ ਅਨੁਸਾਰ ਪਿਛਲੇ ਦਿਨਾਂ ਦੌਰਾਨ ਪੰਜਾਬ ਕਾਂਗਰਸ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਨੂੰ ਹਾਈ ਕਮਾਂਡ ਸੰਸਦੀ ਚੋਣਾਂ ਨੇੜੇ ਹੋਣ ਕਾਰਨ ਬੜੀ ਗੰਭੀਰਤਾ ਨਾਲ ਲੈ ਰਹੀ ਹੈ ਕਿਉਂਕਿ ਕਾਂਗਰਸ ਦੀ ਕੌਮੀ ਲੀਡਰਸ਼ਿਪ ਮਹਿਸੂਸ ਕਰ ਰਹੀ ਹੈ ਕਿ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਫੁੱਟ ਦਾ ਪਾਰਟੀ ਨੂੰ ਵੱਡਾ ਖਮਿਆਜ਼ਾ ਭੁਗਤਣਾ ਪਿਆ ਹੈ।

# ਸਿੱਖਾਂ ਨੇ ਸੁਖਬੀਰ ਦੀ ਕੈਨੇਡਾ ਉਡਾਣ ਡੱਕੀ

*(ਸਫਾ ਇਕ ਦੀ ਬਾਕੀ)*

ਕੈਨੇਡਾ ਨੂੰ ਇਸ ਕਰਕੇ ਚੁਣਿਆ ਜਾ ਰਿਹਾ ਹੈ ਕਿਉਂਕਿ ਇਸ ਮੁਲਕ ਵਿਚ ਸਭ ਤੋਂ ਵੱਧ ਪੰਜਾਬੀ ਰਹਿੰਦੇ ਹਨ। ਉਥੋਂ ਦੀ ਪਾਰਲੀਮੈਂਟ ਤੇ ਸੂਬਾਈ ਅਸੈਂਬਲੀਆਂ ਵਿਚ ਵੀ ਪੰਜਾਬੀਆਂ ਦੀ ਚੰਗੀ ਗਿਣਤੀ ਹੈ। ਆਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਪਰਵਾਸੀ ਭਾਰਤੀਆਂ ਦੀ ਮਦਦ ਲੈਣ ਦੇ ਮਕਸਦ ਨਾਲ ਵੀ ਕੈਨੇਡਾ ਫੇਰੀ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਡਾਲਰ ਨੇ ਰੁਪਈਆ ਢਾਹਿਆ

**ਮੁੰਬਈ:** ਇਤਿਹਾਸ ਵਿਚ ਪਹਿਲੀ ਵਾਰ ਰੁਪਏ ਵਿਚ ਰਿਕਾਰਡ ਗਿਰਾਵਟ ਦਰਜ ਕੀਤੀ ਗਈ ਅਤੇ ਇਸ ਦੀ ਕੀਮਤ ਡਾਲਰ ਦੇ ਮੁਕਾਬਲੇ 66.24 ਰੁਪਏ ਹੋ ਗਈ। ਸ਼ੇਅਰ ਬਾਜ਼ਾਰ ਵਿਚ ਕਮਜ਼ੋਰੀ ਅਤੇ ਦਰਾਮਦਕਾਰਾਂ ਤੇ ਬੈਂਕਾਂ ਵਲੋਂ ਡਾਲਰ ਦੀ ਭਾਰੀ ਮੰਗ ਕਾਰਨ ਭਾਰਤੀ ਕਰੰਸੀ ਦੀ ਕੀਮਤ ਘਟ ਗਈ। ਵਿਦੇਸ਼ਾਂ ਵਿਚ ਅਮਰੀਕੀ ਕਰੰਸੀ ਮਜ਼ਬੂਤ ਹੋਣ ਅਤੇ ਦੇਸ਼ ਵਿਚੋਂ ਪੂੰਜੀ ਬਾਹਰ ਜਾਣ ਕਾਰਨ ਵੀ ਰੁਪਏ 'ਤੇ ਦਬਾਅ ਵਧਿਆ ਹੈ। ਇਸ ਤੋਂ ਪਹਿਲਾਂ 22 ਅਗਸਤ ਨੂੰ ਰੁਪਏ ਦੀ ਕੀਮਤ ਘਟ ਕੇ 65.56 ਰੁਪਏ 'ਤੇ ਪਹੁੰਚ ਗਈ ਸੀ। ਮਹੀਨੇ ਦੇ ਅਖੀਰ ਵਿਚ ਦਰਾਮਦਕਾਰਾਂ ਖਾਸਕਰ ਤੇਲ ਸੋਧਕ ਕਾਰਖਾਨਿਆਂ ਅਤੇ ਕੁਝ ਬੈਂਕਾਂ ਵਲੋਂ ਆਪਣੇ ਗਾਹਕਾਂ ਵੱਲੋਂ ਕੀਤੀ ਮੰਗ ਕਾਰਨ ਰੁਪਏ 'ਤੇ ਦਬਾਅ ਵਧਿਆ ਹੈ।

ਡੀਲਰਾਂ ਮੁਤਾਬਕ ਅਨਾਜ ਸੁਰੱਖਿਆ ਬਿੱਲ ਜਿਹੜਾ ਲੋਕ ਸਭਾ ਵਲੋਂ ਪਾਸ ਕੀਤਾ ਗਿਆ, ਨੇ ਇਹ ਡਰ ਪੈਦਾ ਕਰ ਦਿੱਤਾ ਹੈ ਕਿ ਸ਼ਾਇਦ ਸਰਕਾਰ ਨੂੰ ਹੋਰ ਸਬਸਿਡੀ ਦਾ ਬੋਝ ਸਹਿਣਾ ਪਵੇ। ਇਸੇ ਦੌਰਾਨ ਵਿਕਰੀ ਦਬਾਅ ਅਤੇ ਰੁਪਏ ਦੀ ਕੀਮਤ 'ਚ ਤੇਜ਼ੀ ਨਾਲ ਗਿਰਾਵਟ ਕਾਰਨ ਸੈਂਸੈਕਸ 600 ਅੰਕ ਤਕ ਹੇਠ ਡਿਗ ਪਿਆ। ਇਸ ਦੇ ਨਾਲ ਹੀ ਸੋਨੇ ਦੀ ਕੀਮਤ ਵਿਚ 800 ਰੁਪਏ ਦੀ ਰਿਕਾਰਡ ਤੇਜ਼ੀ ਨਾਲ ਸੋਨਾ 32677 ਰੁਪਏ ਫੀ 10 ਗ੍ਰਾਮ ਹੋ ਗਿਆ। ਇਸੇ ਤਰ੍ਹਾਂ ਚਾਂਦੀ 1488 ਰੁਪਏ ਦੀ ਤੇਜ਼ੀ ਨਾਲ 55275 ਰੁਪਏ ਕਿਲੋ ਹੋ ਗਈ। ਉਧਰ, ਲੋਕ ਸਭਾ ਵਿਚ ਵਿਰੋਧੀ ਧਿਰ ਨੇ ਮੌਜੂਦਾ ਆਰਥਿਕ ਸਥਿਤੀ ਦਾ ਮੁੱਦਾ ਉਠਾਉਂਦੇ ਹੋਏ ਇਸ ਨੂੰ ਖਤਰਨਾਕ, ਦੁੱਖਭਰੀ ਅਤੇ ਘੜਮਸ ਵਾਲੀ ਕਰਾਰ ਦਿੱਤਾ ਹੈ। ਕਮਿਊਨਿਸਟ ਨੇਤਾ ਗੁਰੂਦਾਸ ਦਾਸਗੁਪਤਾ ਨੇ ਕਿਹਾ ਕਿ 1991 ਵਾਲੇ ਹਾਲਾਤ ਹੁਣ ਦੂਰ ਨਹੀਂ ਹਨ। ਮਨਮੋਹਨ ਸਿੰਘ ਸਰਕਾਰ ਆਰਥਿਕ ਚੁਣੌਤੀ ਨਾਲ ਨਜਿੱਠਣ ਵਿਚ ਨਾਕਾਮ ਹੈ।


*To Advertise with Punjab Times*
**Call: 847-359-0746**
*punjabtimesusa.com*

# TRUCK STOP FOR SALE
## in California with Approved Hotel Site

Seller retiring after 30 years. Excellent opportunity to buy well established highway Location with approved lot to build a hotel in almost 13 acres. Newly renovated 10,000 Sq. feet building has Restaurant, Store, Shower, Laundromat, Massage Place, Sign Shop & also Truck Tire & Repair Shop, Truck wash, Propane, Cat Scale & 150 Truck Parking Space. New Digital Remote control Price Signs. Priced only for $6.9 Million. Please only serious & Qualified Buyers with good financials

Contact
**Jessie Brar**
**661-301-7955**
E-mail : jessiebrar@sbcglobal.net
**Star Real Estate & Development**
Lic#01243878

# Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com
***Toll Free: 1-877-OK-HOMEO (1-877-654-6636)***

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
## National Truck Driving School

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



**Gurbans Singh Gill**
Realtor
DRE#01227109
15 Years Experiance in Real Estate
e-mail: gurbans@gotracy.com
www.gurbansgill.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# ਪੰਜਾਬ ਸਿਰ ਚੜ੍ਹਿਆ ਇਕ ਲੱਖ ਕਰੋੜ ਰੁਪਏ ਦਾ ਕਰਜ਼ਾ

## ■ ਕਾਂਗਰਸੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਫੈਸਲਾ




**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਸਿਰ ਇਕ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ। ਹਾਲਾਤ ਨੂੰ ਵੇਖਦਿਆਂ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਸੂਬੇ ਵਿਚ ਵਿੱਤੀ ਐਮਰਜੈਂਸੀ ਲਾਉਣ ਦੀ ਮੰਗ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਫੈਸਲਾ ਕੀਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਮਾੜੀਆਂ ਆਰਥਿਕ ਨੀਤੀਆਂ ਕਾਰਨ ਪੰਜਾਬ ਸਿਰ ਇਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਹੈ ਜੋ ਨਿੱਤ ਦਿਨ ਵਧਦਾ ਜਾ ਰਿਹਾ ਹੈ।

ਸ. ਬਾਜਵਾ ਅਨੁਸਾਰ ਹਾਲਾਤ ਅਜਿਹੇ ਹਨ ਕਿ ਪੰਜਾਬ ਦੀ ਸਾਲਾਨਾ ਆਮਦਨ 30 ਹਜ਼ਾਰ ਕਰੋੜ ਰੁਪਏ ਤੇ ਸਾਲਾਨਾ ਖਰਚਾ 42 ਹਜ਼ਾਰ ਕਰੋੜ ਰੁਪਏ ਦਾ ਹੈ। ਅਜਿਹੇ ਮਾੜੇ ਆਰਥਿਕ ਸੰਕਟ ਵਿਚ ਫਸੇ ਪੰਜਾਬ ਨੂੰ ਬਚਾਉਣ ਲਈ ਹੀ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਅਗਲੇ ਦਿਨਾਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੰਕਟ ਵਿਚ ਫਸੀ ਪੰਜਾਬ ਸਰਕਾਰ ਨੇ ਪੁੱਡਾ ਨੂੰ ਹੁਕਮ ਦੇ ਦਿੱਤੇ ਹਨ ਕਿ ਸਰਕਾਰੀ ਜਾਇਦਾਦਾਂ ਵੇਚ ਕੇ ਇਕ ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਜਾਵੇ। ਵਿਧਾਨ ਸਭਾ ਚੋਣਾਂ ਸਮੇਂ ਬੇਰੁਜ਼ਗਾਰਾਂ ਨੂੰ ਇਕ ਹਜ਼ਾਰ ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਸੀ ਪਰ ਨਾ ਕਿਸੇ ਨੂੰ ਰੁਜ਼ਗਾਰ ਤੇ ਨਾ ਕਿਸੇ ਨੂੰ ਭੱਤਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ 31 ਅਗਸਤ ਤੱਕ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਇਕ ਲੱਖ 17 ਹਜ਼ਾਰ ਬੇਰੁਜ਼ਗਾਰ ਨੌਜਵਾਨਾਂ ਦੇ ਨਾਂ ਰੁਜ਼ਗਾਰ ਦਫ਼ਤਰਾਂ ਵਿਚ ਦਰਜ ਕਰਵਾ ਕੇ ਸਰਕਾਰ ਤੋਂ ਬੇਰੁਜ਼ਗਾਰਾਂ ਨੂੰ ਪਿਛਲੇ 18 ਮਹੀਨਿਆਂ ਦੇ ਬਕਾਏ ਸਮੇਤ ਭੱਤੇ ਦੀ ਮੰਗ ਕਰਨਗੇ। ਜੇਕਰ ਸਰਕਾਰ ਨੇ ਬੇਰੁਜ਼ਗਾਰੀ ਭੱਤਾ ਨਾ ਦਿੱਤਾ ਤਾਂ ਉਹ ਸਤੰਬਰ ਮਹੀਨੇ ਬਤੌਰ ਪੰਜਾਬ ਕਾਂਗਰਸ ਪ੍ਰਧਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਦਾਇਰ ਕਰਕੇ ਬੇਰੁਜ਼ਗਾਰਾਂ ਨੂੰ ਇਹ ਹੱਕ ਦਿਵਾ ਕੇ ਰਹਿਣਗੇ।

ਸ. ਬਾਜਵਾ ਨੇ ਸਵਾਲ ਕੀਤਾ ਕਿ ਸ. ਬਾਦਲ ਦੱਸਣ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਆਈ.ਏ.ਐਸ. ਅਫਸਰ ਕਾਹਨ ਸਿੰਘ ਪੰਨੂ ਦੀ ਪੱਗ ਵਿਚ ਕੀ ਫਰਕ ਹੈ। ਮਨਜੀਤ ਸਿੰਘ ਜੀ.ਕੇ. ਦੀ ਪੱਗ ਨੂੰ ਹੱਥ ਹੀ ਲੱਗਿਆ ਤਾਂ ਸ. ਬਾਦਲ ਨੂੰ ਵੱਡਾ ਦੁੱਖ ਪਹੁੰਚਿਆ ਸੀ ਪਰ ਜਦੋਂ ਉਤਰਾਖੰਡ ਵਿਚ ਕਾਹਨ ਸਿੰਘ ਪੰਨੂ ਦੀ ਪੱਗ ਲਾਹੀ ਗਈ ਤਾਂ ਸ. ਬਾਦਲ 'ਤੇ ਕੋਈ ਅਸਰ ਨਹੀਂ ਹੋਇਆ।

ਸ. ਬਾਜਵਾ ਨੇ ਕਿਹਾ ਕਿ ਸ. ਬਾਦਲ ਨਿੱਤ ਦਿਨ ਕਹਿੰਦੇ ਹਨ ਕਿ ਕਾਂਗਰਸ ਦੀ ਪੰਜਾਬ ਨੂੰ ਕੀ ਦੇਣ ਹੈ। ਉਹ ਸ. ਬਾਦਲ ਨੂੰ ਦੱਸਣਾ ਚਾਹੁੰਦੇ ਹਨ ਕਿ ਸੋਨੀਆ ਗਾਂਧੀ ਦੀ ਅਗਵਾਈ ਹੇਠ ਸਮੁੱਚੀ ਕਾਂਗਰਸ ਨੇ ਘੱਟ ਗਿਣਤੀਆਂ ਨਾਲ ਸਬੰਧਤ ਇਕ ਸਿੱਖ ਆਗੂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਦਿੱਤੀ ਹੈ ਪਰ ਬਾਦਲ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਲਈ ਵੀ ਮੁੱਖ ਮੰਤਰੀ ਦੀ ਕੁਰਸੀ ਛੱਡਣ ਲਈ ਤਿਆਰ ਨਹੀਂ, ਜਦੋਂਕਿ ਉਹ ਕਈ ਸਾਲਾਂ ਤੋਂ ਆਪਣੇ ਬਾਪੂ ਤੋਂ ਕੁਰਸੀ ਛੁਡਵਾਉਣ ਲਈ ਭੱਜ ਦੌੜ ਕਰ ਰਿਹਾ ਹੈ। ਜਿਸ ਬਾਪ ਨੂੰ ਆਪਣੇ ਮੁੰਡੇ ਉਤੇ ਯਕੀਨ ਨਹੀਂ ਹੈ, ਉਸ 'ਤੇ ਪੰਜਾਬ ਦੇ ਲੋਕ ਯਕੀਨ ਕਿਵੇਂ ਕਰ ਸਕਦੇ ਹਨ।

# ਇਮਾਰਤਾਂ ਗਹਿਣੇ ਪਾ ਕੇ ਕੰਮ ਚਲਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਕਮਾਈ ਨਾਲੋਂ ਖਰਚੇ ਵੱਧ ਹੋਣ ਕਰਕੇ ਕੰਗਾਲੀ ਦੇ ਦੌਰ ਵਿਚੋਂ ਲੰਘ ਰਹੀ ਪੰਜਾਬ ਸਰਕਾਰ ਹੁਣ ਆਪਣੀਆਂ ਇਮਾਰਤਾਂ ਗਹਿਣੇ ਧਰਨ ਦੇ ਰਾਹ ਤੁਰ ਪਈ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਦੀ ਅਦਾਇਗੀ ਤੇ ਓਵਰਡ੍ਰਾਫਟ ਦੀ ਰਕਮ ਤਾਰਨ ਦੀ ਮਜਬੂਰੀ ਕਾਰਨ ਸਰਕਾਰ ਨੇ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਦੀ ਜਾਇਦਾਦ ਗਿਰਵੀ ਰੱਖਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ।

ਕੁਝ ਇਮਾਰਤਾਂ ਜਨਤਕ ਖੇਤਰ ਦੇ ਇਕ ਪ੍ਰਮੁੱਖ ਬੈਂਕ ਕੋਲ 500 ਕਰੋੜ ਰੁਪਏ ਲਈ ਗਹਿਣੇ ਧਰੀਆਂ ਜਾ ਰਹੀਆਂ ਹਨ ਤਾਂ ਜੋ ਪਹਿਲੀ ਸਤੰਬਰ ਨੂੰ ਮੁਲਾਜ਼ਮਾਂ ਨੂੰ ਤਨਖਾਹਾਂ ਤੇ ਪੈਨਸ਼ਨਾਂ ਦੇਣ ਲਈ 1681 ਕਰੋੜ ਰੁਪਏ ਪੂਰੇ ਕੀਤੇ ਜਾ ਸਕਣ।

ਅਗਸਤ ਮਹੀਨੇ ਟੈਕਸਾਂ ਤੇ ਹੋਰ ਮਾਲੀ ਸਾਧਨਾਂ ਦੇ ਜ਼ਰੀਏ ਇਕੱਤਰ ਹੋਈ ਰਕਮ ਵਿਚੋਂ 400 ਕਰੋੜ ਰੁਪਏ ਪਹਿਲਾਂ ਹੀ ਓਵਰਡ੍ਰਾਫਟ ਦੀ ਅਦਾਇਗੀ 'ਤੇ ਖਰਚੇ ਜਾ ਚੁੱਕੇ ਹਨ। ਇਹੀ ਕਾਰਨ ਹੈ ਕਿ ਪਹਿਲੀ ਸਤੰਬਰ ਨੂੰ ਤਨਖਾਹਾਂ ਤੇ ਪੈਨਸ਼ਨਾਂ ਦੇਣ ਲਈ ਲੋੜੀਂਦੀ ਰਕਮ ਦੀ ਘਾਟ ਪੈਦਾ ਹੋਈ। ਚਾਰ ਸੌ ਕਰੋੜ ਰੁਪਏ ਦੀ ਅਦਾਇਗੀ ਕਰਨ ਦੇ ਬਾਵਜੂਦ ਸੂਬਾ ਸਰਕਾਰ ਸਿਰ 320 ਕਰੋੜ ਰੁਪਏ ਦਾ ਓਵਰਡ੍ਰਾਫਟ ਅਜੇ ਬਾਕੀ ਹੈ।

# ਪੰਜਾਬ ਵਿਚ ਕੈਂਸਰ ਨਾਲ ਰੋਜ਼ ਹੋ ਰਹੀਆਂ ਨੇ 18 ਮੌਤਾਂ



**ਚੰਡੀਗੜ੍ਹ:** ਸੂਬੇ ਵਿਚ ਕੈਂਸਰ ਦੀ ਉੱਚੀ ਦਰ ਦੇ ਕਾਰਨਾਂ ਦਾ ਪਤਾ ਲਾਉਣ ਵਿਚ ਨਾਕਾਮ ਰਹੀ ਪੰਜਾਬ ਸਰਕਾਰ ਹੁਣ ਕੇਂਦਰ ਕੋਲ ਮਦਦ ਦੀ ਗੁਹਾਰ ਲਾਵੇਗੀ। ਇਸ ਸਾਲ ਜਨਵਰੀ ਵਿਚ ਕਰਵਾਏ ਗਏ ਘਰੋ-ਘਰੀ ਸਰਵੇਖਣ ਰਾਹੀਂ ਪਤਾ ਲਾਇਆ ਸੀ ਕਿ ਕੈਂਸਰ ਕਾਰਨ ਰਾਜ ਵਿਚ ਰੋਜ਼ਾਨਾ ਘੱਟੋ-ਘੱਟ 18 ਮੌਤਾਂ ਹੁੰਦੀਆਂ ਹਨ। ਇਸ ਸਰਵੇਖਣ ਤਹਿਤ ਕੈਂਸਰ ਦੇ 23,874 ਕੇਸਾਂ ਦੀ ਪੁਸ਼ਟੀ ਕੀਤੀ ਗਈ ਸੀ। ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਨਾਲ 33,318 ਮੌਤਾਂ ਹੋਈਆਂ ਹਨ। ਇਸ ਤੋਂ ਇਲਾਵਾ 84,453 ਵਿਅਕਤੀਆਂ ਵਿਚੋਂ ਕੈਂਸਰ ਦੀ ਬਿਮਾਰੀ ਜਿਹੇ ਲੱਛਣ ਮਿਲੇ ਸਨ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਸੂਬੇ ਵਿਚ ਕੈਂਸਰ ਦੀ ਉੱਚੀ ਦਰ ਬਾਰੇ ਗੁੱਥੀ ਅਜੇ ਤੱਕ ਸੁਲਝ ਨਾ ਸਕਣ ਕਾਰਨ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਗੁਲਾਮ ਨਬੀ ਆਜ਼ਾਦ ਕੋਲ ਜਾਣ ਦਾ ਫੈਸਲਾ ਕੀਤਾ ਹੈ ਤਾਂ ਕਿ ਪੰਜਾਬ ਖਾਸ ਕਰਕੇ ਮਾਲਵਾ ਖੇਤਰ ਵਿਚ ਕੈਂਸਰ ਦੇ ਕੇਸਾਂ ਦੀ ਬਹੁਤਾਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਕਿਸੇ ਕੌਮਾਂਤਰੀ ਏਜੰਸੀ ਦੀ ਮਦਦ ਲਈ ਜਾ ਸਕੇ।

ਉਨ੍ਹਾਂ ਕਿਹਾ ਕਿ ਹਾਲੇ ਤੱਕ ਇਹ ਤੈਅ ਨਹੀਂ ਹੋ ਸਕਿਆ ਕਿ ਰਾਜ ਵਿਚ ਕੈਂਸਰ ਫੈਲਣ ਦੀ ਅਸਲ ਵਜ੍ਹਾ ਕੀ ਹੈ। ਕੁਝ ਲੋਕ ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਤੇ ਕੁਝ ਹੋਰ ਜ਼ਮੀਨ ਹੇਠਲੇ ਪਾਣੀ ਵਿਚ ਜ਼ਹਿਰੀਲੇ ਮਾਦਿਆਂ ਦੀ ਮੌਜੂਦਗੀ ਨੂੰ ਇਸ ਲਈ ਕਸੂਰਵਾਰ ਮੰਨਦੇ ਹਨ ਪਰ ਕੋਈ ਵੀ ਠੋਸ ਰੂਪ ਵਿਚ ਕਾਰਨ ਨਹੀਂ ਬਿਆਨ ਸਕਿਆ। ਘਰੋ-ਘਰੀ ਸਰਵੇਖਣ ਮੁਤਾਬਕ ਰਾਜ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲੱਖ ਪਿੱਛੇ 90 ਹੈ ਜੋ ਲੱਖ ਪਿੱਛੇ 80 ਮਰੀਜ਼ਾਂ ਦੀ ਕੌਮੀ ਦਰ ਨਾਲੋਂ ਜ਼ਿਆਦਾ ਹੈ।

ਮਾਲਵਾ ਪੱਟੀ ਵਿਚ ਲੱਖ ਪਿੱਛੇ ਕੈਂਸਰ ਦੇ ਕੇਸਾਂ ਦੀ ਗਿਣਤੀ 107, ਦੋਆਬੇ ਵਿਚ 88 ਤੇ ਮਾਝੇ ਵਿਚ 64 ਹੈ। ਮਾਲਵਾ ਖਿੱਤੇ ਦੇ ਮੁਕਤਸਰ ਜ਼ਿਲ੍ਹੇ ਵਿਚ ਇਹ ਦਰ 136, ਮਾਨਸਾ 134.8 ਅਤੇ ਬਠਿੰਡਾ ਜ਼ਿਲ੍ਹੇ ਵਿਚ 125.8 ਹੈ। ਪੀਜੀਆਈ ਚੰਡੀਗੜ੍ਹ ਦੇ ਡਾਕਟਰਾਂ ਦੀ ਇਕ ਟੀਮ ਨੇ ਰਾਜ ਦੇ ਸਿਹਤ ਵਿਭਾਗ ਦੀ ਮਦਦ ਨਾਲ ਕੁਝ ਸਾਲ ਪਹਿਲਾਂ ਮਾਲਵਾ ਖਿੱਤੇ ਦੇ ਤਲਵੰਡੀ ਸਾਬੋ ਤੇ ਰੂਪਨਗਰ ਜ਼ਿਲ੍ਹੇ ਦੇ ਚਮਕੌਰ ਸਾਹਿਬ ਬਲਾਕਾਂ ਵਿਚ ਤੁਲਨਾਤਮਿਕ ਅਧਿਐਨ ਕਰਕੇ ਮਾਲਵਾ ਪੱਟੀ ਵਿਚ ਕੈਂਸਰ ਦੇ ਕੇਸ ਦੀ ਉੱਚੀ ਦਰ ਦਾ ਸਿੱਟਾ ਕੱਢਿਆ ਸੀ। ਪੰਜਾਬ ਵਿਚ ਹਰੇ ਇਨਕਲਾਬ ਦੀ ਖੇਤੀ ਵਿਧੀ ਨੂੰ ਵੀ ਇਸ ਨਾਮੁਰਾਦ ਬਿਮਾਰੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿਚ ਯੂਰੇਨੀਅਮ ਦੇ ਅੰਸ਼ ਮਿਲਣ ਦੀ ਸਰਕਾਰੀ ਤੌਰ 'ਤੇ ਕੀਤੇ ਅਧਿਐਨਾਂ ਵਿਚ ਪੁਸ਼ਟੀ ਹੋਈ ਸੀ।

## ਸ਼ਰਾਬ ਦੇ ਕਾਰੋਬਾਰ 'ਤੇ ਵੀ ਬਾਦਲ ਕਾਬਜ਼: ਖਹਿਰਾ

**ਚੰਡੀਗੜ੍ਹ:** ਪੰਜਾਬ ਦੀ ਪ੍ਰਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਦੋਸ਼ ਲਾਇਆ ਰੇਤ ਖੁਦਾਈ, ਕੇਬਲ ਨੈੱਟਵਰਕ ਤੇ ਟਰਾਂਸਪੋਰਟ ਦੇ ਵਪਾਰ 'ਤੇ ਮੁਕੰਮਲ ਕਬਜ਼ਾ ਕਰਨ ਪਿੱਛੋਂ ਬਾਦਲ ਪਰਿਵਾਰ ਹੁਣ ਸੂਬੇ ਦੇ ਸ਼ਰਾਬ ਦੇ ਵਪਾਰ 'ਤੇ ਵੀ ਕੰਟਰੋਲ ਕਰ ਰਿਹਾ ਹੈ। ਇਸ ਬਾਰੇ ਉਸ ਕੋਲ ਠੋਸ ਦਸਤਾਵੇਜ਼ ਮੌਜੂਦ ਹਨ।

ਇਸ ਬਾਰੇ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਲਾਏ ਦੋਸ਼ਾਂ 'ਤੇ ਮਜ਼ਬੂਤੀ ਨਾਲ ਖੜ੍ਹੀ ਹੈ ਕਿ ਰੇਤ ਖੁਦਾਈ, ਕੇਬਲ ਨੈੱਟਵਰਕ ਤੇ ਟਰਾਂਸਪੋਰਟ ਦੇ ਵਪਾਰ 'ਤੇ ਮੁਕੰਮਲ ਕਬਜ਼ਾ ਹੋਣ ਪਿੱਛੋਂ ਬਾਦਲ ਪਰਿਵਾਰ ਹੁਣ ਸੂਬੇ ਦੇ ਸ਼ਰਾਬ ਵਪਾਰ ਨੂੰ ਵੀ ਕੰਟਰੋਲ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ ਦੇ ਵੱਡੇ ਭਾਈ ਗੁਰਮੇਹਰ ਸਿੰਘ ਮਜੀਠੀਆ ਦਿੱਲੀ ਬੈਠ ਕੇ ਪੰਜਾਬ ਦੇ ਸਾਰੇ ਸ਼ਰਾਬ ਵਪਾਰ ਨੂੰ ਸਿੱਧਾ ਕੰਟਰੋਲ ਕਰ ਰਹੇ ਹਨ।

## ਚੰਡੀਗੜ੍ਹ ਦੇ ਚੁਫੇਰੇ ਬਹੁਮੰਜ਼ਲੀ ਇਮਾਰਤਾਂ ਜਾਇਜ਼ ਕਰਾਰ

**ਚੰਡੀਗੜ੍ਹ:** ਇਕ ਅਹਿਮ ਫੈਸਲਾ ਸੁਣਾਉਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਲਾਲ ਡੋਰੇ ਅੰਦਰ ਬਣ ਰਹੀਆਂ ਬਹੁਮੰਜ਼ਲੀ ਇਮਾਰਤਾਂ ਲਈ ਰਾਹ ਸਾਫ਼ ਕਰ ਦਿੱਤਾ ਤੇ ਅਜਿਹੀਆਂ ਇਮਾਰਤਾਂ ਨੂੰ ਰੋਕਣ ਲਈ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਜਾਰੀ ਨੋਟਿਸ ਨੂੰ ਗੈਰਕਾਨੂੰਨੀ ਕਹਿੰਦਿਆਂ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਹੈ ਕਿ ਪੰਜਾਬ ਨਿਊ ਕੈਪੀਟਲ (ਪੈਰੀਫੇਰੀ) ਕੰਟਰੋਲ ਕਾਨੂੰਨ 1952 ਕਿਤੇ ਵੀ ਅਜਿਹੀਆਂ ਬਹੁਮੰਜ਼ਲੀ ਉਸਾਰੀਆਂ ਨੂੰ ਉਸਰਨ ਤੋਂ ਰੋਕਦਾ ਨਹੀਂ ਹੈ। ਅਜਿਹੀਆਂ ਇਮਾਰਤਾਂ ਨਿਰੋਲ ਕਾਰੋਬਾਰੀ ਵਪਾਰਕ ਉਦੇਸ਼ ਅਧੀਨ ਨਹੀਂ ਆਉਂਦੀਆਂ।

ਅਦਾਲਤ ਦੇ ਇਸ ਫ਼ੈਸਲੇ ਪਿੱਛੋਂ ਚੰਡੀਗੜ੍ਹ ਦੀ ਸਕਾਈ ਲਾਈਨ ਨੂੰ ਬਚਾਉਣ ਲਈ ਮੌਜੂਦਾ ਕਾਨੂੰਨ ਵਿਚ ਨਵੀਆਂ ਸੋਧਾਂ ਕਰਨ ਦੀ ਲੋੜ ਪੈਦਾ ਹੋ ਗਈ ਹੈ। ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਔਗਸਟਾਈਨ ਜੌਰਜ ਮਸੀਹ 'ਤੇ ਆਧਾਰਤ ਡਿਵੀਜ਼ਨ ਬੈਂਚ ਵੱਲੋਂ ਦਿੱਤੇ ਇਸ ਅਹਿਮ ਫ਼ੈਸਲੇ ਨਾਲ ਸ਼ਾਲੀਮਾਰ ਅਸਟੇਟਸ ਪ੍ਰਾਈਵੇਟ ਲਿਮਟਿਡ ਨੂੰ ਰਾਹਤ ਮਿਲੀ ਹੈ।

# ਮੁੱਖ ਮੰਤਰੀ ਬਾਦਲ ਵਲੋਂ ਆਪਣੇ ਹਲਕੇ ਨੂੰ ਫੰਡਾਂ ਦੇ 'ਖੁੱਲ੍ਹੇ ਗੱਫੇ'



**ਬਠਿੰਡਾ:** ਆਮ ਲੋਕਾਂ ਤੇ ਮੁਲਾਜ਼ਮਾਂ ਨੂੰ ਭਾਵੇਂ ਪੰਜਾਬ ਸਰਕਾਰ ਦੀ ਆਰਥਿਕ ਕੰਗਾਲੀ ਕਾਰਨ ਤੰਗੀ ਦੇ ਦਿਨ ਕੱਟਣੇ ਪੈ ਰਹੇ ਹਨ ਪਰ ਲੰਬੀ ਹਲਕਾ ਇਸ ਪੱਖੋਂ ਖੁਸ਼ਨਸੀਬ ਹੈ। ਸੂਬੇ ਦਾ ਮਾਲੀ ਸੰਕਟ ਵੀ ਹਲਕੇ ਵਿਚ ਸੰਗਤ ਦਰਸ਼ਨ ਪ੍ਰੋਗਰਾਮਾਂ ਨੂੰ ਬਰੇਕ ਨਹੀਂ ਲਾ ਸਕਿਆ ਤੇ ਹਲਕੇ ਵਿਚ ਫੰਡ ਵੰਡਣ ਦੀ ਰਫ਼ਤਾਰ ਵਿਚ ਕੋਈ ਕਮੀ ਨਹੀਂ ਆਈ। ਜਦੋਂ ਪਿਛਲੇ ਸਾਲ ਅਕਾਲੀ-ਭਾਜਪਾ ਸਰਕਾਰ ਬਣੀ ਤਾਂ ਉਸ ਮਗਰੋਂ ਲੰਬੀ ਹਲਕੇ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਤੁਰੰਤ ਮੁੜ ਸ਼ੁਰੂ ਹੋ ਗਏ।

ਇਕ ਅਪਰੈਲ 2012 ਤੋਂ ਲੈ ਕੇ ਹੁਣ ਤੱਕ ਇਸ ਹਲਕੇ ਵਿਚ ਹੋਏ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ 44 ਪਿੰਡਾਂ ਨੂੰ ਫੰਡਾਂ ਦੇ ਖੁੱਲ੍ਹੇ ਗੱਫ਼ੇ ਮਿਲੇ ਹਨ। ਮੁੱਖ ਮੰਤਰੀ ਨੇ ਇਨ੍ਹਾਂ ਪਿੰਡਾਂ ਦੇ ਕੰਮਾਂ ਲਈ ਹੁਣ ਤੱਕ 35.26 ਕਰੋੜ ਰੁਪਏ ਦੇ ਫੰਡ ਵੰਡੇ ਹਨ। ਹਾਲ ਹੀ ਵਿਚ ਗਿੱਦੜਬਾਹਾ ਹਲਕੇ ਵਿਚ ਤਿੰਨ ਦਿਨ ਚੱਲੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਵੀ ਮੁੱਖ ਮੰਤਰੀ ਨੇ 27 ਪਿੰਡਾਂ ਨੂੰ ਤਕਰੀਬਨ 11 ਕਰੋੜ ਰੁਪਏ ਵੱਖਰੇ ਵੰਡੇ। ਪੰਜਾਬ ਦੇ ਬਾਕੀ ਹਲਕਿਆਂ ਦਾ ਨਸੀਬ ਅਜਿਹਾ ਨਹੀਂ ਰਿਹਾ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਮਿਲੇ ਵੇਰਵੇ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਜਭਾਗ ਮੁੜ ਸੰਭਾਲਣ ਮਗਰੋਂ 14 ਜੁਲਾਈ 2012 ਨੂੰ ਪਹਿਲਾ ਸੰਗਤ ਦਰਸ਼ਨ ਪ੍ਰੋਗਰਾਮ ਕੀਤਾ ਜਿਸ ਵਿਚ 3.66 ਕਰੋੜ ਰੁਪਏ ਦੇ ਫੰਡ ਵੰਡੇ ਗਏ। ਇਕੱਲੇ ਸਰਾਵਾ ਬੋਦਲਾਂ ਪਿੰਡ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ 1.06 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ। ਇਸੇ ਤਰ੍ਹਾਂ ਪਿੰਡ ਰੱਤਾ ਟਿੱਬਾ ਨੂੰ 56.95 ਲੱਖ ਰੁਪਏ ਦੀ ਤੇ ਪਿੰਡ ਮੋਹਲਾਂ ਨੂੰ 50.30 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ। ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਹਲਕਾ ਲੰਬੀ ਦੇ ਪਿੰਡਾਂ ਵਾਸਤੇ ਪੈਸਿਆਂ ਦਾ ਪ੍ਰਬੰਧ ਹਰ ਮਹਿਕਮੇ ਤੋਂ ਰਕਮਾਂ ਲੈ ਕੇ ਕੀਤਾ ਗਿਆ।

ਮੁੱਖ ਮੰਤਰੀ ਨੇ 15 ਜੁਲਾਈ 2012 ਨੂੰ ਹਲਕਾ ਲੰਬੀ ਵਿਚ ਹੀ ਸੰਗਤ ਦਰਸ਼ਨ ਪ੍ਰੋਗਰਾਮ ਜਾਰੀ ਰੱਖਿਆ। ਉਸ ਦਿਨ 3.88 ਕਰੋੜ ਰੁਪਏ ਦੇ ਫੰਡ ਵੰਡੇ ਗਏ। ਇਕੱਲੇ ਕੋਲਿਆਂਵਾਲੀ ਪਿੰਡ ਨੂੰ 99.62 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ। ਇਸੇ ਤਰ੍ਹਾਂ ਪਿੰਡ ਬੁਰਜ ਸਿੱਧਵਾਂ ਨੂੰ 60.47 ਲੱਖ ਰੁਪਏ ਦੀ ਗਰਾਂਟ ਤੇ ਢਾਣੀ ਬਰਕੀ ਨੂੰ 51 ਲੱਖ ਰੁਪਏ ਦੇ ਫੰਡ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਪੰਜਾਬ ਦੇ ਬਾਕੀ ਕਿਸੇ ਇਕ ਪਿੰਡ ਦੇ ਹਿੱਸੇ ਏਨੀ ਵੱਡੀ ਰਕਮ ਵਿਕਾਸ ਕੰਮਾਂ ਲਈ ਯਕਮੁਸ਼ਤ ਨਹੀਂ ਆਉਂਦੀ।

30 ਅਗਸਤ 2012 ਨੂੰ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਮੁੱਖ ਮੰਤਰੀ ਨੇ 4.56 ਕਰੋੜ ਰੁਪਏ ਦੇ ਫੰਡ ਵੰਡੇ ਜਿਨ੍ਹਾਂ ਵਿਚ ਜ਼ਿਆਦਾ ਪੈਸਾ ਪੀਆਈਡੀਬੀ ਦਾ ਸੀ। ਦੂਜੇ ਦਿਨ 31 ਅਗਸਤ ਦੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਮੁੱਖ ਮੰਤਰੀ ਨੇ 3.36 ਕਰੋੜ ਰੁਪਏ ਦੀ ਗਰਾਂਟ ਵੰਡੀ। ਇਵੇਂ ਹੀ 29 ਨਵੰਬਰ 2012 ਨੂੰ ਹੋਏ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਮੁੱਖ ਮੰਤਰੀ ਨੇ 4.69 ਕਰੋੜ ਰੁਪਏ ਦੀ ਗਰਾਂਟ ਵੰਡੀ ਸੀ। 30 ਨਵੰਬਰ 2012 ਨੂੰ 2.80 ਕਰੋੜ ਰੁਪਏ ਵੰਡੇ ਗਏ। 2013 ਦੌਰਾਨ ਮੁੱਖ ਮੰਤਰੀ ਨੇ ਪਹਿਲਾ ਸੰਗਤ ਦਰਸ਼ਨ ਪ੍ਰੋਗਰਾਮ ਹਲਕਾ ਲੰਬੀ ਵਿਚ 27 ਫਰਵਰੀ ਨੂੰ ਕੀਤਾ, ਜਿਸ ਵਿਚ 3.92 ਕਰੋੜ ਰੁਪਏ ਦੇ ਚੈੱਕ ਵੰਡੇ।

28 ਫਰਵਰੀ ਨੂੰ 2.09 ਕਰੋੜ ਰੁਪਏ ਦੇ ਚੈੱਕ ਦਿੱਤੇ ਗਏ। ਪਹਿਲੀ ਮਾਰਚ ਦੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ 3.61 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ। 26 ਮਾਰਚ ਦੇ ਪ੍ਰੋਗਰਾਮਾਂ ਵਿਚ 2.65 ਕਰੋੜ ਰੁਪਏ ਦੇ ਫੰਡ ਦਿੱਤੇ ਗਏ। ਉਸ ਮਗਰੋਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ ਚੋਣ ਜ਼ਾਬਤਾ ਲੱਗ ਗਿਆ ਤੇ ਸੰਗਤ ਦਰਸ਼ਨ ਪ੍ਰੋਗਰਾਮ ਹੋ ਨਹੀਂ ਸਕਿਆ।

# ਕਿਊਬਕ ਵਿਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਦੀ ਤਿਆਰੀ

**ਟੋਰਾਂਟੋ:** ਸਿੱਖ ਬੱਚਿਆਂ ਦੇ ਪਟਕਾ ਬੰਨ੍ਹ ਕੇ ਫੁਟਬਾਲ ਖੇਡਣ ਦਾ ਮਾਮਲਾ ਨਜਿੱਠੇ ਨੂੰ ਅਜੇ ਬਹੁਤਾ ਸਮਾਂ ਨਹੀਂ ਹੋਇਆ ਕਿ ਹੁਣ ਕਿਊਬਕ ਦੀ ਸੂਬਾਈ ਸਰਕਾਰ ਆਪਣੇ ਦਫਤਰਾਂ, ਸਕੂਲਾਂ ਤੇ ਹਸਪਤਾਲਾਂ ਵਿਚੋਂ ਪੱਗਾਂ, ਬੁਰਕੇ ਤੇ ਹੋਰ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਘੜ ਰਹੀ ਹੈ। ਇਹ ਕਾਨੂੰਨ ਸਿੱਖਾਂ, ਯਹੂਦੀਆਂ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਲਈ ਫਿਕਰ ਖੜ੍ਹਾ ਕਰੇਗਾ।

ਇਹ ਸੂਬਾ ਕੈਨੇਡਾ ਨਾਲੋਂ ਵੱਖ ਹੋਣ ਦਾ ਵੀ ਜ਼ੋਰ ਲਾਉਂਦਾ ਰਿਹਾ ਹੈ ਤੇ ਆਏ ਦਿਨ ਆਪਣੀ ਹਦੂਦ ਵਿਚ ਰਹਿ ਰਹੇ ਘੱਟ ਗਿਣਤੀ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਿਹਾ ਹੈ। ਇਸ ਕਾਨੂੰਨ ਸਬੰਧੀ ਬਹਿਸ ਪਿਛਲੇ ਪੰਜ ਛੇ ਸਾਲਾਂ ਤੋਂ ਅੰਦਰੇ ਅੰਦਰ ਚੱਲ ਰਹੀ ਹੈ। ਹੁਕਮਰਾਨ 'ਪਾਰਟੀ ਕਿਬੈਕਵਾ' ਦੇ ਇਸ ਵਿਚਾਰ ਨਾਲ ਜਿਥੇ ਵਿਰੋਧੀ ਪਾਰਟੀਆਂ ਅਸਹਿਮਤ ਹਨ, ਉਥੇ ਵਰਲਡ ਸਿੱਖ ਸੰਸਥਾ ਨੇ ਵੀ ਆਵਾਜ਼ ਉਠਾਈ ਹੈ। ਸੰਸਥਾ ਦੇ ਉਪ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਹੈ ਕਿ ਇਹ ਲੋਕਾਂ ਦੇ ਬੁਨਿਆਦੀ ਹੱਕਾਂ ਨਾਲ ਧੱਕਾ ਹੈ।

ਮੀਡੀਆ ਰਿਪੋਰਟ ਮੁਤਾਬਕ ਸੂਬਾਈ ਸਰਕਾਰ ਸਿੱਖਾਂ, ਮੁਸਲਮਾਨਾਂ, ਯਹੂਦੀਆਂ ਤੇ ਹੋਰ ਧਰਮਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਆਪਣੀਆਂ ਕਥਿਤ ਧਰਮ-ਨਿਰਪੇਖ ਕਦਰਾਂ ਕੀਮਤਾਂ ਤਹਿਤ ਪਾਬੰਦੀ ਅਧੀਨ ਲਿਆਉਣਾ ਚਾਹੁੰਦੀ ਹੈ ਜਿਸ ਦਾ ਲੋਕਾਂ ਵੱਲੋਂ ਭਾਰੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਕਈ ਲੋਕ ਤਾਂ ਸੂਬਾ ਛੱਡ ਜਾਣ ਨੂੰ ਤਰਜੀਹ ਦੇਣ ਲੱਗੇ ਹਨ। ਇਸ ਦੌਰਾਨ ਕੈਨੇਡਾ ਦੀ ਲਿਬਰਲ ਪਾਰਟੀ ਦੇ ਲੀਡਰ ਜਸਟਿਨ ਟਰੂਡੋ ਦੀ ਸੂਬਾਈ ਮੁੱਖ ਮੰਤਰੀ ਪੌਲੀਨ ਮਾਰਿਸ ਨਾਲ ਗੱਲਬਾਤ ਹੋਈ ਹੈ ਜਿਸ ਤੋਂ ਪਤਾ ਲੱਗਾ ਕਿ ਇਸ ਮਾਮਲੇ 'ਤੇ ਅਗਲੇ ਵਿਧਾਨ ਸਭਾ ਸੈਸ਼ਨ ਵਿਚ ਲੋਕ ਰਾਏ 'ਤੇ ਆਧਾਰਤ ਬਹਿਸ ਹੋਵੇਗੀ।

ਮਾਂਟਰੀਆਲ ਦੇ ਐਮਰਜੈਂਸੀ ਵਿਭਾਗ ਵਿਚ ਤੈਨਾਤ ਡਾ. ਸਨਜੀਤ ਸਿੰਘ ਸਲੂਜਾ ਦਾ ਕਹਿਣਾ ਹੈ ਕਿ ਉਸ ਦੀ ਪੱਗ ਜਾਂ ਪਹਿਰਾਵਾ ਕੰਮ ਵਿਚ ਕਦੇ ਅੜਿੱਕਾ ਨਹੀਂ ਬਣਿਆ ਪਰ ਜੇ ਸਰਕਾਰ ਅਜਿਹਾ ਕਾਨੂੰਨ ਥੋਪੇਗੀ ਤਾਂ ਉਹ ਆਪਣੀ ਪਛਾਣ ਨਾਲੋਂ ਆਪਣੀ ਨੌਕਰੀ ਛੱਡਣ ਨੂੰ ਪਹਿਲ ਦੇਵੇਗਾ। ਉਧਰ, ਇਸ ਕਥਿਤ ਧਰਮ-ਨਿਰਪੇਖਤਾ ਨੂੰ ਹਵਾ ਦੇਣ ਵਾਲੇ ਗਰੁੱਪ ਦਾ ਮਾਈਕਲ ਲਿੰਕੋਰਟ ਧਾਰਮਿਕ ਚਿੰਨ੍ਹਾਂ ਨੂੰ ਨਿਰਾ ਪੁਰਾ ਪ੍ਰਾਪੇਗੰਡਾ ਦੱਸਦਾ ਹੈ। ਉਸ ਅਨੁਸਾਰ ਜਿਸ ਕਿਸੇ ਨੇ ਲੋਕਾਂ ਵਿਚ ਵਿਚਰਨਾ ਹੈ, ਉਹ ਜਨਤਕ ਕਾਨੂੰਨਾਂ ਦਾ ਪ੍ਰਤੀਬੱਧ ਹੋਣਾ ਚਾਹੀਦਾ ਹੈ। ਇਸ ਵੇਲੇ ਇਸ ਸੂਬੇ ਵਿਚ ਪਾਰਟੀ ਕਿਬੈਕਵਾ ਦੀ ਘੱਟ ਗਿਣਤੀ ਸਰਕਾਰ ਹੈ ਤੇ ਲਿਬਰਲ ਪਾਰਟੀ ਪ੍ਰਮੁੱਖ ਵਿਰੋਧੀ ਪਾਰਟੀ ਹੈ। ਇਸ ਮਾਮਲੇ 'ਤੇ ਕੇਂਦਰ ਵਿਚ ਬਹੁ-ਸੱਭਿਆਚਾਰ ਮੰਤਰੀ ਜੇਸਨ ਕੇਨੀ ਨੇ ਬਿਆਨ ਦਿੱਤਾ ਹੈ ਕਿ ਧਾਰਮਿਕ ਆਜ਼ਾਦੀ ਇਕ ਸਰਬ-ਵਿਆਪਕ ਸਿਧਾਂਤ ਹੈ ਤੇ ਕੋਈ ਬੱਚਾ ਜੇ ਸਕੂਲ ਵਿਚ ਪੱਗ, ਹਿਜਾਬ ਜਾਂ ਕਿੱਪਾ (ਯਹੂਦੀਆਂ ਦੀ ਟੋਪੀ) ਪਹਿਨਦਾ ਹੈ ਤਾਂ ਉਹ ਕਿਸੇ ਗੱਲੋਂ ਘੱਟ ਕੈਨੇਡੀਅਨ ਨਹੀਂ।

## ਪੰਜਾਬ ਵਿਚ 4.15 ਲੱਖ ਏਕੜ ਫਸਲ ਬਰਬਾਦ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਦਿਨਾਂ ਦੌਰਾਨ ਆਏ ਹੜ੍ਹਾਂ ਕਾਰਨ ਚਾਰ ਲੱਖ 15 ਹਜ਼ਾਰ ਏਕੜ ਰਕਬੇ ਵਿਚ ਖੜ੍ਹੀਆਂ ਫਸਲਾਂ ਦੇ ਖ਼ਰਾਬ ਹੋਣ ਦਾ ਖਦਸ਼ਾ ਹੈ। ਸੂਬੇ ਦੇ ਮਾਲ ਵਿਭਾਗ ਨੇ ਸਰਕਾਰ ਨੂੰ ਭੇਜੀ ਰਿਪੋਰਟ ਮੁਤਾਬਕ ਚਾਰ ਲੱਖ 15 ਹਜ਼ਾਰ ਏਕੜ ਰਕਬੇ ਵਿਚ ਖੜ੍ਹੀ ਫਸਲ ਪਾਣੀ ਵਿਚ ਡੁੱਬ ਗਈ ਹੈ। ਇਨ੍ਹਾਂ ਫਸਲਾਂ ਵਿਚ ਮੁੱਖ ਤੌਰ 'ਤੇ ਝੋਨਾ, ਨਰਮਾ, ਕਪਾਹ, ਸਬਜ਼ੀਆਂ ਤੇ ਹਰਾ ਚਾਰਾ ਸ਼ਾਮਲ ਹੈ। ਸੂਬੇ ਦੇ ਵਿੱਤ ਕਮਿਸ਼ਨਰ ਮਾਲ ਨਵਰੀਤ ਸਿੰਘ ਕੰਗ ਨੇ ਉਕਤ ਤੱਥਾਂ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਡਿਪਟੀ ਕਮਿਸ਼ਨਰਾਂ ਨੂੰ ਗਿਰਦਾਵਰੀ ਦੇ ਹੁਕਮ ਦੇ ਦਿੱਤੇ ਸਨ।

ਸ. ਕੰਗ ਨੇ ਕਿਹਾ ਕਿ ਨਰਮੇ ਤੇ ਕਪਾਹ ਦਾ ਸਭ ਤੋਂ ਜ਼ਿਆਦਾ ਨੁਕਸਾਨ ਬਠਿੰਡਾ, ਫ਼ਰੀਦਕੋਟ, ਫ਼ਾਜ਼ਿਲਕਾ, ਮੁਕਤਸਰ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਹੋਇਆ ਹੈ। ਝੋਨੇ ਦੀ ਫਸਲ ਦਾ ਕਪੂਰਥਲਾ, ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ ਨੁਕਸਾਨ ਹੋਣ ਦੀਆਂ ਰਿਪੋਰਟਾਂ ਹਨ। ਪੰਜਾਬ ਵਿਚ ਅਗਸਤ ਮਹੀਨੇ ਦੌਰਾਨ ਹੋਈ ਬਰਸਾਤ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਫਸਲਾਂ ਵਿਚ ਅਜੇ ਵੀ ਪਾਣੀ ਭਰਿਆ ਪਿਆ ਹੈ।

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available



Asiana Airlines Emirates
India Vacation tour package also available.
KOREAN AIR SINGAPORE AIRLINES CATHAY PACIFIC Lufthansa CHINA AIRLINES

ਜੇ ਜੀਵੈ ਪਤ ਲੱਥੀ ਜਾਇ॥ ਸਭ ਹਰਾਮ ਜੇਤਾ ਕਿਛ ਖਾਇ॥

# ਸ਼ਹੀਦੀ ਸਮਾਗਮ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ



ਪੰਜਾਬ 'ਚੋਂ ਸਿੱਖ ਜਵਾਨੀ ਨੂੰ ਚੁਣ ਕੇ ਖਤਮ ਕਰਨ ਵਾਲੇ ਜ਼ੁਲਮੀ ਹਾਕਮ ਬੇਅੰਤ ਸਿੰਘ ਨੇ ਮੁਗਲਾਂ ਦੇ ਜ਼ੁਲਮ ਨੂੰ ਵੀ ਮਾਤ ਪਾ ਦਿੱਤੀ ਸੀ। ਇਸ ਜ਼ੁਲਮੀ ਰਾਜ ਦਾ ਨਾਸ ਕਰਨ ਲਈ 31 ਅਗਸਤ 1995 ਨੂੰ ਸਿੱਖ ਕੌਮ ਦੇ ਮਹਾਨ ਸੂਰਬੀਰ ਯੋਧੇ ਭਾਈ ਦਿਲਾਵਰ ਸਿੰਘ ਬੱਬਰ ਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਖਤਮ ਕਰਕੇ ਸ਼ਹੀਦੀ ਪ੍ਰਾਪਤ ਕਰ ਲਈ ਤੇ ਪੰਜਾਬ ਦੀਆਂ ਮਾਂਵਾਂ ਜੋ ਘਰੋਂ ਗਏ ਆਪਣੇ ਪੁੱਤਰਾਂ ਦੇ ਰਾਹ ਆਪਣੇ ਦਿੱਡ ਫੜ ਕੇ ਉਡੀਕਦੀਆਂ ਸਨ, ਉਨ੍ਹਾਂ ਨੂੰ ਇਸ ਚਿੰਤਾ ਤੋਂ ਮੁਕਤ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਦੀ ਸ਼ਾਨ ਬਰਕਰਾਰ ਰੱਖਣ ਵਾਲੇ ਪੰਜਾਬ ਵਿਚ ਚੱਲੀ ਜ਼ੁਲਮੀ ਹਨੇਰੀ ਨੂੰ ਠੱਲ੍ਹ ਪਾਉਣ ਵਾਲੇ ਮਹਾਨ ਸ਼ਹੀਦ ਭਾਈ ਦਿਲਾਵਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਪਹਿਲੀ ਸਤੰਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਟਰਲਕ ਵਿਚ ਹੋ ਰਿਹਾ ਹੈ। ਸ਼ਹੀਦੀ ਸਮਾਗਮ ਦੌਰਾਨ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ ਅਤੇ ਵਾਰਾਂ ਰਾਹੀਂ ਨਿਹਾਲ ਕਰਨਗੇ ਅਤੇ ਪੰਥਕ ਬੁਲਾਰੇ ਸ਼ਹੀਦੀ ਇਤਿਹਾਸ 'ਤੇ ਚਾਨਣਾ ਪਾਉਣਗੇ। ਉਪਰੰਤ ਗਤਕਾ ਦਲ ਸੰਗਤਾਂ ਨੂੰ ਆਪਣੇ ਜੌਹਰ ਦਿਖਾਉਣਗੇ। ਸਮੂਹ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਪੰਥਕ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰੀਏ।

## ਪ੍ਰੋਗਰਾਮ

30 ਅਗਸਤ 2013 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ
ਪਹਿਲੀ ਸਤੰਬਰ 2013 (ਐਤਵਾਰ): ਭੋਗ ਸ੍ਰੀ ਅਖੰਡ ਪਾਠ: 10:00 ਵਜੇ
ਸ਼ਹੀਦੀ ਸਮਾਗਮ: 10:00 ਤੋਂ 2:00 ਵਜੇ ਤੱਕ

**ਸਥਾਨ: ਗੁਰਦੁਆਰਾ ਸਾਹਿਬ ਟਰਲਕ**
Turlock Sikh Temple: 1391 5th Street, Turlock, CA 95380, Ph: 209-632-4653

**ਵਲੋਂ: ਟਰਲਕ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸਿੱਖ ਸੰਗਤਾਂ ਦੇ ਸਹਿਯੋਗ ਨਾਲ**
**ਸਿੱਖ ਫੈਡਰੇਸ਼ਨ ਆਫ ਨਾਰਥ ਅਮੈਰਿਕਾ**

# ਗੁਜਰਾਤ ਦੇ ਸਿੱਖ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਦੀਆਂ ਸੇਵਾਵਾਂ ਨੂੰ ਠੋਕਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਗੁਜਰਾਤ ਦੇ ਸਿੱਖ ਕਿਸਾਨਾਂ ਨੇ ਸੁਪਰੀਮ ਕੋਰਟ ਵਿਚ ਆਪਣੇ ਕੇਸ ਦੀ ਪੈਰਵੀ ਲਈ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਦੀਆਂ ਕਾਨੂੰਨੀ ਸੇਵਾਵਾਂ ਲੈਣ ਤੋਂ ਨਾਂਹ ਕਰ ਦਿੱਤੀ। ਇਸ ਮੁੱਦੇ ਨੂੰ ਰਾਜਸੀ ਰੰਗਤ ਚੜ੍ਹਨ ਤੋਂ ਰੋਕਣ ਦੇ ਮਨਸ਼ੇ ਨਾਲ ਪੀੜਤ ਸਿੱਖ ਕਿਸਾਨਾਂ ਨੇ ਪੰਜਾਬ ਕਾਂਗਰਸ ਵੱਲੋਂ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣ ਦੀ ਪੇਸ਼ਕਸ਼ ਵੀ ਰੱਦ ਕਰ ਦਿੱਤੀ ਹੈ।

ਇਨ੍ਹਾਂ ਕਿਸਾਨਾਂ ਨੇ ਕਿਹਾ ਕਿ ਉਹ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਮੱਥਾ ਲਾ ਰਹੇ ਹਨ ਜੋ ਉਨ੍ਹਾਂ ਨੂੰ ਫ਼ਿਰਕੂ ਆਧਾਰ 'ਤੇ ਡਰਾ-ਧਮਕਾ ਕੇ ਉਜਾੜਨ 'ਤੇ ਤੁਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇ ਅਕਾਲੀ ਦਲ ਨੂੰ ਉਨ੍ਹਾਂ ਦਾ ਵਾਕਈ ਫ਼ਿਕਰ ਹੈ ਤਾਂ ਉਹ ਮੋਦੀ 'ਤੇ ਸੁਪਰੀਮ ਕੋਰਟ ਵਿਚੋਂ ਆਪਣਾ ਕੇਸ ਵਾਪਸ ਲੈਣ ਲਈ ਦਬਾਅ ਪਾਉਣ।

ਉਨ੍ਹਾਂ ਸਾਫ਼ ਲਫ਼ਜ਼ਾਂ ਵਿਚ ਸ੍ਰੀ ਅਗਰਵਾਲ ਦੀਆਂ ਕਾਨੂੰਨੀ ਸੇਵਾਵਾਂ ਲੈਣ ਤੋਂ ਮਨ੍ਹਾ ਕਰਦਿਆਂ ਕਿਹਾ ਕਿ ਕੋਈ ਵੀ ਵਕੀਲ ਉਨ੍ਹਾਂ 'ਤੇ ਥੋਪਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਅਗਰਵਾਲ ਉਨ੍ਹਾਂ ਨੂੰ ਨਵੀਂ ਦਿੱਲੀ ਵਿਚ ਮਿਲੇ ਸਨ ਪਰ ਉਨ੍ਹਾਂ ਕਦੇ ਵੀ ਉਸ ਨੂੰ ਆਪਣਾ ਵਕੀਲ ਨਹੀਂ ਥਾਪਿਆ ਸੀ। ਕਿਸਾਨਾਂ ਨੇ ਕਿਹਾ



ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭਾਜਪਾ ਨਾਲ ਸਾਂਝ ਹੈ ਤੇ ਸ. ਬਾਦਲ ਨੂੰ ਸਿਆਸੀ ਤੌਰ 'ਤੇ ਆਪਣਾ ਅਸਰ-ਰਸੂਖ਼ ਵਰਤ ਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਸੀ। ਇਸ ਹਾਲਤ ਵਿਚ ਉਹ ਉਨ੍ਹਾਂ ਦੀ ਸਰਕਾਰ ਦੀ ਤਰਫ਼ੋਂ ਕਾਨੂੰਨੀ ਸੇਵਾਵਾਂ ਲੈਣ ਬਾਰੇ ਸੋਚ ਵੀ ਨਹੀਂ ਸਕਦੇ।

ਕਿਸਾਨਾਂ ਨੇ ਕਿਹਾ ਹੈ ਕਿ ਸਿਆਸਤਦਾਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਪਸੰਦ ਦਾ ਵਕੀਲ ਨਿਯੁਕਤ ਕਰਨ ਦਾ ਹੱਕ ਰੱਖਦੇ ਹਨ ਤੇ ਉਨ੍ਹਾਂ (ਸਿਆਸਤਦਾਨਾਂ) ਨੂੰ ਇਸ ਮੁੱਦੇ 'ਤੇ ਨੰਬਰ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਕੇਸ ਵਿਚ ਵਕੀਲ ਬੈਰਿਸਟਰ ਐਟ-ਲਾਅ ਹਿੰਮਤ ਸਿੰਘ ਸ਼ੇਰਗਿੱਲ ਹੈ ਤੇ ਉਨ੍ਹਾਂ ਦੀ ਕਾਬਲੀਅਤ ਤੇ ਦਿਆਨਤਦਾਰੀ 'ਤੇ ਪੂਰਾ ਭਰੋਸਾ ਹੈ।

ਉਨ੍ਹਾਂ ਸ੍ਰੀ ਮੋਦੀ 'ਤੇ ਕਿਸਾਨਾਂ ਨੂੰ ਡਰਾਉਣ-ਧਮਕਾਉਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਤਕਰੀਬਨ 50 ਸਾਲ ਪਹਿਲਾਂ ਉਥੇ ਵਸੇ ਸਿੱਖ ਕਿਸਾਨਾਂ ਨੇ ਸੁਪਰੀਮ ਕੋਰਟ ਵਿਚ ਇਹ ਦਰਸਾਇਆ ਹੈ ਕਿ ਮੌਜੂਦਾ ਕਾਨੂੰਨ ਤਹਿਤ ਸਿਰਫ਼ ਗ਼ੈਰ-ਕਾਸ਼ਤਕਾਰਾਂ 'ਤੇ ਗੁਜਰਾਤ ਵਿਚ ਜ਼ਮੀਨ ਖਰੀਦਣ 'ਤੇ ਰੋਕ ਹੈ। ਸੁਪਰੀਮ ਕੋਰਟ ਵਿਚ ਦਾਇਰ ਇਕ ਬਿਆਨ ਵਿਚ ਪੀੜਤ ਕਿਸਾਨਾਂ ਨੇ ਦਾਅਵਾ ਕੀਤਾ ਹੈ ਕਿ ਖੇਤੀਬਾੜੀ ਕਾਨੂੰਨ (ਵਿਦਰਭ ਤੇ ਕੱਛ ਖੇਤਰ) ਕਾਨੂੰਨ 1958 ਵਿਚ ਕਿਤੇ ਇਹ ਦਰਜ ਨਹੀਂ ਹੈ ਕਿ ਹੋਰ ਰਾਜਾਂ ਦੇ ਕਿਸਾਨ ਗੁਜਰਾਤ ਵਿਚ ਜ਼ਮੀਨ ਨਹੀਂ ਖਰੀਦ ਸਕਦੇ। ਕਾਨੂੰਨੀ ਧਾਰਾਵਾਂ ਦੀ ਵਜਾਹਤ ਕਰਦਿਆਂ ਸ. ਸ਼ੇਰਗਿੱਲ ਨੇ ਕਿਹਾ ਕਿ ਕੋਈ ਵੀ ਭਾਰਤੀ ਕਿਸਾਨ ਗੁਜਰਾਤ ਵਿਚ ਜ਼ਮੀਨ ਖਰੀਦ ਸਕਦਾ ਹੈ ਤੇ ਖੇਤੀ ਕਰ ਸਕਦਾ ਹੈ। ਇਸ ਮੁੱਦੇ 'ਤੇ ਕਾਨੂੰਨ ਬਿਲਕੁਲ ਸਾਫ਼ ਹੈ ਤੇ ਪੰਜਾਬ ਜਾਂ ਭਾਰਤ ਦੇ ਕਿਸੇ ਹੋਰ ਖੇਤਰ ਦੇ ਕਿਸਾਨਾਂ 'ਤੇ ਗੁਜਰਾਤ ਵਿਚ ਜ਼ਮੀਨ ਖਰੀਦਣ 'ਤੇ ਕੋਈ ਪਾਬੰਦੀ ਨਹੀਂ।

## ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਨੋਟਿਸ

**ਅੰਮ੍ਰਿਤਸਰ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜਾਹਤ ਹਬੀਬਉਲਾ ਨੇ ਸ਼੍ਰੋਮਣੀ ਕਮੇਟੀ ਨੂੰ ਭਰੋਸਾ ਦਿੱਤਾ ਹੈ ਕਿ ਗੁਜਰਾਤ ਵਿਚ ਸਿੱਖ ਕਿਸਾਨਾਂ ਦੇ ਉਜਾੜੇ ਨੂੰ ਰੋਕਣ ਲਈ ਕਮਿਸ਼ਨ ਵੱਲੋਂ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਸ੍ਰੀ ਹਬੀਬਉਲਾ ਨੇ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਦੱਸਿਆ ਕਿ ਗੁਜਰਾਤ ਵਿਚ ਸਿੱਖ ਕਿਸਾਨਾਂ ਦੇ ਮਾਮਲੇ ਬਾਰੇ ਕਮਿਸ਼ਨ ਨੇ ਪੰਜਾਬ ਤੇ ਗੁਜਰਾਤ ਸਰਕਾਰ ਦੋਵਾਂ ਨੂੰ ਪੱਤਰ ਭੇਜ ਕੇ ਇਸ ਮਾਮਲੇ ਬਾਰੇ ਜਾਣਕਾਰੀ ਮੰਗੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਕੇਸ ਬਾਰੇ ਕਿਹਾ ਕਿ ਸਰਕਾਰ ਇਨ੍ਹਾਂ ਕਿਸਾਨਾਂ ਦੇ ਉਜਾੜੇ ਨੂੰ ਰੋਕਣ ਲਈ ਕਾਨੂੰਨੀ ਚਾਰਾਜੋਈ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਨ ਲਈ ਤਿਆਰ ਹੈ ਜਦੋਂਕਿ ਗੁਜਰਾਤ ਸਰਕਾਰ ਵੱਲੋਂ ਇਸ ਮਾਮਲੇ ਬਾਰੇ ਹੁਣ ਤਕ ਕੋਈ ਜਵਾਬ ਨਹੀਂ ਆਇਆ ਹੈ। ਉਨ੍ਹਾਂ ਆਖਿਆ ਕਿ ਜੇ ਗੁਜਰਾਤ ਸਰਕਾਰ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਨੂੰ ਵਾਪਸ ਲੈ ਲਵੇ ਤੇ ਹਾਈ ਕੋਰਟ ਦੇ ਫੈਸਲੇ ਨੂੰ ਸਵੀਕਾਰ ਕਰ ਲਵੇ ਤਾਂ ਇਹ ਮਾਮਲਾ ਆਪੇ ਹੀ ਹੱਲ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਗੁਜਰਾਤ ਸਰਕਾਰ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਮਿਸ਼ਨ ਵੱਲੋਂ ਇਸ ਮਾਮਲੇ ਦਾ ਨਿਬੇੜਾ ਜ਼ਰੂਰ ਕੀਤਾ ਜਾਵੇਗਾ।

# ਨਵਜੋਤ ਕੌਰ ਸਿੱਧੂ ਨੇ ਹਾਈਕਮਾਨ ਕੋਲ ਲਾਈ ਸ਼ਿਕਾਇਤ

**ਚੰਡੀਗੜ੍ਹ:** ਪੰਜਾਬ ਸਰਕਾਰ ਵਿਚ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਪਾਰਟੀ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨਾਲ ਨਵੀਂ ਦਿੱਲੀ ਵਿਚ ਮੁਲਾਕਾਤ ਦੌਰਾਨ ਸੂਬਾ ਸਰਕਾਰ ਨਾਲ ਦਰਪੇਸ਼ ਸਮੱਸਿਆਵਾਂ ਸਾਂਝੀਆਂ ਕੀਤੀਆਂ। ਸੂਤਰਾਂ ਅਨੁਸਾਰ ਮੁੱਖ ਸੰਸਦੀ ਸਕੱਤਰ ਨੇ ਸਰਕਾਰ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਨੂੰ ਅਣਗੌਲਿਆ ਕੀਤੇ ਜਾਣ ਦਾ ਮੁੱਦਾ ਰੱਖਿਆ। ਉਨ੍ਹਾਂ ਭਾਜਪਾ ਦੇ ਕੌਮੀ ਪ੍ਰਧਾਨ ਨੂੰ ਦੱਸਿਆ ਕਿ ਸਰਕਾਰ ਨੇ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ ਗਰਾਂਟਾਂ ਦੇਣ ਦਾ ਭਰੋਸਾ ਦਿੱਤਾ ਪਰ ਜਦੋਂ ਵਾਅਦਾ ਵਫ਼ਾ ਹੁੰਦਾ ਦਿਖਾਈ ਨਾ ਦਿੱਤਾ ਤਾਂ ਗੱਲ ਮੀਡੀਆ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣੀ ਪਈ।

ਸ੍ਰੀ ਰਾਜਨਾਥ ਸਿੰਘ ਨੇ ਡਾ. ਸਿੱਧੂ ਵੱਲੋਂ ਰੱਖੇ ਮੁੱਦਿਆਂ ਨਾਲ ਸਹਿਮਤੀ ਜਤਾਈ। ਡਾ. ਸਿੱਧੂ ਨੇ ਰਾਜਨਾਥ ਸਿੰਘ ਨੂੰ ਕਿਹਾ ਕਿ ਹਲਕੇ ਦੇ ਲੋਕ ਵਿਕਾਸ ਦੀਆਂ ਮੰਗਾਂ ਲੈ ਕੇ ਆਉਂਦੇ ਹਨ ਪਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਭਰਿਆ ਜਾਂਦਾ। ਉਨ੍ਹਾਂ ਪਾਰਟੀ ਪ੍ਰਧਾਨ ਨੂੰ ਇਹ ਵੀ ਦੱਸਿਆ ਕਿ ਸੂਬੇ ਦੀ ਸੱਤਾ ਵਿਚ ਭਾਈਵਾਲ ਹੁੰਦੇ ਹੋਏ ਵੀ ਸਰਕਾਰ ਨਾਲ ਲੜਾਈ ਲੜਨੀ ਪੈ ਰਹੀ ਹੈ। ਮੁੱਖ ਸੰਸਦੀ ਸਕੱਤਰ ਨੇ ਇਹ ਵੀ ਕਿਹਾ ਕਿ ਪਾਰਟੀ ਦੇ ਸੂਬਾਈ ਆਗੂਆਂ ਨੇ ਉਸ ਨਾਲ ਗੱਲ ਕਰਨੀ ਦੀ ਕੋਈ ਜ਼ਰੂਰਤ ਨਹੀਂ ਸਮਝੀ।

ਜ਼ਿਕਰਯੋਗ ਹੈ ਕਿ ਡਾ. ਸਿੱਧੂ ਨੇ ਕਈ ਦਿਨਾਂ ਤੋਂ ਆਪਣੀ ਪਾਰਟੀ ਤੇ ਸਰਕਾਰ ਵਿਰੁੱਧ ਝੰਡਾ ਚੁੱਕਿਆ ਹੋਇਆ ਹੈ। ਸਰਕਾਰ ਨੇ ਇਸ ਭਾਜਪਾ ਆਗੂ ਦੇ ਦਬਾਅ ਅੱਗੇ ਝੁਕਦਿਆਂ ਅਸੰਬਲੀ ਹਲਕੇ ਦੇ ਵਿਕਾਸ ਲਈ 100 ਕਰੋੜ ਜਾਰੀ ਕਰਨ ਦਾ ਭਰੋਸਾ ਵੀ ਦਿੱਤਾ ਹੈ। ਭਾਜਪਾ ਦੇ ਸੂਬਾਈ ਆਗੂ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਵਿਧਾਇਕ ਨਵਜੋਤ ਸਿੱਧੂ ਅੱਗੇ ਲਾਚਾਰ ਦਿਖਾਈ ਦੇ ਰਹੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਆਖਿਆ ਕਿ ਹਰ ਪਾਰਟੀ ਵਰਕਰ ਨੂੰ ਆਪਣਾ ਮਾਮਲਾ ਹਾਈ ਕਮਾਨ ਕੋਲ ਰੱਖਣ ਦਾ ਹੱਕ ਹੈ। ਇਸ 'ਤੇ ਪੰਜਾਬ ਇਕਾਈ ਨੂੰ ਕੋਈ ਇਤਰਾਜ਼ ਨਹੀਂ।

# ਸਿੱਖ ਪਟੇਦਾਰਾਂ ਨੂੰ ਨਹੀਂ ਉਜਾੜੇਗੀ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਉਜਾੜੇ ਦਾ ਸਾਹਮਣਾ ਕਰ ਰਹੇ ਸੂਬੇ ਦੇ ਪਟੇਦਾਰ ਕਿਸਾਨਾਂ ਨੂੰ ਵਸਾਉਣ ਲਈ ਕਾਨੂੰਨ ਬਣਾਉਣ ਦਾ ਫੈਸਲਾ ਕੀਤਾ ਹੈ ਤੇ ਇਸ ਲਈ ਬਿੱਲ ਹਰਿਆਣਾ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਵੇਗਾ। ਹਰਿਆਣਾ ਦੇ ਦੋ ਜ਼ਿਲ੍ਹਿਆਂ ਕੁਰੂਕਸ਼ੇਤਰ ਤੇ ਕੈਥਲ ਦੇ ਪਿਹੋਵਾ ਤੇ ਗੂਹਲਾ ਚੀਕਾ ਵਿਧਾਨ ਸਭਾ ਹਲਕਿਆਂ ਦੇ ਪਟੇਦਾਰ ਕਿਸਾਨਾਂ ਨੂੰ ਪਿਛਲੇ ਲੰਮੇ ਅਰਸੇ ਤੋਂ ਉਜਾੜੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਸੁਪਰੀਮ ਕੋਰਟ ਦੈ ਫੈਸਲੇ ਤੋਂ ਬਾਅਦ ਪਟੇਦਾਰਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ ਪਰ ਇਸ ਫੈਸਲੇ ਵਿਚ ਹੀ ਲਿਖਿਆ ਹੈ ਕਿ ਸਰਕਾਰ ਪਟੇਦਾਰਾਂ ਨੂੰ ਮੁੜ ਵਸਾ ਸਕਦੀ ਹੈ। ਰਾਜ ਸਰਕਾਰ ਪਟੇਦਾਰਾਂ ਦੇ ਮਸਲੇ ਦਾ ਹੱਲ ਕਰਨ ਲਈ ਕਾਨੂੰਨ ਬਣਾਏਗੀ ਤੇ ਉਨ੍ਹਾਂ ਕਿਸਾਨਾਂ ਨੂੰ ਉਜਾੜਿਆ ਨਹੀਂ ਜਾਵੇਗਾ ਜਿਨ੍ਹਾਂ ਕੋਲ ਪਟੇ ਸਨ ਤੇ ਇਸ ਲਈ ਸਰਕਾਰ ਵਿਧਾਨ ਸਭਾ ਵਿਚ ਬਿੱਲ ਲਿਆਏਗੀ।



ਉਨ੍ਹਾਂ ਕਿਹਾ ਕਿ ਪਟੇਦਾਰ ਕਿਸਾਨਾਂ ਦੀ ਸਮੱਸਿਆ ਕੋਈ ਨਵੀਂ ਨਹੀਂ ਹੈ ਤੇ ਉਨ੍ਹਾਂ ਤੋਂ ਪਹਿਲੀ ਸਰਕਾਰ ਨੇ ਪਟੇਦਾਰਾਂ ਕਿਸਾਨਾਂ ਦੀਆਂ ਜ਼ਮੀਨਾਂ ਹੀ ਨਹੀਂ ਲਈਆਂ ਸਨ ਸਗੋਂ ਘਰ ਵੀ ਢਾਹ ਦਿੱਤੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਪਟੇਦਾਰ ਨੂੰ ਉਜਾੜੇਗੀ ਨਹੀਂ। ਜ਼ਿਕਰਯੋਗ ਹੈ ਕਿ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਕੇਂਦਰ ਸਰਕਾਰ ਦੀ 'ਗਰੋਅ ਮੋਰ ਫੂਡ' ਨੀਤੀ ਤਹਿਤ ਪੰਜਾਬੀ ਕਿਸਾਨਾਂ ਨੂੰ ਬੰਜਰ ਜ਼ਮੀਨਾਂ 'ਤੇ ਵਸਾਇਆ ਸੀ ਤੇ ਮਾਲਕਾਨਾ ਹੱਕ ਦੇਣ ਦਾ ਵਾਅਦਾ ਕੀਤਾ ਤੇ ਵਸਾਉਣ ਸਮੇਂ ਵੀਹ ਸਾਲ ਦੇ ਪਟੇ 'ਤੇ ਬੰਜਰ ਜ਼ਮੀਨਾਂ ਦਿੱਤੀਆਂ ਸਨ।

ਪਟੇਦਾਰ ਕਿਸਾਨਾਂ ਨੇ ਪਿਛਲੇ ਦਿਨੀਂ ਕਰਾਹ ਸਾਹਿਬ ਪਿੰਡ ਦੇ ਇਤਿਹਾਸਕ ਗੁਰਦੁਆਰੇ ਵਿਚ ਇਕੱਠ ਕਰਕੇ ਰਾਜ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਿਸਾਨ ਜਥੇਬੰਦੀਆਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਸੀ। ਇਸ ਇਕੱਠ ਵਿੱਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਹੋਰ ਕਿਸਾਨ ਆਗੂ ਸ਼ਾਮਲ ਹੋਏ ਸਨ। ਆਗੂਆਂ ਨੇ ਹਰਿਆਣਾ ਸਰਕਾਰ ਕੋਲੋਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਿਹੋਵਾ ਦੀ ਫੇਰੀ ਸਮੇਂ ਕੀਤੇ ਉਸ ਵਾਅਦੇ ਨੂੰ ਪੂਰਾ ਕੀਤਾ ਜਾਵੇ ਕਿ ਕਿਸੇ ਕਿਸਾਨ ਨੂੰ ਉਜਾੜਿਆ ਨਹੀਂ ਜਾਵੇਗਾ।

# ਸੰਤ ਲੌਂਗੋਵਾਲ ਦੀ ਬਰਸੀ ਮੌਕੇ ਸਾਂਝੇ ਮੋਰਚੇ ਵੱਲੋਂ ਸ਼ਕਤੀ ਪ੍ਰਦਰਸ਼ਨ

**ਸੰਗਰੂਰ:** ਸਾਂਝੇ ਮੋਰਚੇ ਵਿਚ ਸ਼ਾਮਲ ਸਿਆਸੀ ਪਾਰਟੀਆਂ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 28ਵੀਂ ਬਰਸੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਦੌਰਾਨ ਕੌਮੀ ਆਗੂਆਂ ਨੂੰ ਬੁਲਾ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਸਮਾਗਮ ਦੌਰਾਨ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਹੱਥ ਖੜ੍ਹੇ ਕਰਕੇ ਮਤੇ ਪਾਸ ਕਰਦਿਆਂ ਜਿਥੇ ਘੱਟ ਗਿਣਤੀਆਂ ਦੇ ਕਾਤਲਾਂ ਤੇ ਕੱਟੜਪੰਥੀ ਲੋਕਾਂ ਨੂੰ ਹਾਰ ਦੇਣ ਲਈ ਦੇਸ਼ ਦੇ ਸਾਰੇ ਧਰਮ ਨਿਰਪੱਖ ਲੋਕਾਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਉਥੇ ਪੰਥ ਤੇ ਪੰਜਾਬ ਦਾ ਭਲਾ ਚਾਹੁਣ ਵਾਲੀਆਂ ਸਾਰੀਆਂ ਧਿਰਾਂ ਨੂੰ ਇਕਜੁੱਟ ਹੋ ਕੇ ਸਾਂਝੇ ਮੋਰਚੇ ਦਾ ਸਾਥ ਦੇਣ ਦੀ ਅਪੀਲ ਕੀਤੀ।

ਸਮਾਗਮ ਵਿਚ ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਵੀ ਮੌਜੂਦ ਸਨ। ਜਨਤਾ ਦਲ (ਯੂਨਾਈਟਿਡ) ਦੇ ਪ੍ਰਧਾਨ ਸ਼ਰਦ ਯਾਦਵ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਖੇਤਰੀ ਪਾਰਟੀਆਂ ਦੀ ਸਰਕਾਰ ਬਣੇਗੀ ਜਦੋਂਕਿ ਕਾਂਗਰਸ ਤੇ ਭਾਜਪਾ ਦੋਵੇਂ ਪਾਰਟੀਆਂ ਸਿਰਫ ਸੌ-ਸੌ ਸੀਟਾਂ ਤੱਕ ਹੀ ਸਿਮਟ ਕੇ ਰਹਿ ਜਾਣਗੀਆਂ ਤੇ ਇਨ੍ਹਾਂ ਦੋਵੇਂ ਪਾਰਟੀਆਂ ਦੇ ਸੱਤਾ 'ਤੇ ਕਾਬਜ਼ ਹੋਣ ਦੇ ਸੁਪਨੇ ਪੂਰੇ ਨਹੀਂ ਹੋਣਗੇ।

## ਧਰਮ ਨਿਰਪੱਖ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ



ਸ੍ਰੀ ਯਾਦਵ ਨੇ ਕਿਹਾ ਕਿ ਖੇਤਰੀ ਪਾਰਟੀਆਂ ਲੋਕ ਸਭਾ ਚੋਣਾਂ ਆਪਣੇ ਪੱਧਰ 'ਤੇ ਲੜਨਗੀਆਂ ਪਰ ਤੀਜਾ ਮੋਰਚਾ ਆਮ ਚੋਣਾਂ ਤੋਂ ਬਾਅਦ ਬਣੇਗਾ ਜੋ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਭਾਜਪਾ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਦੀ ਹਾਲਤ ਬਦਤਰ ਹੋ ਚੁੱਕੀ ਹੈ। ਸ੍ਰੀ ਯਾਦਵ ਨੇ ਕਿਹਾ ਕਿ ਉਹ ਅਨਾਜ ਸੁਰੱਖਿਆ ਬਿੱਲ ਦੇ ਹੱਕ ਵਿਚ ਹਨ ਪਰ ਬਿੱਲ ਵਿਚ ਕੁਝ ਤਬਦੀਲੀਆਂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਸ਼ਨ ਦੀਆਂ ਨਵੀਆਂ ਦੁਕਾਨਾਂ ਤੇ ਨਵੇਂ ਸਟੋਰ ਖੋਲ੍ਹਣੇ ਪੈਣਗੇ।

ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਪੰਜਾਬ ਵਿਚ ਵਿੱਤੀ ਐਮਰਜੈਂਸੀ ਲਾਉਣ ਦੀ ਮੰਗ ਦੀ ਹਮਾਇਤ ਕਰਦਿਆਂ ਕਿਹਾ ਕਿ ਬਦਨੀਤੀ, ਬਦਨਾਮੀ ਤੇ ਭ੍ਰਿਸ਼ਟਾਚਾਰ ਬਾਦਲ ਸਰਕਾਰ ਦੀ ਸ਼ਨਾਖ਼ਤ ਬਣ ਚੁੱਕੀ ਹੈ, ਪੰਜਾਬ ਆਰਥਿਕ ਸੰਕਟ ਵਿਚ ਡੁੱਬ ਰਿਹਾ ਹੈ ਜਿਸ ਦੀ ਹੁਕਮਰਾਨਾਂ ਨੂੰ ਕੋਈ ਪ੍ਰਵਾਹ ਨਹੀਂ ਹੈ। ਸ. ਬਾਦਲ ਨੇ ਕਿਹਾ ਕਿ ਉਹ 25 ਸਾਲ ਰਾਜ ਕਰਨ ਦੀਆਂ ਫੜ੍ਹਾਂ ਮਾਰਨ ਵਾਲਿਆਂ ਨੂੰ ਦੱਸਣਾ ਚਾਹੁੰਦੇ ਹਨ ਕਿ ਇਹ ਸਰਕਾਰਾਂ ਢਹਿੰਦੀਆਂ ਵਿਖਾ ਦੇਵਾਂਗੇ।

ਪੰਥਕ ਸੇਵਾ ਲਹਿਰ ਦੇ ਆਗੂ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਨੂੰ ਸਮੇਂ ਦੇ ਜਾਬਰਾਂ ਤੇ ਰਜਵਾੜਿਆਂ ਤੋਂ ਬਚਾਉਣ ਲਈ ਪੰਥ ਤੇ ਪੰਜਾਬ ਦਾ ਭਲਾ ਚਾਹੁਣ ਵਾਲੀਆਂ ਪਾਰਟੀਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ ਕਿਉਂਕਿ ਪੰਜਾਬ ਇਕ ਪਰਿਵਾਰ ਦੀ ਜਾਗੀਰ ਬਣ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੰਗਲ ਰਾਜ ਹੈ ਜਿਥੇ ਇਮਾਨਦਾਰਾਂ ਲਈ ਕੋਈ ਥਾਂ ਨਹੀਂ, ਹੁਕਮਰਾਨ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ ਤੇ ਗੁਰੂ ਘਰਾਂ ਦੇ ਪ੍ਰਬੰਧਾਂ ਤੇ ਜਥੇਦਾਰਾਂ ਦਾ ਮਾੜਾ ਹਾਲ ਕਰ ਦਿੱਤਾ ਹੈ।

ਸ. ਦਾਦੂਵਾਲ ਨੇ ਸਾਂਝੇ ਮੋਰਚੇ ਦੀ ਹਮਾਇਤ ਕਰਦਿਆਂ ਕਿਹਾ ਕਿ ਅੱਜ ਹਥਿਆਰਾਂ ਦੇ ਸੰਘਰਸ਼ ਦੀ ਬਜਾਏ ਸਿਧਾਂਤਕ ਵਿਚਾਰਾਂ ਦੇ ਸੰਘਰਸ਼ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਸਿੱਖਾਂ ਦਾ ਉਜਾੜਾ ਕਰਨ ਵਾਲਿਆਂ ਨਾਲ ਪੰਜਾਬ ਦੇ ਹਾਕਮ ਘਿਓ-ਖਿਚੜੀ ਹੋਏ ਪਏ ਹਨ। ਜੇ ਅਜੇ ਵੀ ਨਾ ਸੰਭਲਿਆ ਗਿਆ ਤਾਂ ਗੁਜਰਾਤ ਤੋਂ ਇਲਾਵਾ ਹੋਰ ਰਾਜਾਂ ਵਿਚ ਵੀ ਸਿੱਖਾਂ ਦੇ ਉਜਾੜੇ ਹੋਣਗੇ। ਅਸਾਮ ਦੇ ਸਾਬਕਾ ਮੁੱਖ ਮੰਤਰੀ ਪ੍ਰਫੁੱਲਤ ਕੁਮਾਰ ਮਹੰਤਾ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ ਉਸ ਸਮੇਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਮਹਾਨ ਕੁਰਬਾਨੀ ਕੀਤੀ ਜਦੋਂ ਪੰਜਾਬ ਵਿਚ ਲੋਕ ਹਿੰਸਾ ਦੀ ਭੇਟ ਚੜ੍ਹ ਰਹੇ ਸਨ।

ਪੀਪਲਜ਼ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਭੱਟੀ ਨੇ ਸਾਂਝੇ ਮੋਰਚੇ ਵੱਲੋਂ 11 ਮਤੇ ਪੇਸ਼ ਕੀਤੇ ਜਿਨ੍ਹਾਂ ਵਿਚ ਅਹਿਮ ਮਤੇ ਰਾਹੀਂ ਮੰਗ ਕੀਤੀ ਗਈ ਕਿ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤਾ ਜਾਵੇ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਕੇ ਤੁਰੰਤ ਰਿਹਾਅ ਕੀਤਾ ਜਾਵੇ, ਪੰਜਾਬ ਸਰਕਾਰ ਸੇਵਾ ਮੁਕਤੀ ਦੀ ਉਮਰ 60 ਸਾਲ ਕਰਨ ਦੇ ਫੈਸਲੇ ਨੂੰ ਵਾਪਸ ਲਵੇ। ਲੋਕਾਂ ਦੇ ਵਿਸ਼ਾਲ ਇਕੱਠ ਨੇ ਹੱਥ ਖੜ੍ਹੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

# ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਵਲੋਂ ਪ੍ਰਬੰਧਕਾਂ ‘ਤੇ ਸੰਗਤਾਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਝਗੜੇ ਨੂੰ ਲੈ ਕੇ ਬਣੀ ਗੁਰਦੁਆਰਾ ਸੁਧਾਰ ਕਮੇਟੀ ਨੇ ਮੌਜੂਦਾ ਪ੍ਰਬੰਧਕ ਕਮੇਟੀ ਉਪਰ ਜਾਣ ਬੁੱਝ ਕੇ ਸੰਗਤਾਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਮੈਂਬਰਾਂ ਦੀ ਨਵੀਂ ਰਜਿਸਟਰੇਸ਼ਨ ਨੂੰ ਜਾਣ ਬੁੱਝ ਕੇ ਗੁੰਝਲਦਾਰ ਬਣਾਇਆ ਗਿਆ ਹੈ ਤਾਂ ਜੋ ਬਹੁਤੇ ਮੈਂਬਰ ਆਪਣੀ ਵੋਟ ਰਜਿਸਟਰ ਨਾ ਕਰਵਾ ਸਕਣ।

ਗੁਰਦੁਆਰਾ ਸੁਧਾਰ ਕਮੇਟੀ ਦੀ ਲੰਘੇ ਐਤਵਾਰ ਇਥੇ ਹੋਈ ਇਕ ਮੀਟਿੰਗ ਵਿਚ ਕਮੇਟੀ ਦੇ ਮੈਂਬਰਾਂ ਨੂੰ ਅਦਾਲਤ ਵਿਚ ਚੱਲ ਰਹੇ ਕੇਸਾਂ ਬਾਰੇ ਜਾਣੂੰ ਕਰਵਾਇਆ ਗਿਆ। ਡਾ. ਤਰਲੋਚਨ ਸਿੰਘ ਨਾਹਲ ਨੇ ਅਦਾਲਤ ਵਿਚ ਚਲ ਰਹੇ ਕੇਸ ਵਿਚ ਦਖਲ ਦੇਣ ਵਾਲੀ ਤੀਜੀ ਧਿਰ (ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ) ਵਲੋਂ ਕੀਤੇ ਗਏ ਕਲਾਸ ਐਕਸ਼ਨ ਸੂਟ ਦੇ ਹਵਾਲੇ ਨਾਲ ਕਿਹਾ ਕਿ ਦਖਲ ਦੇਣ ਵਾਲੀ ਇਸ ਧਿਰ ਨੇ ਪਿਛਲੇ ਦੋ ਸਾਲ ਤੋਂ ਵੀ ਵਧ ਸਮੇਂ ਤੋਂ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਦੇ ਰਾਹ ਵਿਚ ਵੋਟਰ ਲਿਸਟ ਦੀ ਪ੍ਰਾਈਵੇਸੀ ਦਾ ਰੌਲਾ ਪਾ ਕੇ ਬਿਨਾ ਵਜ੍ਹਾ ਰੁਕਾਵਟ ਪਾਈ ਹੋਈ ਹੈ।

ਵੱਖ ਵੱਖ ਬੁਲਾਰਿਆਂ ਨੇ ਦੋਸ਼ ਲਾਇਆ ਕਿ ਗੁਰਦੁਆਰਾ ਸਾਹਿਬ ਦੀ ਕਮੇਟੀ ਸੰਗਤਾਂ ਨਾਲ ਬਿਲਕੁਲ ਧੱਕਾ ਅਤੇ ਬੇਇਨਸਾਫੀ ਕਰ ਰਹੀ ਹੈ ਅਤੇ ਕਿਹਾ ਕਿ ਜੇ ਵਿਰੋਧੀ ਧਿਰ ਦੇ ਕਿਸੇ ਪਰਿਵਾਰ ਜਾਂ ਹਮਦਰਦ ਦਾ ਖੁਸ਼ੀ-ਗਮੀ ਦਾ ਕੋਈ ਸਮਾਗਮ ਹੋਵੇ ਤਾਂ ਉਸ ਨੂੰ ਆਈਆਂ ਸੰਗਤਾਂ ਦਾ ਧੰਨਵਾਦ ਕਰਨ ਦੀ ਵੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਕਿ ਇਹ ਬੇਇਨਸਾਫੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਬਹੁਤ ਸਾਰੇ ਲੋਕਾਂ ਨੂੰ ਕਿਸੇ ਸ਼ਾਜਿਸ਼ ਅਧੀਨ ਵੋਟ ਦੇ ਹੱਕ ਤੋਂ ਵਿਰਵਾ ਰੱਖਿਆ ਜਾ ਰਿਹਾ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਜ ਕਲ ਚਲ ਰਹੀ ਵੋਟਰ ਰਜਿਸਟ੍ਰੇਸ਼ਨ ਦੌਰਾਨ ਬਹੁਤ ਸਾਰੇ ਮੈਂਬਰਾਂ, ਜਿਨ੍ਹਾਂ ਦੀ ਮੈਂਬਰਸ਼ਿਪ ਦੋ ਸਾਲ ਦੀ ਹੀ ਸੀ ਤੇ ਹੁਣ ਖਤਮ ਹੋ ਚੁਕੀ ਹੈ, ਨੂੰ ਵੋਟ ਨਵਿਆਉਣ ਲਈ ਕੋਈ ਚਿੱਠੀ ਹੀ ਨਹੀਂ ਆਈ। ਅਨੇਕਾਂ ਮੈਂਬਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਵੋਟ ਨਵਿਆਉਣ ਲਈ ਉਨ੍ਹਾਂ ਨੂੰ ਚਿੱਠੀ ਹੀ ਨਹੀਂ ਮਿਲੀ ਕਿਉਂਕਿ ਕਮੇਟੀ ਨੇ ਉਨ੍ਹਾਂ ਨੂੰ ਫਸਟ ਕਲਾਸ ਮੇਲ ਦੀ ਥਾਂ ਬਲਕ ਮੇਲ ਰਾਹੀਂ ਸਿਰਫ ਪੋਸਟ ਕਾਰਡ ਹੀ ਭੇਜੇ ਹਨ ਜੋ ਕਿ ਜੰਕ ਮੇਲ ਵਰਗੇ ਹੀ ਲਗਦੇ ਹਨ।

ਬੁਲਾਰਿਆਂ ਨੇ ਇਹ ਵੀ ਦੋਸ਼ ਲਾਇਆ ਕਿ ਪ੍ਰਬੰਧਕ ਕਮੇਟੀ ਤਾਨਾਸ਼ਾਹੀ ਨਾਲ ਕੰਮ ਕਰ ਰਹੀ ਹੈ ਅਤੇ ਕਿਸੇ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਸੰਗਤਾਂ ਨੂੰ ਬਿਨਾ ਵਜ੍ਹਾ ਹੀ ਰਜਿਸਟ੍ਰੇਸ਼ਨ ਕਾਊਂਟਰ ‘ਤੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ ਕਿਉਂਕਿ ਕਮੇਟੀ ਵਾਲੇ ਉਨ੍ਹਾਂ ਦੀ ਆਈ ਡੀ ਸਿਰਫ ਦੇਖ ਹੀ ਨਹੀਂ ਰਹੇ ਸਗੋਂ ਨਵੇਂ ਸਿਰੇ ਤੋਂ ਕਾਪੀ ਕਰ ਰਹੇ ਹਨ ਜਦ ਕਿ ਕਮੇਟੀ ਕੋਲ ਸਿਰਫ ਹਰ ਵੋਟਰ ਦੀ ਫੋਟੋ ਆਈ ਡੀ ਹੀ ਨਹੀਂ, ਸਗੋਂ ਐਡਰੈਸ, ਜਨਮ ਤਰੀਕ ਅਤੇ ਫਿੰਗਰ ਪ੍ਰਿੰਟ ਵੀ ਹਨ।



ਬੁਲਾਰਿਆਂ ਨੇ ਇਹ ਵੀ ਕਿਹਾ ਕਿ ਗੁਰਦੁਆਰਾ ਸੈਨ ਹੋਜ਼ੇ ਦੀ ਕਾਬਜ ਕਮੇਟੀ ਬਹੁਤ ਸਾਲਾਂ ਤੋਂ ਸੰਗਤਾਂ ਨੂੰ ਚੋਣਾਂ ਦੇ ਲਾਰੇ ਲਾ ਰਹੀ ਹੈ ਪਰ ਕੋਈ ਚੋਣ ਨਹੀਂ ਹੋਈ। ਹਜ਼ਾਰਾਂ ਮੈਂਬਰਾਂ ਦੀ ਮੈਂਬਰਸ਼ਿਪ ਦੀ ਮਿਆਦ ਖਤਮ ਹੋ ਗਈ ਹੈ, ਉਨ੍ਹਾਂ ਨੂੰ ਦੁਬਾਰਾ ਰਜਿਸਟ੍ਰੇਸ਼ਨ ਦੇ ਚੱਕਰ ਵਿਚ ਪਾ ਕੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਅਦਾਲਤੀ ਕੇਸ ਵਿਚ ਦਖਲ ਦੇਣ ਵਾਲੀ ਧਿਰ ਵਿਚੋਂ ਪਿਛਲੇ ਦੋ ਸਾਲ ਤੋਂ ਇਕ ਵੀ ਵਿਅਕਤੀ ਕਦੀ ਅਦਾਲਤ ਵਿਚ ਨਹੀਂ ਬਹੁੜਿਆ। ਇਹ ਵੀ ਦੋਸ਼ ਲਾਇਆ ਗਿਆ ਕਿ ਕੇਸ ਉਪਰ ਪ੍ਰਬੰਧਕ ਕਮੇਟੀ ਵਲੋਂ ਗੋਲਕ ਦਾ ਪੈਸਾ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਪ੍ਰਬੰਧਕ ਕਮੇਟੀ ਪਿਛਲੇ 10 ਸਾਲਾਂ ਦਾ ਪੂਰੀ ਤਰ੍ਹਾਂ ਆਡਿਟ ਕੀਤਾ ਹੋਇਆ ਹਿਸਾਬ ਦੇਵੇ।

ਇਸ ਮੀਟਿੰਗ ਵਿਚ ਜਿਨ੍ਹਾਂ ਬੁਲਾਰਿਆਂ ਨੇ ਸੰਬੋਧਨ ਕੀਤਾ ਉਨ੍ਹਾ ਵਿਚ ਜਲਵਿੰਦਰ ਸਿੰਘ ਗਿੱਲ, ਸਤਨਾਮ ਸਿੰਘ ਗਿੱਲ, ਜਸਵੰਤ ਸਿੰਘ ਹੋਠੀ, ਗੁਰਦੇਵ ਸਿੰਘ ਬੰਗਾ, ਜਸਪਾਲ ਸਿੰਘ ਸੈਣੀ, ਗੁਰਬਿੰਦਰ ਸਿੰਘ ਮਾਵੀ, ਬਲਬੀਰ ਸਿੰਘ ਢਿੱਲੋਂ, ਗੁਰਮੇਲ ਸਿੰਘ ਖਾਲਸਾ, ਡਾ. ਹਰਬੰਸ ਸਿੰਘ ਸਰਾਉਂ, ਕਸ਼ਮੀਰ ਸਿੰਘ ਚਾਹਲ, ਹਰਪਾਲ ਸਿੰਘ ਚਾਹਲ, ਦਲਜੀਤ ਸਿੰਘ, ਜਗਜੀਤ ਸਿੰਘ ਮੰਡ, ਬੀਬੀ ਸੁਰਿੰਦਰਜੀਤ ਕੌਰ ਅਤੇ ਬੀਬੀ ਹਰਬੰਸ ਕੌਰ ਨਾਹਲ ਸ਼ਾਮਲ ਸਨ।

# ਭਗਤ ਪੂਰਨ ਸਿੰਘ ਦੀ 21ਵੀਂ ਬਰਸੀ ‘ਤੇ ਅਮਰੀਕਾ ਭਰ ‘ਚ ਸਮਾਗਮ

**ਸ਼ਿਕਾਗੋ (ਬਿਊਰੋ):** ਪਿੰਗਲਵਾੜੇ ਦੇ ਬਾਨੀ ਅਤੇ ਮਹਾਨ ਸਮਾਜ ਸੇਵੀ ਭਗਤ ਪੂਰਨ ਸਿੰਘ ਦੀ 21ਵੀਂ ਬਰਸੀ ਸਥਾਨਕ ਗੁਰਦੁਆਰਾ ਪੈਲਾਟਾਈਨ ਅਤੇ ਗੁਰਦੁਆਰਾ ਵ੍ਹੀਟਨ ਵਿਖੇ ਆਉਂਦੀ 22 ਸਤੰਬਰ ਨੂੰ ਮਨਾਈ ਜਾ ਰਹੀ ਹੈ। ਗੁਰਦੁਆਰਾ ਪੈਲਾਟਾਈਨ ਵਿਚ ਸਮਾਗਮ ਸਵੇਰੇ 9:30 ਵਜੇ ਅਤੇ ਗੁਰਦੁਆਰਾ ਵ੍ਹੀਟਨ ਵਿਖੇ 11:45 ‘ਤੇ ਹੋਵੇਗਾ। ਇਸ ਮੌਕੇ ਸਧਾਰਨ ਪਾਠ ਦੇ ਭੋਗ ਪਾਏ ਜਾਣਗੇ ਅਤੇ ਗੁਰਮਤਿ ਵਿਚਾਰਾਂ ਹੋਣਗੀਆਂ। ਪੰਥਕ ਬੁਲਾਰੇ ਭਗਤ ਪੂਰਨ ਸਿੰਘ ਦੀ ਮਹਾਨ ਘਾਲਣਾ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣਗੇ।



ਡਾ. ਇੰਦਰਜੀਤ ਕੌਰ



ਰਾਜਬੀਰ ਸਿੰਘ

ਜ਼ਿਕਰਯੋਗ ਹੈ ਕਿ ਭਗਤ ਪੂਰਨ ਸਿੰਘ ਦੀ ਬਰਸੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿਚ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ। ਮਿਲਵਾਕੀ ਵਿਚ ਇਹ ਸਮਾਗਮ ਬੁੱਧਵਾਰ, 18 ਸਤੰਬਰ ਨੂੰ ਸ਼ਾਮ 6:30 ਤੋਂ ਗੁਰਦਵਾਰਾ ਬਰੁੱਕਫੀਲਡ ਅਤੇ ਵੀਰਵਾਰ, 19 ਸਤੰਬਰ ਨੂੰ ਸ਼ਾਮ 6:30 ਤੋਂ ਗੁਰਦਵਾਰਾ ਓਕ ਕਰੀਕ ਵਿਖੇ ਹੋਣਗੇ।

ਇਨ੍ਹਾਂ ਸਮਾਗਮਾਂ ਵਿਚ ਪਿੰਗਲਵਾੜਾ ਅੰਮ੍ਰਿਤਸਰ ਦੀ ਪ੍ਰਧਾਨ ਬੀਬੀ ਡਾ. ਇੰਦਰਜੀਤ ਕੌਰ ਅਤੇ ਮੈਂਬਰ ਸ. ਰਾਜਬੀਰ ਸਿੰਘ ਉਚੇਚੇ ਤੌਰ ‘ਤੇ ਹਾਜ਼ਰੀ ਭਰਨਗੇ।

ਆਪਣੀ ਇਸ ਫੇਰੀ ਦੌਰਾਨ ਉਹ 14 ਸਤੰਬਰ ਨੂੰ ਸਿੱਖ ਗੁਰਦੁਆਰਾ, ਵਾਸ਼ਿੰਗਟਨ ਡੀ ਸੀ ਵਿਖੇ ਭਗਤ ਪੂਰਨ ਸਿੰਘ ਅਜਾਇਬ ਘਰ ਦਾ ਉਦਘਾਟਨ ਕਰਨਗੇ। ਇਸ ਤੋਂ ਇਲਾਵਾ ਉਹ ਨਿਊ ਯਾਰਕ, ਨਿਊ ਜਰਸੀ ਅਤੇ ਟਰਾਈਸਟੇਟ ਦੇ ਹੋਰ ਗੁਰਦੁਆਰਿਆਂ ਵਲੋਂ ਭਗਤ ਜੀ ਦੀ ਯਾਦ ਵਿਚ ਕਰਵਾਏ ਜਾ ਰਹੇ ਸਮਾਗਮਾਂ ‘ਚ ਵੀ ਸ਼ਾਮਲ ਹੋਣਗੇ।

ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ ਭਗਤ ਪੂਰਨ ਸਿੰਘ ਨੇ ਆਪਣੀ ਸਾਰੀ ਜਿੰਦਗੀ ਬਿਨਾਂ ਕਿਸੇ ਭਿੰਨ ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅੱਜ ਨਿਸ਼ਕਾਮ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਪੰਜਾਬੀ ਵਿਰਾਸਤ ਸੰਸਥਾ (ਪੀ ਐਚ ਓ) ਸ਼ਿਕਾਗੋ ਨੇ ਸਮੁੱਚੇ ਭਾਈਚਾਰੇ ਨੂੰ ਭਗਤ ਪੂਰਨ ਸਿੰਘ ਵਲੋਂ ਸ਼ੁਰੂ ਕੀਤੇ ਇਸ ਨੇਕ ਕਾਰਜ ਨੂੰ ਹੋਰ ਅੱਗੇ ਵਧਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ (224) 456-8096 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅੰਮ੍ਰਿਤਸਰ ਸੰਧੀ ਦੇ ਇਤਿਹਾਸਕ ਦਸਤਾਵੇਜ਼ ਨਿਲਾਮ

**ਲੰਡਨ:** 204 ਸਾਲਾਂ ਪਹਿਲਾਂ ਸਿੱਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਤੇ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਵਿਚਾਲੇ ਹੋਈ ‘ਅੰਮ੍ਰਿਤਸਰ ਸੰਧੀ’ ਦੇ ਇਤਿਹਾਸਕ ਦਸਤਾਵੇਜ਼ ਨਿਲਾਮ ਕਰ ਦਿੱਤੇ ਗਏ ਹਨ। ਨਿਲਾਮੀ ਤੈਅ ਮੁੱਲ ਤੋਂ ਚਾਰ ਗੁਣਾ ਵੱਧ ’ਤੇ ਹੋਈ। ਇਹ ਸੰਧੀ 1809 ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਈਸਟ ਇੰਡੀਆ ਕੰਪਨੀ ਦੇ ਚਾਰਲਸ ਟੀ ਮੈਟਕਾਫ਼ ਵਿਚਾਲੇ ਹੋਈ ਸੀ।

ਇਸ ਇਤਿਹਾਸਕ ਦਸਤਾਵੇਜ਼ ਨੂੰ 3400 ਪੌਂਡ ਵਿਚ ਖਰੀਦਿਆ ਗਿਆ। ਖਰੀਦਦਾਰ ਦੀ ਪਛਾਣ ਦਾ ਖੁਲਾਸਾ ਨਹੀਂ ਹੋਇਆ। ਇਸ ਦਸਤਾਵੇਜ਼ ਦੀ ਮੁਢਲੀ ਕੀਮਤ 600 ਪੌਂਡ ਰੱਖੀ ਗਈ ਸੀ। ਅੰਮ੍ਰਿਤਸਰ ਸੰਧੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਲਈ ਬਹੁਤ ਅਹਿਮ ਸੀ। ਇਹ ਸੰਧੀ 1818 ਵਿਚ ਬਰਤਾਨਵੀ ਸੰਸਦ ਵਿਚ ਪੇਸ਼ ਹੋਈ ਸੀ। ਪੰਜਾਬ ਦੇ ਇਤਿਹਾਸ ਨਾਲ ਸਬੰਧਤ ਹੋਰ ਦਸਤਾਵੇਜ਼ ਤੇ ਫੋਟੋਆਂ ਵੀ ਨਿਲਾਮ ਹੋਈਆਂ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਵਾਲੀ ਮੋਹਰ, ਇਕ ਸਿੱਖ ਗੁਰੂ ਸਾਹਿਬ ਦੀ ਵਾਟਰ ਕਲਰ ਫੋਟੋ ਤੇ ਸਿੱਖਾਂ ਨਾਲ ਸਬੰਧਤ ਅੰਗਰੇਜ਼ੀ ਤੇ ਪੰਜਾਬੀ ਦੀਆਂ ਵੱਡੀ ਗਿਣਤੀ ਪੁਸਤਕਾਂ ਸ਼ਾਮਲ ਹਨ।

# ਭਾਰਤ ਵਿਚ ਹਰ ਸਾਲ 44 ਹਜ਼ਾਰ ਕਰੋੜ ਦਾ ਅਨਾਜ ਬਰਬਾਦ

**ਨਵੀਂ ਦਿੱਲੀ:** ਫੂਡ ਪ੍ਰਾਸੈਸਿੰਗ ਸਨਅਤਾਂ ਸਬੰਧੀ ਕੇਂਦਰੀ ਮੰਤਰੀ ਸ਼ਰਦ ਪਵਾਰ ਨੇ ਰਾਜ ਸਭਾ ਵਿੱਚ ਦੱਸਿਆ ਕਿ ਦੇਸ਼ ਵਿਚ ਹਰ ਸਾਲ 44 ਹਜ਼ਾਰ ਕਰੋੜ ਰੁਪਏ ਤੋਂ ਵਧੇਰੇ ਮੁੱਲ ਦਾ ਅਨਾਜ, ਸਬਜ਼ੀਆਂ ਤੇ ਫਲ ਖਰਾਬ ਹੋ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਭੰਡਾਰ ਕਰਨ ਦੇ ਢੁਕਵੇਂ ਪ੍ਰਬੰਧ ਨਹੀਂ ਹਨ। ਸ੍ਰੀ ਪਵਾਰ ਨੇ ਦੱਸਿਆ ਕਿ ਹਰ ਸਾਲ 13309 ਕਰੋੜ ਤੋਂ ਵਧੇਰੇ ਦੇ ਫਲ ਤੇ ਸਬਜ਼ੀਆਂ ਖਰਾਬ ਹੋ ਜਾਂਦੀਆਂ ਹਨ।

ਇਸ ਤੋਂ ਇਲਾਵਾ ਕਣਕ, ਚੌਲ ਤੇ ਦਾਲਾਂ ਸਮੇਤ ਕੁੱਲ 44 ਹਜ਼ਾਰ ਕਰੋੜ ਰੁਪਏ ਦਾ ਅਨਾਜ ਵਿਅਰਥ ਜਾਂਦਾ ਹੈ। ਹਾਲਾਂਕਿ ਸਰਕਾਰ ਨੇ ਅਨਾਜ ਸਾਂਭਣ ਲਈ ਰਾਜ ਸਰਕਾਰਾਂ ਨੂੰ ਉਤਸ਼ਾਹਤ ਕਰਨ ਲਈ ਕਈ ਕਦਮ ਚੁੱਕੇ ਹਨ ਪਰ ਕੁਝ ਸੂਬਿਆਂ ਨੇ ਇਸ ਵਿਚ ਦਿਲਚਸਪੀ ਨਹੀਂ ਦਿਖਾਈ। ਉਨ੍ਹਾਂ ਭੰਡਾਰਨ ਦੀ ਸਮੱਸਿਆ ਹੱਲ ਕਰਨ ਲਈ ਦਿਲਚਸਪੀ ਦਿਖਾਉਣ ਵਾਲੇ ਸੂਬਿਆਂ ਨੂੰ ਮੁਬਾਰਕਬਾਦ ਵੀ ਦਿੱਤੀ। ਹਾਲਾਂਕਿ ਉਨ੍ਹਾਂ ਇਨ੍ਹਾਂ ਸੂਬਿਆਂ ਦੇ ਨਾਂ ਨਹੀਂ ਦੱਸੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰਾਂ ਨੂੰ ਅਨਾਜ ਦੀ ਸੰਭਾਲ ਵਾਸਤੇ ਨਵੇਂ ਪ੍ਰਬੰਧ ਕਰਨ ਲਈ ਪ੍ਰੇਰਨਾ ਵਾਸਤੇ ਕੇਂਦਰ ਦਾ ਪ੍ਰੋਗਰਾਮ ਜਾਰੀ ਰਹੇਗਾ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.





For Emergency Call anytime at 847-673-3825
EARLY BIRD SALE!!!!
India $545
London $250

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage





ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ





Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)





Cell: (510)-677-9942
Shop: (510)-505-9605
www.princebarbershop.com

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149





Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e-mail: drpskhaira@gmail.com
Working under state law SB 577

ਪੰਜਾਬ ਟਾਈਮਜ਼

*ਸਨਿਚਰਵਾਰ, 31 ਅਗਸਤ 2013*

## ਚਿੜੀਆਂ ਦਾ ਚੰਬਾ

ਮੁੰਬਈ ਵਿਚ ਇਕ ਹੋਰ ਕੁੜੀ ਨਾਲ ਸਮੂਹਿਕ ਜਬਰ ਜਨਾਹ ਦੀ ਵਾਰਦਾਤ ਨੇ ਮੀਡੀਆ ਵਿਚ ਥਾਂ ਮੱਲ ਲਈ ਹੈ। ਹੋਰ ਵੀ ਕਈ ਪਾਸੇ ਹਿਲਜੁਲ ਹੋਈ ਹੈ, ਇਕ ਵਾਰ ਫਿਰ ਇਹ ਮੁੱਦਾ ਸੰਸਦ ਵਿਚ ਬਹਿਸ ਦਾ ਹਿੱਸਾ ਬਣਿਆ ਹੈ। ਕੁਝ ਥਾਂਈਂ ਲੋਕ, ਧੀਆਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਦੇ ਸੜਕਾਂ ਉਤੇ ਵੀ ਨਿਕਲੇ ਹਨ। ਹਰ ਸੰਜੀਦਾ ਸ਼ਖਸ ਇਸ ਵਾਰਦਾਤ ਨਾਲ ਝੰਬਿਆ ਗਿਆ ਹੈ। ਅੱਠ ਮਹੀਨੇ ਪਹਿਲਾਂ ਜਦੋਂ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਇਸੇ ਤਰ੍ਹਾਂ ਇਕ ਕੁੜੀ ਨਾਲ ਬੱਸ ਵਿਚ ਜਬਰ ਜਨਾਹ ਦੀ ਵਾਰਦਾਤ ਹੋਈ ਸੀ, ਉਦੋਂ ਵੀ ਅਜਿਹੀਆਂ ਖਬਰਾਂ ਤੂਫਾਨ ਵਾਂਗ ਉਠ ਕੇ ਸੰਸਦ ਅਤੇ ਸੱਤਾਧਾਰੀਆਂ ਦੇ ਵਿਹੜਿਆਂ ਤੱਕ ਜਾ ਪੁੱਜੀਆਂ ਸਨ। ਉਦੋਂ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੜੇ ਦੁਖੀ ਹਿਰਦੇ ਨਾਲ ਬਿਆਨ ਦਿੱਤਾ ਸੀ ਕਿ ਇਸ ਦਰਿੰਦਗੀ ਦੀ ਭੇਟ ਚੜ੍ਹੀ ਕੁੜੀ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ; ਸੱਤਾਧਾਰੀ ਯੂ.ਪੀ.ਏ. ਦੀ ਮੁਖੀ ਸੋਨੀਆ ਗਾਂਧੀ ਨੇ ਵੀ ਅਜਿਹਾ ਹੀ ਬਿਆਨ ਦਿੱਤਾ ਸੀ; ਪਰ ਅੱਕਿਆ ਹੋਇਆ ਆਵਾਮ ਪ੍ਰਸ਼ਾਸਨ ਦੀ ਨਾ-ਅਹਿਲੀਅਤ ਖਿਲਾਫ ਸੜਕਾਂ ਉਤੇ ਨਿਕਲ ਆਇਆ ਹੋਇਆ ਸੀ। ਜ਼ਿਆਦਤੀਆਂ ਨਾਲ ਤਪੇ ਹੋਏ ਮਨਾਂ ਨੂੰ, ਦੋਸ਼ੀਆਂ ਦੇ ਗਲਾਂ ਵਿਚ ਫਾਹੇ ਪਾਉਣ ਦੀ ਮੰਗ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਸੀ। ਇਨ੍ਹਾਂ ਲੋਕਾਂ ਨੇ ਪੁਲਿਸ ਦੇ ਧੱਕੇ, ਲਾਠੀਆਂ ਤੇ ਗੋਲੀਆਂ ਵੀ ਖਾਧੀਆਂ, ਪਰ ਮੁੜ ਘਰਾਂ ਅੰਦਰ ਜਾਣ ਲਈ ਤਿਆਰ ਨਹੀਂ ਹੋਏ। ਉਂਜ ਜਿਵੇਂ ਸਦੀਆਂ ਪਹਿਲਾਂ ਸ਼ਾਹ ਮੁਹੰਮਦ ਨੇ ਸੱਚ ਬਿਆਨ ਕੀਤਾ ਸੀ ਕਿ 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਉਸੇ ਤਰ੍ਹਾਂ ਹੀ ਲੋਕਾਂ ਦਾ ਇਹ ਰੋਹ ਅਤੇ ਰੋਸ ਲੀਡਰਸ਼ਿਪ ਬਾਝੋਂ ਕੁਝ ਦਿਨਾਂ-ਮਹੀਨਿਆਂ ਵਿਚ ਹੌਲੀ-ਹੌਲੀ ਘਟਦਾ-ਘਟਦਾ ਘਟ ਗਿਆ। ਦੂਜੇ ਪਾਸੇ ਸਰਕਾਰ ਅਤੇ ਸਟੇਟ ਦੀ ਹਰ ਮਸ਼ੀਨਰੀ ਇਸ ਰੋਹ ਨੂੰ ਮਸਲਣ ਲਈ ਪੱਬਾਂ ਭਾਰ ਹੋਈ ਪਈ ਸੀ। ਰੋਹ ਮੱਠਾ ਪਿਆ ਤਾਂ ਸ਼ਾਸਕਾਂ ਲਈ ਇਸ ਤੋਂ ਵੱਧ ਖੁਸ਼ੀ ਹੋਰ ਕੀ ਸਕਦੀ ਸੀ! ਇਸ ਤੋਂ ਬਾਅਦ ਕੁੜੀਆਂ ਨਾਲ ਅਜਿਹਾ ਜਬਰ ਲਗਾਤਾਰ ਜਾਰੀ ਹੈ। ਬਹੁਤੀਆਂ ਵਾਰਦਾਤਾਂ ਤਾਂ ਖਬਰਾਂ ਦਾ ਹਿੱਸਾ ਵੀ ਨਹੀਂ ਬਣਦੀਆਂ। ਹੁਣ ਮੁੰਬਈ ਵਿਚ ਇਕ ਪੱਤਰਕਾਰ ਕੁੜੀ ਨਾਲ ਹੋਈ ਜ਼ਬਰਦਸਤੀ ਨੇ ਲੋਕਾਂ ਵਿਚ ਮੁੜ ਰੋਹ ਜਗਾਇਆ ਹੈ, ਤੇ ਬੱਸ। ਹੁਣ ਤਾਂ ਗ੍ਰਹਿ ਮੰਤਰੀ ਸੁਸ਼ੀਲ ਸ਼ਿੰਦੇ ਨੇ ਵੀ ਬਿਆਨ ਦਾਗ ਦਿੱਤਾ ਹੈ ਕਿ ਕੇਸ ਦਾ ਫੈਸਲਾ ਤੁਰੰਤ ਕਰਵਾਇਆ ਜਾਵੇਗਾ, ਪਰ ਜਿਹੜੇ ਤੱਥ ਸੁਪਰੀਮ ਕੋਰਟ ਨੇ ਧਿਆਨ ਵਿਚ ਲਿਆਂਦੇ ਹਨ, ਉਸ ਤੋਂ ਲਗਦਾ ਨਹੀਂ ਕਿ ਹਾਲਤ ਪਹਿਲਾਂ ਨਾਲੋਂ ਬਦਲੇਗੀ। ਸੁਪਰੀਮ ਕੋਰਟ ਮੁਤਾਬਕ ਜਬਰ ਜਨਾਹ ਦੇ 90 ਫੀਸਦੀ ਕੇਸਾਂ ਵਿਚ ਦੋਸ਼ੀ ਬਰੀ ਹੋ ਜਾਂਦੇ ਹਨ। ਸਾਲ 2012 ਵਿਚ ਦੇਸ਼ ਭਰ ਵਿਚ ਜਬਰ ਜਨਾਹ ਦੇ ਇਕ ਲੱਖ ਤੋਂ ਵੱਧ ਕੇਸ ਬਕਾਇਆ ਪਏ ਸਨ; ਇਨ੍ਹਾਂ ਵਿਚੋਂ ਸਿਰਫ 14,700 ਕੇਸਾਂ ਦਾ ਹੀ ਫੈਸਲਾ ਹੋਇਆ। ਇਹੀ ਨਹੀਂ, ਸਜ਼ਾ ਸਿਰਫ 3563 ਵਿਅਕਤੀਆਂ ਨੂੰ ਹੋਈ ਅਤੇ 11,500 ਵਿਅਕਤੀ ਬਰੀ ਹੋ ਗਏ। ਦਿੱਲੀ ਵਾਲਾ ਕੇਸ ਅਦਾਲਤ ਵਿਚ ਕਿਸ ਤਰ੍ਹਾਂ ਸਹਿਕ ਅਤੇ ਸਿਸਕ ਰਿਹਾ ਹੈ, ਸਭ ਦੇ ਸਾਹਮਣੇ ਹੈ। ਫਿਰ ਮੁੰਬਈ ਵਾਲੇ ਕੇਸ ਸਮੇਤ ਹੋਰ ਕੇਸਾਂ ਵਿਚ ਵੀ ਤਾਂ ਅਜਿਹਾ ਹੋਣਾ ਤੈਅ ਹੈ।

ਅਸਲ ਵਿਚ ਇਸ ਨਿੱਤ ਵਾਪਰਦੇ ਕਹਿਰ ਦੀਆਂ ਜੜ੍ਹਾਂ ਤੱਕ ਜਾਣ ਦੀ ਕਿਸੇ ਨੇ ਵੀ ਖੇਚਲ ਨਹੀਂ ਕੀਤੀ। ਪੁਲਿਸ ਨੇ ਸਿਰਫ ਖਾਨਾਪੂਰਤੀ ਕਰਨੀ ਹੁੰਦੀ ਹੈ। ਅਦਾਲਤਾਂ ਸਬੂਤ ਮੰਗਦੀਆਂ ਹਨ ਅਤੇ ਸਬੂਤ ਪੈਦਾ ਕਰਨ ਜਾਂ ਮਿਟਾਉਣ ਲਈ ਵਕੀਲ ਹਾਜ਼ਰ ਹਨ। ਜਿਸ ਬੰਦੇ ਕੋਲ ਪੈਸਾ ਹੈ, ਉਹ ਅਦਾਲਤੀ ਗੁੰਝਲਾਂ ਵਿਚੋਂ ਸਾਫ ਬਰੀ ਹੋ ਕੇ ਨਿਕਲਦਾ ਹੈ। ਬੜੀਆਂ ਮਿਸਾਲਾਂ ਹਨ ਜਿੱਥੇ ਕਿਸੇ ਕੇਸ ਦੀ ਜ਼ੋਰਦਾਰ ਪੈਰਵੀ ਕਰ ਕੇ ਦੋਸ਼ੀ ਬਚ ਨਿਕਲਿਆ ਅਤੇ ਕੇਸ ਦੀ ਪੈਰਵੀ ਸਹੀ ਨਾ ਹੋਣ ਕਾਰਨ ਬੇਦੋਸ਼ਿਆਂ ਨੂੰ ਵੀ ਸਜ਼ਾ ਦੇ ਦਿੱਤੀ ਗਈ। ਸਿਆਸਤਦਾਨਾਂ ਦੀ ਤਾਂ ਗਿਣਤੀ-ਮਿਣਤੀ ਹੀ ਹੋਰ ਬਣ ਚੁੱਕੀ ਹੈ। ਇਸ ਕਹਿਰ ਦਾ ਇਕੋ-ਇਕ ਕਾਰਨ ਇਹੀ ਹੈ ਕਿ ਕਰੂਰ ਹੋ ਚੁੱਕੇ ਢਾਂਚੇ ਉਤੇ ਸਮੂਹਿਕ ਰੂਪ ਵਿਚ ਉਂਗਲੀ ਨਹੀਂ ਉਠਾਈ ਜਾ ਸਕੀ। ਜਿਸ ਬੰਦੇ ਨਾਲ ਜਦੋਂ ਕਦੀ ਜ਼ਿਆਦਤੀ ਹੁੰਦੀ ਹੈ ਤਾਂ ਉਸ ਦੇ ਘਰ ਵਾਲੇ, ਮਿੱਤਰ-ਸੱਜਣ ਜਾਂ ਨੇੜਲੇ ਸਬੰਧੀ ਤੜਫਦੇ ਹਨ; ਕੁਝ ਸਮੇਂ ਬਾਅਦ ਜ਼ਿੰਦਗੀ ਫਿਰ ਕੋਹਲੂ ਦੇ ਬੈਲ ਵਾਂਗ ਉਸੇ ਤਰ੍ਹਾਂ ਰਿੜ੍ਹਨ ਲਗਦੀ ਹੈ। ਜਿਸ ਢਾਂਚੇ ਨੂੰ ਫਾਹੇ ਲਾ ਕੇ ਆਵਾਮ ਦੀ ਜ਼ਿੰਦਗੀ ਸੁਖਾਲੀ ਕਰਨ ਦੀ ਗੱਲ ਤੁਰਨੀ ਚਾਹੀਦੀ ਹੈ, ਉਸ ਪਾਸੇ ਗੱਲ ਤੁਰੀ ਹੀ ਨਹੀਂ ਹੈ। ਹਾਲਾਤ ਜਿਉਂ ਦੇ ਤਿਉਂ ਹਨ। ਜੇ ਕੁਝ ਬਦਲਦਾ ਹੈ ਤਾਂ ਸਿਰਫ ਨਾਂ ਅਤੇ ਥਾਂ; ਬਾਕੀ ਸਭ ਉਸੇ ਤਰ੍ਹਾਂ ਰਹਿੰਦਾ ਹੈ। ਪੰਜਾਬੀ ਸ਼ਾਇਰ ਪਾਸ਼ ਨੇ ਆਪਣੀ ਇਕ ਕਵਿਤਾ ਵਿਚ ਕਿਹਾ ਸੀ, 'ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ/ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ...।' ਪਹਿਲਾਂ ਦੇਸ਼ ਦੀ ਆਜ਼ਾਦੀ, ਫਿਰ ਪੰਡਿਤ ਜਵਾਹਰ ਲਾਲ ਨਹਿਰੂ ਦੇ ਅਖੌਤੀ ਸਮਾਜਵਾਦ ਅਤੇ ਹੁਣ ਡਾਕਟਰ ਮਨਮੋਹਨ ਸਿੰਘ ਦੀਆਂ ਨਵੀਆਂ ਉਦਾਰ ਨੀਤੀਆਂ ਦੇ ਬਾਵਜੂਦ ਚਿੜੀਆਂ ਦਾ ਚੰਬਾ ਉਹੀ ਸਦੀਆਂ ਪੁਰਾਣਾ ਦਰਦ ਹੰਢਾ ਰਿਹਾ ਹੈ। ਸਾਡੀਆਂ ਪੰਜ ਪਿਆਰੀਆਂ-ਮਾਵਾਂ, ਧੀਆਂ, ਭੈਣਾਂ, ਪਤਨੀਆਂ ਤੇ ਨੂੰਹਾਂ, ਪੈਰ-ਪੈਰ 'ਤੇ ਠੋਕਰਾਂ ਖਾ ਰਹੀਆਂ ਹਨ। ਪੰਜਾਬ ਵਿਚ ਪਿਛਲੇ ਕੁਝ ਸਮੇਂ ਦੌਰਾਨ ਉਪਰੋਥਲੀ ਹੋਈਆ ਵਾਰਦਾਤਾਂ ਨੇ ਤਾਂ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪੰਜਾਬ, ਜਿਸ ਬਾਰੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ ਗੁਰਾਂ ਦੇ ਨਾਂ ਉਤੇ ਵਸਦਾ ਹੈ, ਵਿਚ ਵੀ ਹਾਲ ਹੋਰ ਦੇਸ਼ ਨਾਲੋਂ ਕਿਸੇ ਲਿਹਾਜ਼ ਵੱਖਰਾ ਨਹੀਂ ਹੈ। ਇਸ ਸਿਲਸਿਲੇ ਵਿਚ ਪੰਜਾਬ ਦੇ ਲੋਕਾਂ ਨੇ ਬੁਰਛਾਗਰਦਾਂ, ਪੁਲਿਸ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਨੇੜਿਉਂ ਦੇਖੀ ਹੈ। ਹੁਣ ਅਸਲ ਲੜਾਈ ਅਜਿਹੀ ਮਿਲੀਭੁਗਤ ਨੂੰ ਤੋੜਨ ਦੀ ਹੈ, ਕਿਉਂਕਿ ਇਨ੍ਹਾਂ ਦੀ ਆਪਸੀ ਸਾਕਾਚਾਰੀ ਹੀ ਸਮਾਜ ਨੂੰ ਨਿਘਾਰ ਵੱਲ ਲਿਜਾ ਰਹੀ ਹੈ ਜਿਥੇ ਫਿਰ ਅਜਿਹੀ ਵਾਰਦਾਤਾਂ ਹੁੰਦੀਆਂ ਹਨ। ਜਿੰਨੀ ਦੇਰ ਇਸ ਗਠਜੋੜ ਨੂੰ ਵੱਡੇ ਪੱਧਰ ਉਤੇ ਵੰਗਾਰ ਨਹੀਂ ਪੈਂਦੀ, ਉਤਨੀ ਦੇਰ ਪੰਜ ਪਿਆਰੀਆਂ ਲਈ ਅਗਾਂਹ ਵਧਣ ਦਾ ਰਾਹ ਪੱਧਰਾ ਨਹੀਂ ਹੋ ਸਕਦਾ। ਇਤਿਹਾਸ ਗਵਾਹ ਹੈ ਕਿ ਅਜਿਹੇ ਰਾਹ ਪਹਿਲਾਂ ਬਣਦੇ ਰਹੇ ਹਨ ਅਤੇ ਭਵਿੱਖ ਵਿਚ ਵੀ ਬਣਨਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਗਵਿਆਂ ਦੀ 'ਕੋਸੀ ਯਾਤਰਾ!'*

ਸਿਆਸੀ ਦਲਾਂ 'ਚ ਕਦਰ ਨਾ ਮੂਲ ਹੁੰਦੀ, ਭਲਿਆਂ ਲੋਕਾਂ ਤੇ ਨੀਤੀਆਂ ਚੰਗੀਆਂ ਦੀ।
ਉਲੂ ਆਪਣਾ ਸਦਾ ਹੀ ਕਰਨ ਸਿੱਧਾ, ਚਿੰਤਾ ਹੁੰਦੀ ਨਾ ਲੋਕਾਂ ਦੀਆਂ ਤੰਗੀਆਂ ਦੀ।
ਜਨਤਾ ਪਾੜ ਕੇ ਹੁੰਦਾ ਏ ਰਾਜ ਪੱਕਾ, ਨੀਤੀ ਜਿਸ ਤਰ੍ਹਾਂ ਹੈ ਸੀ ਫਰੰਗੀਆਂ ਦੀ।
ਰਾਮ ਮੰਦਰ 'ਤੇ ਟੇਕ ਹੀ ਟਿਕੀ ਹੋਈ, ਭਗਵੇਂ ਫੁੱਲ ਦੇ ਸਾਥੀਆਂ ਸੰਗੀਆਂ ਦੀ।
ਹੱਕ ਜੀਣ ਦਾ ਖੋਹਣਾ ਘੱਟ ਗਿਣਤੀਆਂ ਤੋਂ, ਇਹਨੂੰ ਸਮਝਦੇ ਤੋਪ ਉਹ ਭੰਗੀਆਂ ਦੀ!
ਅੱਗ ਬਾਲ ਕੇ ਸੇਕ ਤਾਂ ਖੂਬ ਦਿੱਤਾ, ਰਹਿ ਗਈ ਯਾਤਰਾ 'ਕੋਸੀ' ਬਜਰੰਗੀਆਂ ਦੀ!

# ਵਿਗਿਆਨਕ ਸੋਚ ਨੂੰ ਵੱਢਣ ਪਏ ਫਾਲਿਆਂ ਤੋਂ ਤਿੱਖੇ ਦੰਦ

ਦੋ ਹਫ਼ਤੇ ਪਹਿਲਾਂ ਡਾ. ਨਰਿੰਦਰ ਦਬਹੋਲਕਰ ਨੇ ਪੂਣੇ ਵਿਚ ਪ੍ਰੈਸ ਨਾਲ ਗੱਲਬਾਤ ਕਰਦਿਆਂ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਦੀ ਨਿਖੇਧੀ ਕੀਤੀ ਸੀ ਕਿ ਉਹ ਅੰਧ-ਵਿਸ਼ਵਾਸ ਖ਼ਿਲਾਫ਼ ਬਿੱਲ ਦਾ ਖਰੜਾ ਵਿਧਾਨ ਸਭਾ ਵਿਚ ਪੇਸ਼ ਕਿਉਂ ਨਹੀਂ ਕਰਦੇ। ਵੀਹ ਅਗਸਤ ਨੂੰ ਸਵੇਰੇ ਡਾ. ਦਬਹੋਲਕਰ (ਪਹਿਲੀ ਨਵੰਬਰ 1945-20 ਅਗਸਤ 2013) ਦਾ ਕਤਲ ਕਰ ਦਿੱਤਾ ਗਿਆ ਤਾਂ ਪ੍ਰਿਥਵੀਰਾਜ ਚੌਹਾਨ ਨੇ ਉਨ੍ਹਾਂ ਦੇ ਕਤਲ ਦੀ ਤੁਲਨਾ ਮਹਾਤਮਾ ਗਾਂਧੀ ਦੇ ਕਤਲ ਨਾਲ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ। ਆਖ਼ਰ ਇਹ



**ਦਲਜੀਤ ਅਮੀ**
**ਫੋਨ: 91-97811-21873**

ਡਾ. ਦਬਹੋਲਕਰ ਕੌਣ ਹੈ ਜਿਸ ਦੇ ਕਤਲ ਨੂੰ ਕਾਂਗਰਸੀ ਮੁੱਖ ਮੰਤਰੀ, ਮਹਾਤਮਾ ਗਾਂਧੀ ਦੇ ਕਤਲ ਨਾਲ ਮੇਲ ਕੇ ਪੇਸ਼ ਕਰ ਰਿਹਾ ਹੈ? ਜੇ ਡਾ. ਦਬਹੋਲਕਰ ਦੀ ਹੋਣੀ ਮਹਾਤਮਾ ਗਾਂਧੀ ਨਾਲ ਮੇਲ ਖਾਂਦੀ ਹੈ ਤਾਂ ਨੱਥੂਰਾਮ ਗੌਡਸੇ ਦੇ ਵਾਰਸ ਕੌਣ ਹਨ? ਕੁਝ ਦਿਨ ਪਹਿਲਾਂ ਹੀ ਡਾ. ਦਬਹੋਲਕਰ ਦੀ ਨਿਖੇਧੀ ਦਾ ਨਿਸ਼ਾਨਾ ਬਣੇ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਦਾ ਗੌਡਸੇ ਦੇ ਵਾਰਸਾਂ ਨਾਲ ਕੀ ਰਿਸ਼ਤਾ ਹੈ? ਡਾ. ਦਬਹੋਲਕਰ ਤਕਰਸ਼ੀਲ ਲਹਿਰ ਦੇ ਪਹਿਲੀ ਸਫ਼ ਦੇ ਆਗੂਆਂ ਵਿਚ ਸ਼ੁਮਾਰ ਸਨ। ਉਨ੍ਹਾਂ ਦੇ ਕਤਲ ਤੋਂ ਬਾਅਦ ਮਹਾਂਰਾਸ਼ਟਰ ਸਰਕਾਰ ਨੇ 1995 ਤੋਂ ਲਟਕਦਾ ਆ ਰਿਹਾ 'ਅੰਧ-ਵਿਸ਼ਵਾਸ ਅਤੇ ਜਾਦੂ ਟੂਣਾ ਵਿਰੋਧੀ ਬਿੱਲ' ਆਰਡੀਨੈਂਸ ਵਜੋਂ ਲਾਗੂ ਕਰ ਦਿੱਤਾ।

ਡਾ. ਦਬਹੋਲਕਰ ਦਾ ਕਤਲ ਮੌਜੂਦਾ ਦੌਰ ਵਿਚ ਵਿਗਿਆਨਕ ਸੋਚ ਦੇ ਪਸਾਰੇ ਅਤੇ ਇਸ ਦੀ ਅਹਿਮੀਅਤ ਦਾ ਅੰਦਾਜ਼ਾ ਲਗਾਉਣ ਦਾ ਪੁਰ-ਜ਼ੋਰ ਸੱਦਾ ਹੈ। ਹੁਣ ਇਹ ਵੇਖਣਾ ਬਣਦਾ ਹੈ ਕਿ ਵਿਗਿਆਨ ਦੀਆਂ ਕਾਢਾਂ ਦਾ ਆਨੰਦ ਮਾਣ ਰਹੇ ਸਮਾਜ ਵਿਚ ਵਿਗਿਆਨਕ ਸੋਚ ਇੰਨੀ ਖ਼ਤਰਨਾਕ ਕਿਉਂ ਮੰਨੀ ਜਾ ਰਹੀ ਹੈ? ਇਸ ਨਾਲ ਦਲੀਲ ਰਾਹੀਂ ਸੰਵਾਦ ਕਰਨ ਦੀ ਥਾਂ, ਇਸ ਨੂੰ ਤਾਕਤ ਨਾਲ ਚੁੱਪ ਕਰਵਾਉਣ ਦੀ ਲੋੜ ਕਿਉਂ ਪੈਂਦੀ ਹੈ? ਵਿਗਿਆਨ ਅਤੇ ਵਿਸ਼ਵਾਸ ਵਿਚਲਾ ਸੰਘਰਸ਼ ਅਜ਼ਲਾਂ ਤੋਂ ਚੱਲਦਾ ਆ ਰਿਹਾ ਹੈ। ਦਲੀਲ ਅਤੇ ਅੰਧ-ਵਿਸ਼ਵਾਸ ਵਿਚਲਾ ਸੰਘਰਸ਼ ਲਗਾਤਾਰ ਸਰਕਾਰ ਅਤੇ ਚਰਚ ਦੀ ਸਰਪ੍ਰਸਤੀ ਨਾਲ ਖ਼ੂਨੀ ਰੂਪ ਧਾਰਦਾ ਰਿਹਾ ਹੈ। ਜਦੋਂ ਰੱਬ ਦੀ ਹੋਂਦ ਉੱਤੇ ਕੀਤੇ ਸਵਾਲ ਨੂੰ ਧਰਮ ਜਾਂ ਮੁਲਕ ਦੀ ਪਛਾਣ ਨਾਲ ਜੋੜ ਕੇ ਵੇਖਿਆ ਜਾਂਦਾ ਹੈ ਤਾਂ ਇਸ ਜਮ੍ਹਾਂਜੋੜ ਦੇ ਫਾਲਿਆਂ ਤੋਂ ਤਿੱਖੇ ਦੰਦ, ਜਗਿਆਸਾ ਨੂੰ ਜਾਪ ਵਿਚ ਤਬਦੀਲ ਕਰਨ ਦਾ ਤਰੱਦਦ ਕਰਦੇ ਰਹੇ ਹਨ। ਸੁਕਰਾਤ ਤੋਂ ਗੈਲੀਲੀਓ ਅਤੇ ਕੌਪਰਨਿਕਸ ਤੱਕ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ।

ਗਿਆਨ ਅਤੇ ਵਿਗਿਆਨ ਵਿਚ ਸਵਾਲਾਂ ਨਾਲ ਵਾਧਾ ਹੁੰਦਾ ਹੈ। ਗਿਆਨ-ਵਿਗਿਆਨ ਦਾ ਤਤਕਾਲੀ ਭੰਡਾਰ ਸਵਾਲਾਂ ਨੂੰ ਜਨਮ ਦਿੰਦਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬਾਂ ਵਿਚ ਨਵਾਂ ਗਿਆਨ-ਵਿਗਿਆਨ ਉਪਜਦਾ ਹੈ। ਇਹੋ ਧਾਰਨਾ ਫਲਸਫੇ ਉੱਤੇ ਲਾਗੂ ਹੁੰਦੀ ਹੈ। ਰੋਜ਼ਮਰਾ ਜ਼ਿੰਦਗੀ ਵਿਚ ਇਹੋ ਧਾਰਨਾ ਕੰਮ ਕਰਦੀ ਹੈ। ਤਜਰਬੇ ਅਤੇ ਨਾ-ਕਾਮਯਾਬੀਆਂ ਤੋਂ ਸਿੱਖ ਕੇ ਛੋਟੀਆਂ-ਵੱਡੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਂਦੀਆਂ ਹਨ। ਗਿਆਨ-ਵਿਗਿਆਨ ਨੇ ਮਨੁੱਖ ਦੀ ਜ਼ਿੰਦਗੀ ਨੂੰ ਸਹਿਲ ਬਣਾਇਆ ਹੈ ਜਿਸ ਨੂੰ ਅਪਣਾਉਣ ਵਿਚ ਸ਼ੁਰੂਆਤੀ ਸੰਕੋਚ ਤੋਂ ਜ਼ਿਆਦਾ ਵਿਰੋਧ ਨਹੀਂ ਹੋਇਆ। ਗਿਆਨ ਦੀ ਘਾਟ ਕਾਰਨ ਪੈਦਾ ਹੋਈਆਂ ਮਿੱਥਾਂ ਅਤੇ ਧਾਰਨਾਵਾਂ ਦੁਆਲੇ ਰੀਤ-ਰਿਵਾਜ਼ ਅਤੇ ਧਰਮ ਦਾ ਬਹੁਤ ਕੁਝ ਉਸਰਿਆ ਹੈ। ਇਸ ਲਈ ਜਦੋਂ ਵਿਗਿਆਨ ਧਰਤੀ ਦੇ ਗੋਲ ਹੋਣ ਅਤੇ ਇਸ ਦੇ ਸੂਰਜ ਦੁਆਲੇ ਹੋਣ ਦਾ ਸਬੂਤ ਪੇਸ਼ ਕਰਦਾ ਹੈ ਤਾਂ ਅੰਜ਼ੀਲ ਵਿਚ ਦਰਜ ਧਾਰਮਿਕ ਫਲਸਫਾ ਸਵਾਲ ਦੇ ਘੇਰੇ ਵਿਚ ਆਉਂਦਾ ਹੈ। ਅੰਜ਼ੀਲ, ਧਰਮ ਅਤੇ ਚਰਚ ਹੀ ਜ਼ਿੰਦਗੀ ਦਾ ਕੇਂਦਰ ਸਮਝੇ ਜਾਂਦੇ ਸਨ ਪਰ ਹੁਣ ਤਾਂ ਧਰਤੀ ਦਾ ਕੇਂਦਰ ਹੋਣਾ ਵੀ ਸਵਾਲਾਂ ਦੇ ਘੇਰੇ ਵਿਚ ਸੀ। ਕੌਪਰਨਿਕਸ ਤੋਂ ਬਾਅਦ ਗੈਲੀਲੀਓ ਦਾ ਚਰਚ ਨੇ ਜ਼ਬਰਦਸਤ ਵਿਰੋਧ ਕੀਤਾ, ਪਰ ਧਰਤੀ ਨੇ ਗੋਲ ਹੀ ਰਹਿਣਾ ਸੀ ਅਤੇ ਸੂਰਜ ਦੁਆਲੇ ਹੀ ਘੁੰਮਣਾ ਸੀ।

ਡਾ. ਨਰਿੰਦਰ ਦਬਹੋਲਕਰ ਦੇ ਸ਼ਰਧਾਜਲੀ ਲੇਖ ਵਿਚ ਐਲਨ ਬੈਰੀ ਨੇ 'ਨਿਊਯਾਰਕ ਟਾਈਮਜ਼' ਵਿਚ ਲਿਖਿਆ ਹੈ, "ਡਾ. ਦਬਹੋਲਕਰ ਦਾ ਕਤਲ ਹਜ਼ਾਰਾਂ ਸਾਲਾਂ ਤੋਂ ਪੁਰਾਤਨਪੰਥੀਆਂ ਅਤੇ ਸੁਧਾਰਕਾਂ ਵਿਚ ਚਲਦੀ ਕੁਸ਼ਤੀ ਵਿਚ ਸੱਜਰਾ ਵਾਕਾ ਹੈ। ਜਦੋਂ ਜਾਸੂਸਾਂ ਨੇ ਡਾ. ਦਬਹੋਲਕਰ ਦੇ ਦੁਸ਼ਮਣਾਂ ਦੀ ਫਿਹਰਿਸਤ ਬਣਾਉਣੀ ਸ਼ੁਰੂ ਕੀਤੀ, ਤਾਂ ਇਹ ਬਹੁਤ ਲੰਮੀ ਨਿਕਲੀ। ਉਸ ਨੂੰ ਹਿੰਦੂ ਮੂਲਵਾਦੀ ਜਥੇਬੰਦੀਆਂ ਦੀਆਂ ਧਮਕੀਆਂ ਮਿਲੀਆਂ ਸਨ। ਉਸ ਉੱਤੇ ਚਮਤਕਾਰੀ ਬਾਬਿਆਂ ਦੇ ਗੁੱਸੇ ਵਿਚ ਆਏ ਸ਼ਰਧਾਲੂਆਂ ਨੇ ਹਮਲੇ ਕੀਤੇ ਸਨ। ਉਹ ਜਾਟ ਪੰਚਾਇਤੀ ਦੇ ਗ਼ਲਬੇ ਨੂੰ ਸਵਾਲ ਕਰਨ ਕਾਰਨ ਉਨ੍ਹਾਂ ਦੇ ਨਿਸ਼ਾਨੇ ਉੱਤੇ ਸੀ। ਸੂਬਾ ਸਰਕਾਰ ਉਸ ਦੀ ਪਹਿਲਕਦਮੀ ਵਾਲੇ ਬਿੱਲ ਉੱਤੇ ਚੌਦਾਂ ਸਾਲਾਂ ਤੋਂ ਵਿਚਾਰ ਕਰ ਰਹੀ ਸੀ ਜਿਸ ਤਹਿਤ ਪਸ਼ੂਆਂ ਦੀ ਬਲੀ, ਸੱਪ ਦੇ ਡੰਗੇ ਦਾ ਚਮਤਕਾਰੀ ਇਲਾਜ ਅਤੇ ਜਾਦੂ-ਟੋਣੇ ਵਾਲੇ ਨਗਾਂ ਦੀ ਵਿਕਰੀ ਉੱਤੇ ਪਾਬੰਦੀ ਲੱਗਣੀ ਸੀ।" ਜਦੋਂ ਸਥਾਪਿਤ ਮੱਠਾਂ ਹੇਠਲੀ ਜ਼ਮੀਨ ਦੀ ਦਲੀਲ ਥੋਥੀ ਪੈਂਦੀ ਹੈ ਤਾਂ ਉਨ੍ਹਾਂ ਨੂੰ ਤਕਲੀਫ਼ ਹੁੰਦੀ ਹੈ। ਮੌਜੂਦਾ ਦੌਰ ਵਿਚ ਬਹੁਤ ਸਾਰੇ ਚਮਤਕਾਰੀ ਬਾਬਿਆਂ ਅਤੇ ਮਾਤਾਵਾਂ ਦੇ ਵੱਡੇ ਕਾਰੋਬਾਰ ਅਗਿਆਨਤਾ ਕਾਰਨ ਚੱਲਦੇ ਹਨ। ਉਨ੍ਹਾਂ ਨੂੰ ਆਪਣੇ ਕਾਰੋਬਾਰ ਦੇ ਪਸਾਰੇ ਲਈ ਅਗਿਆਨਤਾ ਚਾਹੀਦੀ ਹੈ। ਇਸ ਪਸਾਰੇ ਵਿਚ ਸਿਆਸਤਦਾਨਾਂ ਦੇ ਹਿੱਤ ਹਨ ਅਤੇ ਹਰ ਉਸ ਮੁਨਾਫ਼ਾਖੋਰ ਦਾ ਹਿੱਤ ਹੈ ਜਿਸ ਨੂੰ ਅਗਿਆਨਤਾ ਰਾਸ ਆਉਂਦੀ ਹੈ। ਇਸੇ ਲਈ ਵਿਗਿਆਨ ਜਾਂ ਵਿਗਿਆਨੀਆਂ ਦੀ ਥਾਂ ਵਿਗਿਆਨਕ ਸੋਚ ਨੂੰ ਖ਼ਤਰਨਾਕ ਮੰਨਿਆ ਜਾਂਦਾ ਹੈ।

ਮੌਜੂਦਾ ਵਿਗਿਆਨਕ ਸੋਚ ਸਵਾਲ ਕਰ ਰਹੀ ਹੈ ਕਿ ਅਕਾਲ, ਸੋਕਿਆਂ, ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਮਨੁੱਖੀ ਅਣਗਹਿਲੀ ਹੈ। ਇਹ ਸਵਾਲ ਕਰ ਰਹੀ ਹੈ ਕਿ ਜਿਸ ਧਾਰਨਾ ਦੀ ਤਸਦੀਕ ਲਈ ਸਬੂਤ ਅਤੇ ਵਾਰ-ਵਾਰ ਕੀਤਾ ਤਜਰਬਾ ਨਹੀਂ ਹੈ, ਉਸ ਨੂੰ ਵਿਗਿਆਨ ਨਹੀਂ ਮੰਨਿਆ ਜਾ ਸਕਦਾ। ਚਮਤਕਾਰ ਇਸੇ ਘੇਰੇ ਵਿਚ ਆਉਂਦਾ ਹੈ। ਧਰਮ ਦੀ ਆੜ ਵਿਚ ਉਸਰੇ ਬਾਬਿਆਂ ਅਤੇ ਮਾਤਾਵਾਂ ਦੇ ਮੱਠ ਦਾਅਵਾ ਕਰਦੇ ਹਨ ਕਿ ਉਹ ਚਮਤਕਾਰ ਕਰ ਸਕਦੇ ਹਨ। ਨਤੀਜੇ ਵਜੋਂ ਸ਼ਰਧਾ ਵੱਡਾ ਕਾਰੋਬਾਰ ਬਣਦੀ ਹੈ ਅਤੇ ਪਹਿਲਾਂ ਹੀ ਮੁਸ਼ਕਿਲਾਂ ਵਿਚ ਘਿਰਿਆ ਮਨੁੱਖ ਉਨ੍ਹਾਂ ਨੂੰ ਹੋਣੀ ਪ੍ਰਵਾਨ ਕਰ ਲੈਂਦਾ ਹੈ। ਵਿਗਿਆਨਕ ਸੋਚ ਦੇ ਧਾਰਨੀ ਉਨ੍ਹਾਂ ਚਮਤਕਾਰਾਂ ਪਿੱਛੇ ਲੁਕੀਆਂ ਵਿਗਿਆਨਕ ਧਾਰਨਾਵਾਂ ਰਾਹੀਂ ਸਾਬਤ ਕਰਦੇ ਹਨ ਕਿ ਇਹ ਚਮਤਕਾਰ ਕੋਈ ਵੀ ਕਰ ਸਕਦਾ ਹੈ, ਜਾਂ ਸਾਹਮਣੇ ਵਾਲਾ ਤੁਹਾਨੂੰ ਧੋਖਾ ਕਿਵੇਂ ਦੇ ਰਿਹਾ ਹੈ। ਇਸ ਹਾਲਤ ਵਿਚ ਮਨੁੱਖ ਆਪਣੀ ਹੋਣੀ ਨੂੰ ਬਦਲਣ ਦਾ ਸਵਾਲ ਕਰੇਗਾ ਤਾਂ ਰਾਜਤੰਤਰ ਨੂੰ ਵੀ ਮੁਸ਼ਕਿਲ ਆਵੇਗੀ। ਇਸੇ ਕਰ ਕੇ ਇਹ ਕਾਰੋਬਾਰ ਸਿਆਸੀ ਸਰਪ੍ਰਸਤੀ ਤੋਂ ਬਿਨਾਂ ਨਹੀਂ ਚੱਲ ਸਕਦਾ। ਅਸੀਂ ਖ਼ਬਰਾਂ ਪੜ੍ਹਦੇ-ਸੁਣਦੇ ਹਾਂ ਕਿ ਕਿਸ ਬਾਬੇ ਦੀ ਸਿਫ਼ਾਰਿਸ਼ ਨਾਲ ਕੌਣ ਮੰਤਰੀ ਬਣਿਆ; ਕਿਸ ਦੀ ਸਿਫ਼ਾਰਿਸ਼ ਨਾਲ ਕਿਸ ਦੀ ਤਰੱਕੀ ਹੋਈ ਅਤੇ ਕਿਸ ਨੂੰ ਠੇਕੇ ਮਿਲੇ। ਜਦੋਂ ਚਮਤਕਾਰ ਸਵਾਲ ਦੇ ਘੇਰੇ ਵਿਚ ਆਉਂਦਾ ਹੈ ਤਾਂ ਇਸ ਸਮੁੱਚੇ ਕਾਰੋਬਾਰ ਉੱਤੇ ਸਵਾਲ ਹੁੰਦਾ ਹੈ। ਇਹ ਸਵਾਲ ਸਿਰਫ਼ ਵਿਗਿਆਨ ਦੀ ਖੋਜ, ਧਾਰਨਾਵਾਂ ਅਤੇ ਵਿਗਿਆਨਕ ਯੰਤਰਾਂ ਤੱਕ ਮਹਿਦੂਦ ਨਹੀਂ ਰਹਿੰਦਾ, ਸਗੋਂ ਜ਼ਿੰਦਗੀ ਦੀ ਸਿਆਸੀ, ਆਰਥਿਕ ਅਤੇ ਸੱਭਿਆਚਾਰਕ ਪੱਖਾਂ ਉੱਤੇ ਵੀ ਲਾਗੂ ਹੁੰਦਾ ਹੈ। ਇਹ ਸਵਾਲੀਆ ਬਿਰਤੀ ਵਿਗਿਆਨਕ ਸੋਚ ਹੈ ਜੋ ਫਾਲਿਆਂ ਤੋਂ ਤਿੱਖੇ ਦੰਦਾਂ ਦਾ ਖ਼ੂੰਖ਼ਾਰ ਖ਼ਾਸਾ ਸਾਹਮਣੇ ਲਿਆਉਂਦੀ ਹੈ। ਚਮਤਕਾਰੀ ਬਾਬਿਆਂ, ਮਾਤਾਵਾਂ ਅਤੇ ਸ਼ਰਧਾ ਨਾਲ ਜੁੜੇ ਰੀਤ-ਰਿਵਾਜ਼ ਦੁਆਲੇ ਵਿਗਿਆਨਕ ਸੋਚ ਦੀ ਘੇਰਾਬੰਦੀ ਕੀਤੀ ਜਾਂਦੀ ਹੈ, ਕਿਉਂਕਿ ਸ਼ਰਧਾ ਦੇ ਘੇਰਿਆਂ ਵਿਚ ਨਫ਼ਰਤ ਫੈਲਾਉਣੀ ਅਤੇ ਸਵਾਲ ਕਰਨ ਵਾਲੀ ਧਿਰ ਨੂੰ ਨਿਸ਼ਾਨੇ ਉੱਤੇ ਲਿਆਉਣਾ ਸੁਖਾਲਾ ਹੁੰਦਾ ਹੈ। ਡਾ. ਨਰਿੰਦਰ ਦਬਹੋਲਕਰ ਬਾਰੇ ਐਲਨ ਬੈਰੀ ਅੱਗੇ ਲਿਖਦੀ ਹੈ, "ਉਹ ਕਈ ਮੁਹਾਜ਼ਾਂ ਉੱਤੇ ਸਰਗਰਮ ਸੀ ਜਿਨ੍ਹਾਂ ਵਿਚ ਚੌਗਿਰਦੇ ਤੋਂ ਲੈ ਕੇ ਔਰਤਾਂ ਦੇ ਮਸਲੇ ਸ਼ਾਮਿਲ ਸਨ, ਪਰ ਸਭ ਤੋਂ ਜ਼ਿਆਦਾ ਚਰਚਾ ਚਮਤਕਾਰੀ ਬਾਬਿਆਂ ਦਾ ਪਰਦਾ ਚਾਕ ਵਾਲੀ ਮੁਹਿੰਮ ਦੀ ਹੋਈ।"

### ਸਵਾਲ-ਸੰਵਾਦ

ਦਸ ਭੈਣਾਂ-ਭਾਈਆਂ ਦਾ ਸਭ ਤੋਂ ਛੋਟਾ ਡਾ. ਨਰਿੰਦਰ ਦਬਹੋਲਕਰ ਡਾਕਟਰੀ ਪੜ੍ਹਿਆ ਸੀ ਅਤੇ ਉਹ 12 ਸਾਲ ਡਾਕਟਰੀ ਕਰਨ ਤੋਂ ਬਾਅਦ ਸਮਾਜਕ ਕਾਰਕੁਨ ਬਣਿਆ, ਸਮਾਜਕ ਇਨਸਾਫ਼ ਦੀਆਂ ਲਹਿਰਾਂ ਨਾਲ ਜੁੜਿਆ। ਬਾਬਾ ਅਧਹਾਵੇ ਦੀ ਅਗਵਾਈ ਵਿਚ ਚੱਲ ਰਹੀ 'ਇੱਕ ਪਿੰਡ-ਇੱਕ ਖੂਹ' ਮੁਹਿੰਮ ਨਾਲ ਜੁੜਿਆ। ਇਸ ਮੁਹਿੰਮ ਵਿਚ ਮਨੁੱਖ ਨੂੰ ਬਰਾਬਰੀ ਦਾ ਰੁਤਬਾ ਦਿੱਤਾ ਗਿਆ ਸੀ ਅਤੇ ਛੂਤ-ਛਾਤ ਦਾ ਵਿਰੋਧ ਸੀ। ਬਾਬਾ ਅੰਬੇਦਕਰ ਦੇ ਵਿਚਾਰ ਮੁਤਾਬਕ ਇਹ ਮੁਹਿੰਮ ਪਾਣੀ ਉੱਤੇ ਮਨੁੱਖੀ ਹਕੂਕ ਦੀ ਤਰਜਮਾਨੀ ਕਰਦੀ ਸੀ। ਮੁਹਿੰਮ ਪਿੱਛੇ ਡਾ. ਅੰਬੇਦਕਰ ਦੀ ਅਗਵਾਈ ਵਿਚ 1927 ਦੌਰਾਨ ਪਾਣੀ ਲਈ ਲੜੇ ਗਏ ਸੰਘਰਸ਼ਾਂ ਦਾ ਇਤਿਹਾਸ ਸੀ। ਜਾਤੀ ਤੋੜਨ ਅਤੇ ਬਰਾਬਰ ਸਮਾਜਕ ਰੁਤਬੇ ਦੀ ਲੜਾਈ ਦਾ ਬਾਨਣੂੰ ਖੂਹ ਦੁਆਲੇ ਬੰਨ੍ਹਿਆ ਜਾ ਰਿਹਾ ਸੀ ਜੋ ਰੋਜ਼ਾਨਾ ਜ਼ਿੰਦਗੀ ਦਾ ਅਹਿਮ ਹਿੱਸਾ ਸੀ। ਇਸ ਦਲੀਲ ਦਾ ਆਪਣਾ ਸਮਾਜ ਸ਼ਾਸਤਰ ਹੈ ਅਤੇ ਵਿਗਿਆਨ ਵੀ: ਮਨੁੱਖ ਬਰਾਬਰ ਹੈ ਅਤੇ ਪਾਣੀ ਕਿਸੇ ਦੇ ਹੱਥ ਲਗਾਉਣ ਨਾਲ ਭਿੱਟਿਆ ਨਹੀਂ ਜਾਂਦਾ। ਇਸੇ ਦਲੀਲ ਦਾ ਪਸਾਰਾ ਡਾ. ਦਬਹੋਲਕਰ ਨੂੰ ਔਰਤਾਂ ਨੂੰ ਮੰਦਿਰਾਂ ਵਿਚ ਜਾ ਕੇ ਪੂਜਾ-ਪਾਠ ਦਾ ਹੱਕ ਦਿਵਾਉਣ ਵਾਲੀ ਮੁਹਿੰਮ ਦਾ ਹਿੱਸਾ ਬਣਾਉਂਦਾ ਹੈ। ਬਰਾਬਰ ਦੇ ਮਨੁੱਖ ਵਜੋਂ ਔਰਤ ਮੰਦਿਰਾਂ ਵਿਚ ਕਿਉਂ ਨਹੀਂ ਜਾ ਸਕਦੀ? ਡਾ. ਦਬਹੋਲਕਰ ਦਾ ਵੱਡਾ ਭਰਾ ਸਮਾਜਵਾਦੀ-ਗਾਂਧੀਵਾਦੀ ਸਿੱਖਿਆ-ਸ਼ਾਸਤਰੀ ਦੇਵਦੱਤਾ ਦਬਹੋਲਕਰ ਸੀ ਜੋ ਬਾਅਦ ਵਿਚ ਪੂਣੇ ਯੂਨੀਵਰਸਿਟੀ ਦਾ ਉਪ-ਕੁਲਪਤੀ ਬਣਿਆ। ਉਨ੍ਹਾਂ ਦਾ ਵਿਚਾਰਧਾਰਕ ਅਸਰ ਡਾ. ਨਰਿੰਦਰ ਦਬਹੋਲਕਰ ਉੱਤੇ ਵੀ ਹੋਇਆ। ਵਿਦਿਆਰਥੀ ਵਜੋਂ ਨਰਿੰਦਰ ਸ਼ਿਵਾਜੀ ਯੂਨੀਵਰਸਿਟੀ ਦੀ ਕਬੱਡੀ ਟੀਮ ਵਿਚ ਖੇਡਿਆ। ਬੰਗਲਾ ਦੇਸ਼ ਖ਼ਿਲਾਫ਼ ਭਾਰਤ ਦੀ ਨੁਮਾਇੰਦਗੀ ਕੀਤੀ। ਸੂਬਾ ਸਰਕਾਰ ਨੇ ਉਸ ਨੂੰ ਸ਼ਿਵਾਜੀ ਛਤਰਾਪਤੀ ਯੁਵਾ ਐਵਾਰਡ ਨਾਲ ਸਨਮਾਨਿਤ ਕੀਤਾ।

ਹੌਲੀ-ਹੌਲੀ ਉਸ ਦੀ ਬਿਰਤੀ ਅੰਧ-ਵਿਸ਼ਵਾਸ ਵਿਰੋਧੀ ਮੁਹਿੰਮ ਨਾਲ ਵਧੇਰੇ ਜੁੜਦੀ ਗਈ। ਉਹ ਅਖਿਲ ਭਾਰਤੀ ਅੰਧ-ਸ਼ਰਧਾ ਨਿਰਮੂਲਨ ਸਮਿਤੀ ਨਾਲ ਜੁੜ ਗਿਆ। ਬਾਅਦ ਵਿਚ ਡਾ. ਨਰਿੰਦਰ ਦਬਹੋਲਕਰ ਨੇ 1989 ਵਿਚ ਮਹਾਂਰਾਸ਼ਟਰ ਅੰਧ-ਸ਼ਰਧਾ ਨਿਰਮੂਲਨ ਸਮਿਤੀ ਬਣਾਈ। ਚਮਤਕਾਰਾਂ, ਤਾਂਤਰਿਕਾਂ ਦਾ ਵਿਰੋਧ ਕਰਦੇ ਹੋਏ ਸਤਾਰਾ ਵਿਚ ਮਨੋਰੋਗੀਆਂ ਅਤੇ ਅੰਧ-ਸ਼ਰਧਾ ਦਾ ਸ਼ਿਕਾਰ ਮਰੀਜ਼ਾਂ ਲਈ 'ਪਰਿਵਰਤਨ' ਨਾਮ ਦਾ ਮੁੜ-ਵਸੇਬਾ ਕੇਂਦਰ ਬਣਾਇਆ। ਡਾ. ਦਬਹੋਲਕਰ ਇਸ ਦੇ ਬਾਨੀਆਂ ਵਿਚ ਸ਼ਾਮਿਲ ਸਨ। ਉਹ ਮਰਾਠੀ ਹਫ਼ਤਾਵਾਰੀ 'ਸਾਧਨਾ' ਦਾ ਸੰਪਾਦਕ ਸੀ ਜੋ ਸਾਨੇ ਗੁਰੂਜੀ ਨੇ ਸ਼ੁਰੂ ਕੀਤਾ ਸੀ। ਸੰਨ 1999 ਤੋਂ 2010 ਤੱਕ ਫੈਡਰੇਸ਼ਨ ਆਫ਼ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨਜ਼ ਦੇ ਉਪ-ਪ੍ਰਧਾਨ ਰਹੇ। ਇਸੇ ਦੌਰਾਨ ਡਾ. ਦਬਹੋਲਕਰ ਮਹਾਂਰਾਸ਼ਟਰ ਵਿਚ ਉਠੀਆਂ ਕਈ ਲਹਿਰਾਂ ਦਾ ਹਿੱਸਾ ਰਿਹਾ। ਇਨ੍ਹਾਂ ਵਿਚ ਦਲਿਤਾਂ ਲਈ ਸਮਾਜਕ ਬਰਾਬਰੀ ਅਤੇ ਮਰਾਠਵਾੜਾ ਯੂਨੀਵਰਸਿਟੀ ਦਾ ਨਾਮ ਬਾਬਾ ਅੰਬੇਦਕਰ ਦੇ ਨਾਮ ਉੱਤੇ ਰੱਖਣ ਦੀਆਂ ਮੁਹਿੰਮਾਂ ਸ਼ਾਮਿਲ ਸਨ।

ਪਾਣੀ ਦੇ ਹਕੂਕ ਦੀ ਮੁਹਿੰਮ ਨਾਲ ਸਮਾਜਕ ਜ਼ਿੰਦਗੀ ਸ਼ੁਰੂ ਕਰਨ ਵਾਲੇ ਡਾ. ਦਬਹੋਲਕਰ ਦੀ ਆਖ਼ਰੀ ਮੁਹਿੰਮ ਵੀ ਪਾਣੀ ਦੇ ਮਾਮਲੇ ਵਿਚ ਸੀ। ਇਸੇ ਸਾਲ ਅਪਰੈਲ ਦੌਰਾਨ ਮਹਾਂਰਾਸ਼ਟਰ ਵਿਚ 1972 ਤੋਂ ਬਾਅਦ ਦਾ ਸਭ ਤੋਂ ਵੱਡਾ ਸੋਕਾ ਪਿਆ ਹੋਇਆ ਸੀ ਤਾਂ ਆਸਾ ਰਾਮ ਬਾਪੂ ਹੋਲੀ ਦੇ ਜਸ਼ਨਾਂ ਲਈ ਨਾਗਪੁਰ ਦੇ ਕਸਤੂਰ ਚੰਦ ਪਾਰਕ ਵਿਚ ਰੋਜ਼ਾਨਾ ਘੱਟੋ-ਘੱਟ ਪੰਜਾਹ ਹਜ਼ਾਰ ਲੀਟਰ ਪਾਣੀ ਵਹਾ ਰਿਹਾ ਸੀ।

*(ਬਾਕੀ ਅਗਲੇ ਸਫੇ 'ਤੇ)*

# ਭਾਰਤ ਤੇ ਪਾਕਿਸਤਾਨ ਨੂੰ ਜੰਗ ਨਹੀਂ, ਅਮਨ ਚਾਹੀਦਾ

ਪਾਕਿਸਤਾਨ ਨੇ 14 ਅਗਸਤ ਨੂੰ ਨਵੇਂ ਆਜ਼ਾਦ ਮੁਲਕ ਦੇ ਰੂਪ ਵਿਚ ਆਪਣੀ ਸ਼ਨਾਖ਼ਤ ਬਣਾਈ, ਪਰ ਪਾਕਿਸਤਾਨ ਦੀ ਆਜ਼ਾਦੀ ਦਾ ਸੋਹਣਾ ਸੁਪਨਾ, ਡਰਾਉਣੇ ਖਵਾਬ ਦੀ ਹੈਸੀਅਤ ਅਖ਼ਤਿਆਰ ਕਰ ਗਿਆ ਹੈ। ਅਤਿਵਾਦੀਆਂ ਹੱਥੋਂ ਇਸ ਮੁਲਕ ਅਤੇ ਇਸ ਮੁਲਕ ਵਿਚ ਰਹਿਣ ਵਾਲਿਆਂ ਦੀ ਤਬਾਹੀ-ਓ-ਬਰਬਾਦੀ ਸਿਖ਼ਰ 'ਤੇ ਪਹੁੰਚ ਗਈ ਹੈ। ਅਤਿਵਾਦੀਆਂ ਨੇ ਇਸ ਮੁਲਕ

ਤਾਹਿਰ ਮਹਿਮੂਦ

ਦੀ ਇੱਟ ਨਾਲ ਇੱਟ ਖੜਕਾ ਦਿੱਤੀ ਹੈ।

ਸਭ ਤੋਂ ਅਫ਼ਸੋਸ ਵਾਲੀ ਗੱਲ ਤਾਂ ਇਹ ਹੈ ਕਿ ਪਾਕਿਸਤਾਨ ਦੇ ਸਾਰੇ ਤਬਕੇ ਇਨ੍ਹਾਂ ਖ਼ੂਨੀ ਭੇੜੀਆਂ ਨਾਲ ਨਿਬੜਨ ਲਈ ਕਿਸੇ ਇਕ ਪਲੇਟ ਫਾਰਮ 'ਤੇ ਇਕੱਠੇ ਨਹੀਂ ਹਨ ਅਤੇ ਨਾ ਹੀ ਕਿਸੇ ਇਕ ਨੀਤੀ 'ਤੇ ਸਹਿਮਤ ਹਨ। ਸੁਰੱਖਿਆ ਅਦਾਰਿਆਂ ਵਿਚ ਵੀ ਬਹੁਤ ਸਾਰੇ ਅਫਸਰ ਤੇ ਜਵਾਨ ਇਨ੍ਹਾਂ ਦਹਿਸ਼ਤਗਰਦਾਂ ਲਈ ਨਰਮ ਦਿਲ ਰੱਖਦੇ ਹਨ। ਇਸ ਤੋਂ ਇਲਾਵਾ ਪਾਕਿਸਤਾਨ ਦੇ ਕੁਝ ਕੱਟੜਪੰਥੀ ਮਜ਼ਹਬੀ ਤਬਕੇ ਇਨ੍ਹਾਂ ਅਤਿਵਾਦੀਆਂ ਦੇ ਹਾਮੀ ਵੀ ਹਨ। ਅਜਿਹੀ ਸੋਚ ਰੱਖਣ ਵਾਲੇ ਧਾਰਮਿਕ ਤਬਕੇ ਤੇ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਤੇ ਖ਼ੂਨ ਨਾਲ ਹੋਲੀ ਖੇਡਣ ਵਾਲਿਆਂ ਨੂੰ ਸ਼ਿਕਸਤ ਦੇਣਾ ਹਾਲ ਦੀ ਘੜੀ ਪਾਕਿਸਤਾਨ ਲਈ ਸੰਭਵ ਨਜ਼ਰ ਨਹੀਂ ਆਉਂਦਾ। ਪਾਕਿਸਤਾਨ ਅੰਦਰ ਅਤਿਵਾਦ ਤੇ ਅਤਿਵਾਦੀਆਂ ਨੂੰ ਖ਼ਤਮ ਕਰਨ ਲਈ ਕੋਈ ਕੌਮੀ ਨੀਤੀ ਨਹੀਂ।

ਜੋ ਲਸ਼ਕਰ 'ਜਥੇਬੰਦੀਆਂ' ਤੇ ਤਨਜ਼ੀਮਾਂ ਪਾਕਿਸਤਾਨ ਦੇ ਨੀਤੀ ਘਾੜਿਆਂ ਅਤੇ ਸੁਰੱਖਿਆ ਅਦਾਰਿਆਂ ਦੇ ਮੁਖੀਆਂ ਨੇ ਅਫ਼ਗਾਨਿਸਤਾਨ ਅੰਦਰ ਲੜਨ ਲਈ ਬਣਾਈਆਂ ਸਨ, ਪਾਕਿਸਤਾਨੀ ਸਰਕਾਰਾਂ ਵੱਲੋਂ ਅਮਰੀਕਾ ਦਾ ਅੰਨ੍ਹੇਵਾਹ ਸਾਥ ਦੇਣ ਤੇ ਕਬਾਇਲੀ ਇਲਾਕਿਆਂ ਵਿਚ ਅਮਰੀਕੀ ਡਰੋਨ ਹਮਲਿਆਂ ਕਾਰਨ ਇਹ ਲਸ਼ਕਰ ਤੇ ਜਥੇਬੰਦੀਆਂ ਕੇਵਲ ਪਾਕਿਸਤਾਨ ਦੇ ਕਾਬੂ ਵਿਚੋਂ ਹੀ ਬਾਹਰ ਨਹੀਂ ਹੋਈਆਂ, ਬਲਕਿ ਪਾਕਿਸਤਾਨੀ ਫ਼ੌਜ ਤੇ ਸੁਰੱਖਿਆ ਅਦਾਰਿਆਂ ਵਿਰੁੱਧ ਵੀ ਖੜ੍ਹੀਆਂ ਹੋ ਗਈਆਂ ਹਨ। ਪਾਕਿਸਤਾਨੀ ਫ਼ੌਜ ਤੇ ਸੁਰੱਖਿਆ ਅਦਾਰਿਆਂ ਦੇ ਸੈਂਕੜੇ ਅਫਸਰ ਤੇ ਜਵਾਨ ਇਨ੍ਹਾਂ ਦਹਿਸ਼ਤਗਰਦਾਂ ਨੇ ਹਲਾਕ ਕਰ ਦਿੱਤੇ ਹਨ। ਇਹ ਅਤਿਵਾਦੀ ਪਾਕਿਸਤਾਨ ਦੇ ਸੁਰੱਖਿਆ ਅਦਾਰਿਆਂ ਦੇ ਖਿਲਾਫ਼ ਹੁਣ ਖੁੱਲ੍ਹੀ ਜੰਗ ਲੜ ਰਹੇ ਹਨ।

ਦੂਜੀ ਅਹਿਮ ਗੱਲ ਇਹ ਹੈ ਕਿ ਜੋ ਪਾਕਿਸਤਾਨੀ ਜਥੇਬੰਦੀਆਂ ਹਿੰਦੁਸਤਾਨੀ ਕਸ਼ਮੀਰ ਵਿਚ ਲੜ ਰਹੀਆਂ ਸਨ, ਹਿੰਦੁਸਤਾਨੀ ਕਸ਼ਮੀਰੀਆਂ ਦੀ ਕਿਸੇ ਹੱਦ ਤੱਕ ਸਹਾਇਤਾ ਖ਼ਤਮ ਹੋਣ ਕਾਰਨ ਅਤੇ ਸੰਸਾਰ ਦੇ ਬਹੁਤੇ ਮੁਲਕਾਂ ਦੇ ਦਬਾਅ ਹੇਠ ਪਾਕਿਸਤਾਨੀ ਫ਼ੌਜ ਵੱਲੋਂ ਇਨ੍ਹਾਂ ਜਥੇਬੰਦੀਆਂ ਦੀ ਹਮਾਇਤ ਤੋਂ ਹੱਥ ਵਾਪਸ ਖਿੱਚ ਲੈਣ ਕਾਰਨ, ਅਜਿਹੀਆਂ ਜਥੇਬੰਦੀਆਂ ਦਾ ਨਿਸ਼ਾਨਾ ਵੀ ਪਾਕਿਸਤਾਨ ਬਣ ਗਿਆ ਹੈ। ਅਜਿਹੀਆਂ ਤਨਜ਼ੀਮਾਂ ਦਾ ਤਾਂ ਕੰਮ ਹੀ ਲੜਨਾ-ਭਿੜਨਾ ਹੈ। ਹਿੰਦੁਸਤਾਨੀ ਕਸ਼ਮੀਰ ਵਿਚ ਨਾ ਸਹੀ, ਪਾਕਿਸਤਾਨ ਅੰਦਰ ਸਹੀ। ਹੁਣ ਇਹ ਤਨਜ਼ੀਮਾਂ ਪਾਕਿਸਤਾਨ ਅੰਦਰ ਅੱਗ ਤੇ ਖ਼ੂਨ ਦੀ ਖੇਡ ਖੇਡ ਰਹੀਆਂ ਹਨ। ਇਹ ਜਥੇਬੰਦੀਆਂ ਪਾਕਿਸਤਾਨ-ਤਹਿਰੀਕੇ-ਤਾਲਿਬਾਨ ਦੀਆਂ ਵੀ ਹਾਮੀ ਅਤੇ ਮਦਦਗਾਰ ਹਨ।

ਪਾਕਿਸਤਾਨ-ਤਹਿਰੀਕੇ-ਤਾਲਿਬਾਨ ਅਤੇ ਇਨ੍ਹਾਂ ਦੀਆਂ ਹਾਮੀ ਜਮਾਤਾਂ ਦਰਅਸਲ ਪਾਕਿਸਤਾਨ ਦੀਆਂ ਦੁਸ਼ਮਣ ਬਣ ਗਈਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਤਿਵਾਦੀਆਂ ਹੱਥੋਂ ਪਾਕਿਸਤਾਨ ਦਾ ਬਰਬਾਦ ਤੇ ਟੁੱਕੜੇ-ਟੁੱਕੜੇ ਹੋ ਜਾਣਾ ਹਿੰਦੁਸਤਾਨ ਦੀ ਸਲਾਮਤੀ ਲਈ ਵੀ ਵੱਡਾ ਖ਼ਤਰਾ ਹੈ। ਖ਼ੁਦ ਹਿੰਦੁਸਤਾਨ ਦੇ ਕਈ ਸੂਬਿਆਂ ਅੰਦਰ ਨਕਸਲਵਾਦੀ ਅਤੇ ਵੱਖਵਾਦੀ ਤਨਜ਼ੀਮਾਂ ਸਰਗਰਮ ਹਨ। ਪਾਕਿਸਤਾਨ ਦੀ ਤਬਾਹੀ ਕਾਰਨ ਅਜਿਹੀਆਂ ਨੂੰ ਤਾਕਤ ਫੜਨ ਦਾ ਸੁਨਹਿਰੀ ਮੌਕਾ ਮਿਲ ਜਾਏਗਾ। ਇਹ ਸਥਿਤੀ ਹਿੰਦੁਸਤਾਨ ਦੀ ਅਖੰਡਤਾ ਨੂੰ ਢਾਹ ਲਾ ਸਕਦੀ ਹੈ। ਹਿੰਦੁਸਤਾਨ ਬਹੁਤ ਵੱਡੀ ਰਿਆਸਤ ਹੈ। ਇਹ ਮਜ਼ਬੂਤ ਰਿਆਸਤ ਅਤੇ ਅਤਿਵਾਦ ਤੋਂ ਮੁਕਤ ਪਾਕਿਸਤਾਨ ਇਸ ਖਿੱਤੇ ਦੀ ਡੇਢ ਅਰਬ ਤੋਂ ਵੱਧ ਆਬਾਦੀ ਦੀ ਸਲਾਮਤੀ ਦੀ ਜ਼ਮਾਨਤ ਹੈ। ਹਿੰਦੁਸਤਾਨ-ਦੁਸ਼ਮਣੀ ਪਾਕਿਸਤਾਨ ਦੀ ਕਿਸੇ ਵੀ ਸਿਆਸੀ ਜਮਾਤ ਦੀ ਵਿਦੇਸ਼ ਨੀਤੀ ਦਾ ਹਿੱਸਾ ਨਹੀਂ। ਪਾਕਿਸਤਾਨ ਅੰਦਰ ਹੋਈਆਂ ਚੋਣਾਂ ਵਿਚ ਜਿੱਤਣ ਵਾਲੀਆਂ ਸਿਆਸੀ ਜਮਾਤਾਂ ਨੇ ਜਨਤਾ ਕੋਲੋਂ ਵੋਟ ਹੀ ਇਸ ਬੁਨਿਆਦ 'ਤੇ ਲਏ ਸਨ ਕਿ ਹਿੰਦੁਸਤਾਨ ਨਾਲ ਦੋਸਤੀ, ਤਿਜ਼ਾਰਤ ਤੇ ਦੋ-ਪਾਸੜ ਮਸਲਿਆਂ ਦੇ ਹੱਲ ਨੂੰ ਪਹਿਲ ਦਿੱਤੀ ਜਾਏਗੀ।

ਪਾਕਿਸਤਾਨ ਦੀ 18 ਕਰੋੜ ਜਨਤਾ ਵਿਚੋਂ 85 ਫ਼ੀਸਦੀ ਲੋਕ ਹਿੰਦੁਸਤਾਨ ਨਾਲ ਦੋਸਤੀ ਤੇ ਆਪਸੀ ਮਸਲਿਆਂ ਦੇ ਹੱਲ ਦੇ ਚਾਹਵਾਨ ਹਨ। ਪਾਕਿਸਤਾਨੀ ਬਹੁ ਗਿਣਤੀ ਲੋਕਾਂ ਅੰਦਰ ਹਿੰਦੁਸਤਾਨ ਖਿਲਾਫ਼ ਕੋਈ ਜੰਗੀ-ਜਨੂੰਨ ਨਹੀਂ ਹੈ, ਪਰ ਪਾਕਿਸਤਾਨ ਦੀ ਬਰਬਾਦੀ ਦਾ ਸਬੱਬ ਬਣਨ




ਵਾਲੀਆਂ ਦਹਿਸ਼ਤਗਰਦ ਜਥੇਬੰਦੀਆਂ ਇੰਨੀਆਂ ਸ਼ਕਤੀਸ਼ਾਲੀ ਹੋ ਚੁੱਕੀਆਂ ਹਨ ਕਿ ਇਹ ਸਰਹੱਦ ਪਾਰ ਹਿੰਦੁਸਤਾਨ ਦੀ ਧਰਤੀ 'ਤੇ ਜਾ ਕੇ ਕੋਈ ਵੀ ਭਿਆਨਕ ਵਾਰਦਾਤ ਕਰ ਸਕਦੀਆਂ ਹਨ। ਇੰਜ ਇਹ ਹਿੰਦੁਸਤਾਨ ਤੇ ਪਾਕਿਸਤਾਨ ਦਰਮਿਆਨ ਜੰਗ ਦੇ ਹਾਲਾਤ ਪੈਦਾ ਕਰ ਸਕਦੀਆਂ ਹਨ। ਇਹ ਅਤਿਵਾਦੀ ਤਨਜ਼ੀਮਾਂ ਤਾਂ ਬਹੁਤ ਦੇਰ ਤੋਂ ਚਾਹੁੰਦੀਆਂ ਹਨ ਕਿ ਦੋਵਾਂ ਮੁਲਕਾਂ ਵਿਚਕਾਰ ਜੰਗ ਦੀ ਅੱਗ ਭੜਕੇ ਤਾਂ ਕਿ ਪਾਕਿਸਤਾਨ ਦੀਆਂ ਮਜ਼ਹਬੀ ਕੱਟੜਪੰਥੀ ਜਮਾਤਾਂ, ਅਤਿਵਾਦੀ ਜਥੇਬੰਦੀਆਂ, ਫ਼ੌਜ, ਸਿਆਸੀ ਜਮਾਤਾਂ ਤੇ 18 ਕਰੋੜ ਪਾਕਿਸਤਾਨੀ ਅਵਾਮ ਇਹ ਸਭ ਇਕੋ ਲਾਈਨ ਵਿਚ ਖੜ੍ਹੇ ਹੋ ਜਾਣ। ਇਹ ਹੀ ਇਨ੍ਹਾਂ ਅਤਿਵਾਦੀਆਂ ਦੇ ਦਿਲ ਦੀ ਪਹਿਲੀ ਤੇ ਆਖਰੀ ਤਮੰਨਾ ਹੈ। ਇੰਜ ਦੀਆਂ ਚਾਲਾਂ ਦੀ ਸਫ਼ਲਤਾ ਇਸ ਖਿੱਤੇ ਲਈ ਭਿਆਨਕ ਤੇ ਅਮਨ ਦੀ ਮੌਤ ਹੋਵੇਗੀ। ਅਜਿਹੇ ਹਾਲਾਤ ਖ਼ੁਦ ਹਿੰਦੁਸਤਾਨ ਲਈ ਤਬਾਹਕੁਨ ਬਣ ਜਾਣਗੇ।

ਪਾਕਿਸਤਾਨ ਦੀ ਫ਼ੌਜ ਤੇ ਸੁਰੱਖਿਆ ਅਦਾਰੇ ਅਤਿਵਾਦੀ ਜਥੇਬੰਦੀਆਂ ਵਿਰੁੱਧ ਅਜਿਹੀ ਜੰਗ ਵਿਚ ਉਲਝੇ ਹੋਏ ਹਨ ਜਿਸ ਨੂੰ ਇਨ੍ਹਾਂ ਨਾਲ ਲੜਨ ਦਾ ਕੋਈ ਤਜਰਬਾ ਨਹੀਂ ਹੈ। ਨਾ ਹੀ ਫ਼ੌਜੀ ਜਵਾਨਾਂ ਨੂੰ ਅਜਿਹੀ ਜੰਗ ਲੜਨ ਦੀ ਮੁਢਲੀ ਸਿਖਲਾਈ ਦਿੱਤੀ ਗਈ ਹੈ। ਇਸੇ ਕਾਰਨ ਪਾਕਿਸਤਾਨੀ ਫ਼ੌਜ ਤੇ ਦੂਜੇ ਸੁਰੱਖਿਆ ਅਦਾਰਿਆਂ ਦਾ ਨੁਕਸਾਨ ਹੋ ਰਿਹਾ ਹੈ। ਦਹਿਸ਼ਤਗਰਦੀ ਦੇ ਤੂਫ਼ਾਨ ਵਿਚ ਫਸੀ ਫ਼ੌਜ ਨਵਾਂ ਜੰਗੀ ਮੁਹਾਜ਼ ਖੋਲ੍ਹਣ ਦੀ ਸੋਚ ਭਲਾ ਕਿਵੇਂ ਅਪਨਾ ਸਕਦੀ ਹੈ? ਇਹ ਤਾਂ ਆਪਣੇ ਹੱਥੀਂ ਆਪਣੇ-ਆਪ ਨੂੰ ਤਬਾਹੀ ਦੇ ਘਾਟ ਉਤਾਰਨ ਵਾਲੀ ਗੱਲ ਹੈ। ਕਿਸੇ ਵੀ ਮੁਲਕ ਦੀ ਫ਼ੌਜ ਦੋ ਵੱਖ-ਵੱਖ ਮੁਹਾਜ਼ਾਂ 'ਤੇ ਲੜਨਾ ਨਹੀਂ ਚਾਹੁੰਦੀ।

ਉਧਰ, ਪਾਕਿਸਤਾਨ ਨਾਲ ਜੰਗ ਕਰਨ ਦੀ ਸੋਚ ਰੱਖਣ ਵਾਲਾ ਹਿੰਦੁਸਤਾਨ ਅੰਦਰ ਖਾਸ ਤਬਕਾ ਹੈ। ਪਾਕਿਸਤਾਨ ਅੰਦਰ ਅਮਨ ਦੇ ਸੁਪਨੇ ਦੇਖਣ ਵਾਲਾ ਵੱਡਾ ਤਬਕਾ ਇਸ ਸੋਚ 'ਤੇ ਹੈਰਾਨ ਹੈ ਕਿਉਂਕਿ ਅਤਿਵਾਦੀਆਂ ਦੇ ਬਾਰੂਦ ਦੀ ਅੱਗ ਵਿਚ ਸੜਦੇ ਹੋਏ ਪਾਕਿਸਤਾਨ ਤੇ ਪਾਕਿਸਤਾਨੀਆਂ ਨੂੰ ਤਾਂ ਪਾਕਿਸਤਾਨੀ ਫ਼ੌਜ ਬਚਾਉਣ ਵਿਚ ਸਫ਼ਲ ਨਹੀਂ ਹੋ ਰਹੀ, ਉਹ ਹਿੰਦੁਸਤਾਨ ਨਾਲ ਅਜਿਹੇ ਵਾਤਾਵਰਨ ਵਿਚ ਜੰਗ ਕਰਨ ਦਾ ਖ਼ਤਰਾ ਕਿਵੇਂ ਮੁੱਲ ਲੈ ਸਕਦੀ ਹੈ? ਪਾਕਿਸਤਾਨ ਅੰਦਰ ਹਿੰਦੁਸਤਾਨ ਤੇ ਹਿੰਦੁਸਤਾਨੀ ਸੱਭਿਆਚਾਰ, ਹਿੰਦੁਸਤਾਨੀਆਂ ਬਾਰੇ ਜੋ ਫਿਜ਼ਾ ਤੇ ਮੂਡ ਹੈ, ਉਸ ਨੂੰ ਮੈਂ ਕੁਝ ਮਿਸਾਲਾਂ ਰਾਹੀਂ ਸਪੱਸ਼ਟ ਕਰਦਾ ਹਾਂ। ਪਾਕਿਸਤਾਨ ਦੇ 80 ਫ਼ੀਸਦੀ ਸਿਨੇਮਾ ਘਰਾਂ ਵਿਚ ਹਿੰਦੁਸਤਾਨੀ ਫ਼ਿਲਮਾਂ ਚੱਲਦੀਆਂ ਹਨ। ਕੀ ਹਿੰਦੁਸਤਾਨੀ ਸਿਨੇਮਾ ਘਰਾਂ ਵਿਚ ਪਾਕਿਸਤਾਨੀ ਫ਼ਿਲਮਾਂ ਚਲਾਉਣ ਦੀ ਖੁੱਲ੍ਹੀ ਇਜਾਜ਼ਤ ਹੈ? ਹਿੰਦੁਸਤਾਨ ਦੇ ਸਾਰੇ ਟੀ.ਵੀ. ਚੈਨਲ ਕੇਬਲ ਨੈੱਟਵਰਕ ਰਾਹੀਂ ਸਾਰੇ ਪਾਕਿਸਤਾਨ ਵਿਚ ਦੇਖੇ ਜਾਂਦੇ ਹਨ। ਕੀ ਹਿੰਦੁਸਤਾਨ ਅੰਦਰ ਪਾਕਿਸਤਾਨੀ ਟੀ.ਵੀ. ਚੈਨਲ ਹਿੰਦੁਸਤਾਨੀ ਭਾਈਚਾਰੇ ਨੂੰ ਦੇਖਣ ਦੀ ਸਰਕਾਰ ਵੱਲੋਂ ਇਜਾਜ਼ਤ ਹੈ? ਪਾਕਿਸਤਾਨ ਦਾ ਹਰ ਬੰਦਾ ਬਿਨਾਂ ਕਿਸੇ ਖ਼ੌਫ਼ ਤੋਂ ਹਿੰਦੁਸਤਾਨੀਆਂ ਨੂੰ ਆਪਣੇ ਮੋਬਾਈਲ ਤੋਂ, ਲੈਂਡ ਲਾਈਨ ਕੁਨੈਕਸ਼ਨ ਤੋਂ ਫੋਨ ਕਰ ਸਕਦਾ ਹੈ। ਪਾਕਿਸਤਾਨ ਅੰਦਰ ਕਿਸੇ ਵੀ ਪੀ.ਸੀ.ਓ. ਤੋਂ ਹਿੰਦੁਸਤਾਨ ਫ਼ੋਨ ਕਰਨ ਬਾਰੇ ਕੋਈ ਡਰ ਵਾਲਾ ਮਸਲਾ ਨਹੀਂ। ਕੀ ਹਰ ਹਿੰਦੁਸਤਾਨੀ, ਹਿੰਦੁਸਤਾਨ ਵਿਚ ਬਣਿਆ ਹਰ ਪੀ.ਸੀ.ਓ. ਇਸ ਖ਼ੌਫ਼ ਤੋਂ ਆਜ਼ਾਦ ਹੈ? ਕੀ ਹਿੰਦੁਸਤਾਨ ਤੋਂ ਪਾਕਿਸਤਾਨ ਫ਼ੋਨ ਕਰਨ ਵਾਲਾ ਕੋਈ ਡਰ ਜਾਂ ਹਕੂਮਤੀ ਦਬਾਅ ਮਹਿਸੂਸ ਨਹੀਂ ਕਰਦਾ?

ਪਾਕਿਸਤਾਨ ਦੇ 90 ਫ਼ੀਸਦੀ ਟੀ.ਵੀ. ਚੈਨਲ ਰਾਤ 8 ਤੋਂ 9 ਵਜੇ ਦੌਰਾਨ ਹਿੰਦੁਸਤਾਨ ਨਾਲ ਅਮਨ-ਦੋਸਤੀ ਬਾਰੇ ਠੋਸ ਤੇ ਖੁੱਲ੍ਹ ਕੇ ਗੱਲਬਾਤ ਕਰਦੇ ਹਨ। ਪਾਕਿਸਤਾਨ ਦਾ ਸਭ ਤੋਂ ਪ੍ਰਸਿੱਧ ਜੀਓ ਟੀ.ਵੀ. ਚੈਨਲ ਬਾਕਾਇਦਾ ਹਿੰਦੁਸਤਾਨ ਨਾਲ ਅਮਨ-ਦੋਸਤੀ ਤੇ ਦੋਵਾਂ ਮੁਲਕਾਂ ਦੇ ਜਨਤਕ ਰਾਬਤਿਆਂ ਬਾਰੇ 'ਅਮਨ ਕੀ ਆਸ਼ਾ' ਪ੍ਰੋਗਰਾਮ ਚਲਾ ਰਿਹਾ ਹੈ। ਕੀ ਦੋਵਾਂ ਮੁਲਕਾਂ ਵਿਚ ਦੋਸਤੀ, ਅਮਨ ਦੀ ਫਿਜ਼ਾ ਬਣਾਉਣ ਲਈ ਹਿੰਦੁਸਤਾਨ ਦਾ 40 ਫ਼ੀਸਦੀ ਬਿਜਲਈ ਮੀਡੀਆ ਵੀ ਮੁਨਾਸਿਬ ਢੰਗ ਨਾਲ ਅਜਿਹੀ ਫਿਜ਼ਾ ਬਣਾ ਰਿਹਾ ਹੈ? ਇਹ ਸਾਰੇ ਸਵਾਲ ਕਰਨ ਦਾ ਮਤਲਬ ਸਵਾਲ-ਜਵਾਬ ਦੀ ਬਹਿਸ ਨਹੀਂ ਹੈ, ਬਲਕਿ ਹਿੰਦੁਸਤਾਨੀ ਭਾਈਚਾਰੇ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਦਾ ਨਾਗਰਿਕ ਸਮਾਜ ਤੇ ਮੀਡੀਆ ਹਿੰਦੁਸਤਾਨ ਨਾਲ ਅਮਨ ਦੀ ਹਕੀਕੀ ਤੇ ਦਿਲੀ ਖਾਹਿਸ਼ ਰੱਖਦਾ ਹੈ।

ਅਸਲ ਵਿਚ ਦੋਵਾਂ ਪਾਸਿਆਂ ਦਾ ਭਾਈਚਾਰਾ ਅਮਨ, ਦੋਸਤੀ ਤੇ ਖੁਸ਼ਹਾਲੀ ਦੀ ਜ਼ਿੰਦਗੀ ਚਾਹੁੰਦਾ ਹੈ। ਹੁਣ ਸਾਨੂੰ ਪੰਜਾਬੀਆਂ ਨੂੰ ਡੇਢ ਅਰਬ ਆਬਾਦੀ ਵਾਲੇ ਇਸ ਖਿੱਤੇ ਦੀ ਅਗਵਾਈ ਕਰਦੇ ਹੋਏ, ਇਸ ਖਿੱਤੇ ਨੂੰ ਭਿਆਨਕ ਜੰਗ ਤੋਂ ਬਚਾਉਣ ਤੇ ਅਮਨ ਕਾਇਮ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਅਸੀਂ ਪੰਜਾਬੀ ਤਾਂ ਕੱਚੇ ਠਿੱਲ੍ਹ ਕੇ, ਜ਼ਹਿਰ ਪਿਆਲਾ ਪੀ ਕੇ ਤੇ ਕਦੀ ਜੰਡ ਥੱਲੇ ਯਾਰ ਦੇ ਪੱਟ 'ਤੇ ਸਿਰ ਰੱਖ ਕੇ ਮੌਤ ਨੂੰ ਗ਼ਲ ਲਾ ਚੁੱਕੇ ਹਾਂ। ਅਸੀਂ ਕਦੀ ਭਗਤ ਸਿੰਘ ਬਣ ਕੇ ਤੇ ਕਦੀ ਊਧਮ ਸਿੰਘ ਦਾ ਰੂਪ ਧਾਰੀ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਮੌਤ ਨੂੰ ਮਹਿਬੂਬ ਸਮਝਦਿਆਂ ਗ਼ਲ ਲਾ ਚੁੱਕੇ ਹਾਂ। ਅਸਾਂ ਮਰ-ਮਰ ਕੇ ਤਾਂ ਦੇਖ ਲਿਆ ਪਰ ਹੁਣ ਅਸੀਂ ਜਿਉਣਾ ਚਾਹੁੰਦੇ ਹਾਂ। ਸਾਨੂੰ ਮੌਤ ਨਹੀਂ, ਜ਼ਿੰਦਗੀ ਚਾਹੀਦੀ ਹੈ। ਸਾਨੂੰ ਜੰਗ ਨਹੀਂ, ਅਮਨ ਚਾਹੀਦਾ ਹੈ। ਆਓ ਆਪਾਂ ਜੰਗ ਲਈ ਨਹੀਂ, ਅਮਨ ਲਈ ਖੜ੍ਹੇ ਹੋਈਏ। ਅਸੀਂ ਬਾਰੂਦੀ ਨਹੀਂ, ਗੁਰਬਤ ਤੇ ਅਨਪੜ੍ਹਤਾ ਵਿਰੁੱਧ ਜੰਗ ਲੜਨੀ ਹੈ। ਅਸੀਂ ਨਫ਼ਰਤ ਨਹੀਂ, ਮੁਹੱਬਤ ਕਰਨੀ ਹੈ ਕਿਉਂਕਿ ਮੁਹੱਬਤ ਹੀ ਜ਼ਿੰਦਗੀ ਹੈ। ਆਓ ਮੁਹੱਬਤ ਕਰੀਏ।

# ਵਿਗਿਆਨਕ ਸੋਚ ਨੂੰ ਵੱਢਣ ਪਏ ਫਾਲਿਆਂ ਤੋਂ ਤਿੱਖੇ ਦੰਦ

ਡਾ. ਦਬਹੋਲਕਰ ਨੇ ਪਾਣੀ ਦੀ ਇਸ ਬਰਬਾਦੀ ਦਾ ਵਿਰੋਧ ਕੀਤਾ। ਨਾਗਪੁਰ ਮਿਉਂਸਪਲ ਕਾਰਪੋਰੇਸ਼ਨ ਨੇ ਅਗਲੇ ਦਿਨ ਕਾਰਵਾਈ ਕੀਤੀ ਅਤੇ ਪਾਣੀ ਦੇਣ ਉੱਤੇ ਪਾਬੰਦੀ ਲਗਾ ਦਿੱਤੀ। ਆਸਾ ਰਾਮ ਨੇ ਅਗਲੇ ਦਿਨ ਇਸੇ ਤਰਜ਼ ਦਾ ਜਸ਼ਨ ਨਵੀਂ ਮੁੰਬਈ ਵਿਚ ਰੱਖਿਆ ਗਿਆ ਸੀ, ਪਰ ਮਾਲ ਮੰਤਰੀ ਬਾਲਾ ਸਾਹਿਬ ਥੋਰਟ ਨੇ ਮੁਕਾਮੀ ਪ੍ਰਸ਼ਾਸਨ ਨੂੰ ਹਿਦਾਇਤ ਜਾਰੀ ਕੀਤੀ ਕਿ ਇਸ ਤਰ੍ਹਾਂ ਪਾਣੀ ਦੀ ਬਰਬਾਦੀ ਦੀ ਛੋਟ ਨਹੀਂ ਦਿੱਤੀ ਜਾ ਸਕਦੀ। ਥੋਰਟ ਨੇ ਵਿਧਾਨ ਸਭਾ ਵਿਚ ਕਿਹਾ, "ਜਦੋਂ ਪਾਣੀ ਦੀ ਕਿੱਲਤ ਮਾਰੂ ਹੋ ਰਹੀ ਹੈ ਤਾਂ ਅਸੀਂ ਇਸ ਤਰ੍ਹਾਂ ਪਾਣੀ ਦੀ ਬਰਬਾਦੀ ਨਹੀਂ ਕਰ ਸਕਦੇ।" ਵਿਰੋਧੀ ਧਿਰ ਦੇ ਭਾਜਪਾਈ ਆਗੂ ਵਿਨੋਦ ਤਾਵਦੇ ਨੇ ਕਿਹਾ ਸੀ, "ਵਹਾਂ ਆਦਮੀ ਪਾਨੀ ਕੇ ਲੀਏ ਤਰਸੇ, ਔਰ ਜਹਾਂ ਰੰਗ ਬਰਸੇ। ਮਨ ਕੋ ਵੇਦਨਾ ਦੇਨੇ ਵਾਲੀ ਬਾਤ ਹੈ।" ਆਸਾ ਰਾਮ ਦੇ ਸ਼ਰਧਾਲੂਆਂ ਨੇ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਨਿੱਜੀ ਸਰੋਤਾਂ ਤੋਂ ਪਾਣੀ ਦਾ ਬੰਦੋਬਸਤ ਕੀਤਾ ਅਤੇ ਨਾਗਪੁਰ ਤੋਂ ਵਧੇਰੇ ਪਾਣੀ ਵਹਾਇਆ। ਇਨ੍ਹਾਂ ਸ਼ਰਧਾਲੂਆਂ ਨੇ ਪੱਥਰਾਉ ਵੀ ਕੀਤੀ ਅਤੇ ਆਲੋਚਨਾ ਤੋਂ ਖ਼ਫ਼ਾ ਹੋ ਕੇ ਪੱਤਰਕਾਰਾਂ ਉੱਤੇ ਹਮਲਾ ਵੀ ਕੀਤਾ। ਤਿੰਨ ਪੱਤਰਕਾਰ ਜ਼ਖ਼ਮੀ ਹੋਏ। ਆਸਾ ਰਾਮ ਬਾਪੂ ਨੇ ਸਮਾਗਮ ਵਿਚ ਕਿਹਾ ਸੀ ਕਿ ਉਨ੍ਹਾਂ ਨੇ ਹਰ ਜਣੇ ਪਿੱਛੇ '50 ਗਰਾਮ' ਪਾਣੀ ਵਰਤਿਆ ਹੈ। ਉਸ ਦੀ ਹਿੰਦੀ ਵਿਚ ਕੀਤੀ ਤਕਰੀਰ ਵਿਚ ਦਰਜ ਹੈ, "ਮੀਡੀਆ ਕਹਿੰਦਾ ਹੈ ਕਿ ਮੈਂ ਪਾਣੀ ਬਰਬਾਦ ਕਰਦਾ ਹਾਂ। ਹੁਣ ਮੈਂ ਉਹ ਕਰਾਂ ਜੋ ਇਹ ਹਰਾਮੀ ਚਾਹੁੰਦੇ ਹਨ।" ਸਵਾਲ ਇਹ ਬੋਲ-ਬਾਣੀ ਅਤੇ ਪੱਤਰਕਾਰਾਂ ਉੱਤੇ ਹੋਏ ਹਮਲੇ ਦੇ ਆਪਣੀ ਰਿਸ਼ਤੇ ਦਾ ਹੈ। ਇਸ ਤਕਰੀਰ ਤੋਂ ਬਾਅਦ ਸ਼ਰਧਾਲੂਆਂ ਨੇ ਬਾਘੀਆਂ ਪਾਈਆਂ ਸਨ ਅਤੇ ਮਹਾਂਰਾਸ਼ਟਰ ਦੇ ਗ੍ਰਹਿ ਮੰਤਰੀ ਆਰ.ਆਰ. ਪਾਟਿਲ ਨੇ ਤਸਦੀਕ ਕੀਤੀ ਸੀ ਕਿ ਇਸ ਭੜਕਾਊ ਤਕਰੀਰ ਤੋਂ ਬਾਅਦ ਪੱਤਰਕਾਰਾਂ ਉੱਤੇ ਹਮਲਾ ਹੋਇਆ ਹੈ। ਇਹ ਬਿਆਨ ਆਪਣੀ ਥਾਂ ਉੱਤੇ ਠੀਕ ਹੈ, ਪਰ ਪਾਬੰਦੀ ਲਗਾਉਣ ਦੇ ਬਾਵਜੂਦ ਪਾਣੀ ਦੀ ਇਸ ਤਰ੍ਹਾਂ ਹੋ ਰਹੀ ਬਰਬਾਦੀ ਨੂੰ ਰੋਕਿਆ ਨਹੀਂ ਗਿਆ।

ਸ਼ਰਧਾ ਦੇ ਇਸ ਕਾਰੋਬਾਰ ਉੱਤੇ ਵਿਗਿਆਨਕ ਸੋਚ ਸਵਾਲ ਕਰਦੀ ਹੈ ਤਾਂ ਸਿਆਸਤਦਾਨ ਅਤੇ ਰਾਜਤੰਤਰ ਇਸ ਦੇ ਘੇਰੇ ਤੋਂ ਬਾਹਰ ਨਹੀਂ ਹੁੰਦਾ। ਸ਼ਰਧਾਂਜਲੀ ਲੇਖ ਵਿਚ ਡਾ. ਦਬਹੋਲਕਰ ਦਾ ਸਾਥੀ ਅਤੇ ਇੰਡੀਅਨ ਰੈਸ਼ਨੈਲਿਸਟ ਐਸੋਸੀਏਸ਼ਨ ਦਾ ਪ੍ਰਧਾਨ ਸਨਲ ਇਡਾਮਾਰੂਕੂ ਲਿਖਦਾ ਹੈ, "ਜੇ ਅਸੀਂ ਆਪਣੇ ਲੋਕਾਂ ਨੂੰ ਅਗਿਆਨਤਾ, ਪਛੜੇਵੇਂ, ਸ਼ੋਸ਼ਣ ਅਤੇ ਬੇਮਾਅਨੀ ਤਕਲੀਫ਼ਾਂ ਦੇ ਜਕੜਪੰਜੇ ਤੋਂ ਕੱਢ ਕੇ ਮਾਣ ਇੱਜ਼ਤ ਵਾਲੀ ਜ਼ਿੰਦਗੀ ਦੀ ਸੂਹੀ ਸਵੇਰ ਨਾਲ ਨਵਾਜਣਾ ਚਾਹੁੰਦੇ ਹਾਂ ਤਾਂ ਹੁਣ ਪਿੱਛੇ ਮੁੜਨ ਦੇ ਰਾਹ ਬੰਦ ਹੋ ਗਏ ਹਨ। ਅਸੀਂ ਹਿੰਦੋਸਤਾਨ ਦੀ ਆਜ਼ਾਦੀ ਦੀ ਦੂਜੀ ਲੜਾਈ ਦੇ ਪਿੜ ਵਿਚ ਹਾਂ ਜੋ 'ਕਰੋ ਜਾਂ ਮਰੋ' ਵਾਲੇ ਪੜਾਅ ਉੱਤੇ ਹੈ।" ਇਹ ਵਿਗਿਆਨਕ ਸੋਚ ਦੇ ਪਸਾਰੇ ਦੀ ਲੜਾਈ ਹੈ।

ਡਾ. ਦਬਹੋਲਕਰ ਨੇ ਆਪਣੀ ਲੜਾਈ ਨੂੰ ਆਵਾਮੀ ਪੱਧਰ ਉੱਤੇ ਅੱਗੇ ਵਧਾਇਆ ਅਤੇ ਨਾਲੋ-ਨਾਲ ਵਿਧਾਨ ਸਭਾ ਵਿਚ ਵੀ ਢੁਕਵੀਆਂ ਕਾਨੂੰਨੀ ਪੇਸ਼ਬੰਦੀਆਂ ਲਈ ਪਹਿਲਕਦਮੀ ਕੀਤੀ। ਉਨ੍ਹਾਂ ਵੱਲੋਂ ਪੇਸ਼ ਕੀਤਾ ਗਿਆ 'ਜਾਦੂ ਟੂਣੇ ਅਤੇ ਅੰਧ-ਵਿਸ਼ਵਾਸ ਵਿਰੋਧੀ ਬਿੱਲ' ਦਾ ਖਰੜਾ 1995 ਤੋਂ ਲਟਕਦਾ ਆ ਰਿਹਾ ਹੈ। ਹੁਣ ਡਾ. ਦਬਹੋਲਕਰ ਦੇ ਕਤਲ ਤੋਂ ਬਾਅਦ ਵਾਲੇ ਭਾਵੁਕ ਮਾਹੌਲ ਵਿਚ ਇਸ ਨੂੰ ਆਰਡੀਨੈਂਸ ਵਜੋਂ ਲਾਗੂ ਕੀਤਾ ਗਿਆ ਹੈ। ਡਾ.ਦਬਹੋਲਕਰ ਅਜਿਹੀਆਂ ਕਾਹਲਕਦਮੀ ਵਾਲੀਆਂ ਪ੍ਰਾਪਤੀਆਂ ਦਾ ਧਾਰਨੀ ਨਹੀਂ ਸੀ। ਦੁੱਖ ਵੰਡਾਉਣ ਆਏ ਲੋਕਾਂ ਨਾਲ ਗੱਲਾਂ ਕਰਦਾ ਡਾ. ਦਬਹੋਲਕਰ ਦਾ ਪੁੱਤਰ ਹਮੀਦ ਦਬਹੋਲਕਰ, ਪੱਤਰਕਾਰ ਐਲਨ ਬੈਰੀ ਨੂੰ ਸਾਫ਼ ਕਰਦਾ ਹੈ, "ਉਹ ਜਾਣਦੇ ਸੀ ਕਿ ਅਜਿਹੀਆਂ ਲੜਾਈਆਂ ਉਮਰਾਂ ਤੱਕ ਲੜੀਆਂ ਜਾਂਦੀਆਂ ਹਨ। ਇਹ ਸਫ਼ਰ ਕੌਪਰਨਿਕਸ ਨਾਲ ਸ਼ੁਰੂ ਹੋਇਆ ਸੀ। ਸਾਡੀ ਉਮਰ ਮਹਿਜ਼ 70-80 ਸਾਲ ਹੈ ਜਿਸ ਦੌਰਾਨ ਬਹੁਤ ਘੱਟ ਤਬਦੀਲੀ ਵੇਖੀ ਜਾ ਸਕਦੀ ਹੈ।"

ਡਾ. ਨਰਿੰਦਰ ਦੇ ਕਤਲ ਤੋਂ ਅਗਲੇ ਦਿਨ ਪੂਨਾ ਵਿਚ 'ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ' ਦੇ ਵਿਦਿਆਰਥੀਆਂ ਨੇ 'ਕਬੀਰ ਕਲਾ ਮੰਚ' ਅਤੇ ਫ਼ਿਲਮਸਾਜ਼ ਆਨੰਦ ਪਟਵਰਧਨ ਨੂੰ ਸੱਦਿਆ ਸੀ। ਆਨੰਦ ਦੀ ਫ਼ਿਲਮ "ਜੈ ਭੀਮ ਕਾਮਰੇਡ' ਪਰਦਾਪੇਸ਼ ਕੀਤੀ ਗਈ ਅਤੇ 'ਕਬੀਰ ਕਲਾ ਮੰਚ' ਨੇ ਆਪਣੀ ਪੇਸ਼ਕਾਰੀ ਦਿੱਤੀ। ਸਮਾਗਮ ਤੋਂ ਬਾਅਦ ਪ੍ਰਬੰਧਕਾਂ ਉੱਤੇ ਭਾਜਪਾ ਦੀ ਵਿਦਿਆਰਥੀ ਜਥੇਬੰਦੀ 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' ਦੇ ਕਾਰਕੁਨਾਂ ਨੇ ਹਮਲਾ ਕੀਤਾ। ਇਸ ਤੋਂ ਬਾਅਦ ਆਨੰਦ ਦਾ ਬਿਆਨ ਇਨ੍ਹਾਂ ਹਮਲਿਆਂ ਵਿਚੋਂ ਮੁਲਕ ਵਿਚ ਫੈਲ ਰਹੇ ਤੰਗਨਜ਼ਰੀ ਦੇ ਰੁਝਾਨ ਦੀ ਨਿਸ਼ਾਨਦੇਹੀ ਕਰਦਾ ਹੈ, "ਦਬਹੋਲਕਰ ਨੇ ਆਪਣੇ ਕੰਮ ਦੀ ਬਹੁਤ ਵੱਡੀ ਕੀਮਤ ਅਦਾ ਕੀਤੀ ਹੈ। ਇਹ ਕਤਲ ਅਤੇ ਬਾਅਦ ਵਿਚ ਕਬੀਰ ਕਲਾ ਮੰਚ ਉੱਤੇ ਹੋਇਆ ਹਮਲਾ ਸਾਡੇ ਮੁਲਕ ਵਿਚ ਵਧ ਰਹੀ ਤੰਗਨਜ਼ਰੀ ਦੀ ਨਿਸ਼ਾਨੀ ਹੈ। ਇਸ ਵੇਲੇ ਭਾਜਪਾ ਅਤੇ ਸ਼ਿਵ ਸੈਨਾ ਸਮੇਤ ਛੋਟੀਆਂ ਹਿੰਦੂ ਬੁਨਿਆਦਪ੍ਰਸਤ ਜੁੰਡਲੀਆਂ ਕਹਿ ਰਹੀਆਂ ਹਨ ਕਿ ਉਨ੍ਹਾਂ ਨੇ ਦਬਹੋਲਕਰ ਦਾ ਕਤਲ ਨਹੀਂ ਕੀਤਾ ਪਰ ਉਸ ਦਾ ਵਿਰੋਧ ਕਰਨ ਦੀ ਗੱਲ ਕਬੂਲ ਕਰ ਰਹੀਆਂ ਹਨ। ਲੰਘੀ ਰਾਤ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੇ ਇਸ ਪਾਖੰਡੀ ਪਰਦੇ ਨੂੰ ਚਾਕ ਕਰ ਦਿੱਤਾ ਹੈ। ਜਦੋਂ ਤੁਸੀਂ ਕਿਸੇ ਨੂੰ ਦੇਸ਼-ਧਰੋਹੀ ਨਕਸਲਵਾਦੀ ਕਰਾਰ ਦੇ ਸਕਦੇ ਹੋਵੋਂ ਤਾਂ ਤੰਗਨਜ਼ਰੀ ਦਾ ਇਜ਼ਹਾਰ ਸੁਖਾਲਾ ਹੋ ਜਾਂਦਾ ਹੈ।" ਡਾ. ਨਰਿੰਦਰ ਦਾ ਲਗਾਤਾਰ ਵਿਰੋਧ ਕਰਨ ਵਾਲੀ ਜਥੇਬੰਦੀ ਹਿੰਦੂ ਜਾਗ੍ਰਿਤੀ ਸਮਿਤੀ ਦੀ ਵੈੱਬਸਾਇਟ ਉੱਤੇ ਹੁਣ ਵੀ ਦਰਜ ਹੈ ਕਿ ਉਨ੍ਹਾਂ ਨੇ 27 ਜਨਵਰੀ 2010 ਨੂੰ ਡਾ. ਨਰਿੰਦਰ ਦਬਹੋਲਕਰ ਦਾ ਪੂਣੇ ਵਿਚ ਭਾਸ਼ਨ ਰੁਕਵਾਉਣ ਲਈ ਲਾਮਬੰਦੀ ਕੀਤੀ ਸੀ। ਵੈੱਬਸਾਈਟ ਦੀ ਲਿਖਤ ਹੈ, "ਪੂਣੇ ਯੂਨੀਵਰਸਿਟੀ ਦੇ ਹਿਊਮੈਨੀਟੀਜ਼ ਐਂਡ ਸ਼ੋਸ਼ਲ ਸਾਇੰਸਜ਼ ਡਿਪਾਰਟਮੈਂਟ ਨੇ ਮਹਾਂਰਾਸ਼ਟਰ ਅੰਧ-ਸ਼ਰਧਾ ਅਨਮੂਲਨ ਸਮਿਤੀ ਦੇ ਬਦਨਾਮ ਹਿੰਦੂ ਵਿਰੋਧੀ ਆਗੂ ਡਾ. ਨਰਿੰਦਰ ਦਬਹੋਲਕਰ ਦਾ ਭਾਸ਼ਣ 27 ਜਨਵਰੀ ਨੂੰ ਸ਼ਾਮੀ ਚਾਰ ਵਜੇ ਸ਼ਾਤੀ ਨਾਮਾਦੇਵ ਹਾਲ ਵਿਚ ਰੱਖਿਆ ਹੈ। ਡਾ. ਨਰਿੰਦਰ ਦਬਹੋਲਕਰ ਆਪਣੀਆਂ ਹਿੰਦੂ ਵਿਰੋਧੀ ਤਕਰੀਰਾਂ ਲਈ ਜਾਣੇ ਜਾਂਦੇ ਹਨ। ਉਹ ਹਿੰਦੂ ਧਰਮ, ਇਸ ਦੇ ਰੀਤ-ਰਿਵਾਜ਼ ਅਤੇ ਹਿੰਦੂ ਸੰਤਾਂ ਦੀਆਂ ਬਦਖੋਹੀਆਂ ਕਰਦੇ ਹਨ। ਇਸ ਕਰ ਕੇ ਹਰ ਹਿੰਦੂ ਦਾ ਫ਼ਰਜ਼ ਹੈ ਕਿ ਇਸ ਭਾਸ਼ਣ ਨੂੰ ਰੱਦ ਕਰਵਾਉਣ ਵਿਚ ਕਾਨੂੰਨ ਦੇ ਘੇਰੇ ਵਿਚ ਰਹਿ ਕੇ ਵਿਰੋਧ ਕੀਤਾ ਜਾਵੇ।"

ਆਨੰਦ ਦੀ ਦਲੀਲ ਮੌਜੂਦਾ ਹਾਲਾਤ ਦੀ ਕਰੂਰਤਾ ਨੂੰ ਬਿਆਨ ਕਰਦੀ ਹੈ। ਕਤਲ ਤੋਂ ਬਾਅਦ ਡਾ. ਨਰਿੰਦਰ ਦਬਹੋਲਕਰ ਬਾਬਤ ਚਰਚਾ ਅੰਧ-ਵਿਸ਼ਵਾਸ਼ ਬਨਾਮ ਵਿਗਿਆਨਕ ਸੋਚ ਹੋ ਰਹੀ ਹੈ। ਇਸ ਦਲੀਲ ਵਿਚ ਸ਼ਰੇਆਮ ਖੜ੍ਹੇ ਹੋਣਾ ਬੁਨਿਆਦਪ੍ਰਸਤਾਂ ਲਈ ਸੁਖਾਲਾ ਨਹੀਂ ਅਤੇ ਨਾ ਹੀ ਜੁਗਤ ਪੱਖੋਂ ਅਹਿਮ ਹੈ। ਵਿਗਿਆਨ ਦੇ ਇਤਿਹਾਸ ਅਤੇ ਫਲਸਫੇ ਵਿਚ ਖੋਜ ਕਰਨ ਵਾਲੀ ਡਾ. ਮੀਰਾ ਨੰਦਾ ਕਹਿੰਦੀ ਹੈ, "ਵਿਗਿਆਨਕ ਸੋਚ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਧਰਮ-ਨਿਰਪੱਖਤਾ ਨੂੰ ਬਚਾਉਣਾ ਹੈ। ਧਰਮ ਅਤੇ ਸਿਆਸਤ ਦਾ ਨਿਖੇੜਾ ਕੀਤੇ ਬਿਨਾਂ ਵਿਗਿਆਨਕ ਸੋਚ ਦਾ ਪਸਾਰਾ ਨਹੀਂ ਹੋ ਸਕਦਾ।"

ਡਾ. ਦਬਹੋਲਕਰ ਉੱਤੇ ਵਾਰ-ਵਾਰ ਹਮਲਾ ਕੀਤਾ ਗਿਆ ਕਿ ਉਹ ਧਰਮ ਦੇ ਖ਼ਿਲਾਫ਼ ਹਨ। ਇਸੇ ਨੂੰ ਜਾਦੂ ਟੂਣੇ ਅਤੇ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਦਾ ਵਿਰੋਧ ਕਰਨ ਦੀ ਦਲੀਲ ਬਣਾਇਆ ਗਿਆ। ਡਾ. ਦਬਹੋਲਕਰ ਨੇ ਏ.ਐਫ.ਪੀ. ਨਾਮ ਦੀ ਖ਼ਬਰ ਏਜੰਸੀ ਨਾਲ ਗੱਲਬਾਤ ਵਿਚ ਕਿਹਾ ਸੀ, "ਇਸ ਬਿੱਲ ਵਿਚ ਰੱਬ ਅਤੇ ਧਰਮ ਖ਼ਿਲਾਫ਼ ਇੱਕ ਅੱਖਰ ਵੀ ਨਹੀਂ ਹੈ। ਭਾਰਤੀ ਸੰਵਿਧਾਨ ਹਰ ਸ਼ਹਿਰੀ ਨੂੰ ਪੂਜਾ-ਪਾਠ ਅਤੇ ਧਰਮ ਦੀ ਆਜ਼ਾਦੀ ਦਿੰਦਾ ਹੈ ਜੋ ਕੋਈ ਨਹੀਂ ਖੋਹ ਸਕਦਾ। ਇਹ ਬਿੱਲ ਜਾਅਲਸਾਜ਼ੀ ਅਤੇ ਅੰਧਵਿਸ਼ਵਾਸੀ ਰੀਤ-ਰਿਵਾਜ਼ ਦੇ ਖ਼ਿਲਾਫ਼ ਹੈ ਜੋ ਆਮ ਬੰਦੇ ਦੀ ਲੁੱਟ-ਖਸੁੱਟ ਦਾ ਸਬੱਬ ਬਣਦੇ ਹਨ।" ਉਨ੍ਹਾਂ ਧਾਰਮਿਕ ਰੀਤ-ਰਿਵਾਜ਼ ਨਾਲ ਵੀ ਦਲੀਲ ਨਾਲ ਸੰਵਾਦ ਕੀਤਾ। ਉਸ ਨੇ ਨਦੀਆਂ ਅਤੇ ਸਮੁੰਦਰ ਵਿਚ ਮੂਰਤੀਆਂ ਜਲ-ਪ੍ਰਵਾਹ ਕਰਨ ਦੇ ਨੁਕਸਾਨ ਨੂੰ ਉਘਾੜ ਕੇ ਸੰਵਾਦ ਵਿਚ ਲਿਆਂਦਾ ਅਤੇ ਲੋਕਾਂ ਨੂੰ ਸਲਾਹ ਦਿੱਤੀ ਕਿ ਨਦੀਆਂ ਵਿਚ ਪ੍ਰਦੂਸ਼ਣ ਕਰਨ ਦੀ ਥਾਂ ਪਾਣੀ ਦੀਆਂ ਟੈਂਕੀਆਂ ਵਿਚ ਇਹ ਕੰਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਹੋ ਜੁਗਤ ਸਮਾਜਕ ਪੱਧਰ ਉੱਤੇ ਜਾਟ ਪੰਚਾਇਤ ਦੀਆਂ ਜਗੀਰੂ ਰੁਚੀਆਂ ਬਾਰੇ ਲਾਗੂ ਕੀਤੀ। ਜਗੀਰੂ ਰੁਚੀਆਂ ਦਾ ਵਿਰੋਧ ਕਰਨ ਦੀ ਦਲੀਲ ਸਪਸ਼ਟ ਕਰਨ ਲਈ ਪਿਛਲੇ ਦਿਨੀਂਉਨ੍ਹਾਂ ਨਾਸਿਕ 'ਚ ਵਰਕਸ਼ਾਪ ਵੀ ਕੀਤੀ ਸੀ।

ਡਾ. ਦਬਹੋਲਕਰ ਦੇ ਹਵਾਲੇ ਨਾਲ ਦੋ ਗੱਲਾਂ ਸਪਸ਼ਟ ਹੋਣੀਆਂ ਜ਼ਰੂਰੀ ਹਨ ਕਿ ਵਿਗਿਆਨਕ ਸੋਚ ਦਾ ਘੇਰਾ ਸਿਰਫ਼ ਜਾਦੂ-ਟੂਣੇ ਅਤੇ ਪਾਖੰਡੀ ਬਾਬਿਆਂ ਜਾਂ ਮਾਤਾਵਾਂ ਦੇ ਪਰਦੇ ਚਾਕ ਕਰਨ ਤੱਕ ਮਹਿਦੂਦ ਨਹੀਂ ਹੈ। ਵਿਗਿਆਨਕ ਸੋਚ ਦੇ ਧਾਰਨੀਆਂ ਦੀਆਂ ਪ੍ਰਾਪਤੀਆਂ ਵੀ 'ਉਨ੍ਹਾਂ ਦੇ ਸ਼ਰਧਾਜਲੀ ਸਮਾਗਮ ਵਿਚ ਰੂੜ੍ਹੀਵਾਦੀ ਰਸਮਾਂ ਨਹੀਂ ਕੀਤੀਆਂ ਗਈਆਂ' ਦੀ ਪਹਾੜਾਨੁਮਾ ਸਤਰ ਤੱਕ ਮਹਿਦੂਦ ਨਹੀਂ ਹਨ। ਇਹ ਮਨੁੱਖ ਦੀ ਆਪਣੀ ਜਗਿਆਸਾ, ਅਹਿਸਾਸ, ਮਾਣ-ਸਤਿਕਾਰ, ਗਿਆਨ-ਵਿਗਿਆਨ ਤੱਕ ਪਹੁੰਚ, ਬਰਾਬਰ ਮਨੁੱਖੀ ਰੁਤਬੇ ਅਤੇ ਇਨਸਾਫ਼ਪਸੰਦੀ ਨਾਲ ਜਿਉਣ ਦੀ ਲੜਾਈ ਹੈ।

# ਗਲੀ ਦੀ ਖਾਕ ਛਾਣੀਏ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਘਰੋਂ ਬਾਹਰ ਪੈਰ ਪਾਉਂਦਿਆਂ ਮਨੁੱਖ ਸਾਹਮਣੇ ਗਲੀ ਵਿਛੀ ਹੁੰਦੀ ਹੈ, ਬਲਕਿ ਗਲੀ ਵਿਚ ਹੀ ਪੈਰ ਪਾਈਦੇ ਹਨ। ਫਿਰ ਗਲੀ ਗਾਹ ਕੇ ਹੀ ਨਗਰ ਖੇੜੇ ਤੋਂ ਬਾਹਰ ਜਾਈਦਾ ਹੈ। ਜੋ ਬਾਹਰ ਨਹੀਂ ਜਾਂਦੇ, ਉਹ ਇਕ ਗਲੀ ਤੋਂ ਦੂਜੀ ਗਲੀ ਵੜਦੇ ਨਿਕਲਦੇ ਗਲੀਆਂ ਦੀ ਹੀ ਖਾਕ ਛਾਣਦੇ ਫਿਰਦੇ ਹਨ। ਪਿੰਡ ਦੇ ਵਿਹਲੇ ਬੰਦੇ, ਖਾਸ ਤੌਰ 'ਤੇ ਔਰਤਾਂ ਦਾ ਤਾਂ ਝੱਟ ਟਪਾਉਣ ਦਾ ਤਰੀਕਾ ਹੀ ਇਹੋ ਹੈ। ਕਹਿੰਦੇ ਨੇ ਨਾ, ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖਲੀ। ਦੇਖਿਆ ਜਾਵੇ ਤਾਂ ਪਿੰਡ ਦੇ ਦੋ ਹੀ ਜੁਜ਼ ਹਨ, ਘਰ ਤੇ ਗਲੀ। ਜਿਥੇ ਘਰ ਨਿੱਜ ਲਈ ਹੈ, ਗਲੀ ਸਾਂਝ ਦੀ ਪ੍ਰਤੀਕ ਹੈ। ਗਲੀ ਵਿਚ ਦੀ ਹੀ ਪ੍ਰਾਹੁਣੇ ਆਉਂਦੇ ਹਨ, ਗਲੀ 'ਚ ਸਭ ਹੋਕਾ ਦੇਣ ਵਾਲੇ, ਹਾਥੀਆਂ ਵਾਲੇ, ਤਮਾਸ਼ਾ ਕਰਨ ਵਾਲੇ, ਗਜਾ ਕਰਨ ਵਾਲੇ, ਸ਼ਰਾਬੀ-ਕਬਾਬੀ, ਆਸ਼ਿਕ-ਆਪੋ ਆਪਣੀ ਹੋਂਦ ਦਾ ਮੁਜ਼ਾਹਰਾ ਕਰਦੇ ਫਿਰਦੇ ਹਨ।

ਵਣਜਾਰੇ ਗਲੀ ਗਲੀ ਹੀ ਫਿਰਦੇ 'ਵੰਗਾਂ ਲਵੋ ਚੜ੍ਹਾ' ਦਾ ਹੋਕਾ ਦਿੰਦੇ ਫਿਰਦੇ ਹਨ। ਮੈਨੂੰ ਆਪਣੇ ਪਿੰਡ ਦੀ ਲੰਮੀ ਗਲੀ ਯਾਦ ਆਉਂਦੀ ਹੈ ਜਿਸ ਦੇ ਅਖੀਰ ਤੋਂ ਮੁੜਦੀ ਇਕ ਹੋਰ ਤੰਗ ਤੇ ਨਿੱਕੀ ਗਲੀ ਦੇ ਸਿਰੇ 'ਤੇ ਸਾਡਾ ਘਰ ਸੀ। ਸਾਡੇ ਦਰਵਾਜ਼ੇ ਦੇ ਐਨ ਮੂਹਰੇ ਮਾਲਣ ਗੁਆਂਢਣ ਦਾ ਚਰਖਾ ਡੱਠਾ ਹੁੰਦਾ ਸੀ। ਉਸ ਦੇ ਆਸੇ ਪਾਸੇ ਹੋਰ ਚਾਰ ਪੰਜ ਔਰਤਾਂ ਸੂਤ ਅਟੇਰਦੀਆਂ, ਇਕ ਦੂਜੇ ਦੀਆਂ ਜੂੰਆਂ ਕਢਦੀਆਂ ਤੇ ਚੁਗਲੀਆਂ ਦੇ ਆਹਰ ਵਿਚ ਰੁਝੀਆਂ ਹੁੰਦੀਆਂ। ਮਸਾਂ ਇਸ ਤ੍ਰਿੰਜਣ 'ਚੋਂ ਪੈਰ ਕਢੀਦਾ ਸੀ ਕਿ ਲੰਮੀ ਬੀਹੀ ਦੇ ਮਹਾਂ ਤ੍ਰਿੰਜਣ ਵਿਚ ਖੁਭ ਜਾਈਦਾ ਸੀ। ਬੀਹੀ ਦੇ ਗੱਭੇ ਵਗਦੀ ਨਾਲੀ ਦੇ ਦੋਵੇਂ ਪਾਸੇ ਧੁਰ ਤੱਕ ਚਰਖਿਆਂ ਦੀ ਲੰਮੀ ਕਤਾਰ ਹੁੰਦੀ ਸੀ। ਤੀਵੀਆਂ ਮਾਨੀਆਂ ਦੀ ਛੂਹ ਤੋਂ ਡਰਦੇ ਪੈਰ ਕਦੇ ਨਾਲੀ ਦੇ ਇਕ ਪਾਸੇ ਕਦੀ ਦੂਜੇ ਪਾਸੇ ਧਰਦਿਆਂ ਗੁਰੂ ਨਾਨਕ ਦੇ ਇਹ ਬੋਲ, "ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥" ਸਾਕਾਰ ਕਰੀਦੇ ਸਨ। ਗਲੀ ਵਿਚ ਔਰਤਾਂ ਤਾਹਨੇ ਮਿਹਣੇ ਦਿੰਦੀਆਂ, ਗਾਲੀ ਗਲੋਚ ਕਰਦੀਆਂ ਤੇ ਇਕ ਦੂਜੇ ਨੂੰ ਝਈਆਂ ਲੈ ਲੈ ਪੈਂਦੀਆਂ। ਗਲੀ ਵਿਚ ਬੱਚੇ ਸਾਈਕਲ ਦੇ ਚੱਕੇ ਦਾ ਵੰਗਲਾ ਬਣਾ ਕੇ ਇਸ ਨੂੰ ਘੁੰਮਾਉਂਦੇ ਤੁਰੇ ਜਾਂਦੇ; ਕਿਸੇ ਦੀ ਖੁਲ੍ਹੀ ਹੋਈ ਮੱਝ ਡਹਿੰਬਰਿਆਂ ਵਾਂਗ ਝਾਕਦੀ ਤੁਰੀ ਫਿਰਦੀ।

ਮੈਂ ਹੁਣੇ ਹੀ ਇਕ ਫਿਲਮ ਵਿਚ 'ਗਲੀ ਦਾ ਕੁੱਤਾ ਗਟਰ ਦਾ ਸੂਅਰ' ਗਾਲ ਸੁਣ ਕੇ ਹਟਿਆ ਹਾਂ। ਸੱਚਮੁਚ ਗਲੀ ਪਿੰਡ ਦਾ ਇਕ ਮੰਡੂਆ ਹੈ, ਦਿਲ ਪਰਚਾਵੇ ਦਾ ਇੱਕੋ ਇੱਕ ਸਾਧਨ, ਦਰਾਂ ਦੇ ਐਨ ਮੂਹਰੇ, ਮਾਨੋ ਘਰ 'ਚ ਗੰਗਾ। ਇਥੋਂ ਦੀ ਹੀ ਮੁੰਡਾ ਜੰਮਣ 'ਤੇ ਖੁਸਰੇ ਨੱਚਦੇ ਆਉਂਦੇ ਹਨ, ਵਿਆਹ ਦੀ ਬਰਾਤ ਲੰਘਦੀ ਹੈ, ਕੁੜੀ ਤੋਰੀ ਜਾਂਦੀ ਹੈ, ਤੇ ਜ਼ਿੰਦਗੀ ਦੀ ਅੰਤਮ ਯਾਤਰਾ, ਅਰਥੀ ਦੇ ਰੂਪ ਵਿਚ ਨਿਕਲਦੀ ਵਿਖਾਈ ਦਿੰਦੀ ਹੈ। ਇਹ ਮੰਡੂਆ ਪਤਾ ਨਹੀਂ ਦਿਨ ਵਿਚ ਕਿੰਨੀਆਂ ਝਾਕੀਆਂ ਪੇਸ਼ ਕਰ ਜਾਂਦਾ ਹੈ ਤੇ ਉਹ ਵੀ ਸਜੀਵ, ਜਿਸ ਨੂੰ ਅੰਗਰੇਜ਼ੀ ਵਿਚ ਅਲਾਈਵ ਕਿਹਾ ਜਾਂਦਾ ਹੈ।

ਵੱਡੀਆਂ ਗਲੀਆਂ ਵਿਚੋਂ ਨਿੱਕੀਆਂ ਗਲੀਆਂ ਨਿਕਲਦੀਆਂ ਹਨ ਤੇ ਅੱਗੋਂ ਹੋਰ ਨਿਕੇਰੀਆਂ। ਹਿੰਦੀ ਵਿਚ ਇਨ੍ਹਾਂ ਨੂੰ ਕੁੰਜ ਗਲੀਆਂ ਕਿਹਾ ਜਾਂਦਾ ਹੈ। ਮੈਂ ਗੋਕੁਲ ਦੀਆਂ ਕੁੰਜ ਗਲੀਆਂ ਦੇ ਖੁਦ ਦਰਸ਼ਨ ਕੀਤੇ ਹਨ: ਗਲੀ ਦਰ ਗਲੀ ਦਾ ਲੰਮਾ ਸਿਲਸਿਲਾ ਜਿਨ੍ਹਾਂ ਵਿਚ ਕ੍ਰਿਸ਼ਨ ਤੇ ਰਾਧਾ ਬਚਪਨ ਵਿਚ ਪ੍ਰੇਮ ਖੇਡ ਖੇਲਦੇ ਰਹੇ। ਗਾਈਡ ਨੇ ਸਾਨੂੰ ਦੱਸਿਆ ਕਿ ਇਹ ਗਲੀਆਂ ਭਾਵੇਂ ਕਿੰਨੀਆਂ ਵੀ ਭੀੜੀਆਂ ਹਨ ਪਰ ਕ੍ਰਿਸ਼ਨ ਦੇ ਚਰਨ ਪਏ ਹੋਣ ਕਾਰਨ ਇਨ੍ਹਾਂ ਵਿਚੋਂ ਚੌੜੇ ਤੋਂ ਚੌੜਾ ਵਾਹਣ ਵੀ ਲੰਘ ਸਕਦਾ ਹੈ। ਮੈਨੂੰ ਆਪਣੇ ਬਚਪਨ ਵਿਚ ਅਜਿਹੀਆਂ ਗਲੀਆਂ ਵਿਚ ਖੇਡੀਆਂ ਛੂਣ-ਛੁਹਾਈਆਂ, ਤੜੱਕ ਤੇਰੀ ਭੌਂ ਤੇ, ਛੂਛਕ ਭਾਂਡਾ ਮਿੱਟੀ ਦਾ ਜਿਹੀਆਂ ਖੇਲਾਂ ਯਾਦ ਆਈਆਂ। ਪਿੰਡ ਬੰਨ੍ਹਣ ਵੇਲੇ ਅਵੱਸ਼ ਹੀ ਬਜ਼ੁਰਗ ਇਸ ਨੂੰ ਕੁਝ ਲੰਮੀਆਂ ਗਲੀਆਂ ਵਿਚ ਵੰਡਦੇ ਹੋਣਗੇ। ਪਿੰਡ ਦੀ ਫਿਰਨੀ ਦੇ ਅੰਦਰ ਅੰਦਰ ਹੀ ਵਸੇਬੇ ਦੀ ਸੀਮਾ ਹੁੰਦੀ ਸੀ। ਸੋ ਜਿਉਂ ਜਿਉਂ ਆਬਾਦੀ ਵਧਦੀ ਜਾਂਦੀ, ਗਲੀਆਂ ਦੇ ਅਖੀਰ ਜਾਂ ਵਿਚਕਾਰੋਂ ਹੋਰ ਗਲੀਆਂ ਕਢ ਲਈਆਂ ਜਾਂਦੀਆਂ ਹੋਣਗੀਆਂ ਤੇ ਇੰਜ ਬਣਦਾ ਹੋਵੇਗਾ ਗਲੀ-ਦਰ-ਗਲੀ ਦਾ ਸਿਲਸਿਲਾ। ਇਹ ਉਪ-ਗਲੀਆਂ ਇਕ ਪਾਸਿਓਂ ਅਕਸਰ ਬੰਦ ਹੋ ਜਾਂਦੀਆਂ ਹਨ, ਜਿਨ੍ਹਾਂ ਤੋਂ ਫਿਰ ਪਿਛੇ ਹੀ ਮੁੜ ਸਕੀਦਾ ਹੈ। ਕਈ ਵਾਰੀ ਮਨੁੱਖ ਜ਼ਿੰਦਗੀ ਦੀ ਬੰਦ ਗਲੀ ਵਿਚ ਫਸ ਜਾਂਦਾ ਹੈ, ਪਰ ਲੰਮੀਆਂ ਗਲੀਆਂ ਅਕਸਰ ਸਾਰ-ਪਾਰ ਹੁੰਦੀਆਂ ਹਨ ਜਾਂ ਇਉਂ ਕਹੋ ਕਿ ਮੂਲ ਰੂਪ ਵਿਚ ਅਜਿਹੀਆਂ ਸਨ ਪਰ ਵਧਦੀ ਆਬਾਦੀ ਨੇ ਉਨ੍ਹਾਂ ਨੂੰ ਵੀ ਬੰਦ ਬਣਾ ਦਿੱਤਾ।



ਭੀੜੀਆਂ ਗਲੀਆਂ ਵੀ ਬੋਲ ਚਾਲ ਵਿਚ ਲਾਖਣਿਕ ਵਰਤੋਂ ਦਾ ਚੋਖਾ ਮਸਾਲਾ ਪੇਸ਼ ਕਰਦੀਆਂ ਹਨ। ਹਾਸ਼ਮ ਸ਼ਾਹ ਗਲੀ ਨੂੰ ਇਸ਼ਕ ਮਿਜ਼ਾਜੀ ਨੂੰ ਰੋਲਣ ਦਾ ਸਮਾਨ ਸਮਝਦਾ ਹੈ, 'ਹਾਸ਼ਮ ਖਾਕ ਰੁਲਾਵੇ ਗਲੀਆਂ, ਇਹ ਕਾਫ਼ਿਰ ਇਸ਼ਕ ਮਿਜ਼ਾਜੀ।' ਪੀਲੂ ਜਿੰਨਾ ਕਠੋਰ ਯਥਾਰਥਵਾਦੀ ਕਵੀ ਸ਼ਾਇਦ ਹੀ ਕੋਈ ਹੋਵੇ ਜਿਸ ਦੀ ਸਾਹਿਬਾਂ ਮਿਰਜ਼ੇ ਨੂੰ ਮਿਲਣ ਖਾਤਿਰ ਆਪਣੀਆਂ ਹੀ ਗਵਾਂਢਣਾਂ ਦੇ ਮਰਨ ਅਤੇ ਗਲੀਆਂ ਸੁੰਨੀਆਂ ਹੋ ਜਾਣ ਦੀ ਕਾਮਨਾ ਕਰਦੀ ਹੈ,

ਹੁਜਰੇ ਸ਼ਾਹ ਹਕੀਮ ਦੇ
ਇਕ ਜੱਟੀ ਅਰਜ਼ ਕਰੇ।
ਮੈਂ ਬੱਕਰਾ ਦੇਨੀ ਆਂ ਪੀਰ ਦਾ
ਮੇਰੇ ਸਿਰ ਦਾ ਕੰਤ ਮਰੇ।
ਪੰਜ ਸੱਤ ਮਰਨ ਗਵਾਂਢਣਾਂ
ਰਹਿੰਦੀਆਂ ਨੂੰ ਤਾਪ ਚੜ੍ਹੇ।
ਹੱਟੀ ਢਹੇ ਕਰਾੜ ਦੀ
ਜਿੱਥੇ ਦੀਵਾ ਨਿੱਤ ਬਲੇ।
ਕੁੱਤੀ ਮਰੇ ਫ਼ਕੀਰ ਦੀ
ਜਿਹੜੀ ਚਊਂ-ਚਊਂ ਨਿੱਤ ਕਰੇ।
ਗਲੀਆਂ ਹੋਵਣ ਸੁੰਨੀਆਂ
ਵਿਚ ਮਿਰਜ਼ਾ ਯਾਰ ਫਿਰੇ।

ਮਨੁੱਖ ਦੀ ਮਨੁੱਖ ਨਾਲ ਤਾਂ ਭਲਾ ਦੁਸ਼ਮਣੀ ਹੁੰਦੀ ਹੀ ਹੈ, ਪੀਲੂ ਨੇ ਤਾਂ ਕੁੱਤੇ ਦੀ ਜਾਤ ਵੀ ਨਹੀਂ ਬਖਸ਼ੀ। ਐਪਰ ਸੂਫੀਆਂ ਤੇ ਗੁਰੂਆਂ ਭਗਤਾਂ ਨੇ ਗਲੀਆਂ ਨੂੰ ਹਕੀਕੀ ਇਸ਼ਕ ਦੇ ਰਾਹ 'ਤੇ ਤੁਰਨ ਦੀ ਕਰੜੀ ਪ੍ਰੀਖਿਆ ਬਣਾਇਆ ਹੈ, 'ਖੰਡੇਧਾਰ ਗਲੀ ਅਤਿ ਭੀੜੀ॥' -ਗੁਰੂ ਨਾਨਕ; 'ਜਿਥੇ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ।' 'ਜੇ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥', 'ਗਲੀਏ ਚਿੱਕੜ ਦੂਰ ਘਰ ਨਾਲ ਪਿਆਰੇ ਨੇਹੁ॥' ਇਸ਼ਕ ਮਿਜ਼ਾਜੀ ਤੇ ਹਕੀਕੀ ਦਾ ਏਡਾ ਅਖਾੜਾ ਹੋਵੇ ਗਲੀ, ਤਾਂ ਇਸ 'ਤੇ ਫਿਲਮ ਨਾ ਬਣੇ! ਕਿਉਂ ਨਹੀਂ? ਆਖਿਰ ਕਿਸੇ ਨੇ ਬਣਾ ਹੀ ਦਿੱਤੀ ਪੰਜਾਬੀ ਫਿਲਮ 'ਸਾਡੀ ਗਲੀ ਆਇਆ ਕਰੋ।'

ਏਨੀ ਚਰਚਾ ਤੋਂ ਪਿਛੋਂ ਹੁਣ ਗਲੀ ਸ਼ਬਦ ਦੀ ਖਾਕ ਛਾਣਨ ਦਾ ਵਕਤ ਆ ਗਿਆ ਹੈ। ਸੰਸਕ੍ਰਿਤ ਵਿਚ ਇਕ ਧਾਤੂ ਹੈ, 'ਗਲ' ਜਿਸ ਦਾ ਅਰਥ ਚੋਣਾ, ਟਪਕਣਾ, ਰਿਸਣਾ, ਪਿਘਲਣਾ ਹੁੰਦਾ ਹੈ। ਇਸ ਧਾਤੂ ਦਾ ਵਿਕਸਤ ਅਰਥ ਬਣਿਆ ਨਿਗਲਣਾ, ਅੰਦਰ ਲੰਘਾਉਣਾ। ਅਜਿਤ ਵਡਨੇਰਕਰ ਨੇ ਇਸ ਦੀ ਪਹਿਲੇ ਅਰਥਾਂ ਅਨੁਸਾਰ ਵਿਆਖਿਆ ਕੀਤੀ ਹੈ। ਉਸ ਅਨੁਸਾਰ ਕੋਈ ਚੋਅ ਰਿਹਾ ਤਰਲ ਪਦਾਰਥ ਚੋਂਦਾ ਚੋਂਦਾ ਆਖਿਰ ਖਤਮ ਹੋ ਜਾਂਦਾ ਹੈ, ਅੱਖੋਂ ਓਝਲ ਹੋ ਜਾਂਦਾ ਹੈ। ਗਲੀ ਦੀ ਇਹੀ ਮੁਖ ਵਿਸ਼ੇਸ਼ਤਾ ਹੈ। ਗਲੀ ਜਿੰਨੀ ਮਰਜ਼ੀ ਲੰਮੀ ਹੋਵੇ, ਆਖਿਰ ਉਹ ਹੌਲੀ ਹੌਲੀ ਖਤਮ ਹੀ ਹੋ ਰਹੀ ਹੁੰਦੀ ਹੈ। ਉਂਜ ਤਾਂ ਇਹ ਵਿਆਖਿਆ ਵੀ ਤਾਰਕਿਕ ਪ੍ਰਤੀਤ ਹੁੰਦੀ ਹੈ ਪਰ ਜੀ.ਐਸ. ਰਿਆਲ ਇਸ ਸ਼ਬਦ ਨੂੰ ਇਸ ਧਾਤੂ ਦੇ ਵਿਕਸਿਤ ਅਰਥ ਨਿਗਲਣਾ ਤੋਂ ਬਣਿਆ ਦੱਸਦੇ ਹਨ। ਭੋਜਨ ਨੂੰ ਅੰਦਰ ਸੁੱਟਣ ਤੋਂ ਹੀ ਗਲ ਜਾਂ ਗਲਾ ਸ਼ਬਦ ਬਣਿਆ; ਅਰਥਾਤ ਜਿਸ ਰਾਹੀਂ ਭੋਜਨ ਨਿਗਲਿਆ ਜਾਂਦਾ ਹੈ। 'ਗਲ ਪਿਆ ਢੋਲ ਵਜਾਉਣਾ' ਜਾਂ 'ਗਲ ਗਲੱਮ ਪੈਣਾ' ਵਿਚ ਇਸ ਸ਼ਬਦ ਦੀ ਛਵੀ ਦੇਖੀ ਜਾ ਸਕਦੀ ਹੈ। 'ਗਲ ਗਲ ਤੱਕ ਡੁੱਬ ਕੇ' ਤਾਂ ਇਸ ਸ਼ਬਦ ਦੇ ਭਿਅੰਕਰ ਜਾਨ ਲੇਵਾ ਰੂਪ ਦੇ ਵੀ ਦਰਸ਼ਨ ਹੋ ਜਾਂਦੇ ਹਨ। ਗਲਮਾ ਜੋ ਆਮ ਤੌਰ 'ਤੇ ਕਮੀਜ਼ ਆਦਿ ਦੇ ਗਲੇ ਲਈ ਵਰਤਿਆ ਜਾਦਾ ਹੈ, ਇਸੇ ਸ਼ਬਦ ਦਾ ਵਿਸ਼ੇਸ਼ ਵਿਕਾਸ ਹੈ। ਅਸਲ ਵਿਚ ਤਾਂ ਨਿਗਲਣਾ ਸ਼ਬਦ ਵੀ 'ਗਲ' ਧਾਤੂ ਤੋਂ ਹੀ ਬਣਿਆ ਹੈ- ਨਿ+ਗਲ। ਖਾਖ ਦੇ ਅਰਥਾਂ ਵਾਲਾ ਗੱਲ੍ਹ ਸ਼ਬਦ ਵੀ ਇਸੇ ਦਾ ਇਕ ਹੋਰ ਭੇਦ ਹੈ। ਮੋਰੀ ਦੇ ਅਰਥਾਂ ਵਾਲੀ ਗਲੀ ਇਸੇ ਤੋਂ ਬਣੀ ਜੋ ਅੱਗੇ ਬੀਹੀ ਦੇ ਅਰਥ ਵੀ ਧਾਰਨ ਕਰ ਗਈ। ਇਸ ਨਜ਼ਰੀਏ ਤੋਂ ਦੇਖਿਆਂ ਬੀਹੀ ਦੇ ਅਰਥਾਂ ਵਾਲੀ ਗਲੀ ਪਿੰਡ, ਸ਼ਹਿਰ ਜਾਂ ਪਹਾੜ ਦੇ ਵਿਚਕਾਰ ਬਣੀ ਹੋਈ ਲੰਮੀ ਤੇ ਤੰਗ ਮੋਰੀ ਹੈ। 'ਗਲ' ਧਾਤੂ ਦੇ ਚੋਣ ਵਾਲੇ ਅਰਥਾਂ ਤੋਂ ਪੰਜਾਬੀ ਦਾ ਸ਼ਬਦ ਗਲਣਾ ਵੀ ਬਣਿਆ ਹੈ ਜੋ ਇਕ ਤਰ੍ਹਾਂ ਖਤਮ ਹੋਣ ਦੇ ਅਰਥ ਹੀ ਤਾਂ ਦਿੰਦਾ ਹੈ। ਜਦੋਂ ਕੋਈ ਚੀਜ਼ ਗਲਦੀ ਹੈ ਤਾਂ ਉਹ ਆਪਣੇ ਪਹਿਲੇ ਰੂਪ ਦਾ ਨਾਸ ਕਰ ਦਿੰਦੀ ਹੈ। ਅਸਲ ਵਿਚ ਤਾਂ 'ਪਿ' ਅਗੇਤਰ ਲੱਗ ਕੇ ਬਣਿਆ ਪਿਘਲਣਾ ਸ਼ਬਦ ਵੀ ਇਸੇ ਤੋਂ ਬਣਿਆ। ਨਿਗਰਨਾ ਵੀ ਇਸੇ ਮੂਲ ਦਾ ਕੌਤਕ ਹੈ। ਗਰਨਾ ਸ਼ਬਦ ਵੀ ਗਲਣਾ ਦਾ ਹੀ ਸਕਾ ਭਰਾ ਹੈ ਜਿਸ ਦਾ ਅਰਥ ਕੁਝ ਵਖਰਾ ਵੀ ਹੈ, ਯਾਨਿ ਭਿਜ ਕੇ ਨਰਮ ਹੋਣਾ। ਪਾਣੀ ਵਿਚ ਦੱਬੇ ਸਣ ਦੇ ਪੂਲੇ ਨੂੰ ਵੀ ਗਰਨਾ ਆਖਦੇ ਹਨ। ਜ਼ਹਿਰ ਦੇ ਅਰਥਾਂ ਵਾਲਾ ਗਰਲ ਸ਼ਬਦ ਵੀ ਇਸੇ ਧਾਤੂ ਤੋਂ ਨਿਰਮਿਤ ਹੋਇਆ, 'ਗਰਲ ਨਾਸ ਤਨਿ ਨਠਿਯੋ ਅਮਿਉ ਅੰਤਰਗਤਿ ਪੀਓ॥' -ਭਟ ਕਲ-ਸਹਾਰ ਅਰਥਾਤ ਨਾਸ ਕਰਨ ਵਾਲਾ ਮਾਇਆ ਰੂਪੀ ਜ਼ਹਿਰ ਸਰੀਰ ਵਿਚੋਂ ਭੱਜ ਗਿਆ ਹੈ ਅਤੇ ਤੂੰ ਅੰਤਰ ਆਤਮਾ ਵਿਚ ਨਾਮ ਰੂਪੀ ਅੰਮ੍ਰਿਤ ਪੀ ਲਿਆ ਹੈ। ਇਸ ਵਿਚ ਜ਼ਹਿਰ ਦੇ ਨਿਗਲਣ ਅਰਥਾਤ ਪੀਣ ਵਾਲੀ ਚੀਜ਼ ਹੋਣ ਦਾ ਭਾਵ ਨਿਹਿਤ ਹੈ। ਇਸੇ ਧਾਤੂ ਤੋਂ ਗੱਲਾ ਅਤੇ ਗੋਲਕ ਸ਼ਬਦ ਬਣੇ ਜੋ ਮਾਇਆ ਨੂੰ ਬੋਚ ਲੈਂਦੇ ਹਨ।

ਇਸ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਸਕੇ ਸ਼ਬਦ ਮਿਲਦੇ ਹਨ। ਫਾਰਸੀ ਵਿਚ ਗਲ ਨੂੰ ਗੁਲੂ ਆਖਦੇ ਹਨ। ਇਸੇ ਤੋਂ ਗੁਲੂਬੰਦ ਸ਼ਬਦ ਬਣਿਆ। ਗਰਦਨ ਸ਼ਬਦ ਵਿਚ ਵੀ ਇਹੀ ਧਾਤੂ ਕਾਰਜਸ਼ੀਲ ਹੈ। ਲਾਤੀਨੀ ਵਿਚ gula ਸ਼ਬਦ ਦਾ ਅਰਥ ਗਲਾ ਹੁੰਦਾ ਹੈ। ਅੰਗਰੇਜ਼ੀ ਦਾ gullet ਸ਼ਬਦ ਵੀ ਇਸੇ ਨਾਲ ਜਾ ਜੁੜਦਾ ਹੈ ਜਿਸ ਦਾ ਅਰਥ ਗਲਾ, ਧੌਣ, ਬੋਤਲ ਆਦਿ ਦਾ ਗਲਮਾ ਹੁੰਦਾ ਹੈ। ਇਸੇ ਤੋਂ ਅੰਗਰੇਜ਼ੀ ਸ਼ਬਦ gorge (ਗਲਾ), gutter (ਨਾਲਾ), gully (ਘਰਾਲ), goitre (ਗਲਗੰਢ) ਸ਼ਬਦ ਬਣੇ ਹਨ।

# ਨਾਵਲ ਮਾਇਆ ਬਾਰੇ ਚਰਚਾ ਪਾਣੀ 'ਚ ਮਧਾਣੀ

ਬੀਤੇ ਹਫ਼ਤੇ ਦੀ 'ਪੰਜਾਬ ਟਾਈਮਜ਼' (24 ਅਗਸਤ) ਵਿਚ ਗੁਰਦਿਆਲ ਸਿੰਘ ਬਲ ਦੇ ਲੰਮੇ ਲੇਖ ਦੀ ਤੀਜੀ ਕਿਸ਼ਤ ਪੜ੍ਹੀ। ਇਹ ਲੇਖ ਲੜੀ ਸੁਰਿੰਦਰ ਨੀਰ ਦੇ ਨਾਵਲ 'ਮਾਇਆ' ਦੀ ਚੀਰ-ਫਾੜ ਵਜੋਂ ਲਿਖੀ ਗਈ ਹੈ। ਕੌਮਾਂਤਰੀ ਸਾਹਿਤ ਪੜ੍ਹਾਕੂ ਹੋਣ ਨਾਤੇ ਸ੍ਰੀ ਬੱਲ ਨੇ 'ਮਾਇਆ' ਦੇ ਪਾਤਰਾਂ ਦੇ ਕਿਰਦਾਰਾਂ ਦੀ ਪੁਣ-ਛਾਣ ਕਰਦਿਆਂ ਜਗਤ ਪ੍ਰਸਿੱਧ ਨਾਵਲਾਂ ਦੇ ਬਿਰਤਾਂਤ ਨਾਲ ਉਨ੍ਹਾਂ ਦਾ ਟਾਕਰਾ ਵੀ ਕੀਤਾ ਹੈ। ਸ੍ਰੀ ਬੱਲ ਦੀ ਅਥਾਹ ਜਾਣਕਾਰੀ ਤੋਂ ਬਲਿਹਾਰ ਜਾਣ ਨੂੰ ਜੀ ਕਰਦਾ ਹੈ ਅਤੇ ਉਨ੍ਹਾਂ ਦੀ ਲਿਖਣ-ਸ਼ੈਲੀ ਆਪਣੀ ਮਿਸਾਲ ਆਪ ਹੈ, ਪਰ ਉਹ ਵੱਖ-ਵੱਖ ਨਾਵਲਾਂ ਦਾ ਵਿਸ਼ਲੇਸ਼ਣ ਕਰਦਿਆਂ ਉਕਾਈ ਖਾਂਦੇ ਜਾਪਦੇ ਹਨ, ਜਦੋਂ ਉਹ ਵੱਖ-ਵੱਖ ਸਭਿਆਚਾਰਾਂ ਤੋਂ ਉਪਜੇ ਵਾਕਿਆਤ ਨੂੰ ਇਕੋ ਨਜ਼ਰੀਏ ਨਾਲ ਮਾਪਣ ਦਾ ਯਤਨ ਕਰਦੇ ਹਨ।

ਮਿਸਾਲ ਵਜੋਂ ਤੀਜੀ ਕਿਸ਼ਤ ਵਿਚ ਉਹ ਔਰਤ ਨੂੰ ਮਿਲੀ ਆਜ਼ਾਦੀ ਦੀ ਗੱਲ ਕਰਦਿਆਂ ਲਿਖਦੇ ਹਨ ਕਿ 'ਅੱਜਕੱਲ੍ਹ ਯੂਨੀਵਰਸਿਟੀ ਕੈਂਪਸ 'ਚ ਜੀਨ ਪਹਿਨੀ ਕੁੜੀਆਂ ਨੂੰ ਭੱਜ-ਭੱਜ ਆਪਣੇ ਹਾਣੀਆਂ ਨੂੰ ਮਿਲਦਿਆਂ ਜਦੋਂ ਦੇਖੀਦਾ ਹੈ ਤਾਂ ਮਨ ਨੂੰ ਬੇਹੱਦ ਤਸੱਲੀ ਹੁੰਦੀ ਹੈ...ਸਾਡੇ ਜਿਉਂਦੇ ਜੀਅ ਕੁੜੀਆਂ ਨੂੰ ਸਵੈ-ਪ੍ਰਗਟਾਵੇ ਲਈ ਮਿਲੀ ਖੁੱਲ੍ਹ ਦਾ ਇਨਕਲਾਬ ਕੀ ਨਿੱਕੀ ਕਰਾਮਾਤ ਨਹੀਂ?'

ਇਹ ਦ੍ਰਿਸ਼ ਕਿਸੇ ਪੱਛਮੀ ਦੇਸ਼ ਦੀ ਯੂਨੀਵਰਸਿਟੀ ਵਿਚ ਤਾਂ ਮੰਨਿਆ ਜਾ ਸਕਦਾ ਹੈ, ਪਰ ਕੀ ਇਹ ਸਾਡੇ ਭਾਰਤ ਦੀ ਸੱਭਿਅਕ ਵਿਰਾਸਤ ਦੇ ਅਨੁਕੂਲ ਹੈ? ਕੀ ਕੁੜੀਆਂ ਲਈ ਸਵੈ-ਪ੍ਰਗਟਾਵੇ ਦਾ ਇਹੋ ਇਕ ਵਸੀਲਾ ਰਹਿ ਗਿਆ ਹੈ ਕਿ ਉਹ ਟਪੂਸੀਆਂ ਮਾਰਦੀਆਂ ਹੋਈਆਂ ਮੁੰਡਿਆਂ ਨੂੰ ਜੱਫੀਆਂ ਪਾਉਣ? ਜਿਸ ਸੀਨ ਨੂੰ ਸ੍ਰੀ ਬੱਲ ਬਾਗੋ-ਬਾਗ ਹੁੰਦਿਆਂ, ਨਿੱਕੀ ਕਰਾਮਾਤ ਦੱਸ ਰਹੇ ਹਨ, ਕੀ ਉਸੇ ਸੀਨ ਨੂੰ ਦੇਖ ਕੇ ਉਹ ਬਾਪ ਵੀ ਬਾਘੀਆਂ ਪਾਵੇਗਾ, ਜਿਸ ਦੀ ਆਪਣੀ ਧੀ ਉਸੇ ਕੈਂਪਸ ਦੀ ਵਿਦਿਆਰਥਣ ਹੋਵੇ?

ਮੰਨਿਆ ਕਿ ਨਾਵਲ ਕਹਾਣੀਆਂ ਵਿਚ ਸਥਾਨਕ ਸਮਾਜੀ ਵਰਤਾਰਿਆਂ ਦਾ ਹੀ ਪਰਤੌਅ ਹੁੰਦਾ ਹੈ, ਪਰ ਇਨ੍ਹਾਂ ਦੇ ਪਾਤਰਾਂ ਦੀ ਵਾਗਡੋਰ ਲੇਖਕ ਦੇ ਹੱਥ ਵਿਚ ਹੀ ਹੁੰਦੀ ਹੈ। 'ਇਕ ਸੀ ਰਾਜਾ ਇੱਕ ਸੀ ਰਾਣੀ, ਦੋਨੋਂ ਮਰ ਗਏ ਖ਼ਤਮ ਕਹਾਣੀ' ਕਹਿ ਕੇ ਉਹ ਗੱਲ ਮੁਕਾ ਵੀ ਸਕਦਾ ਹੈ ਤੇ ਰਾਜਿਆਂ ਦੀਆਂ ਰਾਣੀਆਂ ਪਿੱਛੇ ਆਪਸੀ ਲੜਾਈਆਂ ਨੂੰ ਲਮਕਾ-ਲਮਕਾ ਕੇ ਪੋਥੇ ਵੀ ਭਰ ਸਕਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਨਾਵਲੀ ਸੰਸਾਰ ਦੇ ਪਾਤਰਾਂ ਦੇ ਸੁਪਨ-ਸੰਸਾਰ ਨਾਲੋਂ ਯਥਾਰਥ ਕਿਤੇ ਭਿੰਨ ਹੁੰਦਾ ਹੈ, ਪਰ ਚੱਲ ਰਹੀ ਲੇਖ ਲੜੀ ਵਿਚ ਸ੍ਰੀ ਬੱਲ ਵੱਖ-ਵੱਖ ਨਾਵਲਾਂ ਦੇ ਪਾਤਰਾਂ ਨੂੰ ਯਥਾਰਥ ਵਜੋਂ ਚਿਤਵਦਿਆਂ ਆਪਣੀ ਲਿਖਤ ਨੂੰ ਲੱਸੀ 'ਚ ਪਾਣੀ ਪਾਉਣ ਵਾਂਗ ਵਧਾਈ ਜਾ ਰਹੇ ਹਨ। ਮੈਨੂੰ ਤਾਂ ਇਹ ਵੀ ਸਮਝ ਨਹੀਂ ਆਉਂਦੀ ਕਿ ਪੰਜਾਬ ਟਾਈਮਜ਼ ਅਜਿਹੀ ਖਿਲਾਰੇ ਵਾਲੀ ਲਿਖਤ ਕਿਉਂ ਛਾਪੀ ਜਾ ਰਿਹਾ ਹੈ, ਜਦੋਂਕਿ ਇਹੋ ਥਾਂ ਪਾਠਕਾਂ ਦੀ ਦਿਲਚਸਪੀ ਵਾਲੀ ਹੋਰ ਸਮਗਰੀ ਲਈ ਵਰਤੀ ਜਾ ਸਕਦੀ ਹੈ। ਸੁਰਿੰਦਰ ਨੀਰ ਨੂੰ ਜਿਸ ਤਰ੍ਹਾਂ ਸ੍ਰੀ ਬੱਲ ਚੜ੍ਹਾ ਰਹੇ ਹਨ, ਮੈਨੂੰ ਤਾਂ ਇਹ ਨਹੀਂ ਸਮਝ ਨਹੀਂ ਆਉਂਦੀ ਕਿ ਕੀ ਉਹ ਦਾਸਤੋਵਸਕੀ ਹੈ, ਮੈਕਸਿਮ ਗੋਰਕੀ ਜਾਂ ਫਿਰ ਫਰਾਂਜ ਕਾਫਕਾ? ਸ੍ਰੀ ਬੱਲ ਜਿਹੇ ਦਰਵੇਸ਼ ਚਿੰਤਕਾਂ ਨੂੰ ਤਾਂ ਡੁੱਬਦੇ ਜਾ ਰਹੇ ਆਪਣੇ ਪੰਜਾਬ ਲਈ ਕੋਈ ਸਾਰਥਕ ਉਪਰਾਲੇ ਬੰਨ੍ਹਣ ਵਿਚ ਜੁੱਟ ਜਾਣਾ ਚਾਹੀਦਾ ਹੈ। ਨਾਟਕਾਂ ਨਾਵਲਾਂ ਦੀਆਂ ਕਹਾਣੀਆਂ ਦੇ ਪਾਣੀ 'ਚ ਮਧਾਣੀ ਪਾਉਣ ਵਾਲੇ ਹੋਰ ਬਥੇਰੇ ਲਿਖਾਰੀ ਹਨ।

*-ਕਮਿੱਕਰ ਸਿੰਘ ਹੇਵਰਡ*

## ਜਾਗ ਵੇ ਮਨਮੋਹਨ ਸਿੰਘਾ, ਜਾਗ!

'ਪੰਜਾਬ ਟਾਈਮਜ਼' (24 ਅਗਸਤ, 2013) ਦੇ ਪਹਿਲੇ ਹੀ ਸਫੇ ਉਤੇ ਮੋਟੇ ਅੱਖਰਾਂ ਵਿਚ 'ਮਨਮੋਹਨ ਸਿੰਘ ਦਾ ਆਰਥਿਕ ਸੁਪਨ-ਸੰਸਾਰ ਟੋਟੇ ਟੋਟੇ' ਦਿਸਿਆ। ਡਾ. ਮਨਮੋਹਨ ਸਿੰਘ ਸੰਸਾਰ ਭਰ ਵਿਚ ਮਸ਼ਹੂਰ ਅਰਥ-ਸ਼ਾਸਤਰੀ ਹਨ। ਕੌਮਾਂਤਰੀ ਪੱਧਰ ਦੀਆਂ ਆਰਥਿਕ ਸੰਸਥਾਵਾਂ ਵਿਚ ਉਨ੍ਹਾਂ ਨੇ ਕੰਮ ਕੀਤਾ ਹੈ। ਖਬਰ ਦਾ ਇਹ ਵਿਸ਼ਲੇਸ਼ਣ ਬਿਲਕੁਲ ਸਹੀ ਹੈ ਕਿ ਤਕਰੀਬਨ ਢਾਈ ਦਹਾਕਿਆਂ ਤੋਂ ਭਾਰਤ ਵਿਚ ਉਨ੍ਹਾਂ ਦੀਆਂ ਨੀਤੀਆਂ ਹੀ ਚੱਲ ਰਹੀਆਂ ਹਨ ਫਿਰ ਵੀ ਆਰਥਿਕਤਾ ਦਾ ਕੋਈ ਮੂੰਹ-ਮੱਥਾ ਨਹੀਂ ਬਣ ਰਿਹਾ। ਇਹੀ ਨਹੀਂ, ਉਨ੍ਹਾਂ ਦਾ ਵਿਤ ਮੰਤਰੀ ਪੀ. ਚਿਦੰਬਰਮ ਜੋ ਖੁਦ ਆਰਥਿਕ ਮਾਹਿਰ ਹੋਣ ਦਾ ਦਾਅਵੇਦਾਰ ਹੈ, ਫੇਲ੍ਹ ਸਾਬਤ ਹੋ ਰਿਹਾ ਹੈ। ਯੋਜਨਾ ਕਮਿਸ਼ਨ ਦਾ ਡਿਪਟੀ ਚੇਅਰਮੈਨ ਮੌਨਟੇਕ ਸਿੰਘ ਜਿਸ ਨੇ ਆਪਣੀ ਚਤੁਰਾਈ ਨਾਲ ਅੰਕੜਿਆਂ ਵਿਚ ਗਰੀਬਾਂ ਦੀ ਗਿਣਤੀ ਹੀ ਘਟਾ ਦਿੱਤੀ ਹੈ, ਇਸ ਮਾਮਲੇ ਵਿਚ ਚੌਫਾਲ ਡਿਗਿਆ ਦਿਸਦਾ ਹੈ।

ਭਾਰਤੀ ਰਿਜ਼ਰਵ ਬੈਂਕ ਦਾ ਗਵਰਨਰ ਵੀ ਆਰਥਿਕ ਮਾਹਿਰ ਹੀ ਹੈ। ਇਨ੍ਹਾਂ ਨਾਲ ਆਰਥਿਕ ਮਾਹਿਰਾਂ ਦੀ ਹੋਰ ਟੀਮ ਵੀ ਜ਼ਰੂਰ ਹੋਵੇਗੀ, ਪਰ ਕੀ ਕਾਰਨ ਹੈ ਕਿ ਇਨ੍ਹਾਂ ਸਾਰਿਆਂ ਤੋਂ ਭਾਰਤ ਦੀ ਨਿੱਘਰ ਰਹੀ ਆਰਥਿਕਤਾ ਸਾਂਭੀ ਨਹੀਂ ਜਾ ਰਹੀ? ਆਪਣੀਆਂ ਨੀਤੀਆਂ ਬਾਰੇ ਮੁੜ ਵਿਚਾਰ ਕਰਨ ਦਾ ਇਹ ਨਾਂ ਤੱਕ ਨਹੀਂ ਲੈਂਦੇ। ਲੋਕਾਂ ਦਾ ਸਾਹ ਤਾਂ ਹੋਰ ਬਥੇਰੇ ਮਸਲਿਆਂ ਕਰ ਕੇ ਨਿਕਲਿਆ ਪਿਆ ਹੈ। ਉਤੋਂ ਹੁਣ ਮਾਇਆ ਦੀ ਇਹ ਮਾਰ ਪੈ ਰਹੀ ਹੈ। ਕੀ ਇਹ ਕਿਸੇ ਅੱਗੇ ਜਵਾਬਦੇਹ ਨਹੀਂ ਹਨ? ਭਾਰਤ ਦੀ ਜਨਤਾ ਦਾ ਤਾਂ ਹੁਣ ਰੱਬ ਹੀ ਰਾਖਾ ਹੈ।

*-ਜਗਜੀਤ ਸਿੰਘ ਸੇਖੋਂ, ਹਿਊਸਟਨ*

## ਸੰਪਾਦਕ ਦੀ ਡਾਕ

### ਫਿਲਮਸਾਜ਼ ਜਤਿੰਦਰ ਮੌਹਰ ਦਾ ਕਾਲਮ

ਫਿਲਮਸਾਜ਼ ਜਤਿੰਦਰ ਮੌਹਰ ਦਾ ਕਾਲਮ ਮੁੜ ਸ਼ੁਰੂ ਹੋਣ 'ਤੇ ਬੜੀ ਖੁਸ਼ੀ ਹੋਈ ਹੈ। ਮੈਂ 'ਪੰਜਾਬ ਟਾਈਮਜ਼' ਵਿਚ ਪਹਿਲਾਂ ਛਪਦਾ ਇਹਦਾ ਕਾਲਮ 'ਪਹਿਲੀ ਗੱਲ' ਪੜ੍ਹਦਾ ਰਿਹਾ ਹਾਂ। ਮੈਂ ਕੋਈ ਤਾਰੀਫ ਨਹੀਂ ਕਰ ਰਿਹਾ, ਉਹ ਕਾਲਮ ਪੜ੍ਹ ਕੇ ਹੀ ਮੈਨੂੰ ਫਿਲਮਾਂ ਦੇਖਣ ਦੀ ਜਾਚ ਆਈ। ਇਹ ਛੋਟਾ ਮੂੰਹ ਵੱਡੀ ਗੱਲ ਹੈ, ਪਰ ਹੈ ਸੱਚੀ।

ਜਤਿੰਦਰ ਮੌਹਰ ਨੇ ਆਪਣੇ ਕਾਲਮ ਵਿਚ ਜਿਹੜੀਆਂ ਫਿਲਮਾਂ ਬਾਰੇ ਚਰਚਾ ਕੀਤੀ ਸੀ, ਮੈਂ ਉਨ੍ਹਾਂ ਵਿਚੋਂ ਇਕ-ਦੋ ਹੀ ਦੇਖੀਆ ਸਨ, ਪਰ ਜਿਸ ਤਰ੍ਹਾਂ ਜਤਿੰਦਰ ਫਿਲਮ ਦੀ ਕਹਾਣੀ ਨੂੰ ਜ਼ਿੰਦਗੀ ਨਾਲ ਜੋੜਦਾ ਹੈ, ਉਸ ਨਾਲ ਫਿਲਮ ਦੇ ਅਰਥ ਹੀ ਬਦਲ ਜਾਂਦੇ ਹਨ। ਜਿਨ੍ਹਾਂ ਸਾਧਾਰਨ ਦਿਸਦੀਆਂ ਚੀਜ਼ਾਂ ਨੂੰ ਅਸੀਂ ਬਹੁਤੀ ਵਾਰ ਅਣਗੌਲਿਆ ਕਰ ਦਿੰਦੇ ਹਾਂ, ਜਤਿੰਦਰ ਉਨ੍ਹਾਂ ਦੀਆਂ ਜੜ੍ਹਾਂ ਫਰੋਲਦਾ-ਫਰੋਲਦਾ ਸੱਚ ਉਜਾਗਰ ਕਰਦਾ ਹੈ। ਮੈਨੂੰ ਭਾਵੇਂ ਕੰਪਿਊਟਰ ਚਲਾਉਣ ਦੀ ਬਹੁਤੀ ਜਾਣਕਾਰੀ ਨਹੀਂ ਪਰ ਮੈਂ ਜਤਿੰਦਰ ਮੌਹਰ ਦੇ ਕਾਲਮ 'ਕਲਾ ਤੇ ਜ਼ਿੰਦਗੀ' ਵਿਚ ਜਿਨ੍ਹਾਂ ਫਿਲਮਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਵਿਚੋਂ ਦੋ ਤਾਂ ਮੈਂ ਆਪਣੀ ਧੀ ਨੂੰ ਕਹਿ ਕੇ ਡਾਊਨਲੋਡ ਵੀ ਕਰਵਾ ਲਈਆਂ ਹਨ।

*-ਗੁਰਬਖਸ਼ ਸਿੰਘ ਸੋਢੀ*
*ਇੰਡੀਅਨਐਪੋਲਿਸ, ਇੰਡੀਆਨਾ।*

# ਜਦੋਂ ਪਾਰ ਲੰਘਾਉਣ ਵਾਲੇ ਹੀ ਬੇੜਾ ਡੋਬਣ ਲੱਗ ਪੈਣ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਈ ਗੁਰਦਾਸ ਜੀ ਨੇ ਇੱਕ ਥਾਂ ਇਹ ਕੌੜਾ ਸੱਚ ਲਿਖਿਆ ਹੈ,

ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ॥
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥

ਭਾਵ ਇਸ ਦਾ ਇਹ ਹੈ ਕਿ ਜੇ ਪਹਿਰੇਦਾਰ ਨੇ ਘਰ ਭੰਨ ਲੈਣਾ ਹੈ ਤਾਂ ਬਚਾਵੇਗਾ ਕੌਣ? ਜੇ ਪਾਤਣੀ (ਮਲਾਹ) ਨੇ ਬੇੜੀ ਡੋਬ ਦੇਣੀ ਹੈ ਤਾਂ ਪਾਰ ਕੌਣ ਲਾਵੇਗਾ? ਆਗੂ ਹੀ ਕੁਰਾਹੇ ਲੈ ਕੇ ਤੁਰ ਪਿਆ ਤਾਂ ਪੁਕਾਰ ਕਿਸ ਨੂੰ ਕਰਾਂਗੇ? ਜਦੋਂ ਖੇਤ ਨੂੰ ਵਾੜ ਹੀ ਖਾਣ ਲੱਗ ਪਈ ਤਾਂ ਇਸ ਦਾ ਬਚਾਅ ਕੌਣ ਕਰੇਗਾ? ਇਹ ਸਾਰੇ ਵਿਚਾਰ ਸਾਡੇ ਮਨ ਵਿਚ ਉਸ ਵੇਲੇ ਆਏ, ਜਦੋਂ ਇਹ ਖਬਰ ਪੜ੍ਹੀ ਕਿ ਭਾਰਤ ਸਰਕਾਰ ਨੇ ਦਾਗੀ ਰਾਜਸੀ ਆਗੂਆਂ ਦਾ ਬਚਾਅ ਕਰਨ ਲਈ ਲੋਕ ਪ੍ਰਤੀਨਿਧਤਾ ਕਾਨੂੰਨ ਵਿਚ ਸੋਧ ਕਰਨ ਦਾ ਫੈਸਲਾ ਕਰ ਲਿਆ ਹੈ। ਇਹ ਕਦਮ ਸਰਕਾਰ ਨੂੰ ਇਸ ਲਈ ਚੁੱਕਣਾ ਪਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਇਹ ਫੈਸਲਾ ਦੇ ਦਿੱਤਾ ਸੀ ਕਿ ਜਿਹੜੇ ਚੁਣੇ ਹੋਏ ਪ੍ਰਤੀਨਿਧਾਂ ਦੇ ਖਿਲਾਫ਼ ਕਿਸੇ ਅਦਾਲਤ ਵੱਲੋਂ ਦੋਸ਼ੀ ਠਹਿਰਾਉਣ ਦਾ ਫੈਸਲਾ ਆ ਜਾਵੇ, ਉਨ੍ਹਾਂ ਦੀ ਮੈਂਬਰੀ ਉਸੇ ਵੇਲੇ ਖਤਮ ਕਰ ਦਿੱਤੀ ਜਾਵੇ।



ਬਾਬੂ ਭਾਈ ਕਟਾਰਾ



ਨਵਜੋਤ ਸਿੱਧੂ

ਜਦੋਂ ਸੁਪਰੀਮ ਕੋਰਟ ਦਾ ਉਹ ਹੁਕਮ ਆਇਆ ਸੀ ਜਿਸ ਨੂੰ ਲਾਗੂ ਹੋਣ ਤੋਂ ਰੋਕਣ ਲਈ ਹੁਣ ਕੇਂਦਰ ਵਿਚ ਰਾਜ ਕਰਦੇ ਗੱਠਜੋੜ ਨੇ ਸਰਬ ਸੰਮਤੀ ਨਾਲ ਫੈਸਲਾ ਕਰ ਲਿਆ ਤੇ ਵਿਰੋਧੀ ਧਿਰ ਵੀ ਸਹਿਮਤ ਹੈ, ਉਦੋਂ ਉਸ ਹੁਕਮ ਦਾ ਆਮ ਕਰ ਕੇ ਸਾਰਿਆਂ ਨੇ ਤੱਤੇ ਘਾਹ ਸਵਾਗਤ ਹੀ ਕੀਤਾ ਸੀ। ਬਾਅਦ ਵਿਚ ਇਹ ਗੱਲ ਚੱਲ ਪਈ ਕਿ ਜਦੋਂ ਇਸ ਦੇਸ਼ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ; ਤੇ ਕੁਝ ਛੋਟੀਆਂ ਪਾਰਟੀਆਂ ਦੇ ਵੀ, ਕਈ ਆਗੂ ਫੌਜਦਾਰੀ ਕੇਸ ਭੁਗਤ ਰਹੇ ਹਨ, ਕੱਲ੍ਹ ਨੂੰ ਉਨ੍ਹਾਂ ਵਿਚੋਂ ਕਿਸੇ ਦੇ ਖਿਲਾਫ ਵੀ ਅਦਾਲਤ ਹੁਕਮ ਦੇ ਸਕਦੀ ਹੈ, ਇਸ ਲਈ ਬਗੈਰ ਵਿਤਕਰੇ ਤੋਂ 'ਸਰਬੱਤ ਦੇ ਭਲੇ' ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਇਸ ਹੁਕਮ ਨੂੰ ਲਾਗੂ ਹੋਣ ਤੋਂ ਰੋਕ ਦਿੱਤਾ ਜਾਵੇ। ਮੁੱਢ ਕੇਂਦਰ ਵਿਚ ਰਾਜ ਕਰਦੀ ਧਿਰ ਨੇ ਬੰਨ੍ਹਿਆ ਤੇ ਬਾਕੀ ਧਿਰਾਂ ਵਾਲੇ ਵੀ ਮੰਨ ਗਏ। ਦੇਸ਼ ਦਾ ਸੰਵਿਧਾਨ 'ਹਮ ਭਾਰਤ ਕੇ ਲੋਗ' ਦੇ ਐਲਾਨ ਨਾਲ ਸ਼ੁਰੂ ਹੁੰਦਾ ਹੈ ਤੇ 'ਭਾਰਤ ਕੇ ਲੋਗ' ਇਸ ਮਾਮਲੇ ਵਿਚ ਕੀ ਚਾਹੁੰਦੇ ਹਨ, ਇਸ ਦਾ ਕੋਈ ਸਰਵੇਖਣ ਕਰਵਾਏ ਬਗੈਰ ਉਨ੍ਹਾਂ ਦੇ ਹਿੱਤਾਂ ਤੇ ਸੋਚ ਉਤੇ ਸੱਟ ਮਾਰਨ ਦਾ ਇਹ ਫੈਸਲਾ ਕਰਨ ਲਈ ਸਾਡੇ ਆਗੂ ਤੁਰ ਪਏ ਹਨ। ਆਖਰ ਉਹ ਇਸ ਰਸਤੇ ਤੁਰ ਕਿਉਂ ਪਏ, ਇਸ ਨੂੰ ਸਮਝਣ ਲਈ ਬਹੁਤਾ ਮੱਥਾ ਮਾਰਨ ਦੀ ਲੋੜ ਨਹੀਂ।

ਇੱਕ ਮੌਕਾ ਉਹ ਵੀ ਸੀ, ਜਦੋਂ ਭਾਰਤ ਦੀ ਆਜ਼ਾਦੀ ਦੀ ਪੰਜਾਹਵੀਂ ਵਰ੍ਹੇਗੰਢ ਮੌਕੇ ਦੇਸ਼ ਦੀ ਪਾਰਲੀਮੈਂਟ ਵੱਲੋਂ ਉਚੇਚਾ ਇਜਲਾਸ ਕੀਤਾ ਗਿਆ ਤੇ ਇਹ ਗੱਲਾਂ ਕੀਤੀਆਂ ਗਈਆਂ ਸਨ ਕਿ ਜਨਤਕ ਸੇਵਾ ਦੇ ਖੇਤਰ ਵਿਚੋਂ ਅਪਰਾਧੀ ਤੱਤਾਂ ਦਾ ਦਾਖਲਾ ਰੋਕਣਾ ਚਾਹੀਦਾ ਹੈ। ਭਾਸ਼ਣ ਦੇਣ ਵਾਲਿਆਂ ਵਿਚ ਉਹ ਰਾਜਸੀ ਆਗੂ ਵੀ ਸ਼ਾਮਲ ਸਨ ਜਿਨ੍ਹਾਂ ਦੇ ਆਪਣੇ ਖਿਲਾਫ ਕੇਸਾਂ ਦੀ ਸੁਣਵਾਈ ਚੱਲ ਰਹੀ ਸੀ। ਲੋਕ ਉਨ੍ਹਾਂ ਦੀ ਦੀਦਾ-ਦਲੇਰੀ ਉਤੇ ਹੈਰਾਨ ਸਨ ਕਿ ਮੁਕੱਦਮੇ ਭੁਗਤਦੇ ਵੇਖੇ ਜਾਂਦੇ ਆਗੂ ਵੀ ਇਹ ਕਹਿੰਦੇ ਹਨ ਕਿ ਰਾਜਨੀਤੀ ਵਿਚ ਅਪਰਾਧੀਕਰਨ ਰੋਕਣ ਦੇ ਪੱਕੇ ਪ੍ਰਬੰਧ ਕਰਨ ਲਈ ਕੁਝ ਕਰਨਾ ਚਾਹੀਦਾ ਹੈ। ਅਸੀਂ ਪੰਜਾਬ ਵਿਚ ਇਹ ਅਖਾਣ ਸੁਣਿਆ ਸੀ ਕਿ ਕੁਝ ਬੀਬੀਆਂ ਦੇ ਮਾੜੇ ਕਿਰਦਾਰ ਤੋਂ ਤੰਗ ਮੁਹੱਲੇ ਦੀਆਂ ਬਾਕੀ ਬੀਬੀਆਂ ਨੇ ਫੈਸਲਾ ਕੀਤਾ ਸੀ ਕਿ ਇਨ੍ਹਾਂ ਨੂੰ ਮੁਹੱਲਾ ਛੱਡ ਜਾਣ ਨੂੰ ਕਹਿ ਦਿੱਤਾ ਜਾਵੇ। ਅਗਲੀ ਸਵੇਰ ਉਨ੍ਹਾਂ ਦੇ ਉਠਣ ਤੋਂ ਪਹਿਲਾਂ ਉਹੋ ਮਾੜੇ ਕਿਰਦਾਰ ਵਾਲੀਆਂ ਬੀਬੀਆਂ ਆ ਕੇ ਕਹਿਣ ਲੱਗ ਪਈਆਂ ਕਿ ਆਓ ਪਹਿਲਾਂ ਮਾੜੀਆਂ ਬੀਬੀਆਂ ਕੱਢਣ ਦਾ ਕੰਮ ਕਰ ਆਈਏ, ਰੋਟੀ ਫਿਰ ਪਕਾ ਲਵਾਂਗੀਆਂ। ਇਹ ਤਾਂ ਸਿਰਫ ਅਖਾਣ ਸੀ, ਪਾਰਲੀਮੈਂਟ ਵਿਚ ਸਚਮੁੱਚ ਇਹੋ ਕਹਾਣੀ ਦੁਹਰਾਈ ਜਾਣ ਦੀ ਗੱਲ ਵਾਪਰਦੀ ਲੋਕਾਂ ਨੇ ਵੇਖ ਲਈ ਸੀ।

ਪਾਰਲੀਮੈਂਟ ਦੇ ਅੰਦਰ ਦੀ ਸਥਿਤੀ ਕੀ ਹੈ, ਇਸ ਬਾਰੇ ਜਾਣਨਾ ਹੋਵੇ ਤਾਂ ਪਾਰਲੀਮੈਂਟ ਵਿਚੋਂ ਅਧਿਕਾਰਤ ਅੰਕੜੇ ਲੱਭਣੇ ਔਖੇ ਹਨ, ਪਰ ਮੀਡੀਏ ਵਿਚ ਮੌਜੂਦ ਹਨ। ਇਸ ਵਾਰੀ ਦੀ ਲੋਕ ਸਭਾ ਵਿਚ ਇੱਕ ਮੈਂਬਰ ਭਾਜਪਾ ਤੇ ਇੱਕ ਜਨਤਾ ਦਲ (ਯੂ) ਵਾਲਿਆਂ ਦਾ ਉਦੋਂ ਜਿੱਤ ਕੇ ਆ ਗਿਆ, ਜਦੋਂ ਉਸ ਖਿਲਾਫ ਅਦਾਲਤ ਵਿਚੋਂ ਦੋਸ਼ੀ ਹੋਣ ਦਾ ਫੈਸਲਾ ਅਤੇ ਸਜ਼ਾ ਦਾ ਹੁਕਮ ਆ ਚੁੱਕਾ ਸੀ। ਥੋੜ੍ਹਾ ਚਿਰ ਬਾਅਦ ਕਾਂਗਰਸ ਦੇ ਇੱਕ ਪਾਰਲੀਮੈਂਟ ਮੈਂਬਰ ਨੂੰ ਉਤਰ ਪ੍ਰਦੇਸ਼ ਦੀ ਇਕ ਅਦਾਲਤ ਦੇ ਹੁਕਮ ਨਾਲ ਦੋਸ਼ੀ ਕਰਾਰ ਦੇ ਕੇ ਜੇਲ੍ਹ ਭੇਜੇ ਜਾਣ ਬਾਰੇ ਪਾਰਲੀਮੈਂਟ ਨੂੰ ਸੂਚਨਾ ਦੀ ਚਿੱਠੀ ਪਹੁੰਚ ਗਈ। ਮੌਜੂਦਾ ਪਾਰਲੀਮੈਂਟ ਦੇ ਕਰੀਬ ਤੀਹ ਫੀਸਦੀ ਮੈਂਬਰ ਇਹੋ ਜਿਹੇ ਹਨ ਜਿਨ੍ਹਾਂ ਖਿਲਾਫ ਕਤਲ ਤੇ ਇਰਾਦਾ ਕਤਲ ਤੋਂ ਇਲਾਵਾ ਠੱਗੀ, ਡਾਕੇ ਅਤੇ ਬਲਾਤਕਾਰ ਤੱਕ ਦੇ ਦੋਸ਼ ਲੱਗੇ ਹੋਏ ਹਨ। ਇਨ੍ਹਾਂ ਸਾਰਿਆਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਦੋਸ਼ ਹੀ ਲੱਗੇ ਹਨ, ਹਾਲੇ ਸਾਬਤ ਨਹੀਂ ਹੋਏ, ਪਰ ਜਿਨ੍ਹਾਂ ਖਿਲਾਫ ਸਾਬਤ ਹੋ ਚੁੱਕੇ ਹਨ ਤੇ ਉਹ ਹਾਲੇ ਤੱਕ ਪਾਰਲੀਮੈਂਟ ਵਿਚ ਬੈਠੇ ਹੋਏ ਹਨ ਤੇ ਉਨ੍ਹਾਂ ਦੀ ਇਹ ਦਲੀਲ ਹੈ ਕਿ ਉਨ੍ਹਾਂ ਨੇ ਉਪਰਲੀ ਅਦਾਲਤ ਵਿਚ ਫੈਸਲੇ ਨੂੰ ਚੁਣੌਤੀ ਦੇ ਦਿੱਤੀ ਹੈ ਜਿੱਥੋਂ ਉਹ ਬਰੀ ਵੀ ਹੋ ਸਕਦੇ ਹਨ। ਜੇ ਇਹ ਗੱਲ ਉਨ੍ਹਾਂ ਬਾਰੇ ਮੰਨੀ ਜਾਣੀ ਠੀਕ ਹੈ ਤਾਂ ਫਿਰ ਆਮ ਆਦਮੀ ਲਈ ਵੀ ਇਹ ਕਾਨੂੰਨ ਨਹੀਂ ਹੋਣਾ ਚਾਹੀਦਾ ਕਿ ਉਹ ਸਜ਼ਾ ਹੋਣ ਪਿੱਛੋਂ ਵੋਟ ਦੇਣ ਦਾ ਹੱਕਦਾਰ ਨਹੀਂ ਹੋਵੇਗਾ। ਲੀਡਰਾਂ ਲਈ ਹੋਰ ਕਾਨੂੰਨ ਹਨ ਤੇ ਲੋਕਾਂ ਲਈ ਹੋਰ। ਬੀਬੀ ਜਗੀਰ ਕੌਰ ਆਪਣੀ ਧੀ ਦੇ ਕਤਲ ਦੇ ਕੇਸ ਵਿਚ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਕਰ ਕੇ ਸਜ਼ਾ ਦੀ ਭਾਗੀ ਬਣ ਚੁੱਕੀ ਹੈ ਤੇ ਇਸ ਦੇ ਬਾਵਜੂਦ ਉਹ ਰਾਸ਼ਟਰਪਤੀ ਦੀ ਚੋਣ ਵਿਚ ਵੋਟ ਪਾ ਸਕਦੀ ਹੈ, ਪਰ ਆਮ ਆਦਮੀ ਇਹੋ ਜਿਹੀ ਸਥਿਤੀ ਵਿਚ ਸਰਪੰਚੀ ਲਈ ਵੀ ਵੋਟ ਦੇਣ ਦੀ ਸਥਿਤੀ ਵਿਚ ਨਹੀਂ ਹੁੰਦਾ। ਜਥੇਦਾਰ ਤੋਤਾ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਸਜ਼ਾ ਦੇ ਬਾਵਜੂਦ ਵਿਧਾਨ ਸਭਾ ਦੀ ਮੈਂਬਰੀ ਤੋਂ ਹੱਥ ਨਹੀਂ ਧੋਣਾ ਪਿਆ ਤੇ ਨਵਜੋਤ ਸਿੱਧੂ ਕਤਲ ਦੇ ਕੇਸ ਵਿਚ ਸਜ਼ਾ ਹੋਣ ਦੇ ਬਾਵਜੂਦ ਪਾਰਲੀਮੈਂਟ ਵਿਚ ਬੈਠ ਸਕਦਾ ਹੈ।

ਇੱਕ ਮੌਕਾ ਤਾਮਿਲਨਾਡੂ ਵਿਚ ਆਇਆ ਸੀ ਜਦੋਂ ਉਥੇ ਭ੍ਰਿਸ਼ਟਾਚਾਰ ਦੇ ਜੁਰਮ ਵਿਚ ਬੀਬੀ ਜੈਲਲਿਤਾ ਨੂੰ ਅਦਾਲਤ ਨੇ ਕੈਦ ਦਾ ਹੁਕਮ ਕਰ ਦਿੱਤਾ ਸੀ। ਉਸ ਨੇ ਉਪਰਲੀ ਅਦਾਲਤ ਵਿਚ ਇਸ ਹੁਕਮ ਨੂੰ ਚੁਣੌਤੀ ਦਿੱਤੀ ਤੇ ਜ਼ਮਾਨਤ ਕਰਵਾ ਲਈ। ਅਗਲੀ ਵਾਰੀ ਵਿਧਾਨ ਸਭਾ ਚੋਣਾਂ ਦੇ ਉਸ ਨੇ ਕਾਗਜ਼ ਭਰੇ ਤਾਂ ਉਸ ਹਲਕੇ ਦੇ ਰਿਟਰਨਿੰਗ ਅਫਸਰ ਨੇ ਇਹ ਕਹਿ ਕੇ ਨਾਮਜ਼ਦਗੀ ਕਾਗਜ਼ ਰੱਦ ਕਰ ਦਿੱਤੇ ਸਨ ਕਿ ਉਹ ਸਜ਼ਾ ਹੋਣ ਕਰ ਕੇ ਚੋਣ ਲੜਨ ਦਾ ਹੱਕ ਗੁਆ ਚੁੱਕੀ ਹੈ। ਚੋਣਾਂ ਵਿਚ ਉਸ ਦੀ ਪਾਰਟੀ ਅੰਨਾ ਡੀ.ਐਮ.ਕੇ. ਬਹੁ-ਸੰਮਤੀ ਲੈ ਗਈ। ਬੀਬੀ ਜੈਲਲਿਤਾ ਨੂੰ ਉਸ ਦੀ ਪਾਰਟੀ ਨੇ ਆਗੂ ਚੁਣ ਲਿਆ ਤਾਂ ਉਸ ਦੇ ਮੁੱਖ ਮੰਤਰੀ ਬਣਨ ਜਾਂ ਨਾ ਬਣਨ ਦਾ ਸਵਾਲ ਉਠ ਪਿਆ। ਰਾਜ ਦੀ ਗਵਰਨਰ ਬੀਬੀ ਫਾਤਿਮਾ ਕਦੀ ਇਸ ਦੇਸ਼ ਦੀ ਸੁਪਰੀਮ ਕੋਰਟ ਦੀ ਜੱਜ ਰਹਿ ਚੁੱਕੀ ਸੀ। ਉਸ ਨੇ ਇਹ ਮੰਨ ਕੇ ਕਿ ਬੀਬੀ ਜੈਲਲਿਤਾ ਨੂੰ ਬਹੁ-ਸੰਮਤੀ ਵਾਲੀ ਪਾਰਟੀ ਨੇ ਆਗੂ ਚੁਣਿਆ ਹੈ, ਰਾਜ ਦੀ ਮੁੱਖ ਮੰਤਰੀ ਬਣਾਉਣ ਲਈ ਸਹੁੰ ਚੁਕਾ ਦਿੱਤੀ। ਇਹ ਮੁੱਦਾ ਦੇਸ਼ ਦੀ ਸੁਪਰੀਮ ਕੋਰਟ ਵਿਚ ਚਲਾ ਗਿਆ ਤਾਂ ਜੈਲਲਿਤਾ ਨੂੰ ਕੁਰਸੀ ਛੱਡਣੀ ਪੈ ਗਈ। ਨਾਲ ਗਵਰਨਰ ਫਾਤਿਮਾ ਬੀਬੀ ਨੂੰ ਇਖਲਾਕੀ ਆਧਾਰ ਉਤੇ ਅਸਤੀਫਾ ਦੇਣਾ ਪੈ ਗਿਆ। ਸੁਪਰੀਮ ਕੋਰਟ ਨੇ ਇਸ ਤੱਥ ਨੂੰ ਮਾਨਤਾ ਦਿੱਤੀ ਸੀ ਕਿ ਜਿਸ ਜੈਲਲਿਤਾ ਨੂੰ ਅਦਾਲਤ ਤੋਂ ਕੈਦ ਦੀ ਸਜ਼ਾ ਹੋਣ ਪਿੱਛੋਂ ਚੋਣ ਲੜਨ ਦਾ ਹੱਕ ਨਹੀਂ ਸੀ ਰਹਿ ਗਿਆ, ਉਸ ਨੂੰ ਰਾਜ ਦੀ ਮੁੱਖ ਮੰਤਰੀ ਵਜੋਂ ਸੰਵਿਧਾਨ ਦੀ ਸਹੁੰ ਚੁੱਕਣ ਦਾ ਹੱਕ ਕਿਵੇਂ ਹੋ ਸਕਦਾ ਹੈ?

ਹੁਣ ਦੇਸ਼ ਦੀ ਸਰਕਾਰ ਤੇ ਵਿਰੋਧੀ ਧਿਰ ਨੇ ਸੈਨਤ ਮਿਲਾ ਕੇ ਨਵਾਂ ਰਾਹ ਕੱਢ ਲਿਆ ਹੈ ਕਿ ਜਿਸ ਕਿਸੇ ਮੈਂਬਰ ਦੇ ਖਿਲਾਫ ਹੇਠਲੀ ਅਦਾਲਤ ਤੋਂ ਸਜ਼ਾ ਦਾ ਹੁਕਮ ਆ ਜਾਵੇ, ਜੇ ਉਹ ਉਪਰਲੀ ਅਦਾਲਤ ਵਿਚ ਅਪੀਲ ਕਰ ਕੇ ਸਟੇਅ ਆਰਡਰ ਲੈ ਆਵੇ ਤਾਂ ਉਸ ਦੀ ਅੱਧ-ਪਚੱਧੀ ਮੈਂਬਰੀ ਕਾਇਮ ਰਹਿ ਜਾਵੇਗੀ। ਅੱਧ-ਪਚੱਧੀ ਦਾ ਭਾਵ ਇਹ ਕਿ ਉਸ ਨੂੰ ਪਾਰਲੀਮੈਂਟ ਜਾਂ ਵਿਧਾਨ ਸਭਾ ਦੇ ਅੰਦਰ ਵੋਟ ਪਾਉਣ ਦਾ ਹੱਕ ਨਹੀਂ ਹੋਵੇਗਾ, ਤਨਖਾਹ ਤੇ ਭੱਤੇ ਵੀ ਨਹੀਂ ਮਿਲਣਗੇ, ਪਰ ਉਹ ਬਹਿਸ ਵਿਚ ਹਿੱਸਾ ਉਸੇ ਤਰ੍ਹਾਂ ਲੈਂਦਾ ਰਹੇਗਾ। ਇਹ ਫੈਸਲਾ ਗਲਤ ਹੈ। ਲੀਡਰਾਂ ਨੂੰ ਇਹ ਡਰ ਹੈ ਕਿ ਇਸ ਵਾਰੀ ਫਲਾਣਾ ਫਸਿਆ ਹੈ ਤਾਂ ਕੱਲ੍ਹ ਨੂੰ ਸਾਡੇ ਵਿਚੋਂ ਕਿਸੇ ਦੀ ਵਾਰੀ ਆ ਸਕਦੀ ਹੈ, ਇਸ ਲਈ ਉਨ੍ਹਾਂ ਨੇ 'ਨਾ ਰਹੇ ਬਾਂਸ, ਨਾ ਵੱਜੇ ਬੰਸਰੀ' ਵਾਲਾ ਫਾਰਮੂਲਾ ਕੱਢਣ ਦਾ ਉਹ ਯਤਨ ਕੀਤਾ ਹੈ ਜਿਹੜਾ ਦੇਸ਼ ਦੀ ਰਾਜਨੀਤੀ ਵਿਚ ਅਪਰਾਧੀਕਰਨ ਨੂੰ ਰੋਕਣ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੰਦਾ ਹੈ।

ਭਾਰਤ ਦੇ ਲੋਕਾਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਇੱਕ ਵਾਰੀ ਇੱਕ ਟੀ.ਵੀ. ਚੈਨਲ ਨੇ 'ਅਪਰੇਸ਼ਨ ਦੁਰਯੋਧਨ' ਦੇ ਨਾਂ ਹੇਠ ਸਟਰਿੰਗ ਅਪਰੇਸ਼ਨ ਕੀਤਾ ਸੀ ਜਿਸ ਵਿਚ ਗਿਆਰਾਂ ਮੈਂਬਰ ਫਸ ਗਏ ਸਨ। ਇਹ ਮੈਂਬਰ ਪੈਸੇ ਲੈ ਕੇ ਕਿਸੇ ਵੀ ਕੰਪਨੀ ਲਈ ਪਾਰਲੀਮੈਂਟ ਵਿਚ ਕੋਈ ਵੀ ਸਵਾਲ ਪੁੱਛਣ ਲਈ ਆਪਣੀ ਜ਼ਮੀਰ ਦਾ ਸੌਦਾ ਮਾਰਨ ਲਈ ਤਿਆਰ ਸਨ। ਮਾਮਲਾ ਇੰਨਾ ਸਾਫ ਸੀ ਕਿ ਪਾਰਲੀਮੈਂਟ ਨੂੰ ਉਹ ਗਿਆਰਾਂ ਮੈਂਬਰ ਕੱਢਣੇ ਪਏ ਸਨ। ਦਸ ਮੈਂਬਰ ਲੋਕ ਸਭਾ ਦੇ ਅਤੇ ਇੱਕ ਰਾਜ ਸਭਾ ਵਾਲਾ ਸੀ। ਇਸ ਦਾ ਹਾਲੇ ਰੌਲਾ ਕਿਸੇ ਸਿਰੇ ਨਹੀਂ ਸੀ ਲੱਗਾ ਕਿ ਇੱਕ ਹੋਰ ਚੈਨਲ ਨੇ 'ਅਪਰੇਸ਼ਨ ਚੱਕਰਵਿਊ' ਰਾਹੀਂ ਇਹ ਸੱਚ ਸਾਹਮਣੇ ਰੱਖ ਦਿੱਤਾ ਕਿ ਕਈ ਪਾਰਲੀਮੈਂਟ ਮੈਂਬਰ ਹਲਕਾ ਵਿਕਾਸ ਫੰਡ ਵਜੋਂ ਮਿਲੇ ਪੈਸੇ ਅੱਗੇ ਦੇਣ ਲਈ ਸੌਦਾ ਮਾਰਦੇ ਤੇ ਆਪਣਾ ਹਿੱਸਾ ਅਗਾਊਂ ਲੈ ਕੇ ਚੈਕ ਕੱਟ ਰਹੇ ਹਨ। ਜਿਸ ਪਾਰਲੀਮੈਂਟ ਵਿਚ ਪਹਿਲਾਂ ਜ਼ਮੀਰ ਵੇਚਣ ਵਾਲਿਆਂ ਨੂੰ ਕੱਢਣ ਬਾਰੇ ਸਹਿਮਤੀ ਹੋ ਗਈ ਸੀ, ਫਿਰ ਉਸੇ ਅੰਦਰ ਇਸ ਗੱਲ ਦੀ ਸਹਿਮਤੀ ਹੋ ਗਈ ਕਿ ਇਹ ਸੌਦੇਬਾਜ਼ੀ ਸਦਨ ਤੋਂ ਬਾਹਰ ਦੇ ਭ੍ਰਿਸ਼ਟਾਚਾਰ ਨਾਲ ਸਬੰਧਤ ਹੈ, ਇਸ ਲਈ ਕਿਸੇ ਦੇ ਵਿਰੁਧ ਕੋਈ ਕਾਰਵਾਈ ਨਾ ਕੀਤੀ ਜਾਵੇ। ਕਾਰਨ ਇਹੋ ਸੀ ਕਿ ਇਹ ਖਿੱਦੋ ਫੋਲਣ ਲੱਗ ਪਏ ਤਾਂ ਕਈਆਂ ਦੇ ਕਿੱਸੇ ਲੋਕਾਂ ਦੇ ਸਾਹਮਣੇ ਆ ਜਾਣਗੇ।

ਕਮਾਲ ਦੀ ਗੱਲ ਇਹ ਕਿ ਭਾਰਤੀ ਰਾਜਨੀਤੀ ਵਿਚ ਜਿਹੜੀ ਪਾਰਟੀ ਭਾਜਪਾ ਸਭ ਤੋਂ ਵੱਧ ਇਮਾਨਦਾਰੀ ਦੀ ਦੁਹਾਈ ਦਿੰਦੀ ਹੈ, ਜ਼ਮੀਰ ਵੇਚਣ ਕਾਰਨ ਮੈਂਬਰੀ ਤੋਂ ਕੱਢੇ ਗਏ ਗਿਆਰਾਂ ਪਾਰਲੀਮੈਂਟ ਮੈਂਬਰਾਂ ਵਿਚ ਉਸ ਦੀ ਬਹੁ-ਸੰਮਤੀ ਸੀ, ਅਰਥਾਤ ਗਿਆਰਾਂ ਵਿਚ ਛੇ ਜਣੇ ਉਸੇ ਦੇ ਸਨ ਤੇ ਉਸ ਦੇ ਉਦੋਂ ਦੇ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਇਹੋ ਜਿਹੇ ਲੋਕ ਰਾਜਨੀਤੀ ਵਿਚ ਨਹੀਂ ਰਹਿਣੇ ਚਾਹੀਦੇ। ਇਸ ਤੋਂ ਕਮਾਲ ਇਹ ਹੈ ਕਿ ਜ਼ਮੀਰ ਵੇਚਣ ਵਾਲੇ ਉਨ੍ਹਾਂ ਗਿਆਰਾਂ ਵਿਚੋਂ ਸਿਰਫ ਇੱਕ ਜਣੇ ਨੇ ਮੁੜ ਕੇ ਚੋਣ ਲੜੀ ਤੇ ਉਸ ਨੂੰ ਪਿਛਲੀ ਵਿਧਾਨ ਸਭਾ ਚੋਣ ਵਿਚ ਹਿਮਾਚਲ ਪ੍ਰਦੇਸ਼ ਦੇ ਇੱਕ ਹਲਕੇ ਤੋਂ ਟਿਕਟ ਭਾਜਪਾ ਨੇ ਦਿੱਤੀ ਸੀ।

ਉਂਜ ਇਸ ਮਾਮਲੇ ਵਿਚ ਮੁੜ-ਮੁੜ ਕੇ ਨਾਂ ਗੁਜਰਾਤ ਦੇ ਬਾਬੂ ਭਾਈ ਕਟਾਰਾ ਦਾ ਵੀ ਆ ਜਾਂਦਾ ਹੈ ਜਿਹੜਾ ਇੱਕ ਵਾਰ ਦਿੱਲੀ ਹਵਾਈ ਅੱਡੇ ਉਤੇ ਪੰਜਾਬ ਦੇ ਕਪੂਰਥਲੇ ਜ਼ਿਲੇ ਦੀ ਇੱਕ ਬੀਬੀ ਨੂੰ ਪਤਨੀ ਤੇ ਹੁਸ਼ਿਆਰਪੁਰ ਜ਼ਿਲੇ ਦੇ ਇੱਕ ਬੱਚੇ ਨੂੰ ਆਪਣਾ ਪੁੱਤਰ ਬਣਾ ਕੇ ਕੈਨੇਡਾ ਪੁਚਾਉਣ ਜਾਂਦਾ ਫੜਿਆ ਗਿਆ ਸੀ। ਉਹ ਗੁਜਰਾਤ ਤੋਂ ਭਾਜਪਾ ਦੀ ਟਿਕਟ ਉਤੇ ਦੂਜੀ ਵਾਰੀ ਜਿੱਤਿਆ ਹੋਇਆ ਪਾਰਲੀਮੈਂਟ ਮੈਂਬਰ ਸੀ। ਕਈ ਲੋਕਾਂ ਨੇ ਉਦੋਂ ਇਹ ਗੱਲ ਚੁੱਕੀ ਸੀ ਕਿ ਹੁਣ ਇਹ ਪੜਤਾਲ ਹੋਣੀ ਚਾਹੀਦੀ ਹੈ ਕਿ ਪਿਛਲੇ ਇੱਕ ਸਾਲ ਦੇ ਅੰਦਰ ਹੋਰ ਕਿੰਨੇ ਪਾਰਲੀਮੈਂਟ ਮੈਂਬਰ ਵਿਦੇਸ਼ ਗਏ ਸਨ ਤੇ ਉਨ੍ਹਾਂ ਦੇ ਨਾਲ ਕੌਣ-ਕੌਣ ਗਿਆ ਸੀ, ਪਰ ਇਹ ਪੜਤਾਲ ਕਦੀ ਨਹੀਂ ਸੀ ਕੀਤੀ ਗਈ। ਕਾਰਨ ਇਸ ਦਾ ਇਹ ਸਮਝਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿਚ ਪੁਰਾਣਾ ਰਿਵਾਜ ਹੈ ਕਿ ਜਿਹੜਾ ਕਾਨੂੰਨ ਆਮ ਲੋਕਾਂ ਲਈ ਹੁੰਦਾ ਹੈ, ਉਹ ਰਾਜੇ ਦੇ ਪੁੱਤਰ ਉਤੇ ਲਾਗੂ ਨਹੀਂ ਹੁੰਦਾ।

ਜਦੋਂ ਸਾਡੇ ਚੁਣੇ ਹੋਏ ਪ੍ਰਤੀਨਿਧ ਆਪਣੇ ਬਚਾਅ ਲਈ ਇਹੋ ਜਿਹੇ ਪੈਂਤੜੇ ਅਪਨਾਉਣ ਤੁਰ ਪਏ ਹਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਇਹੋ ਮੰਨ ਕੇ ਚੱਲਦੇ ਹਨ ਕਿ ਉਹ ਲੋਕਾਂ ਤੋਂ ਵੱਖਰੇ ਹਨ ਤੇ ਜਿਹੜਾ ਕੋਈ ਕਾਨੂੰਨ ਲੋਕਾਂ ਲਈ ਬਣਿਆ ਹੈ, ਉਸ ਤੋਂ ਇਨ੍ਹਾਂ ਅੱਜ ਦੇ ਰਾਜਿਆਂ ਨੂੰ ਛੋਟ ਹੋਣੀ ਚਾਹੀਦੀ ਹੈ। ਅਫਸੋਸ ਇਹ ਹੈ ਕਿ ਦੇਸ਼ ਦੀ ਸਰਕਾਰ ਤੇ ਪਾਰਲੀਮੈਂਟ ਦੇਸ਼ ਦੀਆਂ ਸਰਪ੍ਰਸਤ ਮੰਨੀਆਂ ਜਾਂਦੀਆਂ ਹਨ, ਜਦੋਂ ਉਹ ਹੀ ਦੇਸ਼ ਨੂੰ ਬੇਜ਼ਮੀਰਾ ਕਰਨ ਤੁਰ ਪੈਣ ਤਾਂ ਹਾਲ 'ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ' ਵਾਲਾ ਹੋ ਜਾਂਦਾ ਹੈ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਮਾਹਰਾਂ ਦੀ ਸਲਾਹ ਨਾਲ ਹੋਵੇਗੀ ਹਰਿਮੰਦਰ ਵਿਚ ਸੋਨੇ ਦੀ ਧੁਆਈ

## ਪੱਤਰਿਆਂ ਦਾ ਰੰਗ ਹੋ ਰਿਹਾ ਹੈ ਖਰਾਬ



**ਅੰਮ੍ਰਿਤਸਰ:** ਹੁਣ ਮਾਹਰਾਂ ਦੀ ਜਾਂਚ ਰਿਪੋਰਟ ਆਉਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਸੋਨੇ ਤੇ ਨਕਾਸ਼ੀ ਦੀ ਮੁਰੰਮਤ ਦੀ ਸੇਵਾ ਸ਼ੁਰੂ ਹੋਵੇਗੀ। ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਕਾਰਜ ਸੇਵਾ ਵਾਲੇ ਬਾਬਿਆਂ ਕੋਲੋਂ ਕਰਾਉਣ ਦਾ ਫੈਸਲਾ ਕੀਤਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸੱਚਖੰਡ ਵਿਚ ਲੱਗੇ ਸੋਨੇ ਦੇ ਪੱਤਰਿਆਂ ਦਾ ਰੰਗ ਖ਼ਰਾਬ ਹੋ ਰਿਹਾ ਹੈ ਤੇ ਇਸੇ ਤਰ੍ਹਾਂ ਨਕਾਸ਼ੀ ਵੀ ਖ਼ਰਾਬ ਹੋ ਰਹੀ ਹੈ ਜਿਸ ਦੀ ਸਾਂਭ-ਸੰਭਾਲ ਲਈ ਮੁਰੰਮਤ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਨੇ ਇਹ ਕਾਰਜ ਕਾਰ ਸੇਵਾ ਸੰਪਰਦਾ ਦੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਕੋਲੋਂ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਹ ਸੇਵਾ 18 ਅਗਸਤ ਨੂੰ ਸ਼ੁਰੂ ਕਰਨ ਦੀ ਯੋਜਨਾ ਸੀ ਪਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਕਰਨ ਵਾਲੇ ਮਾਹਰਾਂ ਦੀ ਰਾਏ ਲਈ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਮੁਤਾਬਕ ਮਾਹਰਾਂ ਦੀ ਟੀਮ ਵੱਲੋਂ ਇਥੇ ਲਗਾਤਾਰ ਜਾਂਚ ਬਾਰੇ ਦੌਰੇ ਕੀਤੇ ਜਾ ਰਹੇ ਹਨ। ਇਨ੍ਹਾਂ ਮਾਹਰਾਂ ਵਿਚ ਰਾਜਸਥਾਨ ਤੋਂ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਦੇ ਮਾਹਰ ਸ਼ਾਮਲ ਹਨ। ਟੀਮ ਵੱਲੋਂ ਇਸ ਬਾਰੇ ਰਿਪੋਰਟ ਛੇਤੀ ਹੀ ਸੌਂਪ ਦਿੱਤੀ ਜਾਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਹੀ ਅਗਲੀ ਕਾਰਵਾਈ ਹੋਵੇਗੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੱਚਖੰਡ ਵਿਚ ਸੋਨੇ ਤੇ ਨਕਾਸ਼ੀ ਦੀ ਸੇਵਾ, ਕਾਰ ਸੇਵਾ ਵਾਲੇ ਬਾਬਿਆਂ ਕੋਲੋਂ ਕਰਾਉਣ 'ਤੇ ਇਤਰਾਜ਼ ਪ੍ਰਗਟਾਇਆ ਸੀ ਤੇ ਸੁਝਾਅ ਦਿੱਤਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਾਹਰੀ ਤੇ ਅੰਦਰੂਨੀ ਮੁਰੰਮਤ ਦੀ ਸੇਵਾ ਸਿਰਫ ਮਾਹਰਾਂ ਰਾਹੀਂ ਹੀ ਹੋਣੀ ਚਾਹੀਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਦੇ ਬਾਹਰ ਲੱਗੇ ਸੋਨੇ ਦੀ ਸੇਵਾ 1995 ਤੋਂ 1999 ਤੱਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵੱਲੋਂ ਕਰਾਈ ਗਈ ਸੀ ਪਰ ਇਸ ਸੇਵਾ ਤੋਂ ਬਾਅਦ ਸੋਨੇ ਦਾ ਰੰਗ ਖਰਾਬ ਹੋਣਾ ਸ਼ੁਰੂ ਹੋ ਗਿਆ ਸੀ ਜਿਸ ਨੂੰ ਹੁਣ ਹਰ ਵਰ੍ਹੇ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਢੰਗ ਤਰੀਕੇ ਨਾਲ ਧੁਆਈ ਕਰਵਾ ਕੇ ਠੀਕ ਕੀਤਾ ਜਾਂਦਾ ਹੈ।

# ਨਵੇਂ ਜਥੇਦਾਰ ਨੇ ਕੀਤੀ ਮਨਮੋਹਨ ਸਿੰਘ ਦੀ ਤਾਰੀਫ਼

**ਆਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਬਣੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਦਾ ਕਹਿਣਾ ਹੈ ਕਿ ਡਾ. ਮਨਮੋਹਨ ਸਿੰਘ ਜਦੋਂ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਹਨ ਉਦੋਂ ਤੋਂ ਹੀ ਵਿਦੇਸ਼ਾਂ ਵਿਚ ਸਿੱਖ ਕੌਮ ਦੇ ਧਾਰਮਿਕ ਚਿੰਨ੍ਹ ਦਸਤਾਰ ਦੀ ਅਹਿਮੀਅਤ ਕਾਫੀ ਵਧੀ ਹੈ। ਉਨ੍ਹਾਂ ਕਿਹਾ ਕਿ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਸਿੱਖੀ ਨਾਲ ਜੋੜਨ ਦਾ ਹਰ ਯਤਨ ਕਰਨਗੇ ਕਿਉਂਕਿ ਅੱਜ ਸਿੱਖ ਨੌਜਵਾਨ ਪਤਿਤਪੁਣੇ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਆਪਣੇ ਸਿਰ 'ਤੇ ਦਸਤਾਰ ਸਜਾਉਣ ਤੋਂ ਭੱਜ ਰਹੇ ਹਨ।

ਵਿਦੇਸ਼ਾਂ ਵਿਚ ਦਸਤਾਰ ਦੀ ਬੇਕਦਰੀ ਹੋਣ ਤੇ ਹਾਲ ਹੀ ਵਿਚ ਚੰਡੀਗੜ੍ਹ ਵਿਚ ਵਾਪਰੀ ਇਕ ਘਟਨਾ ਬਾਰੇ ਉਨ੍ਹਾਂ ਕਿਹਾ ਕਿ ਦਸਤਾਰ ਸਿੱਖੀ ਦਾ ਇਕ ਚਿੰਨ੍ਹ ਹੈ ਤੇ ਸਿੱਖੀ ਦੀ ਪਛਾਣ ਹੈ। ਵਿਦੇਸ਼ਾਂ ਵਿਚ ਦਸਤਾਰ ਕਰਕੇ ਹੀ ਸਿੱਖੀ ਦੀ ਪਛਾਣ ਬਣੀ ਹੈ। ਜਦੋਂ ਤੋਂ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਬਣੇ ਹਨ, ਉਦੋਂ ਤੋਂ ਦਸਤਾਰ ਦੀ ਅਹਿਮੀਅਤ ਹੋਰ ਦੇਸ਼ਾਂ ਵਿਚ ਸਮਝੀ ਗਈ ਹੈ ਪਰ ਕੁਝ ਸ਼ਰਾਰਤੀ ਲੋਕ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲਅੰਦਾਜ਼ੀ ਕਰਦੇ ਹਨ।

# ਸਰਨਾ ਉਤੇ ਅੱਸੀ ਕਰੋੜ ਰੁਪਏ ਦੇ ਘੁਟਾਲੇ ਦਾ ਦੋਸ਼

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਇਤਿਹਾਸਕ ਗੁਰਦੁਆਰਾ ਬਾਲਾ ਸਾਹਿਬ ਵਿਚ ਸਥਿਤ ਗੁਰੂ ਹਰਿਕ੍ਰਿਸ਼ਨ ਸਾਹਿਬ ਹਸਪਤਾਲ ਨਾਲ ਸਬੰਧਤ ਵਿਵਾਦਤ ਮਾਮਲੇ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ 'ਤੇ 80 ਕਰੋੜ ਰੁਪਏ ਦੇ ਘੁਟਾਲੇ ਦਾ ਦੋਸ਼ ਲਾਉਣ ਦੇ ਨਾਲ ਹੀ ਉਕਤ ਹਸਪਤਾਲ ਦੇ ਕਰਾਰ ਨਾਲ ਜੁੜੀਆਂ ਕੰਪਨੀਆਂ 'ਤੇ ਸ. ਸਰਨਾ ਨੂੰ ਮੋਟੀ ਰਿਸ਼ਵਤ ਦੇਣ ਦਾ ਦੋਸ਼ ਲਾਇਆ ਹੈ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਰਨਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਕਿ ਸ. ਸਰਨਾ ਨੇ ਉਕਤ 80 ਕਰੋੜ ਰੁਪਏ ਵਿਚੋਂ 62 ਕਰੋੜ ਰੁਪਏ ਰਿਸ਼ਵਤ ਦੇ ਰੂਪ ਵਿਚ ਤੇ 17.75 ਕਰੋੜ ਰੁਪਏ ਪੇਸ਼ਗੀ ਦੇ ਤੌਰ 'ਤੇ ਸਬੰਧਤ ਕੰਪਨੀਆਂ ਤੋਂ ਵਸੂਲ ਕੀਤੇ ਹਨ। ਜਰਨਲ ਸਕੱਤਰ ਮਨਜਿੰਦਰ ਸਿਰਸਾ ਨੇ ਦੋਸ਼ ਲਾਇਆ ਕਿ ਜਿਸ ਦਿਨ ਸ. ਸਰਨਾ ਨੇ ਰੈਡੀਏਟ ਕੰਪਨੀ ਕੋਲੋਂ 55 ਕਰੋੜ ਰੁਪਏ ਰਿਸ਼ਵਤ ਦੇ ਰੂਪ ਵਿਚ ਵਸੂਲੇ। ਉਸ ਤੋਂ ਅਗਲੇ ਹੀ ਦਿਨ ਫਰਜ਼ੀ ਕੰਪਨੀ ਐਸ.ਕੇ.ਏ ਅਸਟੇਟ ਦੇ ਰਾਹੀਂ ਬਿਜਵਾਸਨ ਵਿਚ 110 ਕਰੋੜ ਰੁਪਏ ਦਾ ਫਾਰਮ ਹਾਊਸ ਖਰੀਦ ਲਿਆ। ਉਨ੍ਹਾਂ ਕਿਹਾ ਕਿ ਜਿਸ ਟਰੱਸਟ ਰਾਹੀਂ ਇਹ ਲੈਣ ਦੇਣ ਕੀਤਾ ਗਿਆ ਹੈ ਉਸ ਟਰੱਸਟ ਨੂੰ ਅਦਾਲਤ ਵੱਲੋਂ ਗ਼ੈਰ-ਕਾਨੂੰਨੀ ਐਲਾਨਿਆ ਜਾ ਚੁੱਕਾ ਹੈ। ਦਿੱਲੀ ਕਮੇਟੀ ਪ੍ਰਬੰਧਕਾਂ ਨੇ ਕਿਹਾ ਕਿ ਉਹ ਛੇਤੀ ਹੀ ਹੋਰ ਖੁਲਾਸਾ ਵੀ ਕਰਨਗੇ। ਦੂਜੇ ਪਾਸੇ ਸਾਬਕਾ ਪ੍ਰਧਾਨ ਸਰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਪਿਛਲੇ ਛੇ ਵਰ੍ਹਿਆਂ ਤੋਂ ਦੋਸ਼ ਲਾਏ ਜਾ ਰਹੇ ਸਨ ਕਿ ਬਾਲਾ ਸਾਹਿਬ ਹਸਪਤਾਲ ਦੀ ਜ਼ਮੀਨ ਵੇਚ ਦਿੱਤੀ ਤੇ ਹੁਣ ਪਿਛਲੇ ਛੇ ਮਹੀਨਿਆਂ ਤੋਂ ਇਹ ਦਿੱਲੀ ਕਮੇਟੀ ਦੀ ਸੱਤਾ 'ਤੇ ਕਾਬਜ਼ ਹੋਣ ਦੇ ਬਾਅਦ ਵੀ ਉਹੀ ਦੋਸ਼ ਮੁੜ ਦੁਹਰਾਏ ਜਾ ਰਹੇ ਹਨ ਪਰ ਅੱਜ ਵੀ ਨਹੀਂ ਸਾਬਤ ਕਰ ਸਕੇ ਕਿ ਬਾਲਾ ਸਾਹਿਬ ਹਸਪਤਾਲ ਦੀ ਜਗ੍ਹਾ ਕਿਸ ਨੂੰ ਤੇ ਕਿਥੇ ਵੇਚੀ। ਉਨ੍ਹਾਂ ਕਿਹਾ ਕਿ ਉਹ ਹਰੇਕ ਜਾਂਚ ਲਈ ਤਿਆਰ ਹਨ ਤੇ ਅਕਾਲੀ ਦਲ ਵੱਲੋਂ ਲਾਏ ਗੁੰਮਰਾਹਕੁੰਨ ਦੋਸ਼ਾਂ ਦਾ ਜਵਾਬ ਛੇਤੀ ਹੀ ਦਿੱਤਾ ਜਾਵੇਗਾ।

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਪ੍ਰਧਾਨ ਖਿਲਾਫ ਸ਼ਿਕੰਜਾ ਕੱਸਿਆ



# ਸ਼੍ਰੋਮਣੀ ਕਮੇਟੀ ਬਣਾਏਗੀ ਹੋਂਦ ਚਿੱਲੜ ਵਿਚ ਸ਼ਹੀਦੀ ਸਮਾਰਕ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਨਵੰਬਰ 1984 ਦੌਰਾਨ ਹੋਂਦ ਚਿੱਲੜ ਵਿਚ ਹੋਏ ਸਿੱਖ ਕਤਲੇਆਮ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਦੀਵੀ ਤੌਰ 'ਤੇ ਕਾਇਮ ਰੱਖਣ ਲਈ ਛੇਤੀ ਹੀ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ ਸ਼੍ਰੋਮਣੀ ਕਮੇਟੀ ਆਪਣੇ ਖਰਚੇ 'ਤੇ ਸ਼ਹੀਦੀ ਸਮਾਰਕ ਦਾ ਨਿਰਮਾਣ ਕਰੇਗੀ।

ਉਨ੍ਹਾਂ ਦੱਸਿਆ ਕਿ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਮੁੱਖ ਮੈਂਬਰਾਂ ਤੇ ਉਕਤ ਕਾਂਡ ਦੇ ਚਸ਼ਮਦੀਦ ਗਵਾਹਾਂ ਵੱਲੋਂ ਯਾਦਗਾਰ ਬਣਾਉਣ ਬਾਰੇ ਕੀਤੀ ਜਾ ਰਹੀ ਮੰਗ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਨੇ ਇਹ ਯਾਦਗਾਰ ਬਣਾਉਣ ਦਾ ਫੈਸਲਾ ਕੀਤਾ ਹੈ। ਹੋਂਦ ਚਿੱਲੜ ਵਿਚ ਬਣਾਈ ਜਾਣ ਵਾਲੀ ਪ੍ਰਸਤਾਵਿਤ ਯਾਦਗਾਰ ਰੂਹਾਨੀਅਤ ਦਾ ਮੁਜੱਸਮਾ ਹੋਵੇਗੀ ਜੋ ਸਮੁੱਚੀ ਮਨੁੱਖਤਾ ਨੂੰ ਨਫਰਤ ਤੇ ਵੈਰ ਵਿਰੋਧ ਤੋਂ ਉਪਰ ਉਠ ਕੇ ਆਪਸੀ ਭਾਈਚਾਰੇ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦੇਵੇਗੀ।

ਉਨ੍ਹਾਂ ਕਿਹਾ ਕਿ ਨਵੰਬਰ 1984 ਦੌਰਾਨ ਪਿੰਡ ਹੋਂਦ ਚਿੱਲੜ ਵਿਖੇ ਫਿਰਕੂ ਸੋਚ ਵਾਲੇ ਲੋਕਾਂ ਵੱਲੋਂ ਕੀਤੇ ਗਏ ਕਤਲੇਆਮ ਤੋਂ ਪੀੜਤ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਇਨਸਾਫ ਦੀ ਪ੍ਰਾਪਤੀ ਲਈ ਹੋਂਦ ਚਿੱਲੜ ਤਾਲਮੇਲ ਕਮੇਟੀ ਵੱਲੋਂ ਲੜੀ ਜਾ ਰਹੀ ਕਾਨੂੰਨੀ ਲੜਾਈ ਵਿਚ ਸ਼੍ਰੋਮਣੀ ਕਮੇਟੀ ਪੂਰਨ ਸਹਿਯੋਗ ਦੇਵੇਗੀ ਤੇ ਅਦਾਲਤ ਵਿਚ ਮੁੱਖ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੜੇ ਜਾ ਰਹੇ ਕੇਸ ਦੀ ਪੈਰਵਾਈ ਦਾ ਸਮੁੱਚਾ ਖਰਚ ਵੀ ਦੇਵੇਗੀ।



# ਸਹਿਜਧਾਰੀ ਸਿੱਖਾਂ ਬਾਰੇ ਕੇਸ ਦੀ ਸੁਣਵਾਈ ਚਾਰ ਅਕਤੂਬਰ 'ਤੇ ਪਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਬਨਾਮ ਸਹਿਜਧਾਰੀ ਸਿੱਖਾਂ ਦੇ ਵੋਟਾਂ ਬਾਰੇ ਮਾਮਲੇ ਦੀ ਸੁਣਵਾਈ ਹੁਣ ਚਾਰ ਅਕਤੂਬਰ ਨੂੰ ਹੋਵੇਗੀ। ਹਾਸਲ ਜਾਣਕਾਰੀ ਮੁਤਾਬਕ ਸਹਿਜਧਾਰੀ ਸਿੱਖਾਂ ਦੇ ਵੋਟ ਅਧਿਕਾਰ ਮਾਮਲੇ ਵਿਚ ਹਾਈ ਕੋਰਟ ਦੇ ਫੁੱਲ ਬੈਂਚ ਦੇ ਫੈਸਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਬਾਰੇ 28 ਜਨਵਰੀ, 2013 ਨੂੰ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਪਟੀਸ਼ਨਰ ਧਿਰ ਅਦਾਲਤ ਦੇ ਆਮ ਤਰੀਕੇ ਦੇ ਨਾਲ-ਨਾਲ ਵੱਖਰੇ ਤੌਰ 'ਤੇ ਵੀ ਦਸਤੀ ਰੂਪ ਵਿਚ ਸਬੰਧਤ ਧਿਰਾਂ ਨੂੰ ਸਰਵਿਸ ਮੁਕੰਮਲ ਕਰਵਾਉਣ ਤੇ ਉਸ ਦੀ ਸੁਣਵਾਈ 23 ਅਗਸਤ ਨੂੰ ਹੋਣੀ ਸੀ ਪਰ ਸੁਪਰੀਮ ਕੋਰਟ ਦੀ ਸੂਚੀ ਵਿਚ ਹੁਣ ਇਸ ਦੀ ਸੁਣਵਾਈ ਚਾਰ ਅਕਤੂਬਰ ਦਰਸਾਈ ਗਈ ਹੈ।

ਜ਼ਿਕਰਯੋਗ ਹੈ ਕਿ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਲੱਖਾਂ ਸਹਿਜਧਾਰੀ ਸਿੱਖਾਂ ਨੂੰ ਸਿੱਖੀ ਦੀ ਮੁੱਖ ਧਾਰਾ ਵਿਚੋਂ ਬਾਹਰ ਕੱਢਦੇ ਹੋਏ ਉਨ੍ਹਾਂ ਨੂੰ ਗੈਰ-ਸਿੱਖ ਕਰਾਰ ਦੇ ਦਿੱਤਾ ਸੀ। ਹਾਈ ਕੋਰਟ ਦੇ ਫੁੱਲ ਬੈਂਚ ਨੇ ਇਸ ਕੇਸ ਦੇ ਫੈਸਲੇ ਵਿਚ ਸਹਿਜਧਾਰੀ ਸਿੱਖਾਂ ਦਾ ਵੋਟ ਦਾ ਅਧਿਕਾਰ ਬਹਾਲ ਕਰ ਦਿੱਤਾ ਸੀ।

# ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਨੂੰ ਪ੍ਰਵਾਨਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਹੁਣ ਛੇਤੀ ਹੀ ਇਸ ਬਾਰੇ ਮਾਹਰਾਂ ਦੀ ਰਾਇ ਨਾਲ ਕੰਮ ਸ਼ੁਰੂ ਹੋ ਜਾਵੇਗਾ ਤੇ ਇਸ ਨੂੰ ਇਕ ਆਧੁਨਿਕ ਅਜਾਇਬ ਘਰ ਦਾ ਰੂਪ ਦਿੱਤਾ ਜਾਵੇਗਾ।

ਘੰਟਾ ਘਰ ਰਸਤੇ ਸ੍ਰੀ ਹਰਿਮੰਦਰ ਸਾਹਿਬ ਦਾਖਲ ਹੋਣ ਸਮੇਂ ਇਹ ਕੇਂਦਰੀ ਸਿੱਖ ਅਜਾਇਬ ਘਰ ਸੱਜੇ ਹੱਥ ਉਪਰਲੀ ਮੰਜ਼ਲ 'ਤੇ ਬਣਿਆ ਹੋਇਆ ਹੈ ਜਿਸ ਵਿਚ ਸਿੱਖ ਵਿਰਸੇ ਨਾਲ ਸਬੰਧਤ ਕਈ ਅਮੁੱਲੀਆਂ ਵਸਤਾਂ ਸੰਭਾਲੀਆਂ ਹੋਈਆਂ ਹਨ। ਅਜਾਇਬ ਘਰ ਵਿਚ ਸਿੱਖ ਗੁਰੂ ਸਾਹਿਬਾਨ ਦੇ ਚਿੱਤਰ, ਸੰਤ ਮਹਾਤਮਾ, ਸਿੱਖ ਜਰਨੈਲਾਂ ਤੇ ਪ੍ਰਮੁੱਖ ਸਿੱਖ ਆਗੂਆਂ ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿਚ ਸਹਿਯੋਗ ਦਿੱਤਾ, ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਇਸ ਤੋਂ ਇਲਾਵਾ ਪੁਰਾਤਨ ਤੇ ਬਹੁਮੁੱਲੇ ਹੱਥ ਲਿਖਤ ਖਰੜੇ, 18ਵੀਂ ਸਦੀ ਵਿਚ ਸਿੱਖ ਜੰਗਾਂ ਸਮੇਂ ਵਰਤੀਆਂ ਗਈਆਂ ਤੋਪਾਂ ਤੇ ਤਲਵਾਰਾਂ, ਨਾਨਕਸ਼ਾਹੀ ਸਿੱਕੇ, ਪੁਰਾਤਨ ਸੰਗੀਤ ਉਪਕਰਨ, ਇਥੇ ਪ੍ਰਦਰਸ਼ਨੀ ਲਈ ਰੱਖੇ ਹੋਏ ਹਨ। ਇਸੇ ਤਰ੍ਹਾਂ 1965 ਤੇ 1971 ਵਿਚ ਭਾਰਤ-ਪਾਕਿਸਤਾਨ ਵਿਚਾਲੇ ਹੋਈਆਂ ਜੰਗਾਂ ਦੌਰਾਨ ਵਰਤਿਆ ਗੋਲੀ ਸਿੱਕਾ ਵੀ ਇਸ ਅਜਾਇਬ ਘਰ ਦਾ ਹਿੱਸਾ ਹਨ। ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਮਾਰੇ ਗਏ ਤਕਰੀਬਨ 743 ਵਿਅਕਤੀਆਂ ਦੇ ਨਾਵਾਂ ਦੀ ਸੂਚੀ ਵੀ ਇਥੇ ਪ੍ਰਦਰਸ਼ਤ ਕੀਤੀ ਹੋਈ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀ ਚੰਡੀਗੜ੍ਹ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਬਾਰੇ ਆਈਆਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਕੁਝ ਦੁਰਲੱਭ ਵਸਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੇ ਵਰਾਂਡਿਆਂ ਵਿਚ ਪ੍ਰਦਰਸ਼ਤ ਕਰਨ ਦੀ ਵੀ ਯੋਜਨਾ ਹੈ। ਇਹ ਦੁਰਲਭ ਵਸਤਾਂ ਵਰਾਂਡਿਆਂ ਦੇ ਕਮਰਿਆਂ ਵਿਚ ਸ਼ੀਸ਼ਿਆਂ ਦੇ ਬਕਸਿਆਂ ਵਿਚ ਪ੍ਰਦਰਸ਼ਤ ਕੀਤੀਆਂ ਜਾਣਗੀਆਂ ਤਾਂ ਜੋ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਇਨ੍ਹਾਂ ਦੁਰਲੱਭ ਵਸਤਾਂ ਨੂੰ ਵੇਖ ਸਕਣ।

ਅਜਾਇਬ ਘਰ ਦੇ ਇੰਚਾਰਜ ਇਕਬਾਲ ਸਿੰਘ ਨੇ ਦੱਸਿਆ ਕਿ ਅਜਾਇਬ ਘਰ ਦੇ ਨਵੀਨੀਕਰਨ ਦੌਰਾਨ ਇਸ ਦੇ ਤਿੰਨ ਹਾਲ ਵਾਤਾਨਕੂਲ ਕੀਤੇ ਜਾਣਗੇ। ਤਸਵੀਰਾਂ, ਦੁਰਲੱਭ ਖਰੜੇ, ਪੁਰਾਤਨ ਵਸਤਾਂ, ਸ਼ਸਤਰ, ਸੰਗੀਤ ਉਪਕਰਨ ਤੇ ਹੋਰਾਂ ਦੀ ਦਰਜਾਬੰਦੀ ਕੀਤੀ ਜਾਵੇਗੀ। ਇਸ ਦਰਜਾਬੰਦੀ ਦੌਰਾਨ ਇਕ ਸੈਕਸ਼ਨ ਵਿਚ ਗੁਰੂ ਸਾਹਿਬਾਨ ਨਾਲ ਸਬੰਧਤ ਇਤਿਹਾਸ ਨੂੰ ਦਰਸਾਇਆ ਜਾਵੇਗਾ। ਇਕ ਸੈਕਸ਼ਨ ਵਿਚ ਗੁਰੂ ਕਾਲ ਤੋਂ ਬਾਅਦ ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਇਤਿਹਾਸ ਨੂੰ ਦਰਸਾਇਆ ਜਾਵੇਗਾ ਤੇ ਇਕ ਸੈਕਸ਼ਨ ਵਿਚ ਇਸ ਤੋਂ ਬਾਅਦ ਦੇ ਸਿੱਖ ਇਤਿਹਾਸ ਨੂੰ ਦਰਸਾਇਆ ਜਾਵੇਗਾ। ਇਥੇ ਸਥਾਪਤ ਸਮੂਹ ਤਸਵੀਰਾਂ ਦੇ ਫਰੇਮ ਇਕੋ ਜਿਹੇ ਬਣਾਏ ਜਾਣਗੇ ਤੇ ਇਨ੍ਹਾਂ ਦੇ ਹੇਠਾਂ ਤਿੰਨ ਭਾਸ਼ਾਵਾਂ ਵਿਚ ਵੇਰਵੇ ਦਿੱਤੇ ਜਾਣਗੇ।

ਅਜਾਇਬ ਘਰ ਦੇ ਨਵੀਨੀਕਰਨ ਲਈ ਪੁਰਾਤਨ ਵਸਤਾਂ ਦੀ ਸਾਂਭ ਸੰਭਾਲ ਦੇ ਮਾਹਰਾਂ ਦੀ ਟੀਮ ਨੇ 25 ਜੁਲਾਈ ਨੂੰ ਕੇਂਦਰੀ ਸਿੱਖ ਅਜਾਇਬ ਘਰ ਦਾ ਦੌਰਾ ਕੀਤਾ ਸੀ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਅਜਾਇਬ ਘਰ ਦੇ ਨਵੀਨੀਕਰਨ ਨੂੰ ਜ਼ਰੂਰੀ ਦੱਸਿਆ ਸੀ। ਮਾਹਰਾਂ ਵਲੋਂ ਇਸ ਸਬੰਧੀ ਆਪਣੀ ਇਕ ਸਮੁੱਚੀ ਰਿਪੋਰਟ ਤਿਆਰ ਕਰਕੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਸੀ ਜਿਸ ਦੇ ਆਧਾਰ 'ਤੇ ਹੁਣ ਅੰਤ੍ਰਿੰਗ ਕਮੇਟੀ ਵਲੋਂ ਪ੍ਰਵਾਨਗੀ ਦਿੱਤੀ ਗਈ ਹੈ।

## ਅਮੁੱਲੀ ਸਿੱਖ ਵਿਰਾਸਤ ਦਾ ਖਜ਼ਾਨਾ



# ਫਰਿਜ਼ਨੋ ਵਿਚ ਭਾਰਤੀ ਆਜ਼ਾਦੀ ਦਿਵਸ ਸਮਾਗਮ

**ਫਰਿਜ਼ਨੋ (ਬਿਊਰੋ):** "ਅਸੀਂ ਕਿਸੇ ਵੀ ਧਰਮ ਨਾਲ ਸਬੰਧਤ ਕਿਉਂ ਨਾ ਹੋਈਏ, ਸਭ ਤੋਂ ਪਹਿਲਾਂ ਅਸੀਂ ਹਿੰਦੋਸਤਾਨੀ ਹਾਂ।" ਇਹ ਸ਼ਬਦ ਇਥੇ ਹੋਏ ਅਜ਼ਾਦੀ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਰਤ ਤੋਂ ਉਚੇਚਾ ਪਹੁੰਚੇ ਸੁਪਰ ਕਾਪ ਕਿਰਨ ਬੇਦੀ ਨੇ ਆਖੇ। ਉਨ੍ਹਾਂ ਸੰਸਾਰ ਅੰਦਰ ਮਨੁਖਤਾ ਦੇ ਹੋ ਰਹੇ ਕਤਲ 'ਤੇ ਡੂਘੇ ਦੁਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਾਨੂੰ ਅਹਿੰਸਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਸ਼ਾਂਤੀ ਬਣਾਈ ਰੱਖਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਇਹ ਆਜ਼ਾਦੀ ਦਿਵਸ ਸਮਾਗਮ ਇਥੇ ਸੈਟੇਲਾਈਟ ਹਾਲ, ਫਰਿਜ਼ਨੋ ਸਟੇਟ ਯੂਨੀਵਰਸਟੀ ਵਿਚ ਕੌਂਸਲ ਆਫ ਇੰਡੀਅਨ ਆਰਗੇਨਾਈਜੇਸ਼ਨਸ, ਸੈਂਟਰਲ ਵੈਲੀ ਵਲੋਂ ਡਾ. ਸੁਦਰਸਨ ਕਪੂਰ, ਮੁਨੀਸ਼ ਘਈ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਪਾਲ ਸਹੋਤਾ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ।

ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸੈਨ ਫਰਾਂਸਿਸਕੋ ਵਿਚ ਕੌਂਸਲਖਾਨੇ ਤੋਂ ਕੌਂਸਲ ਅਨੰਦ ਕੁਮਾਰ ਝਾਅ ਪਹੁੰਚੇ ਹੋਏ ਸਨ। ਫਰਿਜ਼ਨੋ ਸਿਟੀ ਪੁਲਿਸ ਚੀਫ ਜੈਰੀ ਡਾਇਰ, ਸ਼ੈਰਿਫ ਮਾਰਗਰੇਟ ਮਿੰਮ, ਯੂਨੀਵਰਸਿਟੀ ਦੇ ਕੁਲਪਤੀ ਮਿਸਟਰ ਕਾਸਟਰੋ, ਕਾਂਗਰਸਮੈਨ ਜਿੰਮ ਕਾਸਟਾ, ਮੇਅਰ ਦੇ ਦਫਤਰ ਤੋਂ ਮਿਸਟਰ ਬਲੌਗ ਅਤੇ ਸ਼ਹਿਰ ਦੀਆਂ ਹੋਰ ਬਹੁਤ ਸਾਰੀਆਂ ਹਸਤੀਆਂ ਇਸ ਸਮਾਗਮ ਵਿਚ ਸਾਮਲ ਹੋਈਆਂ।



ਸਮਾਗਮ ਦੀ ਸਰੂਆਤ ਅਮਰੀਕੀ ਅਤੇ ਭਾਰਤੀ ਝੰਡੇ ਲਹਿਰਾ ਕੇ ਅਮਰੀਕੀ ਅਤੇ ਭਾਰਤੀ ਕੌਮੀ ਤਰਾਨੇ ਦੇ ਗਾਇਨ ਨਾਲ ਹੋਈ। ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਕੁਲਪਤੀ ਮਿਸਟਰ ਕਾਸਟਰੋ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਤੇ ਆਏ ਸੱਜਣਾਂ ਦਾ ਸੁਆਗਤ ਕੀਤਾ। ਸ. ਅਮਰੀਕ ਸਿੰਘ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੰਦਿਆਂ ਗੁਰਦੁਆਰਾ ਓਕ ਕਰੀਕ ਵਿਚ ਮਾਰੇ ਸਿੱਖਾਂ ਅਤੇ ਉਤਰਾਖੰਡ ਦੇ ਹੜ੍ਹਾਂ ਦਾ ਸ਼ਿਕਾਰ ਹੋਏ ਲੋਕਾਂ ਲਈ ਇੱਕ ਮਿੰਟ ਦਾ ਮੌਨ ਧਾਰਨ ਦੀ ਅਪੀਲ ਕੀਤੀ ਅਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਤੇ ਉਘੇ ਟਰਾਂਸਪੋਰਟਰ ਪਾਲ ਸਹੋਤਾ ਨੇ ਆਜ਼ਾਦੀ ਦਿਵਸ ਦੀਆਂ ਮੁਬਾਰਕਾਂ ਦਿੰਦਿਆਂ ਦੇਸ਼ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਕਾਂਗਰਸਮੈਨ ਜਿਮ ਕੌਸਟਾ ਨੇ ਭਾਰਤ ਅਤੇ ਅਮਰੀਕੀ ਦੋਸਤੀ ਦੇ ਸੋਹਲੇ ਗਾਉਂਦਿਆਂ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਕਰਾਰ ਦਿੱਤਾ। ਉਘੀ ਸ਼ਖਸੀਅਤ ਡਾ. ਕਪੂਰ ਨੇ ਸਭਨਾਂ ਵਰਗਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਯੂਨੀਵਰਸਿਟੀ ਵੱਲੋ ਭਾਰਤੀ ਭਾਈਚਾਰੇ ਨੂੰ ਅਣਗੌਲਿਆ ਕਰਨ ਦੀ ਗੱਲ ਵੀ ਮਿਸਟਰ ਕਸਟਰੋ ਦੇ ਕੰਨੋ ਕੱਢੀ।

ਲੋਕਲ ਕਲਾਕਾਰਾਂ ਵਲੋਂ ਦੇਸ ਭਗਤੀ ਵਿਚ ਗੜੁਚ ਗੀਤ ਵੰਦੇ ਮਾਤਰਮ 'ਤੇ ਕੀਤੀ ਕੋਰਿਓਗ੍ਰਾਫੀ ਨੇ ਮਾਹੌਲ ਨੂੰ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ। ਵੱਖ ਵੱਖ ਧਰਮਾਂ ਦੇ ਬੱਚਿਆਂ ਨੇ ਆਪੋ ਆਪਣੇ ਸੱਭਿਆਚਾਰ ਨਾਲ ਸਬੰਧਤ ਨਾਚ ਗਿੱਧਾਂ-ਭੰਗੜਾ ਵਗੈਰਾ ਪੇਸ ਕਰਕੇ ਪ੍ਰੋਗਰਾਮ ਨੂੰ ਹੋਰ ਰੰਗੀਨ ਬਣਾਇਆ। ਦੇਸ ਰੰਗੀਲਾ ਦੇ ਬੱਚਿਆਂ ਨੇ ਬਹੁਤ ਹੀ ਖੂਬਸੂਰਤ ਨ੍ਰਿਤ ਪੇਸ਼ ਕਰਕੇ ਦਰਸ਼ਕਾਂ ਦੀ ਪ੍ਰਸ਼ੰਸਾ ਖੱਟੀ। ਪੰਜਾਬੀ ਕਲਚਰਲ ਐਸੋਸੀਏਸ਼ਨ ਦੀਆਂ ਬੱਚੀਆ ਨੇ ਪੰਜਾਬੀ ਲੋਕ ਨਾਚ ਗਿੱਧਾ ਪੇਸ਼ ਕੀਤਾ। ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਭੰਗੜਾ ਪਾਇਆ। ਯੂਨੀਵਰਸਿਟੀ ਦੀਆਂ ਕੁੜੀਆਂ ਅਤੇ ਇੰਡੋ ਅਮੈਰੀਕਨ ਹੈਰੀਟੇਜ ਦੀਆਂ ਗਿੱਧਾ ਟੀਮਾਂ ਨੇ ਗਿੱਧੇ ਦਾ ਧਮੱਚੜ ਪਾਇਆ।



ਛੋਟੀਆਂ ਛੋਟੀਆਂ ਬੱਚੀਆਂ ਵੱਲੋਂ ਮਿਸਟਰ ਕਾਸਟਰੋ, ਫਰਿਜ਼ਨੋ ਪੁਲਿਸ ਚੀਫ, ਕਾਂਗਰਸਮੈਨ ਜਿਮ ਕਾਸਟਾ ਅਤੇ ਅਨੰਦ ਕੁਮਾਰ ਝਾਅ ਨੂੰ ਫੁਲਾਂ ਦੇ ਗੁਲਦਸਤੇ ਭੇਟ ਕੀਤੇ। ਗੋਪਿਓ ਸੰਸਥਾ ਦੇ ਇੰਦਰ ਸਿੰਘ ਨੇ ਗਦਰ ਪਾਰਟੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।



ਉਘੇ ਪੱਤਰਕਾਰ ਸਿੱਧੂ ਦਮਦਮੀ, ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਚਰਨਜੀਤ ਸਿੰਘ ਬਾਠ, ਹਾਕਮ ਸਿੰਘ ਢਿਲੋਂ, ਰਣਜੀਤ ਗਿੱਲ, ਗੈਰੀ ਢੇਸੀ, ਸਤਵੀਰ ਸਿੰਘ ਹੀਰ, ਅਵਤਾਰ ਗਰੇਵਾਲ, ਰਣਮੇਘ ਢੇਸੀ, ਕਮਲਜੀਤ ਬਾਸੀ, ਪ੍ਰੋ. ਅਵਤਾਰ ਸਿੰਘ ਘੋਲੀਆਂ, ਸੁਰਿੰਦਰ ਸਿੰਘ ਮੰਢਾਲੀ, ਡਾ. ਸਿਮਰਜੀਤ ਸਿੰਘ ਧਾਲੀਵਾਲ, ਜਗਦੀਪ ਸਿੰਘ, ਗਿੱਲ ਇੰਸ਼ੋਰੈਂਸ਼ ਦੇ ਅਵਤਾਰ ਗਿੱਲ, ਪਾਲ ਧਾਲੀਵਾਲ ਨੇ ਵੀ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ।

ਸਮਾਗਮ ਦੇ ਦੂਜੇ ਹਿੱਸੇ ਵਜੋਂ ਰਾਤ ਦੇ ਖਾਣੇ ਦੀ ਦਾਅਵਤ ਮੌਕੇ ਕਰੀਬ ਚਾਲੀ ਮਿੰਟ ਕਿਰਨ ਬੇਦੀ ਨੇ ਭਾਸ਼ਨ ਦਿੱਤਾ ਅਤੇ ਹਾਜ਼ਰੀਨ ਦੇ ਸਵਾਲਾਂ ਦੇ ਜੁਆਬ ਦਿੰਦਿਆਂ ਭਾਰਤੀ ਔਰਤ ਦੀ ਗੱਲ ਕੀਤੀ ਅਤੇ ਕਿਹਾ ਕਿ ਉਹ ਅੱਜ ਵੀ ਬਰਾਬਰੀ ਲਈ ਨਹੀਂ ਲੜ ਰਹੀ ਸਗੋਂ ਬੱਚੇ ਪੈਦਾ ਕਰਨ ਤੇ ਘਰੇਲੂ ਹਾਲਾਤ ਤੱਕ ਹੀ ਸੀਮਿਤ ਹੈ।

ਪ੍ਰਬੰਧਕਾਂ ਵੱਲੋਂ ਕੌਂਸਲ ਅਨੰਦ ਕੁਮਾਰ ਝਾਅ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਸਟੇਜ ਸੰਚਾਲਨ ਸ਼ਰਨਜੀਤ ਕੌਰ ਧਾਲੀਵਾਲ ਅਤੇ ਰੂਬੀ ਸਰਾਂ ਨੇ ਕੀਤਾ।

ਇਸੇ ਦੌਰਾਨ ਹਾਕਮ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਕਿਰਨ ਬੇਦੀ ਨੂੰ ਇਕ ਮੈਮੋਰੰਡਮ ਦੇ ਕੇ ਸਵਾਲ ਕੀਤਾ ਗਿਆ ਕਿ ਉਹ ਮਨੁੱਖੀ ਹੱਕਾਂ ਦੀ ਪੈਰਵੀ ਲਈ ਵਚਨਬੱਧ ਹਨ ਤਾਂ ਫਿਰ ਉਹ ਪੰਜਾਬ ਵਿਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਿਉਂ ਕਰ ਰਹੇ ਹਨ? ਇਨ੍ਹਾਂ ਦੋਹਾਂ ਉਪਰ ਮਜ਼ਬੀ ਸੰਕੀਰਨਤਾ ਦੇ ਦੋਸ਼ ਲਗਦੇ ਆਏ ਹਨ।


ਗੋਲਡਨ ਪੰਜਾਬ ਕਲੱਬ ਵਲੋਂ ਪੇਸ਼ ਹੈ

ਰੂਪ ਪੰਜਾਬਣ ਦਾ

Oct. 19th, 2013 (3pm to 7pm)

@ 31600 Union Blvd., Union City, CA 94587

Golden Punjab Club

Tickets: $10

- ਕੇਵਲ ਬੱਚੀਆਂ, ਮੁਟਿਆਰਾਂ ਅਤੇ ਔਰਤਾਂ ਲਈ
- ਗੀਤ-ਸੰਗੀਤ, ਗਿੱਧਾ, ਬੋਲੀਆਂ ਅਤੇ ਡੀ.ਜੇ.
- ਪੰਜਾਬੀ ਸੂਟਾਂ ਵਿਚ ਸਜੀਆਂ ਤਿੰਨ ਪੰਜਾਬਣਾਂ ਦੀ ਚੋਣ
- ਖਾਣ-ਪੀਣ ਦੇ ਨਾਲ ਨਾਲ ਜਿਊਲਰੀ, ਮਹਿੰਦੀ ਅਤੇ ਔਰਤਾਂ ਦੇ ਮਨਭਾਉਂਦੇ ਹਰ ਤਰ੍ਹਾਂ ਦੇ ਸਟਾਲ ਲਗਾਏ ਜਾਣਗੇ






Stage Host: Neelam Saini



Dr. Baljit Jammu







For More Info., Contact: Neelam Saini, Ph: 510-502-0551 or Dr. Baljit Jammu, Ph: 510-343-4162





*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*



# ਵਰਲਡ ਸਿੱਖ ਫੈਡਰੇਸ਼ਨ ਵਲੋਂ ਪੰਥਕ ਹਾਲਾਤ 'ਤੇ ਵਿਚਾਰ

**ਸੈਨ ਹੋਜ਼ੇ (ਬਿਊਰੋ):** ਆਧੁਨਿਕ ਪ੍ਰਚਾਰ ਸਾਧਨਾਂ ਰਾਹੀਂ ਤਤਿ ਗੁਰਮਤਿ ਪ੍ਰਚਾਰ ਵਿਚ ਜੁਟੀ ਹੋਈ ਸਿੱਖ ਨੌਜਵਾਨਾਂ ਦੀ ਧਾਰਮਿਕ ਜਥੇਬੰਦੀ ਵਰਲਡ ਸਿੱਖ ਫੈਡਰੇਸ਼ਨ ਦੇ ਕੈਲੀਫੋਰਨੀਆ ਯੂਨਿਟ ਦੀ ਇਕ ਮੀਟਿੰਗ ਲੈਥਰੋਪ ਸ਼ਹਿਰ ਵਿਚ ਹੋਈ ਜਿਸ ਵਿਚ ਸਿੱਖ ਪੰਥ ਨੂੰ ਦਰਪੇਸ਼ ਵੱਖ ਵੱਖ ਮਸਲਿਆਂ ਉਪਰ ਗੰਭੀਰ ਵਿਚਾਰ-ਚਰਚਾ ਹੋਈ।

ਭਾਈ ਹਰਦੀਪ ਸਿੰਘ ਮਾਣਕ ਰਾਏ ਦੀ ਸਰਪ੍ਰਸਤੀ ਹੇਠ ਭਾਈ ਸੁਖਦੇਵ ਸਿੰਘ ਦੇ ਗ੍ਰਹਿ ਹੋਈ ਇਸ ਮੀਟਿੰਗ ਵਿਚ ਪ੍ਰੋ. ਇੰਦਰ ਸਿੰਘ ਘੱਗਾ ਦੀ ਗ੍ਰਿਫਤਾਰੀ ਅਤੇ ਰਿਹਾਈ ਤੋਂ ਬਾਅਦ ਪੈਦਾ ਹੋਏ ਹਾਲਾਤ ਅਤੇ ਤਤਿ ਗੁਰਮਤਿ ਨੂੰ ਪ੍ਰਣਾਈਆਂ ਜਥੇਬੰਦੀਆਂ ਦੀ ਸਰਗਰਮ ਭੂਮਿਕਾ ਦੀ ਪਰਖ-ਪੜਚੋਲ ਕੀਤੀ ਗਈ। ਸਰਕਾਰੀ ਤੰਤਰ ਵਲੋਂ ਸਿੱਖ ਪ੍ਰਚਾਰਕਾਂ ਵਿਰੁਧ ਅਪਨਾਈ ਜਾ ਰਹੀ ਧੱਕੇਸ਼ਾਹੀ ਵਿਰੁਧ ਉਠੀ ਲਹਿਰ 'ਤੇ ਪ੍ਰਸੰਨਤਾ ਪ੍ਰਗਟ ਕੀਤੀ ਗਈ। ਦਸਮ ਗ੍ਰੰਥ ਵਿਵਾਦ, ਨਾਨਕਸ਼ਾਹੀ ਕੈਲੰਡਰ ਅਤੇ ਸ਼੍ਰੋਮਣੀ ਕਮੇਟੀ ਦੀ ਨੀਰਸ ਕਾਰਗੁਜਾਰੀ ਬਾਰੇ ਗੰਭੀਰ ਚਰਚਾ ਹੋਈ। ਇਸ ਮੀਟੰਗ ਵਿਚ ਹੋਰਨਾਂ ਤੋਂ ਇਲਾਵਾ ਹਰਮਿੰਦਰ ਸਿੰਘ ਸੇਖਾ, ਡਾ. ਗੁਰਮੀਤ ਸਿੰਘ ਬਰਸਾਲ, ਹਰਬਖਸ਼ ਸਿੰਘ ਰਾਊਕੇ, ਸਰਬਜੀਤ ਸਿੰਘ ਸੈਕਰਾਮੈਂਟੋ, ਅਵਤਾਰ ਸਿੰਘ, ਬਾਵਾ ਸਿੰਘ, ਕਮਲਦੀਪ ਕੌਰ, ਸੁਰਿੰਦਰ ਸਿੰਘ ਲੈਥਰੋਪ, ਬਲਰਾਜ ਸਿੰਘ ਪੈਟਰਸਨ, ਤਰਲੋਚਨ ਸਿੰਘ ਸਟਾਕਟਨ, ਗੁਰਵਿੰਦਰ ਸਿੰਘ ਸੀਰੀਜ਼, ਹਰਵਿੰਦਰ ਸਿੰਘ, ਤਰਲੋਚਨ ਸਿੰਘ ਦੁਪਾਲਪੁਰ ਅਤੇ ਕਥਾਵਾਚਕ ਭਾਈ ਹਰਮਨਦੀਪ ਸਿੰਘ ਆਦਿ ਸੇਵਾਦਾਰਾਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਤੋਂ ਪਹਿਲਾਂ ਸਾਰੇ ਸੇਵਾਦਾਰਾਂ ਨੇ ਗੁਰਦੁਆਰਾ ਦਸਮੇਸ਼ ਦਰਬਾਰ ਲੋਡਾਈ ਵਿਖੇ ਹਾਜਰੀ ਭਰੀ, ਜਿੱਥੇ ਪ੍ਰਸਿੱਧ ਕਥਾਵਾਚਕ ਭਾਈ ਹਰਮਨਦੀਪ ਸਿੰਘ ਦਾ ਵਿਸ਼ੇਸ਼ ਪ੍ਰੋਗਰਾਮ ਚੱਲ ਰਿਹਾ ਸੀ। ਗੁਰਦੁਆਰਾ ਪ੍ਰਬੰਧਕਾਂ ਨੇ ਕਥਾਵਾਚਕ ਭਾਈ ਸਾਹਿਬ ਦੇ ਨਾਲ ਨਾਲ ਫੈਡਰੇਸ਼ਨ ਦੇ ਸੇਵਾਦਰਾਂ ਦਾ ਸਿੱਖੀ ਪ੍ਰਚਾਰ ਪ੍ਰਤੀ ਜਿੰਮੇਵਾਰੀ ਨਿਭਾਉਣ ਲਈ ਉਚੇਚਾ ਧੰਨਵਾਦ ਕੀਤਾ।



*ਪੰਜਾਬੀ ਦੇ ਨਾਮਵਰ ਗਾਇਕ ਤੇ ਗੀਤਕਾਰ ਦੇਬੀ ਮਖਸੂਸਪੁਰੀ ਇਕ ਖਾਸ ਮੁਲਾਕਾਤ ਲਈ ਰੇਡੀਓ ਚੜ੍ਹਦੀ ਕਲਾ ਦੇ ਫਰੀਮਾਂਟ ਸਟੂਡੀਓ ਆਏ। ਇਸ ਮੌਕੇ ਦੇਬੀ, ਗੁਰਚਰਨ ਮਾਨ, ਲਖਬੀਰ ਸਿੰਘ ਅਤੇ ਅਸ਼ੋਕ ਭੌਰਾ ਨਾਲ*


## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ

### ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਸੰਪੂਰਨ ਗੁਰਬਾਣੀ ਦਾ ਪਾਠ ਸਤਰ ਪ੍ਰਤੀ ਸਤਰ ਵਿਆਖਿਆ ਸਾਹਿਤ ਸੰਗਤਾਂ ਨੂੰ ਸਮਰਪਿਤ

ਇਸ ਦਿਹਾੜੇ 'ਤੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਉਸ ਦਾ ਸਤਰ ਪ੍ਰਤੀ ਸਤਰ ਸੰਖੇਪ ਅਰਥ (ਤਾਂ ਕਿ ਪਾਠ ਕਰਦਿਆਂ ਗੁਰਬਾਣੀ ਦੇ ਭਾਵ ਦੀ ਸਮਝ ਵੀ ਆ ਸਕੇ) ਸੰਗਤਾਂ ਦੀ ਨਜ਼ਰ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ। ਇਹ ਅਰਥ ਸਹਿਤ ਪਾਠ-ਵਿਆਖਿਆ ਗਿਆਨੀ ਅਮਰੀਕ ਸਿੰਘ ਜੀ ਦੀ ਦਸਾਂ ਸਾਲਾਂ ਤੋਂ ਵੱਧ ਦੀ ਮਿਹਨਤ ਦਾ ਨਤੀਜਾ ਹੈ। ਸਾਰੀ ਰਿਕਾਰਡਿੰਗ ਗਿਆਨੀ ਅਮਰੀਕ ਸਿੰਘ ਦੀ ਆਵਾਜ਼ ਵਿਚ ਕੀਤੀ ਗਈ ਹੈ ਅਤੇ ਵਿਆਖਿਆ ਸ. ਮਨਮੋਹਨ ਸਿੰਘ ਦੇ ਤਰਜਮੇ 'ਤੇ ਆਧਾਰਤ ਹੈ।

ਇਹ Dual Layer DVD ਅਤੇ MP3 Format ਵਿਚ ਦਰਜ ਗੁਰਬਾਣੀ ਹਰ ਘਰ ਵਿਚ ਮੌਜੂਦ ਹੋਣੀ ਚਾਹੀਦੀ ਹੈ ਤਾਂ ਜੋ ਗੁਰੂ ਗਿਆਨ ਦੇ ਚਾਨਣ ਦਾ ਘਰ-ਘਰ ਉਜਾਲਾ ਹੋ ਸਕੇ।

**ਸਪਾਂਸਰਸ਼ਿਪ ਦੇ ਚਾਹਵਾਨ ਸੱਜਣਾਂ ਨੂੰ ਬੇਨਤੀ**
ਅਗਰ ਕੋਈ ਕੋਈ ਸੱਜਣ-ਮਿੱਤਰ, ਭੈਣ-ਭਰਾ ਨਿੱਜੀ ਤੌਰ 'ਤੇ ਆਪਣੇ ਬਜ਼ੁਰਗਾਂ ਦੇ ਨਾਂ 'ਤੇ, ਆਪਣੇ ਬਿਜਨਸ ਦੀ ਤਰਫੋਂ ਜਾਂ ਕਿਸੇ ਵੀ ਤਰੀਕੇ ਨਾਲ ਸਪਾਂਸਰ ਕਰਨਾ ਚਾਹਵੇ, ਅਸੀਂ ਉਨ੍ਹਾਂ ਦੇ ਦਿਲੀ ਧੰਨਵਾਦੀ ਹੋਵਾਂਗੇ।

ਨੋਟ: ਸ਼ਰਧਾ ਅਨੁਸਾਰ ਯੋਗ ਮਾਇਕ ਸਹਾਇਤਾ, DVD duplication, packaging, shipping & handling ਤੇ ਹੋਰ ਨਿੱਕੇ ਮੋਟੇ ਖਰਚੇ ਪੂਰੇ ਕਰਨ ਵਿਚ ਸਹਾਈ ਹੋਵੇਗੀ।

**ਡੀ ਵੀ ਡੀ ਆਰਡਰ ਕਰਨ ਲਈ ਸੰਪਰਕ ਕਰੋ:**

**P.O. Box 8326, Westchester, OH, USA - 45069, Ph: (513) 405-6909**
**E-Mail: gyaniAmrikSingh@gmail.com Website: www.SikhMissionarySociety.com*****
*** Sikh Missionary Society is a registered, tax exempt, non-profit organization.



*ਗਿਆਨੀ ਅਮਰੀਕ ਸਿੰਘ*

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਜੁਗ ਪਲਟਾਊ ਗਦਰੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 22 ਸਤੰਬਰ 2013

(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਕੈਲੀਫੋਰਨੀਆ - 95624

*ਸਮਾਂ ਆਵਸੀ ਅੱਖੀਆਂ ਵੇਖ ਲੈਸਨ, ਭਾਰਤ ਇਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਾ!*


ਬਾਬਾ ਸੋਹਣ ਸਿੰਘ ਭਕਨਾ


ਲਾਲਾ ਹਰਦਿਆਲ


ਕਰਤਾਰ ਸਿੰਘ ਸਰਾਭਾ


ਭਾਈ ਭਗਵਾਨ ਸਿੰਘ


ਕਾਸ਼ੀ ਰਾਮ ਮੜੌਲੀ


ਬਾਬਾ ਰਾਮ ਸਿੰਘ

ਸਤਿਕਾਰਯੋਗ ਭੈਣੋ ਤੇ ਭਰਾਵੋ,

ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਸਾਡੇ ਲਹੂ ਸਿੰਜੇ ਵਿਰਸੇ ਦੀ ਬੀਰ ਗਾਥਾ ਹੈ। ਬਰਤਾਨਵੀ ਸਾਮਰਾਜੀਆਂ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਪੂਰੀ ਇਕ ਸਦੀ, ਲਹੂ ਵੀਟਵੇਂ ਕੁਰਬਾਨੀਆਂ ਭਰੇ ਸੰਘਰਸ਼ ਦੀ ਲੰਮੀ ਫਹਿਰਿਸਤ ਹੈ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਕੂਕੇ ਸੂਰਮੇ ਤੋਪਾਂ ਅੱਗੇ ਹਿੱਕਾਂ ਡਾਹ ਕੇ ਤੂੰਬਾ ਤੂੰਬਾ ਹੋ ਗਏ। ਕੂਕਿਆਂ ਨੇ ਸ਼ਹਾਦਤਾਂ ਦੀ ਅਜਿਹੀ ਝੜੀ ਲਾਈ ਜੋ ਬਾਕੀ ਲਹਿਰਾਂ ਲਈ ਰਾਹ ਦਸੇਰਾ ਹੋ ਨਿਬੜੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਲਹੂ ਨਾਲ ਸੂਹਾ ਹੋਇਆ ਸੀ ਬਜਬਜ ਘਾਟ ਦਾ ਪਾਣੀ। ਗਦਰੀ ਬਾਬਿਆਂ ਅਥਾਹ ਕੁਰਬਾਨੀਆਂ ਕਰਕੇ ਲਹੂ ਦੇ ਭਾਅ ਆਜ਼ਾਦੀ ਲਈ। ਅਖੌਤੀ ਬੁਧੀਜੀਵੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ ਹਨ। ਵਕਤ ਦੀਆਂ ਸਰਕਾਰਾਂ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਜੱਗ ਜਾਹਰ ਹੀ ਨਾ ਹੋਣ ਦਿੱਤਾ। ਆਓ, ਉਨ੍ਹਾਂ ਮਹਾਨ ਗਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਸਜਦਾ ਕਰਨ ਲਈ ਮੇਲੇ ਵਿਚ ਹੁਮ-ਹੁਮਾ ਕੇ ਪਹੁੰਚੀਏ। ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਹੈ ਕਿ ਉਹ ਇਸ ਸ਼ਤਾਬਦੀ ਵਿਚ ਜ਼ਰੂਰ ਪਹੁੰਚਣ।

**ਮੇਲੇ ਵਿਚ ਪਹੁੰਚ ਰਹੇ ਕਲਾਕਾਰ**
ਸੁਲਤਾਨ ਅਖਤਰ, ਪੂਨਮ ਮਲਹੋਤਰਾ, ਪੰਮੀ ਮਾਨ, ਸੰਨੀ ਬੱਬਰ, ਦਿਲਬੀਰ ਸਿੰਘ ਬੇਕਰਜ਼ਫੀਲਡ, ਜੀਵਨ ਰੱਤੂ
ਢਾਡੀ ਜਥਾ ਸ਼ਹੀਦਾਂ ਦੀ ਯਾਦ ਵਿਚ ਬੀਰ ਰਸੀ ਵਾਰਾਂ ਪੇਸ਼ ਕਰੇਗਾ

**ਪੁੱਜ ਰਹੀਆਂ ਸ਼ਖ਼ਸੀਅਤਾਂ**
ਗਦਰੀ ਬਾਬਾ ਭਾਈ ਭਗਵਾਨ ਸਿੰਘ ਦਾ ਦੋਹਤਾ ਐਸ ਪੀ ਸਿੰਘ, ਜਗਦੀਸ਼ ਖੰਗੂੜਾ, ਕਿਰਪਾਲ ਸਿੰਘ ਸੰਧੂ।

**ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।**
**ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ**

ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ

ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ
916-420-2390
ਸਕੱਤਰ: ਬਜਿੰਦਰ ਸਿੰਘ ਭੱਟੀ
209-480-2275

ਨਾਮਧਾਰੀ ਸੰਗਤ:
ਬਲਦੇਵ ਸਿੰਘ
408-390-5577

ਸਮਿਤਰ ਸਿੰਘ ਉਪਲ
530-695-1716
ਕਰਮਜੀਤ ਕੰਗ
661-205-5214

ਪਰਮਜੀਤ ਸਿੰਘ ਸੰਧੂ
510-387-6997
ਬਲਵੰਤ ਬਾਂਕਾ
916-271-4216

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਵਰਨ ਸਿੰਘ ਸਿੱਧੂ, ਕੇਵਲ ਬੋਲੀਨਾ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖ਼ਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ (ਪਾਵਰਮਾਰਟ) ਤੇ ਧੀਰਾ ਨਿੱਜਰ।

## ਰਜਬ ਅਲੀ ਦੇ ਰੰਗ-4



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੇ ਜਨਮ ਦਿਨ (10 ਅਗਸਤ) ਮੌਕੇ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

# ਮਾਂ ਦੇ ਮਖਣੀ ਖਾਣਿਓਂ

॥ਦੋਹਿਰਾ॥

ਅੱਠ ਘੰਟੇ ਕੁੱਲ ਕੰਮ ਕਰੋ,
ਕਰਦੇ ਜਿਉਂ ਮਜ਼ਦੂਰ।
ਕੰਮ ਕਰ ਦੂਜੇ ਕੰਟਰੀ, ਹੋ ਗਏ ਮਸ਼ੂਰ।

*(ਬਹੱਤਰ ਕਲਾ ਛੰਦ)*

ਸਉਂ ਗਏ ਤਾਣ ਚਾਦਰੇ ਵੇ,
ਸੰਤ ਜਗਮੇਲ, ਮੱਖਣ ਗੁਰਮੇਲ,
ਗਰਮ ਕੱਪ ਚਾਹ ਪੀ, ਉੱਠੋ ਮਾਰ ਥਾਪੀ,
ਕਰੋ ਹਰਨਾੜੀ, ਪਰਾਣੀ ਫੜ ਕੇ।
ਟੈਮ ਚਾਰ ਵਜੇ ਦਾ ਵੇ,
ਲਵੋ ਨਾਂ ਰੱਬ ਦਾ, ਭਲਾ ਹੋ ਸਭ ਦਾ,
ਬੜਾ ਕੰਮ ਨਿੱਬੜੇ, ਪਹਿਰ ਦੇ ਤੜਕੇ।
ਅੱਖ ਪੱਟ ਕੇ ਵੇਖ ਲਉ ਵੇ, ਚੜ੍ਹ ਗਿਆ ਤਾਰਾ,
ਕੱਤੇ ਕੰਮ ਭਾਰਾ, ਉਠੋ ਹਲ ਜੋੜੋ,
ਖੇਤ ਵੱਲ ਮੋੜੋ,
ਮਹਿਲ 'ਚੋਂ ਨਿਕਲ, ਅੰਗਣ ਵਿਚ ਖੜ੍ਹ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।

ਰਹੇ ਮਾਰ ਫੁੰਕਾਰੇ ਵੇ,
ਬਲਦ ਦੋ ਤਕੜੇ, ਜੋੜ ਲਉ ਛਕੜੇ,
ਚਉ ਜੋ ਤੇਜ਼ ਸੱਬਲ, ਰਗੜ ਦਿਉ ਖੱਬਲ,
ਰੇਤਲੇ ਟੀਲੇ, ਡੇਗ ਦਿਉ ਧੋੜੇ।
ਕੁੱਟ ਬੰਜਰ ਜ਼ਮੀਨਾਂ ਨੂੰ,
ਕਰੜ ਜਿਹੀ ਧਰਤੀ, ਖਾਦ ਨਾਲ ਭਰਤੀ,
ਸ਼ੱਕਰ ਵਾਂਗ ਭੋਰ, ਤੋੜ ਦਿਉ ਰੋੜੇ।
ਫਿਰ ਫੇਰ ਕਰਾਹੇ ਵੇ,
ਹਲਾਂ ਰੱਖ ਮਧਰੇ, ਬਣਾ ਦਿਉ ਪੱਧਰੇ,
ਕਰ ਦਿਉ ਰੌਣੀ, ਜਦੋਂ ਵੱਤ ਆਉਣੀ,
ਦੋ ਕੁ ਵਾਰ ਵਾਹ ਕੇ, ਚਟਿਆਈ ਫੜ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।

ਖ਼ਾਲੀ ਇੰਚ ਛੋਡਦੇ ਨਾ,
ਮੁਲਕ ਜੋ ਸਰਦੇ, ਬੜਾ ਕੰਮ ਕਰਦੇ,
ਲੋਹੇ ਨੂੰ ਕੁੱਟਦੇ, ਨਰਮ ਹੱਥ ਫੁੱਟਦੇ,
ਮੈਸੋਲੀਨੀ ਸਦਰ, ਪਾੜਦਾ ਲੱਕੜਾਂ।
ਮੁੰਡੇ ਭਰੇ ਮਜਾਜ਼ਾਂ ਦੇ, ਰਹਿਣ ਨਿੱਤ ਵਿਹਲੇ,
ਦੇਖਦੇ ਮੇਲੇ, ਸੱਥਾਂ ਵਿਚ ਬੈਠ, ਮਾਰਦੇ ਜੱਕੜਾਂ।



*ਮਾਂ ਦੇ ਮਖਣੀ ਖਾਣਿਉਂ ਵੇ...*

ਨਹੀਂ ਵਕਤ ਸ਼ੁਕੀਨੀ ਦਾ,
ਰਹੋ ਅਗਾਂਹ ਸਾਦੇ, ਜਿਵੇਂ ਪਿਉ-ਦਾਦੇ,
ਬਦਲ ਦਿਉ ਚਾਲ, ਕਾਲ ਤੇ ਕਾਲ,
ਘਰੀਂ ਧੁੱਸ ਦੇ ਕੇ, ਗ਼ਰੀਬੀ ਵੜ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।

ਦਰਿਆ ਦੇ ਕਿਨਾਰੇ 'ਤੇ,
ਝਾੜੀਆਂ ਸਾੜ, ਫੂਕ ਸਲਵਾੜ੍ਹ,
ਜਿੱਥੇ ਖੜੀ ਪਿਲਸੀ, ਕਰੀ ਕਿਉਂ ਢਿੱਲ ਸੀ?
ਦੱਭਾਂ ਨੂੰ ਖੁਰਲ, ਮੁੱਢੋਂ ਜੜ ਕੱਢਿਉ।
ਗਿੱਲ ਬਹੁਤ ਬਰੇਤੀ ਮੇਂ,
ਦੇਹੋ ਬੀ ਗੇਰ, ਲੱਗਣ'ਗੇ ਢੇਰ,
ਨਰਮ ਭੁਇੰ ਮਟਰ, ਚਰਾਲਾਂ ਗੱਡਿਉ।
ਗਿਆਰਾਂ ਬਾਰਾਂ ਸੂਬਿਆਂ ਮੇਂ,
ਜਿੱਥੇ-ਜਿੱਥੇ ਥੋੜਾਂ, ਕੱਢ ਦਿਉ ਥੋੜਾਂ,
ਬੋਰੀਆਂ ਭਰ ਦਿਉ, ਬਿਲਟੀਆਂ ਕਰ ਦਿਉ,
ਜਿਨ੍ਹਾਂ ਦੀ ਫ਼ਸਲ ਹੜ੍ਹਾਂ ਵਿਚ ਹੜ੍ਹ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।

ਗੋਰੇ ਬੜੇ ਮਿਹਨਤੀ ਵੇ,
ਟਿੱਬੇ ਜਿਹੇ ਢਾਹ ਲੇ, ਨਵੇਂ ਕੱਢੇ ਖਾਲੇ,
ਜਾਣ ਕਾਰਖ਼ਾਨੀਂ, ਯਾਦ ਆ ਜੇ ਨਾਨੀ।

ਬਾਰਾਂ ਬਾਰਾਂ ਘੰਟੇ ਡਿਉਟੀਆਂ ਲੱਗੀਆਂ।
ਨੰਗੇ ਸੀਸ ਦੁਪਹਿਰੇ ਵੇ,
ਬੂਟ ਜਿ ਕਰੜੇ, ਰਹਿਣ ਪੱਬ ਨਰੜੇ,
ਨੀਕਰਾਂ ਖਾਖੀ, ਜੀਨ ਦੀਆਂ ਝੱਗੀਆਂ।
ਆਲੂ ਨਿਰੇ ਉਬਾਲਣ ਵੇ,
ਲੱਗੇ ਭੁੱਖ ਚਾਰੂ, ਪੀਣ ਚਾਹ ਮਾਰੂ,
ਬੜੀ ਪਵੇ ਗਰਮੀ, ਮਿਲੇ ਸੁਖ ਕਰਮੀਂ,
ਹੈਟ ਲੈਣ ਧੁੱਪ ਤੋਂ, ਟੋਟਣੀ ਸੜ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।

ਅਫ਼ਰਾਂਸ ਅਮਰੀਕਾ ਮੇਂ,
ਖਿੜੇ ਫੁੱਲ ਚੁਣਦੇ, ਵਿਸਕੀਆਂ ਪੁਣਦੇ,
ਸਿਰੋਂ ਲਾਹ ਟੋਪਾਂ, ਘੜੀ ਜਾਣ ਤੋਪਾਂ
'ਬਾਬੂ' ਬੰਬ, ਟੈਂਕ, ਬਣਦੀਆਂ ਜੀਪਾਂ।
ਏਥੇ ਮੁੱਦਤਾਂ ਗੁਜ਼ਰ ਗਈਆਂ ਵੇ,
ਵਿੰਗੇ ਹਲ ਓਹੋ, ਪੰਜਾਲੀ ਟੋਹੋ,
ਪੱਠਿਆਂ ਦਾ ਤੋੜਾ, ਬਲਦਾਂ ਨੂੰ ਕੀ ਪਾਂ?
ਥੋੜਾ ਝਾੜ ਦੇਸਣਾਂ ਦਾ,
ਲਵੋ ਬੀ ਹੋਰ, ਟਿਊਬ-ਵੈੱਲ ਬੋਰ,
ਸਵਾਰ ਕੇ ਵਾਹਣ, ਬੀਜੋ 'ਕਲਿਆਣ',
ਇੱਕੋ-ਇੱਕ ਕਿਲਿਉਂ, ਸੌ ਕੁ ਮਣ ਝੜ ਗਈ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ।



*ਬਲਦ ਦੋ ਤਕੜੇ, ਜੋੜ ਲਉ ਛਕੜੇ...*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-80




**ਬਾਪੂ ਖਾ ਲਏ ਨਸ਼ੇ ਪੱਤੇ ਨੇ, ਬੇਬੇ ਹੀ ਕੰਮ ਕਰਦੀ,
ਪੈਰੀਂ ਚੱਪਲਾਂ ਦੇਖੋ ਸਰ ਜੀ, ਸੁਆ ਨਹੀਂ ਹੁੰਦੀ ਵਰਦੀ।
ਬੜੇ ਬਹਾਨੇ ਸੁਣੇ ਤੁਹਾਡੇ, ਹੁਣੇ ਦੇਣੇ ਮੈਂ ਭੰਨ,
ਮੁਰਗੇ ਬਣਜੋ, ਹੋ ਜੋ ਮੂਧੇ, ਫੜ ਲਓ ਪੁੱਤਰੋ ਕੰਨ।**

## ਕੈਪਸ਼ਨ ਮੁਕਾਬਲਾ-78



ਨੱਕ ਨੂੰ ਸਿੱਧੀਆਂ ਪਾਈਏ ਵੱਟਾਂ,
ਜਿੰਦਰੇ ਨੂੰ ਜਰਾ ਸਿੱਧਾ ਲਾ।
ਲੰਘਣ ਵਾਲਾ ਖੜ੍ਹ ਕੇ ਦੇਖੇ,
ਐਸੀ ਤੂੰ ਕੋਈ ਬਣਤ ਬਣਾ।
ਸਹਿੰਦਾ ਸਹਿੰਦਾ ਦੱਬੀਂ ਵੀਰੇ,
ਦੇਈਂ ਨਾ ਮੇਰੀ ਬੱਸ ਕਰਾ।
***-ਜਗਮੀਤ ਸਿੰਘ ਪੰਧੇਰ
ਫੋਨ: 91-98783-37222***

---

ਉਠ ਸੁਵਖਤੇ ਖੇਤੀਂ ਜਾਈਏ
ਹੱਥੀਂ ਵੱਟਾਂ ਪਾਈਏ,
ਪਿਉ-ਪੁੱਤ ਕਿਰਤੀ ਹਾਂ ਦੋਵੇਂ
ਮਿਹਨਤ ਕਰਕੇ ਖਾਈਏ।
ਬੀ.ਪੀ., ਸ਼ੂਗਰ ਅਤੇ ਮੋਟਾਪਾ
ਤਨ ਤੋਂ ਦੂਰ ਭਜਾਈਏ,
ਨੁਸਖਾ ਤੰਦਰੁਸਤੀ ਦਾ ਏਹੋ
ਜਿੰਮ-ਜੁੰਮ ਕਿਉਂ ਜਾਈਏ?
***-ਬੱਲੀ ਸਿੰਘ, ਸੈਨ ਹੋਜ਼ੇ।***

---

ਛੇਤੀ ਖਿੱਚ ਰੱਸੀ ਪੁੱਤਰਾ
ਧੁਪ ਸਿਰ 'ਤੇ ਚੜ੍ਹਦੀ ਜਾਵੇ।
ਅਹੁ ਵੇਖ ਤੇਰੀ ਬੇਬੇ
ਚਾਹ ਦਾ ਡੋਲੂ ਚੁੱਕੀ ਆਵੇ।
ਮੁਕਾ ਕੰਮ ਤੇ ਹੋਈਏ ਵਿਹਲੇ,
ਫਿਰ ਚੱਲੀਏ ਛਪਾਰ ਦੇ ਮੇਲੇ।
***-ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-690-8403***

---

ਮੈਂ ਦੱਬਾਂ, ਤੂੰ ਖਿੱਚ ਜਿੰਦਰਾ,
ਵੱਟਾਂ ਪਾਈਏ ਨੱਕ ਦੀ ਸੇਧ।
ਕੀਤੀ ਮਿਹਨਤ ਨਜ਼ਰ ਆਵੇ,
ਤੁਰਿਆ ਚੱਲ, ਸਿਆੜੀਂ ਵੇਖ।

ਤੂੰ ਵੀ ਸਿੱਖ ਲੈ, ਮੈਂ ਵੀ ਸਿੱਖੇ,
ਖੇਤੀਬਾੜੀ ਵਾਲੇ ਗੁਰ-ਭੇਤ।
'ਵਾਹ ਵਾਹ ਸ਼ੇਰੋ ਪੁੱਤਰੋ' ਆਖਣ,
ਬਾਪੂ ਜੀ ਵੀ ਜਦ ਆਵਣ ਖੇਤ।
***-ਹਰਮੀਕ ਸਿੰਘ ਵਿੱਕੀ,
ਸਟਾਕਟਨ, ਕੈਲੀਫੋਰਨੀਆ।***

---

ਬੜੇ ਬਾਈ ਨੇ ਫੜ੍ਹਕੇ ਮੈਨੂੰ
ਕੰਮ ਨੂੰ ਲਾ ਲਿਆ ਨਾਲੇ।
ਛੁਟਣ ਦਾ ਮੈਨੂੰ ਰਾਹ ਨਾ ਸੁੱਝਾ
ਬੜੇ ਬਹਾਨੇ ਭਾਲੇ!
ਵਿਹਲੜ ਜੁੰਡਲੀ ਦਾ ਮੈਂ ਸਾਥੀ
ਸ਼ਹਿਰ 'ਚ ਕਰਦਾਂ ਮਸਤੀ।
ਅੱਜ ਪਤਾ ਲੱਗਾ ਏ ਮੈਨੂੰ
ਰੋਟੀ ਨਹੀਂਓ ਸਸਤੀ!
***-ਫਕੀਰ ਚੰਦ 'ਸੈਂਪਲਾ'
ਲਾਸ ਏਂਜਲਸ।***

---

ਆ ਬਈ ਪਾੜ੍ਹਿਆ ਦੱਸੀਏ ਤੈਨੂੰ
ਕਿਵੇਂ ਕਰੀ ਦੀ ਖੇਤੀ।
ਮਿਹਨਤ ਕਰਕੇ ਰੋਟੀ ਖਾਣ ਦਾ
ਤੂੰ ਵੀ ਹੋ ਜਾ ਭੇਤੀ!
***-ਕਮਿੱਕਰ ਸਿੰਘ, ਹੇਵਰਡ***

---

ਨਵੀਂ ਜਵਾਨੀ ਚੜ੍ਹੀ ਤੇਰੇ 'ਤੇ
ਖਿੱਚ ਜ਼ੋਰ ਦੀ ਜਿੰਦਾ।
ਨਾਲ ਤੇਰੇ ਦਾ ਵਿਆਹਿਆ ਗਿਆ,
ਗਰੇਵਾਲਾਂ ਦਾ ਸ਼ਿੰਦਾ।
ਚਾਰ ਅੱਖਰ ਜੇ ਪੜ੍ਹ ਲੈਂਦਾ ਤੂੰ
ਕਾਹਨੂੰ ਔਖਾ ਹੋਣਾ ਸੀ।
ਸ਼ਕਲੋਂ-ਸੂਰਤੋਂ ਤੂੰ ਬਲਜਿੰਦਰਾ
ਉਂਜ ਤਾਂ ਲੱਗਦਾ ਸੋਹਣਾ ਸੀ।
***-ਮਨਵੀਰ, ਫਰੀਮਾਂਟ***

---

ਸੂਰਜ ਸਿਰ ਨੂੰ ਚੜ੍ਹਦਾ ਜਾਂਦਾ,
ਮਾਰ ਥੋੜ੍ਹਾ ਜਿਹਾ ਹੱਲਾ।
ਏਨੇ ਕੰਮ ਨੂੰ ਕੀ ਮੰਨਦੇ ਨੇ
ਤੇਰੇ ਵਰਗੇ ਮੱਲਾ।
ਮਿੱਟੀ ਦੇ ਨਾਲ ਮਿੱਟੀ
ਹੋਣਾ ਪੈਣਾ ਜ਼ਿੰਦਗੀ ਸਾਰੀ।
ਬਾਪੂ ਤੇਰਾ ਫਿਕਰਾਂ ਖਾਧਾ,
ਪੰਡ ਕਰਜ਼ੇ ਦੀ ਭਾਰੀ।
***-ਬਲਜਿੰਦਰ ਸਿੰਘ ਨਿਊ ਯਾਰਕ***

# ਸ਼੍ਰੋਮਣੀ ਕਮੇਟੀ ਮੈਂਬਰ ਦੋ ਵਰ੍ਹਿਆਂ ਬਾਅਦ ਵੀ ਹੱਕਾਂ ਤੋਂ ਵਾਂਝੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਸਦਨ ਦੇ ਮੈਂਬਰਾਂ ਦੇ ਪੰਜ ਸਾਲਾ ਕਾਰਜਕਾਲ ਵਿਚੋਂ ਦੋ ਸਾਲ ਦਾ ਸਮਾਂ ਬੀਤਣ ਨੂੰ ਆਇਆ ਹੈ ਪਰ ਇਹ ਮਾਮਲਾ ਅਜੇ ਵੀ ਅਦਾਲਤ ਦੇ ਵਿਚਾਰ ਅਧੀਨ ਹੋਣ ਕਾਰਨ ਨਵੇਂ ਸਦਨ ਦਾ ਭਵਿੱਖ ਹਵਾ ਵਿਚ ਲਟਕਿਆ ਹੋਇਆ ਹੈ।

ਸਹਿਜਧਾਰੀਆਂ ਨੂੰ ਵੋਟ ਪਾਉਣ ਦੇ ਅਧਿਕਾਰ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੀ ਹੋਈ ਨਵੀਂ ਚੋਣ ਇਸ ਵੇਲੇ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਇਸ ਦੀ ਸੁਣਵਾਈ ਦੀ ਪਿਛਲੀ ਤਾਰੀਖ਼ 18 ਅਗਸਤ ਸੀ ਜਿਸ ਨੂੰ ਹੁਣ ਅਦਾਲਤ ਨੇ ਅਗਾਂਹ ਚਾਰ ਅਕਤੂਬਰ ਤੈਅ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਲਈ 175 ਮੈਂਬਰਾਂ ਦੀ ਚੋਣ ਵਾਸਤੇ ਵੋਟਾਂ 18 ਸਤੰਬਰ, 2011 ਨੂੰ ਪਈਆਂ ਸਨ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸਮੁੱਚੀ ਸਥਿਤੀ ਨੂੰ ਮੰਦਭਾਗਾ ਦੱਸਿਆ ਤੇ ਆਖਿਆ ਕਿ ਸਿੱਖਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਆਪਣੀ ਹੀ ਹੋਂਦ ਵਾਸਤੇ ਅਦਾਲਤ ਵਿਚ ਲੜਾਈ ਲੜਨੀ ਪੈ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਖਿਆ ਕਿ ਇਹ ਮਾਮਲਾ ਅਦਾਲਤ ਵਿਚ ਹੋਣ ਕਾਰਨ ਉਹ ਬੇਵੱਸ ਹਨ।

ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਗਏ ਸਦਨ ਨੂੰ ਚੁਣੌਤੀ ਦੇਣ ਵਾਲੀ ਜਥੇਬੰਦੀ ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਪੀ.ਐਸ. ਰਾਣੂੰ ਨੇ ਦੱਸਿਆ ਕਿ ਸਹਿਜਧਾਰੀ ਸਿੱਖ ਪਾਰਟੀ ਵਲੋਂ ਇਸੇ ਵਰ੍ਹੇ ਅਪਰੈਲ ਮਹੀਨੇ ਵਿਚ ਇਸ ਮਾਮਲੇ ਨੂੰ ਖ਼ਤਮ ਕਰਨ ਲਈ ਪੇਸ਼ਕਸ਼ ਰੱਖੀ ਸੀ। ਇਸ ਪੇਸ਼ਕਸ਼ ਤਹਿਤ ਆਖਿਆ ਗਿਆ ਸੀ ਕਿ ਜੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਸਮੇਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਹੱਕ ਦੇ ਦਿੱਤਾ ਜਾਵੇ ਤਾਂ ਉਹ ਕੇਸ ਵਾਪਸ ਲੈਣ ਨੂੰ ਤਿਆਰ ਹਨ।

ਉਨ੍ਹਾਂ ਦਾਅਵਾ ਕੀਤਾ ਸੀ ਕਿ ਇਸ ਸਬੰਧ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਵੀ ਹੋਈ ਹੈ ਪਰ ਸਹਿਜਧਾਰੀ ਸਿੱਖ ਪਾਰਟੀ ਦੀ ਇਸ ਪੇਸ਼ਕਸ਼ ਨੂੰ ਅਸਵੀਕਾਰ ਕਰ ਦਿੱਤਾ ਗਿਆ ਸੀ ਜਿਸ ਕਾਰਨ ਇਹ ਮਾਮਲਾ ਅਜੇ ਵੀ ਅਦਾਲਤ ਵਿਚ ਚੱਲ ਰਿਹਾ ਹੈ ਤੇ ਅਦਾਲਤ ਵੱਲੋਂ ਸ਼੍ਰੋਮਣੀ ਕਮੇਟੀ ਦਾ ਨਿੱਤ ਦਾ ਕੰਮਕਾਜ ਚਲਾਉਣ ਲਈ ਪਿਛਲੀ ਅੰਤ੍ਰਿੰਗ ਕਮੇਟੀ ਨੂੰ ਅਖ਼ਤਿਆਰ ਦਿੱਤੇ ਹੋਏ ਹਨ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਮੈਂਬਰਾਂ ਦੀ ਚੋਣ ਲਈ 18 ਸਤੰਬਰ, 2011 ਨੂੰ ਵੋਟਾਂ ਪਈਆਂ ਸਨ ਤੇ 173 ਮੈਂਬਰਾਂ ਦੀ ਚੋਣ ਹੋਈ ਸੀ। ਸਦਨ ਵਾਸਤੇ 15 ਮੈਂਬਰ ਪੰਜ ਦਸੰਬਰ, 2011 ਨੂੰ ਨਾਮਜ਼ਦ ਕੀਤੇ ਗਏ ਸਨ ਤੇ ਕੇਂਦਰ ਸਰਕਾਰ ਵਲੋਂ ਇਸ ਸਬੰਧੀ ਨੋਟੀਫਿਕੇਸ਼ਨ 17 ਦਸੰਬਰ ਨੂੰ ਜਾਰੀ ਕੀਤਾ ਗਿਆ ਸੀ। ਉਸ ਵੇਲੇ ਅਚਨਚੇਤੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 20 ਦਸੰਬਰ, 2011 ਨੂੰ 2003 ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਸਬੰਧੀ ਜਾਰੀ ਹੋਏ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਜਿਸ ਕਾਰਨ ਨਵੇਂ ਚੁਣੇ ਗਏ ਸਦਨ ਦਾ ਭਵਿੱਖ ਧੁੰਦਲਾ ਹੋ ਗਿਆ ਹੈ। ਇਸ ਮਾਮਲੇ ਨੂੰ ਸ਼੍ਰੋਮਣੀ ਕਮੇਟੀ ਨੇ ਮਗਰੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ।

# ਨਵਜੋਤ ਸਿੱਧੂ ਦੀ ਗੁੰਮਸ਼ੁਦਗੀ ਦੇ ਇਸ਼ਤਿਹਾਰ!



ਕੰਧ ਉਪਰ ਪੋਸਟਰ ਲਾ ਰਿਹਾ ਇਕ ਆਗੂ।

**ਅੰਮ੍ਰਿਤਸਰ:** ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਆਪਣੇ ਹਲਕੇ ਵਿਚ ਲਗਾਤਾਰ ਗ਼ੈਰ ਹਾਜ਼ਰੀ ਬਾਰੇ ਕਾਂਗਰਸ ਦੇ ਆਗੂਆਂ ਨੇ ਇਸ਼ਿਤਹਾਰ ਸ਼ਹਿਰ ਦੀਆਂ ਕੰਧਾਂ 'ਤੇ ਲਾਏ ਹਨ। ਇਨ੍ਹਾਂ ਇਸ਼ਤਿਹਾਰਾਂ ਵਿਚ ਸ. ਸਿੱਧੂ ਨੂੰ ਲੱਭਣ ਵਾਲੇ ਨੂੰ ਦੋ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਕੰਧਾਂ ਉਪਰ ਲਾਏ ਪੋਸਟਰ ਅੰਮ੍ਰਿਤਸਰ ਸੰਘਰਸ਼ ਸਮਿਤੀ ਦੇ ਨਾਂ ਹੇਠ ਹਨ ਜਿਸ ਦਾ ਪ੍ਰਧਾਨ ਰਮਨ ਬਖਸ਼ੀ ਤੇ ਜਨਰਲ ਸਕੱਤਰ ਰਣਜੀਤ ਰਾਣਾ ਨੂੰ ਦਰਸਾਇਆ ਗਿਆ ਹੈ।

ਸ੍ਰੀ ਬਖਸ਼ੀ ਕਾਂਗਰਸੀ ਆਗੂ ਹਨ ਤੇ ਸਾਬਕਾ ਕੌਂਸਲਰ ਹਨ। ਇਸ ਇਸ਼ਤਿਹਾਰ ਵਿਚ ਸ. ਸਿੱਧੂ ਦੀ ਤਸਵੀਰ ਦੇ ਨਾਲ ਲਿਖਿਆ ਹੋਇਆ ਹੈ 'ਆਹ! ਸੰਸਦ ਸਿੱਧੂ, ਤੁਮ ਨਾ ਜਾਨੇ ਕਿਸ ਜਹਾਂ ਮੇਂ ਖੋ ਗਏ।' ਇਸ ਵਿਚ ਲਿਖਿਆ ਕਿ ਸ. ਸਿੱਧੂ ਨੇ ਗੁਰੂ ਨਗਰੀ ਦਾ ਮੈਂਬਰ ਪਾਰਲੀਮੈਂਟ ਬਣਨ ਮਗਰੋਂ ਸ਼ਹਿਰ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਕਦੇ ਵੀ ਅੰਮ੍ਰਿਤਸਰ ਛੱਡ ਕੇ ਨਹੀਂ ਜਾਣਗੇ। ਇਸ ਸਬੰਧੀ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਸਹੁੰ ਵੀ ਚੁੱਕੀ ਸੀ ਤੇ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਦਾ ਭਰੋਸਾ ਦਿੱਤਾ ਸੀ।

ਉਨ੍ਹਾਂ ਲਿਖਿਆ ਕਿ ਇਸ ਸੰਸਦ ਮੈਂਬਰ ਨੂੰ ਲੱਭ ਕੇ ਲਿਆਉਣ ਵਾਲੇ ਨੂੰ ਸੰਸਥਾ ਵੱਲੋਂ ਦੋ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ। ਜੇਕਰ ਉਨ੍ਹਾਂ ਦੇ ਆਪਣੀ ਪਾਰਟੀ ਨਾਲ ਕੁਝ ਮਤਭੇਦ ਹਨ ਤਾਂ ਉਹ ਉਨ੍ਹਾਂ ਨੂੰ ਹੱਲ ਕਰਨ ਪਰ ਇਸ ਦੀ ਕੀਮਤ ਵੋਟਾਂ ਦੇਣ ਵਾਲਿਆਂ ਨੂੰ ਨਾ ਅਦਾ ਕਰਨੀ ਪਵੇ। ਉਨ੍ਹਾਂ ਆਖਿਆ ਕਿ ਇਸ ਵਿਚ ਭੋਲੇ ਭਾਲੇ ਲੋਕਾਂ ਦਾ ਕੀ ਕਸੂਰ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਆਗੂਆਂ ਕੋਲੋਂ ਵੀ ਪੁੱਛਿਆ ਕਿ ਉਹ ਦੱਸਣ ਕਿ ਸ. ਸਿੱਧੂ ਲੋਕਾਂ ਦਾ ਵਿਸ਼ਵਾਸ ਭੰਗ ਕਰਕੇ ਕਿਥੇ ਗਏ ਹਨ।

ਦੂਜੇ ਪਾਸੇ ਸ. ਸਿੱਧੂ ਦੀ ਪਤਨੀ ਅਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਸੰਸਦ ਮੈਂਬਰ ਅੰਮ੍ਰਿਤਸਰ ਤੋਂ ਭੱਜੇ ਨਹੀਂ ਹਨ ਸਗੋਂ ਪਾਰਟੀ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੌਂਪੀ ਹੈ ਜਿਸ ਤਹਿਤ ਉਹ ਦਿੱਲੀ ਵਿਚ ਰੁੱਝੇ ਹੋਏ ਹਨ। ਉਹ ਆਪਣਾ ਹਰ ਕੰਮ ਤਨਦੇਹੀ ਤੇ ਇਮਾਨਦਾਰੀ ਨਾਲ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਲੋਕ ਜਾਣਦੇ ਹਨ ਕਿ ਸ. ਸਿੱਧੂ ਨੇ ਅੰਮ੍ਰਿਤਸਰ ਦੇ ਵਿਕਾਸ ਲਈ ਕਈ ਮੁੱਦੇ ਉਠਾਏ ਹਨ ਪਰ ਸਰਕਾਰਾਂ ਵੱਲੋਂ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਰੱਦ ਕਰਨ ਦਾ ਯਤਨ ਕੀਤਾ ਗਿਆ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਤੇ ਕੇਂਦਰੀ ਵਿੱਤ ਮੰਤਰੀ ਕੋਲੋਂ ਸ਼ਹਿਰ ਦੇ ਵਿਕਾਸ ਲਈ 500 ਕਰੋੜ ਰੁਪਏ ਦੀ ਯੋਜਨਾ ਦੀ ਮੰਗ ਕੀਤੀ ਸੀ ਪਰ ਕੇਂਦਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਡਾ. ਸਿੱਧੂ ਨੇ ਉਲਟਾ ਕਾਂਗਰਸੀ ਆਗੂਆਂ ਤੋਂ ਪੁੱਛਿਆ ਕਿ ਉਹ ਦੱਸਣ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੋ ਅੰਮ੍ਰਿਤਸਰ ਨਾਲ ਹੀ ਸਬੰਧਤ ਹਨ, ਨੇ ਅੰਮ੍ਰਿਤਸਰ ਸ਼ਹਿਰ ਵਾਸਤੇ ਕੀ ਕੀਤਾ ਹੈ।

# ਗੁਰੂ ਨਾਨਕ ਖਿਲਾਫ ਗਲਤ ਟਿੱਪਣੀਆਂ ਤੋਂ ਸਿੱਖਾਂ ਵਿਚ ਰੋਸ

## ਆਸਾ ਰਾਮ ਬਾਪੂ ਦੀ ਤਰਜਮਾਨ ਖ਼ਿਲਾਫ਼ ਕੇਸ ਦਰਜ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ਤੋਂ ਬਾਅਦ ਜਬਰ ਜਨਾਹ ਦੇ ਇਕ ਮਾਮਲੇ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਸਾ ਰਾਮ ਬਾਪੂ ਦੀ ਬੁਲਾਰੀ ਨੀਲਮ ਦੂਬੇ ਖਿਲਾਫ਼ ਦਿੱਲੀ ਦੇ ਸੰਸਦ ਮਾਰਗ ਥਾਣੇ ਵਿਚ ਧਾਰਾ 153-ਏ/ 295-ਏ ਅਤੇ 298 ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬੀਤੀ 23 ਅਗਸਤ ਨੂੰ ਬੀਬੀ ਨੀਲਮ ਦੇਵੀ ਨੇ ਪ੍ਰਾਈਵੇਟ ਚੈਨਲ 'ਤੇ ਬਹਿਸ ਦੌਰਾਨ ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਪੁੱਤਰਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ ਜਿਸ ਤੋਂ ਬਾਅਦ ਗੁਰਦੁਆਰਾ ਕਮੇਟੀ ਦੇ ਮੁੱਖ ਪ੍ਰਸ਼ਾਸਕ ਅਜਮੇਰ ਸਿੰਘ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਸੀ।

ਦਿੱਲੀ ਕਮੇਟੀ ਪ੍ਰਬੰਧਕਾਂ ਦੇ ਹਵਾਲੇ ਨਾਲ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜਦ ਤਕ ਇਤਰਾਜ਼ਯੋਗ ਟਿੱਪਣੀਆਂ ਵਿਚ ਆਸਾ ਰਾਮ ਬਾਪੂ ਦੀ ਬੁਲਾਰੀ ਹੋਣ ਕਰਕੇ ਆਸਾ ਰਾਮ ਬਾਪੂ ਵੀ ਉਸ ਵੇਲੇ ਤੱਕ ਸ਼ਾਮਲ ਸਮਝੇ ਜਾਣਗੇ ਜਦ ਤੱਕ ਉਹ ਇਸ ਮਸਲੇ ਵਿਚ ਆਪਣੀ ਸਫਾਈ ਪੇਸ਼ ਨਹੀਂ ਕਰ ਦਿੰਦੇ।

ਜ਼ਿਕਰਯੋਹ ਹੈ ਕਿ ਨੀਲਮ ਦੂਬੇ ਵੱਲੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਬਾਰੇ ਕੀਤੀਆਂ ਟਿੱਪਣੀਆਂ ਕਾਰਨ ਸਮੁੱਚੇ ਸਿੱਖ ਜਗਤ ਵਿਚ ਰੋਸ ਦੀ ਭਾਵਨਾ ਹੈ। ਇਸੇ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਇਸ ਬੁਲਾਰੇ ਖਿਲਾਫ਼ ਪੁਲਿਸ ਕੇਸ ਦਰਜ ਕਰਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਇਹ ਮੰਦਭਾਗਾ ਹੈ ਕਿ ਇਕ ਧਾਰਮਿਕ ਸੰਸਥਾ ਦੇ ਬੁਲਾਰੇ ਵੱਲੋਂ ਦੂਜੇ ਧਰਮ ਦੇ ਮੁਖੀ ਬਾਰੇ ਅਜਿਹੇ ਸ਼ਬਦ ਵਰਤੇ ਗਏ ਹਨ ਜੋ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਪ੍ਰਤੀ ਸਾਜ਼ਿਸ਼ ਦਾ ਹਿੱਸਾ ਹੈ।

ਉਨ੍ਹਾਂ ਕਿਹਾ ਕਿ ਚੈਨਲ ਦੇ ਪ੍ਰਬੰਧਕਾਂ ਨੂੰ ਵੀ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਸਿੱਖ ਸੰਗਤ ਵੱਲੋਂ ਇਸ ਬਾਰੇ ਜਾਣੂ ਕਰਾਇਆ ਗਿਆ ਹੈ ਤੇ ਉਨ੍ਹਾਂ ਇਹ ਮਾਮਲਾ ਕਾਨੂੰਨੀ ਮਾਹਿਰਾਂ ਕੋਲ ਵਿਚਾਰ ਲਈ ਭੇਜਿਆ ਹੈ। ਇਸ ਦੀ ਰਿਪੋਰਟ ਆ ਜਾਵੇਗੀ ਜਿਸ ਦੇ ਆਧਾਰ 'ਤੇ ਬਾਪੂ ਆਸਾਰਾਮ ਦੀ ਸੰਸਥਾ ਦੇ ਬੁਲਾਰੇ ਖਿਲਾਫ਼ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਦੇਸ਼ ਦੇ ਕਿਸੇ ਵੀ ਸ਼ਹਿਰ ਵਿਚ ਕੇਸ ਦਰਜ ਕਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਸਭ ਧਰਮਾਂ ਦੇ ਸਾਂਝੇ ਧਾਰਮਿਕ ਆਗੂ ਸਨ ਤੇ ਉਨ੍ਹਾਂ ਦੀ ਤੁਲਨਾ ਕਿਸੇ ਵਿਅਕਤੀ ਨਾਲ ਕਰਨਾ ਜਾਂ ਉਨ੍ਹਾਂ ਬਾਰੇ ਮੰਦੇ ਸ਼ਬਦ ਬੋਲਣਾ ਉਚਿਤ ਨਹੀਂ ਹੈ। ਉਨ੍ਹਾਂ ਆਖਿਆ ਕਿ ਸੰਸਥਾ ਦੇ ਬੁਲਾਰੇ ਨੇ ਸਿਰਫ਼ ਸਿੱਖ ਧਰਮ ਹੀ ਨਹੀਂ ਸਗੋਂ ਹੋਰ ਧਰਮਾਂ ਦੇ ਆਗੂਆਂ ਖਿਲਾਫ਼ ਵੀ ਮਾੜੇ ਸ਼ਬਦ ਵਰਤੇ ਹਨ।

ਇਸ ਦੌਰਾਨ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਕਿਸੇ ਵੀ ਧਰਮ ਦੇ ਸਮਰਥਕ ਨੂੰ ਦੂਜੇ ਧਰਮ ਦੇ ਖਿਲਾਫ਼ ਨਹੀਂ ਬੋਲਣਾ ਚਾਹੀਦਾ। ਕੋਈ ਵੀ ਕਥਾਵਾਚਕ ਆਪਣੀ ਤੁਲਨਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨਾਲ ਨਹੀਂ ਕਰ ਸਕਦਾ ਤੇ ਨਾ ਹੀ ਕਥਾ ਕਰਨ ਵਾਲੇ ਕੋਈ ਅਵਤਾਰੀ ਪੁਰਸ਼ ਹਨ।

## ਸਰੀਰਕ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰਿਆ ਆਸਾ ਰਾਮ ਬਾਪੂ

**ਨਵੀਂ ਦਿੱਲੀ:** ਆਸਾ ਰਾਮ ਬਾਪੂ ਵਿਰੁੱਧ ਇਕ ਨਬਾਲਗ ਲੜਕੀ ਨੇ ਸਰੀਰਕ ਸ਼ੋਸਣ ਦਾ ਮਾਮਲਾ ਦਰਜ ਕਰਵਾਇਆ ਹੈ। ਇਹ ਲੜਕੀ ਜੋਧਪੁਰ ਵਿਚ ਆਸਾ ਰਾਮ ਦੇ ਹੋਸਟਲ ਵਿਚ ਰਹਿੰਦੀ ਸੀ। ਮਾਮਲਾ ਸਥਾਨਕ ਕਮਲਾ ਮਾਰਕਿਟ ਪੁਲਿਸ ਥਾਣੇ ਵਿਚ ਦਰਜ ਕੀਤਾ ਗਿਆ ਹੈ ਤੇ ਇਸ ਬਾਰੇ ਜੋਧਪੁਰ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਆਸਾ ਰਾਮ ਪਿਛਲੇ ਸਾਲ 16 ਦਸੰਬਰ ਨੂੰ ਦਿੱਲੀ ਵਿਚ ਹੋਏ ਸਮੂਹਿਕ ਜਬਰ ਜਨਾਹ ਬਾਰੇ ਭੱਦੀ ਟਿੱਪਣੀ ਕਰਨ ਉਪਰੰਤ ਵੀ ਚਰਚਾ ਵਿਚ ਆਇਆ ਸੀ। ਉਸ ਸਮੇਂ ਆਸਾ ਰਾਮ ਨੇ ਦਾਅਵਾ ਕੀਤਾ ਸੀ ਕਿ ਜੇਕਰ ਲੜਕੀ ਹਮਲਾਵਰਾਂ ਨੂੰ ਭਰਾ ਕਹਿ ਕੇ ਰਹਿਮ ਕਰਨ ਲਈ ਕਹਿੰਦੀ ਤਾਂ ਹੋ ਸਕਦਾ ਸੀ ਕਿ ਉਹ ਬਚ ਜਾਂਦੀ। ਇਸ ਟਿਪਣੀ ਉਪਰੰਤ ਆਸਾ ਰਾਮ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਸੀ। ਉਧਰ ਰਾਜਸਥਾਨ ਪੁਲਿਸ ਨੇ ਬਾਪੂ ਆਸਾ ਰਾਮ ਦੇ ਜੋਧਪੁਰ ਵਿਖੇ ਸਥਿਤ ਇਸ ਆਸ਼ਰਮ ਨੂੰ ਸੀਲ ਕਰ ਦਿੱਤਾ ਹੈ।




ਇਸ ਮਹੀਨੇ ਸਪੈਸ਼ਲ ਆਫਰ

2 steer tire Michellin 22.5 lp for 1150.00 including wheel balancing.



**Global Multi Services**

1950 E. Miner Ave., Stockton, CA 95205

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ**

**ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ**

*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996 ਫੈਕਸ: 209-982-9997**

e-mail: globalmultiservices123@yahoo.com

# ਅਮਰਿੰਦਰ ਸਿੰਘ ਤੇ ਧੂਮਲ ਵਿਚਾਲੇ ਸੁਲ੍ਹਾ

**ਸ਼ਿਮਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਥੋਂ ਦੀ ਅਦਾਲਤ ਨੇ ਦਹਾਕਾ ਭਰ ਪੁਰਾਣੇ ਹੱਤਕ ਦੇ ਫੌਜਦਾਰੀ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਉਨ੍ਹਾਂ ਖ਼ਿਲਾਫ਼ ਇਹ ਕੇਸ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਪ੍ਰੇਮ ਕੁਮਾਰ ਧੂਮਲ ਨੇ ਦਰਜ ਕਰਵਾਇਆ ਸੀ। ਕੈਪਟਨ ਨੇ ਅਦਾਲਤ ਵਿਚ ਕਿਹਾ ਕਿ ਉਨ੍ਹਾਂ ਦੇ ਸ੍ਰੀ ਧੂਮਲ ਨਾਲ ਸਦਭਾਵਨਾ ਭਰੇ ਸਬੰਧ ਹਨ।

ਉਨ੍ਹਾਂ ਦਾ ਬਿਆਨ ਦਰਜ ਕਰਦਿਆਂ ਚੀਫ ਜੁਡੀਸ਼ਲ ਮੈਜਿਸਟਰੇਟ ਜਯੋਤਸਨਾ ਡਡਵਾਲ ਨੇ ਕਾਂਗਰਸੀ ਆਗੂ ਖ਼ਿਲਾਫ਼ ਅਪਰਾਧਕ ਮਾਣਹਾਨੀ ਦੀ ਕਾਰਵਾਈ ਖ਼ਾਰਜ ਕਰ ਦਿੱਤੀ। ਉਂਜ ਇਸੇ ਕੇਸ ਵਿਚ ਇਕ ਹੋਰ ਕਾਂਗਰਸੀ ਆਗੂ ਮੋਤੀ ਲਾਲ ਵੋਹਰਾ ਖ਼ਿਲਾਫ਼ ਅਜਿਹੀ ਕਾਰਵਾਈ ਜਾਰੀ ਕਰੇਗੀ। ਕੈਪਟਨ ਨੇ ਅਦਾਲਤ ਵਿਚ ਦਿੱਤੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਧੂਮਲ ਤੇ ਉਨ੍ਹਾਂ ਦੇ ਵਧੀਆ ਸਬੰਧ ਹਨ। ਉਨ੍ਹਾਂ 18 ਜਨਵਰੀ, 2003 ਨੂੰ ਹਮੀਰਪੁਰ ਵਿਚ ਦਿੱਤੇ ਭਾਸ਼ਨ ਦੌਰਾਨ ਸ੍ਰੀ ਧੂਮਲ 'ਤੇ ਨਿੱਜੀ ਹਮਲਾ ਨਹੀਂ ਕੀਤਾ, ਹਾਲਾਂਕਿ ਉਨ੍ਹਾਂ ਦੀ ਸਰਕਾਰ ਦੀ ਅਲੋਚਨਾ ਕੀਤੀ ਸੀ।

ਉਨ੍ਹਾਂ ਅਫਸੋਸ ਜ਼ਾਹਰ ਕੀਤੀ ਕਿ ਇਸ ਭਾਸ਼ਨ ਬਾਰੇ ਕੁਝ ਅਖ਼ਬਾਰਾਂ ਵਿਚ ਗ਼ਲਤ ਢੰਗ ਨਾਲ ਖ਼ਬਰਾਂ ਛਪ ਗਈਆਂ। ਉਨ੍ਹਾਂ ਕਿਹਾ ਕਿ ਸ੍ਰੀ ਧੂਮਲ ਖ਼ਿਲਾਫ਼ ਕੋਈ ਨਿੱਜੀ ਦੋਸ਼ ਨਹੀਂ ਲਾਏ।



ਅਖ਼ਬਾਰੀ ਰਿਪੋਰਟਾਂ ਵਿਚ ਜਿਹੜੇ ਦੋਸ਼ ਉਨ੍ਹਾਂ ਵੱਲੋਂ ਲਾਏ ਜਾਣ ਦੀ ਗੱਲ ਕਹੀ ਗਈ ਸੀ, ਉਹ ਸਹੀ ਨਹੀਂ ਸੀ। ਪ੍ਰੈੱਸ ਵਿਚ ਹੋਈ ਗ਼ਲਤ ਰਿਪੋਰਟਿੰਗ ਕਾਰਨ ਸ੍ਰੀ ਧੂਮਲ ਨੂੰ ਲੱਗੀ ਠੇਸ ਲਈ ਅਫਸੋਸ ਹੈ। ਇਸ ਉੱਤੇ ਸ੍ਰੀ ਧੂਮਲ ਨੇ ਕਿਹਾ ਕਿ ਉਹ ਕੈਪਟਨ ਖ਼ਿਲਾਫ਼ ਕੇਸ ਅੱਗੇ ਨਹੀਂ ਚਲਾਉਣਾ ਚਾਹੁੰਦੇ। ਪਹਿਲਾਂ ਸ੍ਰੀ ਧੂਮਲ ਨੇ ਕੈਪਟਨ ਤੇ ਸ੍ਰੀ ਵੋਹਰਾ ਉੱਤੇ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਲਈ ਝੂਠੇ ਇਲਜ਼ਾਮ ਲਾਉਣ ਦਾ ਦੋਸ਼ ਲਾਇਆ ਸੀ। ਹਮੀਰਪੁਰ ਰੈਲੀ ਦੌਰਾਨ ਕਾਂਗਰਸੀ ਆਗੂਆਂ ਨੇ ਸ੍ਰੀ ਧੂਮਲ ਉੱਤੇ 25 ਕਰੋੜ ਰੁਪਏ ਦੀ ਬੇਹਿਸਾਬੀ ਜਾਇਦਾਦ ਬਣਾਉਣ ਦਾ ਦੋਸ਼ ਲਾਇਆ ਸੀ। ਸ੍ਰੀ ਧੂਮਲ ਨੇ ਕੇਂਦਰੀ ਵਣਜ ਮੰਤਰੀ ਆਨੰਦ ਸ਼ਰਮਾ ਖ਼ਿਲਾਫ਼ ਵੀ 2003 ਵਿਚ ਮਾਣਹਾਨੀ ਦਾ ਇਕ ਕੇਸ ਕੀਤਾ ਸੀ ਜੋ ਹਾਲੇ ਅਦਾਲਤ ਵਿਚ ਚੱਲ ਰਿਹਾ ਹੈ।

# ਆਗੂਆਂ ਦੀ ਧੜੇਬੰਦੀ ਅਕਾਲੀਆਂ ਲਈ ਸਿਰਦਰਦੀ ਬਣੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਵਿਚਲੀ ਖਿੱਚੋਤਾਣ ਕਾਰਨ ਪੰਜਾਬ ਵਿਚ ਬਹੁਤੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਤੇ ਉਪ ਚੇਅਰਮੈਨ ਚੁਣਨ ਦੀ ਪ੍ਰਕਿਰਿਆ ਨੇਪਰੇ ਨਹੀਂ ਚੜ੍ਹ ਸਕੀ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇਨ੍ਹਾਂ ਅਹੁਦਿਆਂ ਦੀ ਚੋਣ ਲਈ ਮਿਥੀ ਤਰੀਕ ਤੱਕ ਜਿਨ੍ਹਾਂ ਥਾਵਾਂ 'ਤੇ ਚੋਣ ਹੋਈ, ਉਸ ਚੋਣ ਵਿਚੋਂ ਆਮ ਵਰਕਰ ਲਾਂਭੇ ਹੋਇਆ ਦਿਖਾਈ ਦੇ ਰਿਹਾ ਹੈ।

ਵਿਭਾਗ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਹੁਣ ਤੱਕ 10 ਕੁ ਜ਼ਿਲ੍ਹਿਆਂ ਵਿਚ ਚੋਣ ਹੋਈ ਹੈ ਇਸ ਵਿਚੋਂ ਚਾਰ ਜ਼ਿਲ੍ਹਾ ਪ੍ਰੀਸ਼ਦਾਂ 'ਤੇ ਕੁਨਬਾਪ੍ਰਸਤੀ ਹਾਵੀ ਹੋ ਗਈ ਹੈ। ਕਪੂਰਥਲਾ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਵਿਧਾਇਕ ਬੀਬੀ ਜਾਗੀਰ ਕੌਰ ਦਾ ਜਵਾਈ ਯੁਵਰਾਜ ਭੁਪਿੰਦਰ ਸਿੰਘ, ਬਠਿੰਡਾ ਤੋਂ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ, ਮੁਹਾਲੀ ਤੋਂ ਸਾਬਕਾ ਵਿਧਾਇਕ ਉਜਾਗਰ ਸਿੰਘ ਵਡਾਲੀ ਦੀ ਧੀ ਪਰਮਜੀਤ ਕੌਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਤੋਂ ਮਲੋਟ ਦੇ ਅਕਾਲੀ ਵਿਧਾਇਕ ਹਰਪ੍ਰੀਤ ਸਿੰਘ ਦੀ ਪਤਨੀ ਬੀਬੀ ਅਬਨੀਤ ਕੌਰ ਚੇਅਰਪਰਸਨ ਚੁਣੀ ਗਈ ਹੈ। ਇਸੇ ਜ਼ਿਲ੍ਹੇ ਤੋਂ ਉਪ ਚੇਅਰਮੈਨ ਦੀ ਕੁਰਸੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਨੂੰਹ ਲਖਬੀਰ ਕੌਰ ਦੇ ਹਿੱਸੇ ਆਈ ਹੈ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਚੇਅਰਮੈਨ ਤੇ ਉਪ ਚੇਅਰਮੈਨ ਦੀ ਚੋਣ 23 ਅਗਸਤ ਤੱਕ ਮੁਕੰਮਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਸੂਤਰਾਂ ਅਨੁਸਾਰ ਅਕਾਲੀਆਂ ਦੀ ਖਿੱਚੋਤਾਣ ਕਾਰਨ ਬਹੁਤੇ ਜ਼ਿਲ੍ਹਿਆਂ ਵਿਚ ਚੋਣ ਮੁਲਤਵੀ ਕਰ ਦਿੱਤੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਇਕ ਤੋਂ ਵੱਧ ਅਕਾਲੀਆਂ ਵੱਲੋਂ ਚੇਅਰਮੈਨ ਜਾਂ ਉਪ ਚੇਅਰਮੈਨ ਦੀ ਕੁਰਸੀ 'ਤੇ ਦਾਅਵੇਦਾਰੀ ਜਤਾਈ ਜਾ ਰਹੀ ਹੈ। ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਕਿਉਂਕਿ ਅਕਾਲੀਆਂ ਦੀ ਬਹੁਸੰਮਤੀ ਹੈ, ਇਸ ਲਈ ਸਾਰੀਆਂ ਹੀ ਜ਼ਿਲ੍ਹਾ ਪ੍ਰੀਸ਼ਦਾਂ 'ਤੇ ਹਾਕਮ ਧਿਰ ਦਾ ਦਬਦਬਾ ਹੈ।

ਜ਼ਿਲ੍ਹਾ ਪੱਧਰ ਦੇ ਇਨ੍ਹਾਂ ਚੁਣੇ ਹੁਏ ਵੱਡੇ ਅਹੁਦਿਆਂ 'ਤੇ ਰਸੂਖਦਾਰ ਰਾਜਨੀਤੀਵਾਨਾਂ ਦੇ ਕਰੀਬੀਆਂ ਦੇ ਕਬਜ਼ਾ ਕਰਨ ਨੇ ਸਾਬਤ ਕਰ ਦਿੱਤਾ ਹੈ ਕਿ ਆਮ ਵਰਕਰ ਨੂੰ ਅੱਗੇ ਆਉਣ ਲਈ ਭਾਰੀ ਮਿਹਨਤ ਕਰਨੀ ਪਵੇਗੀ। ਮਾਨਸਾ, ਲੁਧਿਆਣਾ, ਹੁਸ਼ਿਆਰਪੁਰ, ਅੰਮ੍ਰਿਤਸਰ, ਗੁਰਦਾਸਪੁਰ ਆਦਿ ਕਈ ਜ਼ਿਲ੍ਹੇ ਹਨ ਜਿਥੇ ਅਕਾਲੀ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦੀ ਕੁਰਸੀ ਹਥਿਆਉਣ ਲਈ ਜ਼ੋਰਅਜਮਾਈ ਕਰ ਰਹੇ ਹਨ। ਇਸ ਤੋਂ ਸਪੱਸ਼ਟ ਹੈ ਕਿ ਹਾਕਮ ਪਾਰਟੀ ਵਿਚ ਹੇਠਲੇ ਪੱਧਰ 'ਤੇ ਭਾਰੀ ਧੜੇਬੰਦੀ ਹੈ।

# ਹੁਸ਼ਿਆਰਪੁਰੀਏ ਮੁੜ ਨਿਕਲੇ ਸਭ ਤੋਂ ਵੱਧ ਹੁਸ਼ਿਆਰ

**ਹੁਸ਼ਿਆਰਪੁਰ:** ਭਾਰਤ ਸਰਕਾਰ ਦੇ ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਸਾਲ 2011 ਵਿਚ ਕਰਵਾਈ ਗਈ ਮਰਦਮ ਸ਼ੁਮਾਰੀ ਵਿਚ ਪੰਜਾਬ ਦੀ ਸਿੱਖਿਆ ਦਰ ਵਿਚ 6.1 ਫੀਸਦੀ ਵਾਧਾ ਹੋਇਆ ਹੈ। ਇਹ ਸਿੱਖਿਆ ਦਰ ਸੂਬੇ ਅੰਦਰ ਸਾਲ 2001 ਵਿਚ 69.7 ਫੀਸਦੀ ਸੀ ਤੇ ਹੁਣ ਸਾਲ 2011 ਵਿਚ 75.8 ਫੀਸਦੀ ਹੋ ਗਈ ਹੈ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਸਿੱਖਿਆ ਦਰ 84.6 ਫੀਸਦੀ ਹੋਣ ਦੇ ਨਾਲ ਹੁਸ਼ਿਆਰਪੁਰ ਮੁੜ ਪੰਜਾਬ ਦਾ ਪਹਿਲਾ ਸਭ ਤੋਂ ਵੱਧ ਸਿੱਖਿਅਤ ਜ਼ਿਲ੍ਹਾ ਬਣ ਗਿਆ ਹੈ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਰੁਣ ਰੂਜ਼ਮ ਨੇ ਦੱਸਿਆ ਕਿ ਸਿੱਖਿਆ ਸੁਧਾਰਾਂ ਦੇ ਚਲਦਿਆਂ ਇਸ ਦੀ ਸਿੱਖਿਆ ਦਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ । ਉਨ੍ਹਾਂ ਦੱਸਿਆ ਜ਼ਿਲ੍ਹੇ ਅੰਦਰ 235 ਹਾਈ, ਸੈਕੰਡਰੀ ਸਕੂਲ ਹਨ ਤੇ ਸੂਬਾ ਸਰਕਾਰ ਵਲੋਂ 24 ਕਰੋੜ ਰੁਪਏ ਖਰਚ ਕਰਕੇ ਇਨ੍ਹਾਂ ਸਕੂਲਾਂ ਅੰਦਰ 50 ਨਵੇਂ ਕਮਰੇ, 89 ਸਾਇੰਸ ਲੈਬ ਤੇ 154 ਆਰਟ ਰੂਮ ਬਣਾ ਕੇ ਸਿੱਖਿਆ ਦੇ ਮੁਢਲੇ ਢਾਂਚੇ ਨੂੰ ਮਜਬੂਤ ਬਣਾਇਆ ਹੈ।

ਇਸੇ ਤਰ੍ਹਾਂ ਪੇਂਡੂ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਦੇਣ ਲਈ ਸੂਬਾ ਸਰਕਾਰ ਵੱਲੋਂ 12 ਕਰੋੜ ਰੁਪਏ ਖਰਚ ਕਰਕੇ ਜ਼ਿਲ੍ਹੇ ਦੇ 21 ਮਿਡਲ ਸਕੂਲਾਂ ਨੂੰ ਅਪਗਰੇਡ ਕਰਕੇ ਹਾਈ ਸਕੂਲ ਦਾ ਦਰਜਾ ਦਿੱਤਾ ਹੈ ਤੇ ਹੁਣ ਸਰਕਾਰ ਵਲੋਂ ਜ਼ਿਲ੍ਹੇ ਦੇ ਸਕੂਲਾਂ ਦੇ ਰੱਖ ਰਖਾਵ ਤੇ ਸਿੱਖਿਆ ਦੇ ਮਿਆਰ ਨੂੰ ਹੋਰ ਉਚਾ ਚੁੱਕਣ ਅਤੇ ਇਸ ਨੂੰ ਬਰਕਰਾਰ ਰੱਖਣ ਲਈ ਹਰ ਸਾਲ ਇਕ ਕਰੋੜ 76 ਲੱਖ ਰੁਪਏ ਦਿੱਤੇ ਜਾ ਰਹੇ ਹਨ।

ਸਿੱਖਿਆ ਸੁਧਾਰਾਂ ਦੇ ਚਲਦਿਆਂ ਸਾਲ 2013 ਵਿਚ 10ਵੀਂ ਕਲਾਸ ਵਿਚੋਂ ਜ਼ਿਲ੍ਹੇ ਦੇ 36 ਬੱਚੇ ਮੈਰਿਟ ਵਿਚ ਆਏ ਹਨ ਤੇ ਹੁਸ਼ਿਆਰਪੁਰ ਨੇ ਓਵਰ ਆਲ ਪੰਜਾਬ ਵਿਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਦਸਵੀਂ ਕਲਾਸ ਦੇ 386 ਬੱਚਿਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਜਿਨ੍ਹਾਂ ਦੀ ਸਮੁੱਚੀ ਅਗਲੇਰੀ ਪੜ੍ਹਾਈ ਸੂਬਾ ਸਰਕਾਰ ਵੱਲੋਂ 60 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਅੰਦਰ ਬਣਾਏ ਜਾ ਰਹੇ ਛੇ ਮਾਡਲ ਸਕੂਲਾਂ ਵਿਚ ਮੁਫ਼ਤ ਕਰਵਾਈ ਜਾਵੇਗੀ ।

# ਗੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਗਏ ਲੋਕਾਂ ਦੀ ਸ਼ਾਮਤ

**ਚੰਡੀਗੜ੍ਹ:** ਤੁਰਕੀ, ਡੁਬਈ, ਜਰਮਨ ਤੇ ਇਟਲੀ ਦੀਆਂ ਸਰਕਾਰਾਂ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਤੌਰ 'ਤੇ ਜਾਣ ਵਾਲੇ ਲੋਕਾਂ ਨੂੰ ਭਾਰਤ ਵਾਪਸ ਭੇਜ ਰਹੀਆਂ ਹਨ ਜਿਨ੍ਹਾਂ ਵਿਚ ਪੰਜਾਬੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਇਸ ਬਾਰੇ ਜਾਣਕਾਰੀ ਵੀ ਉਸ ਵੇਲੇ ਸਾਹਮਣੇ ਆਈ ਜਦੋਂ ਵਿਦੇਸ਼ਾਂ ਵਿਚ ਕੰਮ ਕਰਦੇ ਇਨ੍ਹਾਂ ਲੋਕਾਂ ਨੂੰ ਵਿਦੇਸ਼ਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਤੇ ਹੁਣ ਦੁਬਾਰਾ ਇਨ੍ਹਾਂ ਲੋਕਾਂ ਨੇ ਕੰਮ ਕਰਨ ਲਈ ਪਾਸਪੋਰਟ ਲੈਣ ਵਾਸਤੇ ਦਫ਼ਤਰ ਕੋਲ ਪਹੁੰਚ ਕੀਤੀ ਹੈ।

ਪਾਸਪੋਰਟ ਦਫ਼ਤਰ ਦੇ ਸੂਤਰਾਂ ਨੇ ਦੱਸਿਆ ਕਿ ਕਿਸੇ ਵੇਲੇ ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਰਗੇ ਦੇਸ਼ਾਂ ਤੋਂ ਗੈਰ ਕਾਨੂੰਨੀ ਤਰੀਕੇ ਨਾਲ ਰਹਿਣ ਵਾਲਿਆਂ ਨੂੰ ਕੱਢ ਦਿੱਤਾ ਜਾਂਦਾ ਸੀ ਪਰ ਹੁਣ ਅਰਬ ਦੇਸ਼ਾਂ ਵਿਚ ਜਾਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ ਜਿਹੜੇ ਕਿ ਵਾਪਸ ਭੇਜੇ ਜਾ ਰਹੇ ਹਨ। ਸੂਤਰਾਂ ਦਾ ਕਹਿਣਾ ਸੀ ਕਿ ਅਰਬ ਦੇਸ਼ਾਂ ਤੋਂ ਇਲਾਵਾ ਜਰਮਨ, ਇਟਲੀ ਨੇ ਵੀ ਗੈਰ ਕਾਨੂੰਨੀ ਤੌਰ 'ਤੇ ਰਹਿਣ ਵਾਲਿਆਂ 'ਤੇ ਸਖ਼ਤੀ ਕੀਤੀ ਹੈ।

ਆਮ ਤੌਰ 'ਤੇ ਜਿਹੜੇ ਲੋਕ ਅਰਬ ਦੇਸ਼ਾਂ, ਇਟਲੀ ਜਾਂ ਹੋਰ ਛੋਟੇ ਦੇਸ਼ਾਂ ਵਿਚ ਕੰਮ ਕਰਨ



ਲਈ ਜਾਂਦੇ ਹਨ, ਉਨ੍ਹਾਂ ਦਾ ਬਾਅਦ ਵਿਚ ਉਦੇਸ਼ ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਵਿਚ ਜਾਣਾ ਹੀ ਹੁੰਦਾ ਹੈ। ਉਹ ਏਜੰਟਾਂ ਦੇ ਝਾਂਸੇ ਵਿਚ ਆ ਕੇ ਸਮੁੰਦਰੀ ਰਸਤੇ ਰਾਹੀਂ, ਸੜਕਾਂ ਰਾਹੀਂ ਜਾਂ ਸਰਹੱਦ ਟੱਪ ਕੇ ਜਾਂਦੇ ਹਨ ਜਿੱਥੇ ਕਿ ਉਹ ਕਈ ਵਾਰ ਫੜੇ ਜਾਂਦੇ ਹਨ। ਇਸ ਤਰ੍ਹਾਂ ਪੁਲਿਸ ਇਨ੍ਹਾਂ ਨੂੰ ਫੜ ਕੇ ਕਾਫ਼ੀ ਸਮੇਂ ਤੱਕ ਜੇਲ੍ਹ ਵਿਚ ਰੱਖ ਕੇ ਵਾਪਸ ਭੇਜਦੀ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜਿਹੜੇ ਕਿ ਬੇਰੁਜ਼ਗਾਰ ਹੁੰਦੇ ਹਨ ਤੇ ਉਹ ਕੰਮ ਕਰਨ ਲਈ ਵਿਦੇਸ਼ ਜਾਂਦੇ ਹਨ।

ਪਤਾ ਲੱਗਾ ਹੈ ਕਿ ਜਲੰਧਰ ਦੇ ਖੇਤਰੀ ਪਾਸਪੋਰਟ ਦਫ਼ਤਰ ਨੇ ਜਲੰਧਰ ਨਿਵਾਸੀ ਨੂੰ 11 ਸਾਲਾਂ ਬਾਅਦ ਪਾਸਪੋਰਟ ਦਿੱਤਾ ਹੈ ਜਿਹੜਾ ਕਿ ਡੁਬਈ ਤੋਂ ਵਾਪਸ ਪਰਤ ਕੇ ਕਈ ਸਾਲ ਤੱਕ ਪਾਸਪੋਰਟ ਲੈਣ ਲਈ ਭਟਕਦਾ ਰਿਹਾ ਸੀ। ਪਾਸਪੋਰਟ ਲੈਣ ਲਈ ਜੁਰਮਾਨੇ ਦੀ ਰਕਮ ਜ਼ਿਆਦਾ ਨਾ ਹੋਣ ਦੇ ਬਾਵਜੂਦ ਖੇਤਰੀ ਪਾਸਪੋਰਟ ਦਫ਼ਤਰ ਨੇ ਦਰਿਆ-ਦਿਲੀ ਦਿਖਾਉਂਦੇ ਹੋਏ ਇਸ ਵਿਅਕਤੀ ਨੂੰ ਕਾਫ਼ੀ ਘੱਟ ਜੁਰਮਾਨਾ ਲਾ ਕੇ ਪਾਸਪੋਰਟ ਜਾਰੀ ਕਰ ਦਿੱਤਾ।

# ਪੰਜਾਬ ਤੇ ਹਰਿਆਣਾ ਪੁਲਿਸ ਸਭ ਤੋਂ ਵੱਡੀ ਰਿਸ਼ਵਤਖੋਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀ ਪੁਲਿਸ ਪਰਚੂਨ ਰਿਸ਼ਵਤ ਲੈਣ ਦੇ ਮਾਮਲੇ ਵਿਚ ਮੋਹਰੀ ਹੈ ਤੇ ਦੂਸਰੇ ਨੰਬਰ 'ਤੇ ਮਾਲ ਵਿਭਾਗ ਆਉਂਦੇ ਹਨ। ਇਨ੍ਹਾਂ ਦੋਵਾਂ ਰਾਜਾਂ ਵਿਚ ਪਾਸਪੋਰਟ ਬਣਾਉਣ ਲਈ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਤੇ ਟਰੈਫਿਕ ਪੁਲਿਸ ਦੇ ਚਲਾਨਾਂ ਤੋਂ ਬਚਣ ਲਈ ਸਭ ਤੋਂ ਵੱਧ ਰਿਸ਼ਵਤਖੋਰੀ ਹੁੰਦੀ ਹੈ।

ਇਸ ਮਾਮਲੇ ਵਿਚ ਪੰਜਾਬ ਦਾ ਸ਼ਹਿਰ ਲੁਧਿਆਣਾ ਤੇ ਹਰਿਆਣੇ ਦੇ ਸ਼ਹਿਰ ਗੁੜਗਾਓਂ ਤੇ ਫਰੀਦਾਬਾਦ ਮੋਹਰੀ ਹਨ। ਇਸ ਤੋਂ ਇਲਾਵਾ ਯੂਟੀ ਚੰਡੀਗੜ੍ਹ ਵਿਚ ਵੀ ਪਰਚੂਨ ਰਿਸ਼ਵਤ ਲੈਣ ਦੇ ਮਾਮਲੇ ਵਿਚ ਪੁਲਿਸ ਮੋਹਰੀ ਹੈ ਤੇ ਦੂਸਰੇ ਨੰਬਰ 'ਤੇ ਰੇਲਵੇ ਵਿਭਾਗ ਆਉਂਦਾ ਹੈ। ਚੰਡੀਗੜ੍ਹ ਵਿਚ ਸਭ ਤੋਂ ਵੱਧ ਪਰਚੂਨ ਰਿਸ਼ਵਤਖੋਰੀ ਪਾਸਪੋਰਟ ਬਣਾਉਣ ਲਈ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਤੇ ਚਲਾਨਾਂ ਤੋਂ ਬਚਣ ਲਈ ਟਰੈਫਿਕ ਪੁਲਿਸ ਦੀ ਮੁੱਠੀ ਗਰਮ ਕਰਨ ਲਈ ਹੁੰਦੀ ਹੈ।

ਜਨਾਗ੍ਰਹਿ ਸੈਂਟਰ ਫਾਰ ਸਿਟੀਜ਼ਨਸ਼ਿਪ ਐਂਡ ਡੈਮੋਕਰੈਸੀ ਗੈਰ-ਸਰਕਾਰੀ ਸੰਸਥਾ ਬੰਗਲੌਰ ਵੱਲੋਂ ਬਣਾਈ ਗਈ ਭ੍ਰਿਸ਼ਟਾਚਾਰ ਵਿਰੋਧੀ ਵੈੱਬਸਾਈਟ 'ਮੈਨੇ ਰਿਸ਼ਵਤ ਦੀ' ਉਪਰ ਦੇਸ਼ ਦੇ 500 ਸ਼ਹਿਰਾਂ ਦੇ 20 ਹਜ਼ਾਰ ਵਿਅਕਤੀਆਂ ਵੱਲੋਂ ਰਿਸ਼ਵਤ ਦੇਣ ਦੀ ਸੁਣਾਈ ਆਪਣੀ ਗਾਥਾ ਦੀ



ਤਿਆਰ ਕੀਤੀ ਰਿਪੋਰਟ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਹੈ। ਵੈੱਬਸਾਈਟ 'ਮੈਨੇ ਰਿਸ਼ਵਤ ਦੀ' ਦੇ ਪ੍ਰਬੰਧਕ ਗੀਤੇਸ਼ ਬਾਂਸਲ ਵੱਲੋਂ ਜਾਰੀ ਕੀਤੀ ਗਈ ਇਸ ਰਿਪੋਰਟ ਅਨੁਸਾਰ ਦੇਸ਼ ਭਰ ਪਰਚੂਨ ਰਿਸ਼ਵਤ ਵਿਚੋਂ 55 ਫੀਸਦੀ ਪੁਲਿਸ (30 ਫੀਸਦੀ ਥਾਣਾ ਪੁਲਿਸ ਤੇ 25 ਫੀਸਦ ਟ੍ਰੈਫਿਕ ਪੁਲਿਸ), 15 ਫੀਸਦੀ ਪ੍ਰਾਪਰਟੀਆਂ ਰਜਿਸਟਰਡ ਕਰਵਾਉਣ ਦੇ ਮਾਮਲੇ ਵਿਚ ਮਾਲ ਵਿਭਾਗ ਤੇ 10 ਫੀਸਦੀ ਡਰਾਈਵਿੰਗ ਲਾਈਸੈਂਸ ਬਣਾਉਣ ਲਈ ਲਈ ਜਾਂਦੀ ਹੈ। ਇਸ ਰਿਪੋਰਟ ਅਨੁਸਾਰ ਦੇਸ਼ ਵਿਚ ਪਰਚੂਨ ਰਿਸ਼ਵਤ (ਹੈਲੀਕਾਪਟਰ ਘੁਟਾਲਾ, 2 ਜੀ, ਕੋਲਗੇਟ ਤੇ ਸੀਡਬਲਿਊਡੀ ਆਦਿ ਥੋਕ ਦੀ ਰਿਸ਼ਵਤ ਨੂੰ ਛੱਡ ਕੇ) ਦੇ ਰੂਪ ਵਿਚ ਹਰੇਕ ਸਾਲ 600,000 ਕਰੋੜ ਰੁਪਏ ਰੁਪਏ ਦਾ ਭੁਗਤਾਨ ਹੁੰਦਾ ਹੈ। ਰਿਪੋਰਟ ਅਨੁਸਾਰ ਵੈੱਬਸਾਈਟ 'ਮੈਨੇ ਰਿਸ਼ਵਤ ਦੀ' ਉਪਰ ਪੰਜਾਬ ਦੇ 222 ਵਸਨੀਕਾਂ ਨੇ ਵੱਖ-ਵੱਖ ਕੰਮਾਂ ਲਈ ਮਜਬੂਰਨ ਰਿਸ਼ਵਤ ਦੇਣ ਦੀ ਆਪਣੀ ਰਿਪੋਰਟ ਦਰਜ ਕਰਵਾਈ ਹੈ।

ਇਨ੍ਹਾਂ 222 ਵਿਅਕਤੀਆਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਵੱਖ-ਵੱਖ ਵਿਭਾਗਾਂ ਨੂੰ 1,41,87,411 ਰੁਪਏ ਰਿਸ਼ਵਤ ਦਿੱਤੀ ਸੀ। ਜੇ ਇਸ ਸੰਸਥਾ ਦੀ ਵੈੱਬਸਾਈਟ ਦੀ ਰਿਪੋਰਟ ਨੂੰ ਸੱਚ ਮੰਨ ਲਿਆ ਜਾਵੇ ਤਾਂ ਪੰਜਾਬ ਦੇ ਇਕ ਵਿਅਕਤੀ ਨੇ ਇਕ ਸਾਲ ਵਿਚ 21,302 ਰੁਪਏ ਰਿਸ਼ਵਤ ਦਿੱਤੀ ਹੈ। ਇਸੇ ਤਰ੍ਹਾਂ ਹਰਿਆਣਾ ਦੇ 388 ਵਿਅਕਤੀਆਂ ਨੇ ਰਿਸ਼ਵਤ ਦੇਣ ਦੀ ਇਸ ਵੈੱਬਸਾਈਟ 'ਤੇ ਸੁਣਾਈ ਵਿਥਿਆ ਅਨੁਸਾਰ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨੂੰ ਛੋਟੇ-ਮੋਟੇ ਕੰਮਾਂ ਲਈ ਤਿੰਨ ਸਾਲਾਂ ਵਿਚ 63,27,630 ਰੁਪਏ ਰਿਸ਼ਵਤ ਦਿੱਤੀ ਹੈ।

ਇਸ ਤਰ੍ਹਾਂ ਹਰ ਸਾਲ ਪ੍ਰਤੀ ਵਿਅਕਤੀ ਵੱਲੋਂ 5436 ਰੁਪਏ ਰਿਸ਼ਵਤ ਦਿੱਤੀ ਗਈ ਹੈ। ਰਿਸ਼ਵਤ ਲੈਣ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਦਾ ਤਕਰੀਬਨ ਇਕੋ ਸੁਭਾਅ ਹੈ ਕਿਉਂਕਿ ਇਨ੍ਹਾਂ ਦੋਵਾਂ ਰਾਜਾਂ ਵਿਚ ਪੁਲਿਸ ਤੇ ਜਾਇਦਾਦਾਂ ਦੀ ਰਜਿਸਟਰੀਆਂ ਕਰਵਾਉਣ ਵੇਲੇ ਮਾਲ ਵਿਭਾਗ ਵਿਚ ਸਭ ਤੋਂ ਵੱਧ ਰਿਸ਼ਵਤ ਚੱਲਣ ਦਾ ਦਾਅਵਾ ਕੀਤਾ ਗਿਆ ਹੈ। ਇਸ ਵੈੱਬਸਾਈਟ 'ਤੇ ਪਿਛਲੇ ਤਿੰਨ ਸਾਲਾਂ ਦੌਰਾਨ ਚੰਡੀਗੜ੍ਹ ਦੇ 87 ਵਿਅਕਤੀਆਂ ਨੇ ਰਿਸ਼ਵਤ ਦੇਣ ਦੇ ਦੁਖੜੇ ਰੋਏ ਹਨ ਜਿਸ ਤਹਿਤ ਇਨ੍ਹਾਂ ਵਿਅਕਤੀਆਂ ਨੇ ਛੋਟੇ-ਮੋਟੇ ਕੰਮਾਂ ਲਈ 57,85,996 ਰੁਪਏ ਰਿਸ਼ਵਤ ਦੇਣ ਦੀ ਗੱਲ ਕਹੀ ਹੈ। ਰਿਪੋਰਟ ਅਨੁਸਾਰ ਚੰਡੀਗੜ੍ਹ ਵਿਚ ਇਕ ਵਿਅਕਤੀ ਵੱਲੋਂ ਜਾਇਦਾਦ ਰਜਿਸਟਰਡ ਕਰਵਾਉਣ ਲਈ ਸਭ ਤੋਂ ਵੱਧ ਇਕ ਲੱਖ ਰੁਪਏ ਰਿਸ਼ਵਤ ਦਿੱਤੀ ਗਈ ਹੈ। ਇਕ ਹੋਰ ਵਿਅਕਤੀ ਵੱਲੋਂ ਸਭ ਤੋਂ ਘੱਟ 50 ਰੁਪਏ ਲਰਨਿੰਗ ਲਾਈਸੈਂਸ ਬਣਾਉਣ ਲਈ ਰਿਸ਼ਵਤ ਦਿੱਤੀ ਹੈ। ਇਸ ਵੈੱਬਸਾਈਟ 'ਤੇ ਰਿਸ਼ਵਤ ਦੇਣ ਦੀਆਂ ਰਿਪੋਰਟਾਂ ਦਰਜ ਕਰਵਾਉਣ ਵਿਚ ਕਰਨਾਟਕਾ ਦੇ ਵਸਨੀਕ ਮੋਹਰੀ ਰਹੇ ਹਨ।

## ਸਿੰਗਾਪੁਰ ਵਿਚ ਪਰਵਾਸੀ ਭਾਰਤੀ ਨੂੰ 12 ਸਾਲ ਕੈਦ

**ਸਿੰਗਾਪੁਰ:** ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਆਪਣੀ ਕਾਰ ਦੀ ਪਿਛਲੀ ਸੀਟ 'ਤੇ 16 ਸਾਲਾ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ 'ਚ 12 ਸਾਲ ਕੈਦ ਤੇ 12 ਕੋੜੇ ਮਾਰਨ ਦੀ ਸਜ਼ਾ ਸੁਣਾਈ ਹੈ। ਇਥੇ ਸਥਿਤ ਹਾਈ ਕੋਰਟ ਨੇ ਸ਼ਿਵ ਕੁਮਾਰ ਸੇਲਰਾਜਾ 'ਤੇ ਜਬਰ ਜਨਾਹ ਦੇ ਦੋਸ਼ ਲਾਏ ਹਨ।

ਪੁਲਿਸ ਅਨੁਸਾਰ ਪੇਸ਼ੇ ਵਜੋਂ ਸ਼ਿਵ ਕੁਮਾਰ ਹਵਾਈ ਜਹਾਜ਼ ਤਕਨੀਕੀ ਮਾਹਿਰ ਹੈ ਪਰ ਉਸ ਨੇ ਜੁਲਾਈ 2010 ਵਿਚ ਆਪਣੇ ਆਪ ਨੂੰ ਪੁਲਿਸ ਅਧਿਕਾਰੀ ਦੱਸਿਆ ਸੀ ਜਦੋ ਉਸ ਨੇ ਲੜਕੀ ਨੂੰ ਆਪਣੇ ਦੋਸਤ ਨਾਲ ਸਰੀਰਕ ਸਬੰਧ ਬਣਾਉਂਦਿਆਂ ਦੇਖਿਆ ਸੀ। ਉਸ ਨੇ ਦੋਵਾਂ ਨੂੰ ਧਮਕਾਇਆ ਤੇ ਉਨ੍ਹਾਂ ਨੂੰ ਕਿਹਾ ਕਿ ਉਹ ਦੋਵਾਂ ਨੂੰ ਪੁਲਿਸ ਚੌਕੀ ਲੈ ਜਾਵੇਗਾ ਜਾਂ ਲੜਕਾ ਉਥੋਂ ਚਲਾ ਜਾਵੇ ਤੇ ਉਹ ਲੜਕੀ ਨੂੰ ਉਸ ਦੇ ਘਰ ਛੱਡ ਆਵੇਗਾ। ਲੜਕੀ ਨੇ ਡਰ ਕੇ ਉਸ ਦੀ ਗੱਲ ਮਨ ਲਈ ਤੇ ਉਸ ਨਾਲ ਘਰ ਜਾਣ ਨੂੰ ਤਿਆਰ ਹੋ ਗਈ ਤੇ ਰਸਤੇ ਵਿਚ ਉਸ ਨੇ ਲੜਕੀ ਨਾਲ ਜਬਰ ਜਨਾਹ ਕੀਤਾ। ਸਰਕਾਰੀ ਵਕੀਲ ਨੇ ਦੱਸਿਆ ਕਿ ਸ਼ਿਵ ਕੁਮਾਰ ਨੇ ਮਨਘੜਤ ਕਹਾਣੀ ਬਣਾਈ ਕਿ ਲੜਕੀ ਨੇ 200 ਸਿੰਗਾਪੁਰੀ ਡਾਲਰ ਬਦਲੇ ਸਰੀਰਕ ਸਬੰਧ ਬਣਾਉਣ ਦੀ ਪੇਸ਼ਕਸ਼ ਕੀਤੀ ਸੀ।






Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)

KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



ਐਸ. ਅਸ਼ੋਕ ਭੌਰਾ

# ਐਚ.ਐਮ.ਵੀ. ਕੰਪਨੀ, ਜ਼ਹੀਰ ਅਹਿਮਦ ਤੇ ਪੰਜਾਬੀ ਗਾਇਕ

ਪਿਆਰ ਵਿਚ ਹਾਰਿਆ ਮਨੁੱਖ ਹੋਰ ਭਾਵੇਂ ਕੁਝ ਵੀ ਨਾ ਬਣੇ, ਪਰ ਕਈ ਵਾਰ ਸਫ਼ਲ ਸ਼ਾਇਰ ਜ਼ਰੂਰ ਬਣ ਜਾਂਦਾ ਹੈ। ਮੈਂ ਗਾਇਕ ਵੀ ਨਹੀਂ ਬਣ ਸਕਿਆ, ਗੀਤਕਾਰੀ ਦਾ ਝੱਗਾ ਵੀ ਨਵਾਂ ਨਹੀਂ ਸੂਆ ਸਕਿਆ ਪਰ ਗਾਇਕੀ ਤੇ ਗਾਇਕਾਂ ਦੀ ਦੁਨੀਆਂ ਦਾ ਸੈਲਾਨੀ ਬਹੁਤ ਦੇਰ ਬਣਿਆ ਰਿਹਾ। ਉਨ੍ਹਾਂ ਲੋਕਾਂ ਨਾਲ ਸੂਈ ਧਾਗੇ ਵਾਂਗ ਤੋਪੇ ਲਾਉਣ ਵਿਚ ਸਫ਼ਲ ਹੁੰਦਾ ਰਿਹਾ ਜਿਨ੍ਹਾਂ ਦੇ ਅੱਖੜ ਤੇ ਅੜਬ ਸਭਾਅ ਕਰ ਕੇ ਕਈ ਗਾਇਕ ਚਰਖਾ ਤਾਂ ਚਲਾਉਂਦੇ ਰਹੇ, ਪਰ ਪੂਣੀ ਇਕ ਵੀ ਕੱਤ ਨਹੀਂ ਹੋਈ।

ਦਿੱਲੀ ਕਈ ਲਾਲ ਕਿਲ੍ਹਾ ਦੇਖਣ ਜਾਂਦੇ ਨੇ, ਮੁਸਲਮਾਨ ਜਾਮਾ ਮਸਜਿਦ। ਕਈਆਂ ਲਈ ਦਿੱਲੀ, ਰਾਜਧਾਨੀ ਤੋਂ ਵੱਧ ਕੁਝ ਵੀ ਨਹੀਂ ਪਰ ਸਿੱਖ ਜਾਣਦੇ ਹਨ ਕਿ ਦਿੱਲੀ ਚੁਰਾਸੀ ਤੱਕ ਕਤਲਗਾਹ ਵੀ ਰਹੀ ਹੈ। ਚਾਂਦਨੀ ਚੌਕ ਭਾਵੇਂ ਵਪਾਰੀਆਂ ਲਈ ਮੰਡੀ ਹੋਵੇ, ਪਰ ਸਿੱਖ ਇਤਿਹਾਸ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਕਰ ਕੇ ਉਥੇ ਸਿਰ ਨੀਵਾਂ ਕਰ ਕੇ ਲੰਘਦਾ ਹੈ; ਚਰਖੜੀਆਂ ਉਥੇ ਹੀ ਚਲਦੀਆਂ ਰਹੀਆਂ ਨੇ; ਮਤੀ ਦਾਸ ਤੇ ਸਤੀ ਦਾਸ ਦੇ ਸਰੀਰ ਉਥੇ ਹੀ ਟੁਕੜੇ ਟੁਕੜੇ ਹੋਏ ਸਨ।

ਨਜ਼ਰ ਤੇ ਨਜ਼ਰੀਆ ਦਿੱਲੀ ਆਉਣ ਵਾਲਿਆਂ ਲਈ ਅੱਡੋ ਅੱਡ ਰਿਹਾ ਹੈ। ਦੇਸ਼ ਚਲਾਉਣ ਵਾਲੀ ਸੰਸਦ ਉਥੇ ਹੀ ਹੈ ਤੇ ਸੰਸਦ ਦੇ ਨਾਲ ਹੀ ਲਗਦਾ ਹੈ ਜਿਸਮਾਂ ਦੀ ਖਰੀਦੋ-ਫਰੋਖਤ ਵਾਲਾ ਕੇਂਦਰ ਜੀ.ਬੀ. ਰੋਡ। ਹੁਣ ਭਾਵੇਂ ਏਡਜ਼ ਦੇ ਜ਼ਮਾਨੇ ਵਿਚ ਉਥੇ ਧੰਦਾ ਘਟ ਵੀ ਗਿਆ ਹੋਵੇ, ਤੇ ਧੰਨੀ ਦਾ ਨਾਂ ਰਤਨੀ ਰੱਖ ਦਿੱਤਾ ਗਿਆ ਹੋਵੇ, ਯਾਨਿ ਜੀ.ਬੀ. (ਗੈਸਟਨ ਵੈਸਟਨ) ਰੋਡ ਹੁਣ ਸ਼ਰਧਾ ਨੰਦ ਮਾਰਗ ਬਣ ਗਿਆ ਹੈ, ਪਰ ਜਿਵੇਂ ਇੱਜ਼ਤ 'ਤੇ ਲੱਗੇ ਧੱਬੇ ਲੱਥਦੇ ਨਹੀਂ, ਇਵੇਂ ਦਿੱਲੀ ਬੜੀ ਦੇਰ ਰੰਗ-ਰਲੀਆਂ ਮਨਾਉਣ ਵਾਲਿਆਂ ਦਾ ਸ਼ਹਿਰ ਵੀ ਰਿਹਾ ਹੈ।

ਜਿਵੇਂ ਪੋਤੇ ਦੀ ਗੱਲ ਦਾਦੇ ਨਾਲ ਜੁੜਦੀ ਹੈ, ਇਉਂ ਪੰਜਾਬੀ ਗਾਇਕੀ ਦਾ ਪਹਿਲਾ ਘੁੰਡ ਦਿੱਲੀ ਤੋਂ ਚੁੱਕਿਆ ਜਾਂਦਾ ਰਿਹਾ ਹੈ। ਬੜੇ ਗਾਇਕ ਗੀਤਾਂ ਦੀ ਬਰਾਤ ਲੈ ਕੇ ਡੋਲੀ ਦਿੱਲੀ ਤੋਂ ਲਿਆਉਂਦੇ ਰਹੇ ਹਨ। ਦਿੱਲੀ ਦਾ ਪ੍ਰਸਿੱਧ ਦਰਿਆਗੰਜ ਰੋਡ, ਇਸ ਰੋਡ 'ਤੇ ਭੀੜ-ਭੜੱਕੇ ਵਾਲੀ ਥਾਂ ਤੋਂ ਥਾਣੇ ਨਾਲੋਂ ਮੁੜਦਾ ਭਰਤ ਰਾਮ ਰੋਡ ਅਤੇ ਇਸੇ ਰੋਡ 'ਤੇ ਸੀ ਦੁਨੀਆਂ ਦੀ ਪ੍ਰਸਿੱਧ ਕੁੱਤਾ ਮਾਰਕਾ ਕੰਪਨੀ ਐਚ.ਐਮ.ਵੀ. (ਹਿਜ਼ ਮਾਸਟਰ'ਜ਼ ਵੁਆਇਸ) ਦਾ ਸਟੂਡੀਓ। ਇਸ ਕੰਪਨੀ ਵਿਚ ਕਿਸੇ ਵੇਲੇ ਹਾਲਾਤ ਇਹ ਸਨ ਕਿ ਜਿਸ ਵੀ ਗਾਇਕ ਨੂੰ ਇਕ ਵਾਰ ਰਿਕਾਰਡ ਕਰ ਲਿਆ ਜਾਂਦਾ ਸੀ ਤਾਂ ਪੱਕੀ ਗੱਲ ਸੀ, ਉਸ ਦੇ ਸੰਘਰਸ਼ ਵਾਲੇ ਦਿਨ ਖ਼ਤਮ, ਤੇ ਸ਼ੋਹਰਤ ਦੀ ਮਾਊਂਟ ਐਵਰੈਸਟ ਫਤਿਹ ਹੋ ਜਾਂਦੀ ਸੀ; ਜਾਂ ਇਉਂ ਕਹਿ ਸਕਦੇ ਹਾਂ ਕਿ ਚੂਚਕ ਨੇ ਭਰਾ ਕੈਦੋਂ ਦੇ ਅੜਿੱਕੇ ਤੋਂ ਬਿਨਾਂ ਹੀ ਹੀਰ ਦਾ ਪੱਲਾ ਰਾਂਝੇ ਦੇ ਹੱਥ ਫੜਾ ਦਿੱਤਾ ਹੋਵੇ।

ਜਿਵੇਂ ਕਦੇ ਅੰਗਰੇਜ਼ਾਂ ਦੀ ਹਕੂਮਤ ਪੱਖੋਂ ਦੁਨੀਆਂ ਵਿਚ ਰਾਤ ਨਹੀਂ ਸੀ ਪੈਂਦੀ, ਇਵੇਂ ਹੀ ਇਸ ਕੰਪਨੀ ਦੀ ਸਰਦਾਰੀ ਸੀ। ਅੱਜ ਦੀਆਂ ਖੁੰਭਾਂ ਵਰਗੀਆਂ ਉਠੀਆਂ ਕੰਪਨੀਆਂ ਦਾ ਉਦੋਂ ਤਾਂ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਜਦੋਂ ਇਸ ਕੰਪਨੀ ਦੀ ਚਿੱਠੀ ਰਿਕਾਰਡਿੰਗ ਲਈ ਕਿਸੇ ਗਾਇਕ ਕੋਲ ਪਹੁੰਚਦੀ ਸੀ ਤਾਂ ਘਰ ਦਾ ਮਾਹੌਲ ਇੱਦਾਂ ਦਾ ਹੁੰਦਾ ਸੀ ਜਿਵੇਂ ਸੱਤ ਧੀਆਂ ਤੋਂ ਬਾਅਦ ਲਵ ਕੁਸ਼ 'ਕੱਠੇ ਜੰਮ ਪਏ ਹੋਣ। ਬਹੁਤੇ ਗਾਇਕ ਪੰਜਾਬ ਤੋਂ ਦਿੱਲੀ ਵੱਲ ਤੁਰਨ ਵੇਲੇ ਪਹਿਲਾਂ ਘਰ 'ਸਨ ਲਾਈਟ' ਸਾਬਣ ਨਾਲ ਨਹਾਉਂਦੇ ਸਨ, ਫਿਰ ਸ਼ੀਸ਼ ਗੰਜ ਗੁਰਦੁਆਰੇ ਇਸ਼ਨਾਨ ਕਰਦੇ ਸਨ। ਗਾਇਕ ਤੂੰਬੀ, ਢਾਡੀ ਸਾਰੰਗੀ ਗਜ਼ ਤੇ ਢੱਡਾਂ ਗੁਰੂ ਗ੍ਰੰਥ ਸਾਹਿਬ ਅੱਗੇ ਧਰ ਕੇ ਇਕ ਲੱਤ ਭਾਰ ਹੋ ਕੇ ਹੱਥ ਜੋੜ ਕੇ ਖੜ੍ਹ ਜਾਂਦੇ ਸਨ ਕਿ ਹੇ ਵਾਹਿਗੁਰੂ! ਸਾਡੀ ਯਾਤਰਾ ਸਫ਼ਲ ਕਰੀਂ; ਕੰਪਨੀ ਤੇ ਜ਼ਹੀਰ ਅਹਿਮਦ ਦੇ ਗਲ ਲਾਈਂ। ਪਿੱਛੇ ਘਰਵਾਲੀਆਂ ਆਲੇ 'ਚ ਦੀਵਾ ਤੇ ਧੂਫ-ਬੱਤੀ ਜਗਾਉਂਦੀਆਂ ਆਖਦੀਆਂ ਸਨ-ਰੱਬਾ! ਧੀ ਪੁੱਤ ਭਾਵੇਂ ਸਾਲ ਖੰਡ ਠਹਿਰ ਕੇ ਬਖਸ਼ ਦਈਂ, ਪਰ ਸਾਈਂ ਦੀ ਐਚ.ਐਮ.ਵੀ. ਤੋਂ ਰਿਕਾਰਡਿੰਗ ਕਰਵਾ ਦੇ ਕੇਰਾਂ! ਕਈ ਗਾਉਣ ਵਾਲਿਆਂ ਨੇ ਅਖੰਡ ਪਾਠ ਅਤੇ ਹਵਨ ਯੱਗ ਕਰਵਾਉਣ ਦੀਆਂ ਸੁੱਖਾਂ ਵੀ ਸੁੱਖੀਆਂ ਹੁੰਦੀਆਂ। ਹਾਲਾਤ ਇਹ ਸਨ ਜਿਵੇਂ ਮੀਂਹ ਪੈਣ ਤੋਂ ਬਿਨਾਂ ਹੀ ਹੜ੍ਹ ਆਉਣ ਦੀ ਸੰਭਾਵਨਾ ਹੋ ਗਈ ਹੋਵੇ।

ਜਿਵੇਂ ਧਾਰਮਿਕ ਸਥਾਨਾਂ 'ਤੇ ਕਿਰਤ, ਕਾਰ ਸੇਵਾ ਬਣ ਜਾਂਦੀ ਹੈ, ਇਵੇਂ ਗਾਇਕ ਕੰਪਨੀ ਦੇ ਜਨਰਲ ਮੈਨੇਜਰ ਜ਼ਹੀਰ ਅਹਿਮਦ ਦੀ 'ਜੀ ਹਜ਼ੂਰੀ' ਵਿਚ ਕੋਈ ਕਮੀ-ਪੇਸ਼ੀ ਨਹੀਂ ਸਨ ਛੱਡਦੇ। ਨੌਬਤ ਸਿਰਫ ਲੰਮਾ ਪੈਣ ਤੋਂ ਪਹਿਲਾਂ ਵਾਲੀ ਹੀ ਹੁੰਦੀ ਸੀ। ਜ਼ਹੀਰ ਅਹਿਮਦ ਦਾ ਅੱਖੜ ਸੁਭਾਅ ਅਹਿਸਾਸ ਕਰਵਾ ਦਿੰਦਾ ਸੀ ਕਿ ਮੁਸੀਬਤ ਵੇਲੇ ਜਿਵੇਂ ਬੰਦੇ ਨੂੰ ਲਗਦੈ ਕਿ ਮੈਂ ਵੀ ਖਾਸ ਮਨੁੱਖ ਨਹੀਂ ਹਾਂ। ਇਵੇਂ ਬਹੁਤ ਦੇਰ ਸਥਿਤੀ ਇਹ ਰਹੀ ਕਿ ਗਾਇਕਾਂ ਲਈ ਉਸਤਾਦ ਦੋ ਨੰਬਰ 'ਤੇ ਰਹੇ, ਪਹਿਲਾ ਸਥਾਨ ਜ਼ਹੀਰ ਅਹਿਮਦ ਦਾ ਹੀ ਹੁੰਦਾ ਸੀ।

ਜਦੋਂ ਪੰਜਾਬੀ ਗਾਇਕੀ ਦੀ ਲਾਰੀ ਵਿਚ ਮੈਂ ਚੜ੍ਹਿਆ ਤਾਂ ਐਚ.ਐਮ.ਵੀ. ਨਾਲੋਂ ਵੀ ਜ਼ਹੀਰ ਅਹਿਮਦ ਦਾ ਜ਼ਿਕਰ ਵੱਧ ਛਿੜਦਾ ਸੀ। ਉਸਤਾਦ ਆਪਣੀਆਂ ਪ੍ਰਾਪਤੀਆਂ ਦੱਸਦਿਆਂ ਇਹ ਨਹੀਂ ਕਹਿੰਦੇ ਸਨ ਕਿ ਮੇਰਾ ਸ਼ਾਗਿਰਦ ਗਵੱਈਆ ਬਣ ਗਿਆ ਹੈ, ਸਗੋਂ ਮਾਣ ਨਾਲ ਆਖਿਆ ਕਰਦੇ ਸਨ-ਮੇਰੇ ਸ਼ਾਗਿਰਦ ਨੂੰ ਜ਼ਹੀਰ ਅਹਿਮਦ ਨੇ ਪ੍ਰਵਾਨ ਕਰ ਲਿਆ। ਪੰਜਾਬੀ ਗਾਇਕੀ ਬਾਰੇ ਨਵਾਂ-ਨਵਾਂ ਝੱਸ ਰੱਖਣ ਵਾਲਿਆਂ ਨੂੰ ਲੱਗੇਗਾ ਕਿ ਮੈਂ ਜ਼ਹੀਰ ਜ਼ਹੀਰ ਕਰੀ ਜਾ ਰਿਹਾ ਹਾਂ, ਪਰ ਮੰਨਣਾ ਇਹ ਹੋਵੇਗਾ ਕਿ ਪਿਛਲੇ ਪੰਜ ਦਹਾਕਿਆਂ ਦੀ ਗਾਇਕੀ ਦੇ ਇਤਿਹਾਸ ਦੀ ਗੱਲ ਇਸ ਨਾਂ ਤੋਂ ਬਿਨਾਂ ਸੰਪੂਰਨ ਨਹੀਂ ਹੋਵੇਗੀ। ਮੋਟਾ-ਮੋਟਾ ਸੁਆਦ ਦਿਖਾਉਣ ਵਾਂਗ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਮੈਂ ਉਸੇ ਜ਼ਹੀਰ ਅਹਿਮਦ ਦਾ ਮੁੱਖਬੰਦ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜਿਸ ਦੇ ਦਫ਼ਤਰੀ ਮੇਜ਼ 'ਤੇ ਕਿਸੇ ਵਕਤ ਗਾਇਕ ਕਰਮਜੀਤ ਧੂਰੀ ਨੇ ਡੱਬ 'ਚੋਂ ਰਿਵਾਲਵਰ ਕੱਢ ਕੇ ਰੱਖ ਦਿੱਤਾ ਸੀ ਕਿ ਜਾਂ ਤਾਂ ਅੱਜ ਰਿਕਾਰਡ ਕਰ ਲੈ, ਤੇ ਜਾਂ ਫਿਰ ਗੋਲੀ ਖਾਣ ਲਈ ਅੱਲਾ ਅੱਗੇ ਹੱਥ ਜੋੜ ਲੈ। ਇਸ ਤੋਂ ਪਿੱਛੋਂ ਜਦੋਂ ਧੂਰੀ ਰਿਕਾਰਡ ਹੋਇਆ ਤਾਂ 'ਮਿੱਤਰਾਂ ਦੀ ਲੂਣ ਦੀ ਡਲੀ, ਨੀ ਤੂੰ ਮਿਸ਼ਰੀ ਬਰੋਬਰ ਜਾਣੀ' ਜਾਂ 'ਹੁੰਦੀਆਂ ਸ਼ਹੀਦ ਜੋੜੀਆਂ, ਦਾਦੀ ਵੇਖਦੀ ਬੁਰਜ 'ਤੇ ਚੜ੍ਹ ਕੇ' ਨਾਲ ਧੂਰੀ ਧੂਰੀ ਹੀ ਨਹੀਂ ਸੀ ਹੋਈ, ਬਲਕਿ ਇਨ੍ਹਾਂ ਗੀਤਾਂ ਨਾਲ ਜਿਵੇਂ ਤ੍ਰੇਲ ਘਾਹ ਧੋ ਦਿੰਦੀ ਹੈ, ਇਵੇਂ ਪੰਜਾਬੀ ਗਾਇਕੀ ਦਾ ਮੂੰਹ-ਮੱਥਾ ਨਿਖ਼ਰ ਗਿਆ ਸੀ। ਹਾਲਾਂਕਿ ਉਨ੍ਹਾਂ ਦਿਨਾਂ ਵਿਚ ਇਹ ਵੀ ਚੁੰਝ ਚਰਚਾ ਸੀ ਕਿ ਜ਼ਹੀਰ ਦੇ ਇਕ ਸੁਨੱਖੀ ਗਾਇਕਾ ਨਾਲ ਸਬੰਧ ਸਨ ਤੇ ਉਸੇ ਗਾਇਕਾ ਦਾ ਆਖਾ ਮੰਨ ਕੇ ਉਹ ਚਲਦਾ ਸੀ।

ਸੁਰਿੰਦਰ ਕੌਰ ਨਾਲ ਦੀਦਾਰ ਸੰਧੂ ਤੇ ਮੁਹੰਮਦ ਸਦੀਕ ਨੂੰ ਗਾਉਣ ਦਾ ਮੌਕਾ ਜ਼ਹੀਰ ਨੇ ਹੀ ਦਿੱਤਾ ਸੀ। ਕੇ. ਦੀਪ ਤੇ ਜਗਮੋਹਣ ਕੌਰ ਦੇ 'ਪੋਸਤੀ ਤੇ ਮਾਈ ਮੋਹਣੋ' ਵਾਲੇ ਤਵੇ ਉਸੇ ਦੀ ਕਾਢ ਸੀ। ਐਚ.ਐਮ.ਵੀ. ਨਾਈਟ ਉਹਦਾ ਨਵਾਂ ਰੰਗ ਸੀ। 'ਕੁਲਦੀਪ ਮਾਣਕ ਦੀਆਂ ਲੋਕ ਗਾਥਾਵਾਂ' ਉਹਨੇ ਡਰਦਿਆਂ-ਡਰਦਿਆਂ ਰਿਲੀਜ਼ ਕੀਤੀਆਂ ਸਨ ਪਰ ਜਿੱਦਾਂ ਦੀ ਹਨ੍ਹੇਰੀ ਆਈ, ਉਸ ਤਰ੍ਹਾਂ ਦੀ ਆਸ ਨਹੀਂ ਸੀ। ਉਹ ਬਾਅਦ ਵਿਚ ਮੰਨਦਾ ਰਿਹਾ ਕਿ ਮਾਣਕ ਪੰਜਾਬ ਕੋਲ ਸਿਰਫ਼ ਇਕੋ ਹੀ ਹੈ। ਸੁਰਿੰਦਰ ਸ਼ਿੰਦਾ ਨੂੰ 'ਜਿਉਣਾ ਮੌੜ' ਨਾਲ ਹਿੱਟ ਬਣਾਉਣ ਵਾਲਾ ਵੀ ਜ਼ਹੀਰ ਹੀ ਸੀ। ਮੁਹੰਮਦ ਸਦੀਕ ਦੇ ਅਖਾੜੇ ਵਾਲੇ ਐਲ.ਪੀ. ਵਿਚ ਬਾਬੂ ਸਿੰਘ ਮਾਨ ਤੇ ਜ਼ਹੀਰ ਅਹਿਮਦ ਨੂੰ ਪੰਜਾਬੀਆਂ ਨੇ ਪਹਿਲੀ ਵਾਰ ਬੋਲਦਿਆਂ ਸੁਣਿਆ ਸੀ। ਕਰਤਾਰ ਰਮਲੇ ਨੂੰ ਰੋਟੀ ਖਾਣ ਉਸੇ ਨੇ ਲਾਇਆ। ਅਮਰ ਸਿੰਘ ਚਮਕੀਲੇ ਨੂੰ ਸਦਾ ਬਹਾਰ ਗਾਇਕ ਬਣਾਉਣ ਦੀ ਸੋਚ ਜ਼ਹੀਰ ਅਹਿਮਦ ਦੀ ਹੀ ਸੀ, ਪਰ ਇਸ ਨਾਲ ਉਸ ਵਿਰੁਧ ਪੰਜਾਬੀ ਗਾਇਕੀ ਦੇ ਖੇਤਰ ਵਿਚ ਇਹ ਗੱਲਾਂ ਵੀ ਉਠ ਰਹੀਆਂ ਸਨ ਕਿ ਉਹ ਚੰਗੇ-ਚੰਗੇ ਗਾਇਕਾਂ ਨੂੰ ਨੇੜੇ ਨਹੀਂ ਲੱਗਣ ਦਿੰਦਾ, ਚੰਮ ਦੀਆਂ ਚਲਾ ਰਿਹਾ ਹੈ। ਕੰਪਨੀ ਕੋਲ ਸ਼ਿਕਾਇਤਾਂ ਵੀ ਗਈਆਂ, ਪਰ ਉਤਰੀ ਭਾਰਤ ਵਿਚ ਸਣੇ ਹਿੰਦੀ ਗੀਤਾਂ ਦੇ, ਉਸ ਨੂੰ ਕੁਸ਼ਲ ਪ੍ਰਬੰਧਕ ਵੱਲੋਂ ਪ੍ਰਵਾਨ ਕਰ ਲਿਆ ਗਿਆ ਸੀ।

ਜਿਵੇਂ ਸ਼ਰਾਬੀ ਬੰਦਾ ਪੀ ਕੇ ਤਾਂ ਘਰਵਾਲੀ ਨੂੰ ਸੋਨੇ ਦੇ ਝੁਮਕਿਆਂ ਦੇ ਨਾਲ ਚਾਂਦੀ ਦੀਆਂ ਝਾਂਜਰਾਂ ਘੜਾ ਕੇ ਦੇਣ ਨੂੰ ਕਾਹਲਾ ਹੁੰਦਾ ਹੈ, ਪਰ ਨਸ਼ਾ ਉਤਰਦਿਆਂ ਹੀ ਦੋਵੇਂ ਵਸਤਾਂ ਲੁਹਾਉਣ ਅਤੇ ਕਈ ਵਾਰ ਵੇਚਣ ਲਈ ਚੂਹੇ ਵਾਂਗ ਖੁੱਡ 'ਚੋਂ ਸਿਰ ਕੱਢੀ ਬੈਠਾ ਹੁੰਦਾ ਹੈ। ਇੱਦਾਂ ਬੜੇ ਗਾਇਕ ਮੇਰੇ ਕੋਲ ਟਾਹਰਾਂ ਮਾਰਦੇ ਰਹੇ, 'ਲੈ ਜ਼ਹੀਰ ਅਹਿਮਦ! ਉਹ ਤਾਂ ਪਾਣੀ ਵਾਂਗ ਚਲਦੈ ਆਪਣੇ ਤੋਂ।' ਕਈ ਫੂਕ ਬੰਨ੍ਹਦੇ, 'ਲੈ ਉਹ ਤਾਂ ਆਪਣੀ ਸੱਜੀ ਬਾਂਹ ਹੈ।' ਅਸੀਂ ਇਕ ਵਾਰ ਜਾਖੜ ਤੋਂ ਪਰਤੇ ਸਾਂ। ਕਾਰ ਦੀ ਪਿਛਲੀ ਸੀਟ 'ਤੇ ਮੈਂ ਅਤੇ ਮਾਣਕ 'ਕੱਠੇ ਬੈਠੇ ਸਾਂ ਕਿ ਅਚਾਨਕ ਉਹਦੇ ਦਿਮਾਗ ਵਿਚ ਪਤਾ ਨ੍ਹੀਂ ਕੀ ਆਇਆ, ਕਹਿਣ ਲੱਗਾ, 'ਲੈ ਬਈ ਭੌਰਾ! ਤੂੰ ਇਕ ਕੰਮ ਕਰ, ਕੇਰਾਂ ਜ਼ਹੀਰ ਅਹਿਮਦ ਨੂੰ ਮਿਲ...ਕੰਜਰ ਦੇ ਨੂੰ ਸ਼ੋਹਰਤ ਦੀ ਭੁੱਖ ਐ, ਉਹਦੇ ਨਾਲ ਮੁਲਾਕਾਤ ਛਾਪ ਅਜੀਤ ਵਿਚ।'

ਮੈਂ ਵਿਚੋਂ ਟੋਕ ਕੇ ਕਿਹਾ, 'ਉਹ ਕਾਹਤੋਂ?'

'ਬੱਤੀ ਬਲਦੀ ਤਾਂ ਸਾਰਿਆਂ ਨੂੰ ਦਿਸਦੀ ਆ, ਤੇਲ ਤਾਂ ਦੀਵੇ ਦੇ ਢਿੱਡ 'ਚ ਹੁੰਦੈ। ਬੜਾ ਤਿੱਖਾ ਦਿਮਾਗ ਐ ਉਹਦਾ। ਹੋਰ ਕਿਵੇਂ ਐਵੇਂ ਤਾਂ ਨ੍ਹੀਂ ਜ਼ਹੀਰ ਅਹਿਮਦ ਗਾਇਕਾਂ ਨੂੰ ਸਟਾਰ ਬਣਾਈ ਜਾਂਦਾ। ਇਕ ਤਾਂ ਪੰਜਾਬੀਆਂ ਨੂੰ ਪਤਾ ਲੱਗ ਜੂ ਕਿ ਜ਼ਹੀਰ ਅਹਿਮਦ ਹੈ ਕੀ, ਤੇ ਹੈ ਕੌਣ, ਤੇ ਦੂਜਾ!'

'ਦੂਜਾ ਕੀ...?'



THE GRAMOPHONE COMPANY OF INDIA LIMITED
4770, BHARAT RAM ROAD, 23, DARYA GANJ, PIN CODE - 110002
TELEPHONES 274453-272240, CABLES: EMITRON, NEW DELHI - TELEX - 3358

HMV

Ref.No.P:ZA:HK:85 12th Oct.'85

Mr.Ashok Bhaura,
Vill& P.O: Bhaura,
Dist: Jalandhar (144506)

Dear Mr.Bhaura,

Thank you very much for your letter of 3rd Oct.'85 which appeared in Ajit on 2nd Oct.'85.

I not only appreciate but congratulate you also for writing such a fine article. It is creative, informative and at the same time constructive in presentation.

I would request you, if possible, send five copies more of the above publication.

Thanking you,

Yours faithfully,
The Gramophone Co.of India Ltd.,

(ZAHIR AHMED)
Manager - A & R Northern India

***ਮੈਂ ਭਾਵੇਂ ਨਿਆਣਾ ਸੀ, ਪਰ ਮੈਨੂੰ ਪੜ੍ਹਨ ਵਾਲੇ ਨਾ ਸਿਰਫ਼ ਸਿਆਣੇ ਸਨ, ਸਗੋਂ ਮੇਰੀਆਂ ਲਿਖਤਾਂ ਪ੍ਰਤੀ ਪਿਆਰ ਦੀ ਸ਼ਰਧਾ ਦਾ ਚੜ੍ਹਾਵਾ ਪਹਿਲਾਂ ਤੋਂ ਹੀ ਰੱਜ ਕੇ ਚੜ੍ਹਦਾ ਆਇਆ ਹੈ। ਫਿਰ ਜ਼ਹੀਰ ਅਹਿਮਦ ਦੇ ਇਸ ਖ਼ਤ ਦੀ ਸ਼ੈਲੀ ਹੀ ਪਿਆਰੀ ਨਹੀਂ ਹੋਈ, ਬਲਕਿ ਉਸ ਤੋਂ ਬਾਅਦ ਮੈਂ ਉਹਦੇ ਸੁਭਾਅ ਵਿਚ ਤਬਦੀਲੀ ਲਿਆਉਣ ਵਿਚ ਸ਼ਫਲ ਹੋ ਗਿਆ ਸਾਂ। ਕਰੀਬ ਅਠਾਈ ਸਾਲ ਪੁਰਾਣਾ ਇਹ ਇਤਿਹਾਸ ਉਦੋਂ ਇਹ ਨਹੀਂ ਜਾਣਦਾ ਸੀ ਕਿ ਗਾਇਕਾਂ ਨਾਲ ਹਨੀ ਸਿੰਘ ਵਾਂਗ ਕਦੇ ਕੁਪੱਤ ਵੀ ਹੋਵੇਗੀ।***

'ਸੁਣ ਤਾਂ ਲੈ... ਲਿਖਣ ਤਾਂ ਲੱਗ ਪਿਐਂ, ਹੈਗਾ ਤੂੰ ਜੁਆਕੜਾ ਈ। ਪਹਿਲੀ ਗੱਲ ਤਾਂ ਇਹ ਹੈ ਕਿ ਤੇਰਾ ਸੁਭਾਅ ਠੰਢਾ ਹੈਗਾ, ਤੈਂ ਉਹਨੂੰ ਮੋੜ ਲੈਣਾ। ਅਗਲੀ ਗੱਲ ਇਹ ਹੈ ਕਿ ਤੇਰੇ ਕਹੇ 'ਤੇ ਕਿਸੇ ਹੋਰ ਨੂੰ ਮੌਕਾ ਦੇ ਦਊ। ਹੋਰ ਨ੍ਹੀਂ ਤਾਂ ਕੇਵਲ ਜਲਾਲ ਨੂੰ ਈ ਰਿਕਾਰਡ ਕਰਵਾ ਦਿਆਂਗੇ।'

ਮਸ਼ਵਰਾ ਤਾਂ ਉਹਨੇ ਸਾਧਾਰਨ ਹੀ ਦਿੱਤਾ ਸੀ, ਪਰ ਮੇਰੇ ਮਨ ਨੂੰ ਭਾਅ ਗਿਆ। ਸੋਚਿਆ, ਤੀਰ ਤਾਂ ਭਾਵੇਂ ਆਪਣੇ ਕੋਲ ਇਕ ਵੀ ਹੈ ਨ੍ਹੀਂ, ਪਰ ਨਿਸ਼ਾਨੇ ਦੋ ਫੁੰਡੇ ਜਾਣਗੇ। ਇਕ ਤਾਂ ਗਾਇਕਾਂ ਤੇ ਕੰਪਨੀ 'ਚ ਭੱਲ ਬਣ ਜੂ, ਨਾਲੇ ਭਾਅ ਜੀ ਬਰਜਿੰਦਰ ਕਹੂ, ਗੰਦਲ ਵਰਗਾ ਮੁੰਡਾ ਕੰਮ ਵੱਡੇ ਕਰਨ ਲੱਗ ਪਿਆ।

ਅਗਲੇ ਦਿਨ ਈ ਝੋਲਾ ਚੁੱਕ ਕੇ ਦਿੱਲੀ ਤੁਰ ਪਿਆ। ਰਾਤ ਆਰ.ਕੇ. ਪੁਰਮ ਆਪਣੀ ਵੱਡੀ ਭੈਣ ਕੋਲ ਰਿਹਾ, ਤੇ ਸਵੇਰੇ ਉਠ ਕੇ ਚੜ੍ਹ ਗਿਆ ਐਚ.ਐਮ.ਵੀ. ਸਟੂਡੀਓ ਵਾਲੀਆਂ ਪੌੜੀਆਂ। ਕੰਪਨੀ ਦੇ ਤਵਿਆਂ 'ਤੇ ਦਾਦਾ ਇੰਜੀਨੀਅਰ ਦਾ ਨਾਂ ਪੜ੍ਹਿਆ ਸੀ। ਚੇਤੇ ਮੈਨੂੰ ਇਹ ਵੀ ਸੀ ਕਿ ਤਵਿਆਂ ਦੇ ਕਵਰ ਅਮਲੇਸ਼ ਦੇਵ ਡਿਜ਼ਾਇਨ ਕਰਦਾ ਹੁੰਦਾ ਸੀ, ਪਰ ਗੰਜੇ ਦਾਦਾ ਨੂੰ ਦੇਖ ਕੇ ਮੈਨੂੰ ਅੰਦਰੋ-ਅੰਦਰ ਬੜਾ ਅਜੀਬ ਲੱਗ ਰਿਹਾ ਸੀ ਕਿ ਇਹ ਗੰਜਾ ਜਿਹਾ ਸਾਜ਼ਾਂ ਨੂੰ ਕਿੱਦਾਂ ਕਾਬੂ ਕਰਦਾ ਹੋਊ! ਰਿਕਾਰਡਿੰਗ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਚੱਲ ਰਹੀ ਸੀ। ਗੀਤ ਸੀ 'ਮੈਨੂੰ ਖਿੱਚ ਲੈ ਵੈਰੀਆ, ਖਿੱਚ ਲੈ ਚੁਬਾਰੇ ਵਿਚੋਂ ਬਾਂਹ ਫੜ ਕੇ...।' ਗੀਤ ਖ਼ਤਮ ਹੋਇਆ ਤਾਂ ਪਹਾੜ ਵਾਂਗ ਸਦੀਕ-ਰਣਜੀਤ ਦੇ ਪਹਿਲੀ ਵਾਰ ਨੇੜਿਉਂ ਦਰਸ਼ਨ ਹੋਏ। ਸ਼ਮਸ਼ੇਰ ਸੰਧੂ ਦੇ ਕਹਿਣ ਵਾਂਗ, ਸਦੀਕ ਦੇ ਚਿਹਰੇ 'ਤੇ ਬਚਪਨ 'ਚ ਨਿਕਲੀ ਫੁੱਲ ਮਾਤਾ ਦੇ ਡੂੰਘੇ ਨਿਸ਼ਾਨ ਸਨ, ਪਰ ਅੱਜ ਇਨ੍ਹਾਂ 'ਚ ਪਸੀਨਾ ਫਸਿਆ ਹੋਇਆ ਸੀ, ਜਿਵੇਂ ਕਾਲੇ ਬੰਟੇ ਗੰਗਾ ਜਲ 'ਚ ਭਿੱਜ ਗਏ ਹੋਣ। ਰਣਜੀਤ ਦਾ ਚਿਹਰਾ ਵੇਖ ਕੇ ਲੱਗਾ ਸੀ ਕਿ ਹਾੜ੍ਹ ਮਹੀਨੇ ਇਸ ਤੋਂ ਵੱਧ ਨ੍ਹੀਂ ਰੰਗ ਚੋ-ਚੋ ਪੈਂਦਾ ਹੋਣਾ; ਤੇ ਮੇਰੀਆਂ ਨਜ਼ਰਾਂ ਉਹਦੇ ਹੁਸਨ ਤੋਂ ਵਾਰ-ਵਾਰ ਤਿਲਕ ਕੇ ਜ਼ਖ਼ਮੀ ਹੋ ਰਹੀਆਂ ਸਨ।

ਦੀਦਾਰ ਸੰਧੂ ਦਾ ਗੀਤ 'ਭਾਫਾਂ ਛੱਡੇ ਸਰੀਰ, ਕੁੜਤੀ ਮਲ ਮਲ ਦੀ' ਅਮਲੀ ਰੂਪ ਪਹਿਲੀ ਵਾਰ ਵੇਖਿਆ ਸੀ। ਉਂਜ ਮੈਂ ਅੰਦਰੋਂ ਕੱਚਾ ਪਿੱਲਾ ਜਿਹਾ ਆਪਣੇ ਆਪ ਨੂੰ ਇੱਦਾਂ ਸਮਝਦਾ ਸਾਂ ਜਿਵੇਂ ਵਿਆਹ ਮੁੱਕਣ 'ਤੇ ਝਿਊਰਾਂ ਦੇ ਗੁਰੂ ਢੋਲਕੀ ਚੁੱਕ ਕੇ ਨੱਚਣ ਆ ਗਏ ਹੋਣ! ਊਂ ਸਕੂਨ ਸੀ ਕਿ ਚਲੋ ਜ਼ਹੀਰ ਨਾਲ ਮੁਲਾਕਾਤ ਭਾਵੇਂ ਨਾ ਵੀ ਹੋਵੇ, ਪਰ ਮੁਕਲਾਵੇ ਤੋਂ ਪਹਿਲਾਂ ਪ੍ਰੇਮਿਕਾ ਜ਼ਰੂਰ ਮਿਲ ਗਈ ਸੀ। ਅੱਜ ਸੰਗੀਤ ਸਮਰਾਟ ਚਰਨਜੀਤ ਆਹੂਜਾ ਦਾ ਨਾਂ ਗਾਇਕਾਂ ਤੇ ਪੰਜਾਬੀ ਸੰਗੀਤ ਲਈ ਪੂਜਣਯੋਗ ਹੈ, ਪਰ ਉਸ ਦਿਨ ਮੇਰੀ ਜ਼ਿੰਦਗੀ ਦਾ ਉਹ ਜਿਹੜਾ 'ਕੱਲ੍ਹ' ਸੀ, ਉਹ ਮੈਨੂੰ ਦੱਸਦਾ ਰਹੇਗਾ ਕਿ ਮਿੱਤਰਾ! ਉਸ ਦਿਨ ਹੀ ਤੂੰ ਚਰਨਜੀਤ ਆਹੂਜਾ ਨੂੰ ਮੈਂਡੋਲੀਨ ਵਜਾਉਂਦਿਆਂ ਵੇਖਿਆ ਸੀ। ਸੰਗੀਤਕਾਰ ਕੇਸਰ ਸਿੰਘ ਨਰੂਲਾ ਦੇ ਦਰਸ਼ਨ ਹੋਏ ਸਨ ਤੇ ਗੀਤ ਰਿਕਾਰਡ ਹੁੰਦੇ ਵੇਖ ਕੇ ਯਕੀਨ ਆ ਗਿਆ ਸੀ ਕਿ ਸੇਵੀਆਂ ਖਾਧੀਆਂ ਤਾਂ ਬਹੁਤ ਲੋਕਾਂ ਨੇ ਹਨ, ਪਰ ਵੱਟ ਹੁੰਦੀਆਂ ਬੜੇ ਘੱਟ ਲੋਕਾਂ ਨੇ ਵੇਖੀਆਂ ਹੋਣਗੀਆਂ। ਦਰਅਸਲ ਪਿਆਰ ਹਮੇਸ਼ਾ ਭੂ-ਮੱਧ ਰੇਖਾ ਤੋਂ ਅਰੰਭ ਹੁੰਦਾ ਹੈ ਤੇ ਸੂਰਜ ਜਦੋਂ ਦੂਰ ਹੁੰਦਾ ਹੈ ਤਾਂ ਪ੍ਰੇਮਿਕਾ ਸਿਆਲ ਤੇ ਸਰਦੀਆਂ ਵਰਗੀ ਲੱਗ ਰਹੀ ਹੁੰਦੀ ਹੈ, ਤੇ ਜਦੋਂ ਸੂਰਜ ਭੂ-ਮੱਧ ਰੇਖਾ ਦੇ ਨੇੜੇ ਹੁੰਦਾ ਹੈ ਤਾਂ ਵਿਛੋੜੇ ਦੀ ਤਪਸ਼ ਨੇ ਲੂਹਣਾ ਵੀ ਹੁੰਦਾ ਹੈ, ਤੇ ਪੰਜਾਬੀ ਗਾਇਕੀ ਤੇ ਸੰਗੀਤ ਦੇ ਘਾਟੇ-ਵਾਧਿਆਂ ਦੀ ਜੰਤਰੀ ਮੇਰੇ ਹੱਥ ਇਥੋਂ ਹੀ ਲੱਗੀ ਸੀ।

ਹਾਲਾਂਕਿ ਮੇਰੀ ਦਾਦਾ ਜਾਂ ਚਰਨਜੀਤ ਆਹੂਜਾ ਨਾਲ ਉਸ ਵੇਲੇ ਤੱਕ ਕੋਈ ਮੁਲਾਕਾਤ ਨਹੀਂ ਸੀ ਹੋਈ, ਪਰ ਗੀਤ ਦੀ ਟੇਕ ਮੁਕੰਮਲ ਹੋਣ ਤੋਂ ਬਾਅਦ ਜਦੋਂ ਸਾਰਿਆਂ ਨੂੰ ਦਾਦਾ ਨੇ ਗੀਤ ਸੁਣਾਇਆ ਤਾਂ ਸਦੀਕ ਰਣਜੀਤ ਨੇ ਵੀ ਤਾੜੀਆਂ ਵਜਾਈਆਂ। ਵਿਚਾਲੇ ਮੈਨੂੰ ਵਾਧੂ ਜਿਹਾ ਮੈਂਬਰ ਖੜ੍ਹਾ ਵੇਖ ਕੇ ਦਾਦਾ ਨੇ ਮੈਨੂੰ ਪੁੱਛਿਆ, 'ਆਪ ਨੇ ਕਿਸ ਕੋ ਮਿਲਨਾ ਹੈ?'

'ਜ਼ਹੀਰ ਸਾਹਿਬ ਕੋ।'

'ਗਾਨਾ ਗਾਤੇ ਹੋ?'

'ਨਹੀਂ ਲਿਖਤਾ ਹੂੰ।'

'ਤੋ ਆਪ ਗਾਇਕ ਕੇ ਪਾਸ ਜਾਈਏ ਨਾ, ਯਹਾਂ ਥੋੜ੍ਹਾ ਗਾਨੇ ਲੇਤੇ ਹੈਂ ਹਮ।'

'ਮੈਂ ਅਖ਼ਬਾਰ ਮੇਂ ਲਿਖਤਾ ਹੂੰ। ਜ਼ਹੀਰ ਸਾਹਿਬ ਨਾਲ ਮੁਲਾਕਾਤ ਕਰਨੀ ...।' ਮੇਰੀ ਗੱਲ ਮੁੱਕਣ ਤੋਂ ਪਹਿਲਾਂ ਹੀ ਚਰਨਜੀਤ ਨੇ ਵਿਚਾਲੇ ਹੁੰਗਾਰਾ ਭਰ ਦਿੱਤਾ, 'ਤੇਰਾ ਨਾਂ ਅਸ਼ੋਕ ਹੈ।'

'ਹਾਂ ਜੀ।'

'ਬੈਠ ਤੂੰ, ਖੜ੍ਹਾ ਕਿਉਂ ਏਂ... ਤੈਨੂੰ ਤਾਂ ਮਿਲਣਾ ਸੀ। ਪਹਿਲਾਂ ਇਨ੍ਹਾਂ ਨੂੰ ਮਿਲ...ਇਹ ਕੇਸਰ ਸਿੰਘ ਨਰੂਲਾ ਨੇ ਸੰਗੀਤਕਾਰ, ਇਨ੍ਹਾਂ ਦੀ ਪਤਨੀ ਮੋਹਣੀ ਨਰੂਲਾ ਜੀਹਨੇ ਗੀਤ ਗਾਏ ਸਨ 'ਅੰਬਰਸਰੀਆ, ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ', 'ਨੀ ਸੋਹਣੀਏ, ਨੀ ਮੋਹਣੀਏ', 'ਆ ਜਾ ਪਤਲੀਏ ਨਾਰੇ, ਟਾਂਗੇ ਵਾਲਾ ਵਾਜਾਂ ਮਾਰਦਾ' ... ਤੇ ਇਨ੍ਹਾਂ ਦੀ ਬੇਟੀ ਜਸਪਿੰਦਰ ਨਰੂਲਾ ਵੀ ਅੱਛਾ ਗਾਉਣ ਲੱਗੀ ਪਈ ਹੈ।' ਆਹੂਜਾ ਹਰਿਆਣਵੀ ਹੋਣ ਕਰ ਕੇ ਪੰਜਾਬੀ ਠੀਕ ਬੋਲ ਲੈਂਦਾ ਹੈ ਤੇ ਨਾਲ ਹੀ ਉਹਨੇ ਨਰੂਲੇ ਨੂੰ ਦੱਸ ਦਿੱਤਾ, 'ਗਾਇਕਾਂ ਬਾਰੇ ਕੋਈ ਨ੍ਹੀਂ ਸੀ ਲਿਖਦਾ, ਇਸ ਮੁੰਡੇ ਨੇ ਹੀ ਇਹ ਖੇਤਰ ਚੁਣਿਆ ਹੈ।' ਉਸ ਦਿਨ ਹੀ ਉਸ ਨੇ ਮੇਰੀ ਸਦੀਕ ਨਾਲ ਘੁੱਟ ਕੇ ਮਿਲਣੀ ਕਰਾਈ। ਗੱਲ ਇਹ ਬਣ ਗਈ ਸੀ ਕਿ ਵੇਖਣ ਕੁੜੀ ਆਏ ਸੀ, ਸ਼ਗਨ ਮੁੰਡੇ ਨੂੰ ਪੈਣ ਲੱਗ ਪਿਆ। ਜ਼ਹੀਰ ਨਾਲ ਤਾਂ ਉਸ ਦਿਨ ਮੁਲਾਕਾਤ ਨਹੀਂ ਹੋ ਸਕੀ, ਪਰ ਨਰੂਲਾ ਸਾਹਿਬ ਨੇ ਕਿਹਾ, 'ਕੱਲ੍ਹ ਘਰੇ ਆ ਜਾਈਂ। ਕੁਝ ਲਾਇਨਾਂ ਜਸਪਿੰਦਰ ਬਾਰੇ ਤੇ ਸਾਡੇ ਪਰਿਵਾਰ ਬਾਰੇ ਵੀ ਲਿਖ ਛੱਡੀਂ। ਭਲਕੇ ਹੀ ਬਾਅਦ ਦੁਪਹਿਰ ਜ਼ਹੀਰ ਸਾਹਿਬ ਨਾਲ ਗੱਲਬਾਤ ਵੀ ਕਰਵਾ ਦਿਆਂਗੇ।' ਖ਼ੈਰ! ਮੋਹਣੀ ਨਰੂਲਾ ਵੀ ਮਿਲ ਪਈ। ਜਸਪਿੰਦਰ ਉਦੋਂ ਮਿਲੀ ਜਦੋਂ ਉਸ ਨੂੰ ਕੋਈ ਵੀ ਨਹੀਂ ਸੀ ਜਾਣਦਾ। ਦੁਰਘਟਨਾ ਤੋਂ ਬਾਅਦ ਗੱਲ੍ਹ ਦੀ ਸਰਜਰੀ ਬੜੀ ਦੇਰ ਬਾਅਦ ਦੀ ਕਹਾਣੀ ਹੈ।

ਅਗਲੇ ਦਿਨ ਜ਼ਹੀਰ ਅਹਿਮਦ ਨਾਲ ਮੇਰੀ ਮੁਲਾਕਾਤ ਨਰੂਲਾ ਸਾਹਿਬ ਨੇ ਇੱਦਾਂ ਕਰਵਾਈ ਜਿਵੇਂ ਬੀ.ਬੀ.ਸੀ. ਦਾ ਸਿੱਧਾ ਪ੍ਰਸਾਰਨ ਚਲਣਾ ਹੋਵੇ, ਪਰ ਇਸ ਲੰਬੀ ਗੱਲਬਾਤ ਦੇ ਨਤੀਜੇ ਇਹ ਸਾਹਮਣੇ ਆਉਣ ਦੀ ਸੰਭਾਵਨਾ ਜ਼ਰੂਰ ਬਣ ਗਈ ਸੀ ਕਿ ਪ੍ਰਸਾਰਨ ਭਾਵੇਂ ਸਿੱਧਾ ਨਾ ਵੀ ਹੋਵੇ, ਪਰ ਗਾਇਕਾਂ ਲਈ ਮੈਂ ਰਾਹ ਸਿੱਧੇ ਕਰਨ ਵਿਚ ਸਫ਼ਲ ਹੋ ਗਿਆ ਸਾਂ। ਨਾਲ ਹੀ ਕਿਸੇ ਮਸ-ਫੁੱਟ ਗੱਭਰੂ ਦੀ ਪੁੱਛ ਹੋਣ ਲੱਗ ਪਈ ਸੀ।

ਤਾਰੀ ਤੇ ਜ਼ਾਕਿਰ ਹੁਸੈਨ ਤੋਂ ਪਹਿਲਾਂ ਤਬਲਾ ਵਾਦਨ ਵਿਚ ਜਿਸ ਵਾਦਕ ਦਾ ਨਾਂ ਵੱਜਦਾ ਸੀ, ਉਹ ਯੂਸਫ਼ ਸੀ ਤੇ ਐਚ.ਐਮ.ਵੀ. ਦਾ ਪੱਕਾ ਤਾਲ ਵਾਦਕ। ਜ਼ਹੀਰ ਨੇ ਉਹਨੂੰ ਦਫ਼ਤਰ ਬੁਲਾ ਕੇ ਮੇਰੇ ਨਾਲ ਮਿਲਾਇਆ। ਮੈਨੂੰ ਇੰਜ ਲੱਗਣ ਲੱਗ ਪਿਆ, ਜਿਵੇਂ ਕੋਈ ਪੰਚ, ਪ੍ਰਧਾਨ ਮੰਤਰੀ ਦਫ਼ਤਰ ਵਿਚ ਨਿਯੁਕਤ ਹੋ ਗਿਆ ਹੋਵੇ। ਨਿੱਕਾ ਜਿਹਾ ਹੁੰਦਾ ਮੈਂ ਕਰੀਬ ਛੇ ਸੱਤ ਸਾਲ ਐਚ.ਐਮ.ਵੀ. ਕੰਪਨੀ ਦੇ ਪੰਜਾਬੀ ਸੰਗੀਤ ਵਿਭਾਗ ਦਾ ਸਲਾਹਕਾਰ ਵੀ ਰਿਹਾ।

ਜ਼ਹੀਰ ਅਹਿਮਦ ਨਾਲ ਲੰਬੀ ਮੁਲਾਕਾਤ ਜਦੋਂ ਅਜੀਤ ਵਿਚ ਛਪੀ ਤਾਂ ਗਾਇਕ ਤੇ ਜ਼ਹੀਰ ਅਹਿਮਦ ਨੱਚਣ ਤੇ ਗਿੱਧਾ ਪਾਉਣ ਵਾਲੇ ਬਣ ਗਏ ਸਨ, ਤੇ ਫਿਰ ਦਰਜਨਾਂ ਗਾਇਕਾਂ ਦੀ ਰਿਕਾਰਡਿੰਗ ਦੇ ਰਾਹ 'ਚ ਡਿਗਦੇ ਰੋੜੇ ਮੈਂ ਚੁੱਕਣ ਵਿਚ ਸਫ਼ਲ ਹੋ ਗਿਆ ਸਾਂ।

ਜਦੋਂ ਬਿਰਲਾ ਗਰੁਪ ਨੇ ਕੰਪਨੀ ਖਰੀਦੀ ਤਾਂ ਕੰਪਨੀ ਦੇ ਐਚ.ਐਮ.ਵੀ. ਲੇਬਲ ਨਾਲ ਆਰ.ਪੀ.ਜੀ. (ਰਾਮ ਪ੍ਰਕਾਸ਼ ਗੋਇਨਕਾ) ਲਿਖਿਆ ਜਾਣ ਲੱਗਾ। ਬਦਲਦੇ ਹਾਲਾਤ ਤੇ ਸੰਗੀਤ ਯੁੱਗ ਨਾਲ ਫਿਰ ਜ਼ਹੀਰ ਬਦਲ ਕੇ ਵੈਸਟਨ ਟੀ.ਵੀ. ਕੰਪਨੀ ਵਿਚ ਚਲੇ ਗਿਆ।

ੴ ਸਤਿਗੁਰ ਪ੍ਰਸਾਦਿ॥

ਮਰਣਾ ਸੂਰਿਆ ਹਕ ਹੈ ਜੋ ਹੋਵੈ ਮਰਣੁ ਪਰਵਾਣ॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥



ੲ੦ਵੀ ਸਦੀ ਦੇ ਮਹਾਨ ਸਿੱਖ ਸ਼ਹੀਦ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

# ਕੌਮ ਦੇ ਮਹਾਨ ਸ਼ਹੀਦ ਭਾਈ ਦਿਲਾਵਰ ਸਿੰਘ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ

# ਗਲੋਬਲ ਸਿੱਖ ਕੌਂਸਲ ਵੱਲੋਂ



ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ
(ਸ਼ਹੀਦੀ: ੩੧ ਅਗਸਤ, ੧੯੯੫)

# ਵਿਸ਼ਾਲ

# ਪੰਥਕ ਕਾਨਫਰੰਸ

## ਸਥਾਨ : ਖਾਲਸਾ ਦਰਬਾਰ ਬਰਲਿੰਗਟਨ ਨਿਊਜਰਸੀ

## 1240 Oldyork Rd Burlington NJ 08016

## 2 ਸਤੰਬਰ ਦਿਨ ਸੋਮਵਾਰ ਸਮਾਂ 11 ਵਜੇ ਦੁਪਹਿਰ ਤੋਂ 4 ਵਜੇ ਤੱਕ

ਪਿਆਰੇ ਖਾਲਸਾ ਜੀ

ਗੁਰੂ ਸਾਹਿਬਾਨ ਤੋਂ ਮਿਲੀ ਸਿੱਖਿਆ ਤੇ ਚਲਦਿਆਂ ਭਾਈ ਦਿਲਾਵਰ ਸਿੰਘ ਜੀ ਨੇ ਸਮੇਂ ਦੇ ਜਾਲਮਾਂ ਦਾ ਨਾਸ਼ ਕਰਦਿਆਂ ਆਪਣੇ ਸਰੀਰ ਦਾ ਠੀਕਰਾ ਇਸ ਜ਼ੁਲਮੀ ਰਾਜ ਦੀਆਂ ਬਰੂਹਾਂ ਤੇ ਭੰਨਦਿਆਂ ਮੌਜੂਦਾ ਸਮੇਂ ਵਿੱਚ ਸਿੱਖ ਪ੍ਰੰਪਰਾਵਾਂ ਨੂੰ ਕਾਇਮ ਰੱਖਦਿਆਂ ਸਾਨੂੰ ਜ਼ੁਲਮ ਨਾਲ ਲੜਨ ਲਈ ਉਤਸ਼ਾਹਿਤ ਕੀਤਾ। ਅੱਜ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਵੱਲੋਂ ਭਾਈ ਦਿਲਾਵਰ ਸਿੰਘ ਜੀ ਦੀ ਸ਼ਹੀਦੀ ਨੂੰ ਸਿਰ ਝੁਕਾਉਂਦਿਆਂ ਸਿੱਖ ਰਾਜ ਦੀ ਪ੍ਰਾਪਤੀ ਤਕ ਜੂਝਣ ਦਾ ਅਹਿਦ ਕਰਦਿਆਂ ਵਿਸ਼ਾਲ ਪੰਥਕ ਕਾਨਫਰੰਸ ਦਾ ਆਯੋਜਨ ਸਥਾਨ : ਖਾਲਸਾ ਦਰਬਾਰ ਬਰਲਿੰਗਟਨ ਨਿਊਜਰਸੀ 1240 Oldyork Rd Burlington NJ 08016 ਵਿਖੇ ਕੀਤਾ ਜਾ ਰਿਹਾ ਹੈ।

## ਪਹੁੰਚ ਰਹੇ ਵਿਦਵਾਨ ਤੇ ਪੰਥਕ ਸਖਸ਼ੀਅਤਾਂ

ਡਾ. ਸੁਖਪ੍ਰੀਤ ਸਿੰਘ ਉਦੋਕੇ, ਹਰਮਨਪ੍ਰੀਤ ਸਿੰਘ ਖਾਲਸਾ ਤੋਂ ਇਲਾਵਾ ਗੁਰਪਤਵੰਤ ਸਿੰਘ ਪੰਨੂੰ ਤੇ ਸਥਾਨਕ ਪੰਥਕ ਬੁਲਾਰੇ ਭਾਗ ਲੈਣਗੇ

<u>ਸਹਿਯੋਗੀ ਜਥੇਬੰਦੀਆਂ</u> : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ ਅਮਰੀਕਾ, ਪੰਥਕ ਸਿੱਖ ਸੁਸਾਇਟੀ, ਅਮੈਰਿਕਨ ਸਿੱਖ ਆਰਗੇਨਾਈਜੇਸ਼ਨ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ, ਦਲ ਖਾਲਸਾ, ਸਿੱਖਜ਼ ਫਾਰ ਜਸਟਿਸ, ਭਾਈ ਮਨੀ ਸਿੰਘ ਸਿੱਖ ਸੁਸਾਇਟੀ, ਬਾਬਾ ਦੀਪ ਸਿੰਘ ਜੀ ਸ਼ਹੀਦ ਸਿੱਖ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਸਾਕਾ ਜਥੇਬੰਦੀ ਨਿਊਜਰਸੀ, ਸਿੱਖ ਸਟੂਡੈਂਟ ਫੈਡਰੇਸ਼ਨ, ਵਾਇਸ ਫਾਰ ਫਰੀਡਮ, ਭਾਈ ਲਾਲੋ ਜੀ ਸਿੱਖ ਸੁਸਾਇਟੀ, ਬਾਬਾ ਬੁੱਢਾ ਜੀ ਸਿੱਖ ਸੁਸਾਇਟੀ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ : ਡਾ. ਬਖਸ਼ੀਸ਼ ਸਿੰਘ 215 8021750, ਬੂਟਾ ਸਿੰਘ ਖੜੌਦ 609 3510321, ਗੁਰਿੰਦਰਜੀਤ ਸਿੰਘ ਮਾਨਾ 973 4183404, ਹਿੰਮਤ ਸਿੰਘ 646 3587745, ਗੁਰਦੁਆਰਾ ਸਾਹਿਬ 609-386-1561

# ਸਾਝ ਕਰੀਜੈ ਗੁਣਹ ਕੇਰੀ-3



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਦੋ ਲੇਖਾਂ ਵਿਚ ਇਸ ਗੱਲ 'ਤੇ ਚਰਚਾ ਕੀਤੀ ਗਈ ਸੀ ਕਿ ਬਤੌਰ ਸਿੱਖ ਨੈਤਿਕਤਾ ਦੇ ਜਗਿਆਸੂ ਨੂੰ ਕਿਸ ਕਿਸਮ ਦੇ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਸਦਕਾ ਉਹ ਅਧਿਆਤਮਕ ਬੁਲੰਦੀਆਂ 'ਤੇ ਪਹੁੰਚਦਾ ਹੋਇਆ ਅਕਾਲ ਪੁਰਖ ਦੀ ਮਿਹਰ ਦਾ ਪਾਤਰ ਵੀ ਬਣ ਸਕੇ, ਸਮਾਜਕ ਭਾਈਚਾਰੇ ਲਈ ਇੱਕ ਵਧੀਆ ਮਨੁੱਖ ਵੀ ਸਾਬਤ ਹੋ ਸਕੇ ਅਤੇ ਆਪਣੇ ਆਲੇ ਦੁਆਲੇ ਅਜਿਹੇ ਸ਼ੁਭ ਗੁਣਾਂ ਦਾ ਸੰਚਾਰ ਕਰ ਸਕੇ। ਇਸੇ ਲੜੀ ਵਿਚ ਗੁਣਾਂ ਦੀ ਚਰਚਾ ਜਾਰੀ ਹੈ।

**ਹਲੀਮੀ:** ਹਲੀਮੀ ਇੱਕ ਅਜਿਹਾ ਗੁਣ ਹੈ ਜਿਸ ਦਾ ਵਿਅਕਤੀਗਤ ਅਤੇ ਸਮਾਜਿਕ ਦੋਵੇਂ ਤਰ੍ਹਾਂ ਨਾਲ ਬਹੁਤ ਮਹੱਤਵ ਹੈ। ਵਿਅਕਤੀਗਤ ਨਜ਼ਰੀਏ ਤੋਂ ਵਾਚਿਆਂ ਇਸ ਵਿਚ ਆਪਣੇ ਗੁਣਾਂ ਨੂੰ ਬਹੁਤ ਹੀ ਤੁਛ ਮੰਨ ਕੇ ਤੁਰਿਆ ਜਾਂਦਾ ਹੈ ਅਤੇ ਸਮਾਜਿਕ ਨਜ਼ਰੀਏ ਤੋਂ ਉਸ ਰੁਝਾਨ ਨੂੰ ਰੋਕਣਾ ਹੈ ਜਿਸ ਵਿਚ ਦੂਜਿਆਂ ਤੋਂ ਆਪਣੇ ਗੁਣਾਂ ਦੀ ਪਛਾਣ ਹਿਤ ਸਮਰਥਨ ਦੀ ਆਸ ਰੱਖੀ ਜਾਂਦੀ ਹੈ। ਹਲੀਮੀ ਆਪਣੇ ਆਪ ਦੀ ਪ੍ਰਸ਼ੰਸਾ ਅਤੇ ਸਤਿਕਾਰ ਵਿਚੋਂ ਪ੍ਰਾਪਤ ਕਰਨ ਵਾਲੀ ਖੁਸ਼ੀ ਨੂੰ ਰੋਕਣ ਲਈ ਮਿਥ ਕੇ ਕੀਤਾ ਜਤਨ ਹੈ। ਆਪਣੇ ਅੰਦਰ ਹਲੀਮੀ ਦਾ ਗੁਣ ਪੈਦਾ ਕਰਨ ਵਿਚ ਅਸਫਲ ਹੋਣਾ ਮਨੁੱਖ ਦੀ ਨੈਤਿਕ ਆਦਰਸ਼ ਪ੍ਰਤੀ ਅਗਿਆਨ ਕਾਰਨ ਹੋ ਸਕਦਾ ਹੈ ਜਿਸ ਖਿਲਾਫ ਉਸ ਨੂੰ ਆਪਣੇ ਆਪ ਨੂੰ ਆਂਕਣਾ ਚਾਹੀਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਆਪਣੇ ਆਦਰਸ਼ ਦੀ ਮਾੜੀ ਮੋਟੀ ਵੀ ਸੂਹ ਹੈ ਉਨ੍ਹਾਂ ਨੂੰ ਹਲੀਮ ਹੋਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਇਹ ਅਹਿਸਾਸ ਹੋ ਸਕੇ ਕਿ ਉਹ ਆਪਣੇ ਆਦਰਸ਼ ਦੇ ਅਨੁਭਵ ਤੋਂ ਅਜੇ ਕਿੰਨੀ ਦੂਰ ਹਨ।

ਇਸ ਤਰ੍ਹਾਂ ਹਲੀਮੀ ਸਿਰਫ ਉਨ੍ਹਾਂ ਮਨੁੱਖਾਂ ਦਾ ਹੀ ਗੁਣ ਨਹੀਂ ਹੈ ਜਿਨ੍ਹਾਂ ਨੇ ਥੋੜੀ ਬਹੁਤ ਪ੍ਰਾਪਤੀ ਕਰ ਲਈ ਹੈ, ਪ੍ਰੰਤੂ ਇਹ ਗੁਣ ਉਨ੍ਹਾਂ ਸਾਰਿਆਂ ਦਾ ਵੀ ਹੋਣਾ ਚਾਹੀਦਾ ਹੈ ਜੋ ਆਪਣੇ ਆਪ ਨੂੰ ਆਪਣੇ ਆਦਰਸ਼ ਦੇ ਅਨੁਭਵ ਲਈ ਆਂਕਦੇ ਹਨ। ਇਸ ਦੀ ਝਲਕ ਮਨੁੱਖ ਦੇ ਆਪਣੇ ਆਪ ਤੇ ਸਮਾਜਕ ਰਿਸ਼ਤਿਆਂ ਪ੍ਰਤੀ ਨੈਤਿਕ ਆਦਰਸ਼ ਪ੍ਰਤੀ ਰਵੱਈਏ ਵਿਚੋਂ ਵੀ ਮਿਲ ਸਕਦੀ ਹੈ ਜਿਸ ਨੂੰ ਹਲੀਮੀ ਰਾਹੀਂ ਯੋਗ ਹੋਣਾ ਚਾਹੀਦਾ ਹੈ। ਇਸ ਗੁਣ ਦੇ ਇਹ ਸਾਰੇ ਪਹਿਲੂ ਗੁਰੂ ਸਾਹਿਬਾਨ ਦੀ ਮਸਰੂਫ਼ੀਅਤ ਦਾ ਹਿੱਸਾ ਰਹੇ ਹਨ। ਹਲੀਮੀ ਅਤੇ ਹਲੀਮ ਪਦ ਨੂੰ ਦਰਸਾਉਣ ਲਈ ਗ਼ਰੀਬ, ਨੀਚ, ਨਿਮਾਣਾ ਆਦਿ ਸ਼ਬਦਾਂ ਦੀ ਵਰਤੋਂ ਆਮ ਕੀਤੀ ਗਈ ਹੈ। ਭਾਈ ਗੁਰਦਾਸ ਨੇ ਇਨ੍ਹਾਂ ਹੀ ਅਰਥਾਂ ਵਿਚ ਸ਼ਬਦ ਨਿਮਾਣਾ ਅਤੇ ਨਿਤਾਣਾ ਦੀ ਵਰਤੋਂ ਕੀਤੀ ਹੈ, ''ਗੁਰਮੁਖਿ ਹੋਦੈ ਤਾਣਿ ਨਿਤਾਣਾ'' ਅਰਥਾਤ ਗੁਰਮੁਖਿ ਤਾਣ ਹੁੰਦਿਆਂ ਵੀ ਆਪਣੇ ਆਪ ਨੂੰ (ਹਲੀਮੀ ਕਾਰਨ) ਨਿਤਾਣਾ ਸਮਝੇ।

ਗੁਰੂ ਅਰਜਨ ਦੇਵ ਇਸੇ ਹਲੀਮੀ ਵੱਲ ਸੰਕੇਤ ਕਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਮੈਂ ਨੀਚ ਸੀ, ਅਨਾਥ ਸੀ, ਅਣਜਾਣ ਸੀ ਅਤੇ ਮੇਰੇ ਅੰਦਰ ਕੋਈ ਵੀ ਗੁਣ ਨਹੀਂ ਸੀ, ਮੈਂ ਗੁਣਾਂ ਤੋਂ ਸੱਖਣਾ ਸੀ ਪਰ ਗੁਰੂ ਦੀ ਸ਼ਰਨ ਆਉਣ ਨਾਲ ਉਸ ਅਕਾਲ ਪੁਰਖ ਦੀ ਮਿਹਰ ਮੇਰੇ ਉਤੇ ਹੋਈ ਅਤੇ ਉਸ ਨੇ ਮੈਨੂੰ ਆਪਣਾ ਸੇਵਕ ਬਣਾ ਲਿਆ:

ਨੀਚੁ ਅਨਾਥੁ ਅਜਾਨੁ
ਮੈ ਨਿਰਗੁਨੁ ਗੁਨਹੀਨੁ॥
ਨਾਨਕ ਕਉ ਕਿਰਪਾ ਭਈ
ਦਾਸੁ ਅਪਨਾ ਕੀਨ॥4॥25॥55॥
(ਪੰਨਾ 815)

ਆਪਣੇ ਅੰਦਰ ਹਲੀਮੀ ਦਾ ਗੁਣ ਪੈਦਾ ਕਰਨ ਲਈ ਅਜਿਹਾ ਹੀ ਨਜ਼ਰੀਆ ਧਾਰਨ ਕਰਨ ਦੀ ਲੋੜ ਹੈ ਕਿ ਆਪਣੇ ਅੰਦਰ ਸਭ ਗੁਣ ਹੋਣ ਤੇ ਗਿਆਨਵਾਨ ਹੋਣ ਦੇ ਬਾਵਜੂਦ ਮਨੁੱਖ ਆਪਣੇ ਆਪ ਨੂੰ ਦੂਸਰਿਆਂ ਦੇ ਸਾਹਮਣੇ ਬਹੁਤ ਉਚਾ, ਗੁਣਵਾਨ ਜਾਂ ਗਿਆਨੀ ਕਰਕੇ ਨਾ ਜਣਾਵੇ। ਗੁਰੂ ਰਾਮਦਾਸ ਫਰਮਾਉਂਦੇ ਹਨ ਕਿ ਕਿਸੇ ਦੇ ਅੰਦਰ ਚੰਗਾ ਬੋਲ ਸਕਣ ਦਾ ਅਹੰਕਾਰ ਹੈ, ਕਿਸੇ ਨੂੰ ਮਾਇਆ, ਧੰਨ-ਦੌਲਤ ਦੇ ਆਸਰੇ ਦਾ ਤਾਣ ਹੈ। ਮੈਨੂੰ ਅਕਾਲ ਪੁਰਖ ਦੇ ਆਸਰੇ ਤੋਂ ਬਿਨਾਂ ਹੋਰ ਕਿਸੇ ਦਾ ਆਸਰਾ ਨਹੀਂ। ਹੇ ਅਕਾਲ ਪੁਰਖ ਮੈਂ ਨਿਮਾਣੇ ਦੀ ਰੱਖਿਆ ਤੂੰ ਹੀ ਕਰ:

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥
ਕਿਸ ਹੀ ਜੋਰੁ ਦੀਬਾਨ ਮਾਇਆ ਕਾ॥
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਨਿਮਾਣੀ ਹੇ॥13॥
(ਪੰਨਾ 1071)

ਭਾਈ ਗੁਰਦਾਸ ਹਲੀਮੀ ਦੇ ਗੁਣ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਜਿਹੜਾ ਮਨੁੱਖ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਆਪਣੇ ਆਪ ਨੂੰ ਗ਼ਰੀਬਾਂ ਤੋਂ ਗ਼ਰੀਬ, ਨੀਚਾਂ ਤੋਂ ਨੀਚ ਸਮਝਦਾ ਹੈ ਉਹ ਹਲੀਮ ਹੈ। ਉਹ ਸਮਝਾਉਂਦੇ ਹਨ ਕਿ ਮਨੁੱਖ ਨੂੰ ਆਪਣੇ ਗੁਣਾਂ ਪ੍ਰਤੀ ਹਲੀਮ ਹੋਣਾ ਚਾਹੀਦਾ ਹੈ, ਇਹੀ ਉਸ ਦੇ ਗੁਣਵਾਨ ਹੋਣ ਦਾ ਅਸਲੀ ਪ੍ਰਗਟਾਵਾ ਹੈ। ਤਿੰਨ ਵੀਹਾਂ ਦੇ ਪੈਸਿਆਂ ਸਾਹਮਣੇ ਇੱਕ ਰੁਪਏ ਦਾ ਸਿੱਕਾ ਹੌਲਾ ਹੁੰਦਾ ਹੈ ਪਰ ਕੀਮਤ ਵਿਚ ਵੱਧ ਹੁੰਦਾ ਹੈ। ਇਸੇ ਤਰ੍ਹਾਂ ਦਸ ਰੁਪਏ ਦਾ ਸਿੱਕਾ (ਪੁਰਾਣੇ ਜ਼ਮਾਨੇ ਵਿਚ ਦਸ ਰੁਪਏ ਦਾ ਸਿੱਕਾ ਹੁੰਦਾ ਸੀ) ਭਾਰ ਵਿਚ ਹੌਲਾ ਹੁੰਦਾ ਹੈ ਪਰ ਉਸ ਦੀ ਕੀਮਤ ਜ਼ਿਆਦਾ ਹੁੰਦੀ ਹੈ। ਹੀਰਾ ਉਨ੍ਹਾਂ ਰੁਪਿਆਂ ਤੋਂ ਭਾਰ ਵਿਚ ਹੌਲਾ ਹੁੰਦਾ ਹੈ ਜਿਨ੍ਹਾਂ ਨਾਲ ਉਹ ਖ਼ਰੀਦਿਆ ਜਾਂਦਾ ਹੈ ਪਰ ਉਸ ਨਾਲ ਹਾਰ ਪਰੋ ਸਕੀਦਾ ਹੈ। ਜਿਹੜਾ ਮਨੁੱਖ ਆਪਣੇ ਆਪ ਨੂੰ ਨਿਮਾਣਾ ਸਮਝ ਕੇ ਸ਼ਰਨ ਆਉਂਦਾ ਹੈ ਉਸ ਦੇ ਮਨ, ਬਾਣੀ ਅਤੇ ਸਰੀਰ ਦੇ ਭਰਮ ਤੇ ਭੈ ਖੋਏ ਜਾਂਦੇ ਹਨ। (23/21)।

ਭਾਈ ਸਾਹਿਬ ਅੱਗੇ ਦੱਸਦੇ ਹਨ ਕਿ ਪਾਣੀ ਠੰਢਾ/ਸੀਲ (ਸੀਲ ਨਿਮਰਤਾ ਦਾ ਪ੍ਰਤੀਕ ਹੈ) ਹੈ ਅਤੇ ਨਿਵਾਣ ਵੱਲ ਵਗਦਾ ਹੈ, ਅੰਬ ਦਾ ਦਰੱਖਤ ਜਦੋਂ ਫਲ ਨਾਲ ਭਰਿਆ ਹੁੰਦਾ ਹੈ ਤਾਂ ਧਰਤੀ ਵੱਲ ਝੁਕ ਜਾਂਦਾ ਹੈ। (26/9)। ਭਾਈ ਗੁਰਦਾਸ ਹਲੀਮੀ ਦੇ ਗੁਣ ਵੱਲ ਸੰਕੇਤ ਕਰਦੇ ਹਨ ਕਿ ਹਲੀਮੀ ਮਨੁੱਖ ਦੇ ਗੁਣਵਾਨ ਹੋਣ ਦਾ ਸੂਚਕ ਹੈ ਅਰਥਾਤ ਗੁਣਵਾਨ ਹੁੰਦਿਆਂ ਵੀ ਹਲੀਮ ਆਪਣੇ ਗੁਣਾਂ ਨੂੰ ਜਤਾਉਂਦਾ ਨਹੀਂ।

ਸਮਾਜਿਕ ਪਹਿਲੂ ਤੋਂ ਹਲੀਮੀ ਦੇ ਗੁਣ ਦਾ ਅਰਥ ਹੈ ਮਨੁੱਖੀ ਭਾਈ-ਬੰਦਾਂ, ਗੁਰੂ ਅਤੇ ਅਕਾਲ ਪੁਰਖ ਪ੍ਰਤੀ ਨਿਮਰਤਾ ਦਾ ਪ੍ਰਗਟਾਵਾ। ਸਭ ਤੋਂ ਔਖਾ ਕੰਮ ਆਪਣੇ ਭਾਈ-ਬੰਦਾਂ ਪ੍ਰਤੀ ਹਲੀਮੀ ਰੱਖਣਾ ਹੈ, ਕਿਉਂਕਿ ਮਨੁੱਖ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਉਹ ਗੁਰੂ ਅਤੇ ਪਰਮਾਤਮਾ ਨਾਲੋਂ ਊਣਾ ਜਾਂ ਘੱਟ ਹੈ, ਪਰ ਦੂਸਰੇ ਮਨੁੱਖਾਂ ਤੋਂ ਉਹ ਆਪਣੇ ਆਪ ਨੂੰ ਕਈ ਪੱਖਾਂ ਤੋਂ ਘੱਟ ਨਹੀਂ ਸਮਝਦਾ। ਭਾਵੇਂ ਇਹ ਕਰ ਸਕਣਾ ਮੁਸ਼ਕਿਲ ਹੈ ਪਰ ਇਹ ਸਭ ਤੋਂ ਜ਼ਰੂਰੀ ਹੈ ਕਿਉਂਕਿ ਇਹ ਬੁਨਿਆਦੀ ਹੈ। ਇਹ ਨਿਸ਼ਸਤੀਕਰਨ ਦਾ ਜ਼ਰੂਰੀ ਹਥਿਆਰ ਹੈ, ਸਮਾਜਿਕ ਮੇਲ-ਮਿਲਾਪ ਲਈ ਅਨੁਕੂਲ ਗੁਣ ਹੈ। ਇਸ ਸਬੰਧੀ ਗੁਰੂ ਅਰਜਨ ਦੇਵ ਦਾ ਫੁਰਮਾਨ ਹੈ ਕਿ ਨਿਮਰ ਸੁਭਾਉ ਸਾਡੇ ਕੋਲ ਗੁਰਜ ਹੈ, ਸਭ ਦੇ ਚਰਨ-ਧੂੜ ਬਣੇ ਰਹਿਣਾ ਸਾਡੇ ਪਾਸ ਖੰਡਾ ਹੈ (ਨਿਮਰ ਸੁਭਾਉ ਅਤੇ ਚਰਨ-ਧੂੜ ਦੋਵੇਂ ਹਲੀਮੀ ਨਾਲ ਸਬੰਧਤ ਹਨ)। ਸਾਨੂੰ ਪੂਰੇ ਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ ਕਿ ਇਸ ਗੁਰਜ ਅਤੇ ਖੰਡੇ ਅੱਗੇ ਕੋਈ ਕੁਕਰਮੀ ਟਿਕ ਨਹੀਂ ਸਕਦਾ,

ਗਰੀਬੀ ਗਦਾ ਹਮਾਰੀ॥
ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥
ਗੁਰ ਪੂਰੇ ਏਹ ਗਲ ਸਾਰੀ॥ (ਪੰਨਾ 628)

ਇਥੇ ਇੱਕ ਇਤਿਹਾਸਕ ਉਦਾਹਰਣ ਦਿੱਤੀ ਜਾ ਸਕਦੀ ਹੈ। ਭਾਈ ਗੁਰਦਾਸ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਸਮੇਂ ਵਿਚ ਵੀ ਸਿੱਖਾਂ ਵਿਚ ਇਹ ਪਰੰਪਰਾ ਰਹੀ ਹੈ ਕਿ ਉਹ ਮਿਲਣ ਵੇਲੇ ਇੱਕ-ਦੂਜੇ ਦੇ ਚਰਨ ਸਪਰਸ਼ ਕਰਦੇ ਸੀ ਜੋ ਕਿ ਹਲੀਮੀ ਦੇ ਗੁਣ ਨੂੰ ਹੋਰ ਮਜ਼ਬੂਤ ਕਰਦੀ ਹੈ, ਇਹ ਪਰੰਪਰਾ ਹਲੀਮੀ ਦੀ ਪ੍ਰਤੀਕ ਹੈ। ਇਸੇ ਦਾ ਜ਼ਿਕਰ ਭਾਈ ਗੁਰਦਾਸ ਕਰਦੇ ਹੋਏ ਕਹਿੰਦੇ ਹਨ ਕਿ ਸਿਰ ਤਾਂ ਉਚਾ ਹੈ ਪਰ ਮਨ ਅੰਦਰ ਹਲੀਮੀ ਹੈ, 'ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ' (4/3) ਅਤੇ 'ਪੈਰੀ ਪੈ ਗੁਰ ਸਿਖ ਪੈਰੀ ਪਾਇਆ' (20/5)। ਚਰਣ ਸਭ ਤੋਂ ਨੀਵੇਂ ਹੁੰਦੇ ਹਨ ਅਤੇ ਜਦੋਂ ਨਿਵ ਕੇ ਇੱਕ-ਦੂਜੇ ਦੇ ਚਰਨ ਛੂਹੇ ਜਾਂਦੇ ਹਨ, ਇਸ ਨਾਲ ਮਨ ਵਿਚੋਂ ਆਪਾ-ਭਾਵ ਦੂਰ ਹੁੰਦਾ ਹੈ। ਇਸ ਤੋਂ ਅੱਗੇ ਗੁਰੂ ਪ੍ਰਤੀ ਨਿਮਰਤਾ ਹੈ ਜੋ ਕਿ ਅਧਿਆਤਮਕ ਅਗਵਾਈ ਦਿੰਦਾ ਹੈ, ਪੂਰੇ ਸਤਿਗੁਰੂ ਨੂੰ ਜਦੋਂ ਮਨੁੱਖ ਨਿਵ ਕੇ ਆਪਾ ਸਮਰਪਣ ਕਰਦਾ ਹੈ ਤਾਂ ਸਤਿਗੁਰੂ ਮਨ ਵਿਚੋਂ ਹਉਮੈ ਰੋਗ ਦੂਰ ਕਰ ਦਿੰਦਾ ਹੈ,

ਸਭ ਦੂੰ ਨੀਵੇ ਚਰਣ ਹੋਇ
ਆਪੁ ਗਵਾਇ ਨਸੀਬੁ ਨਸੀਬੀ।
ਹਉਮੈ ਰੋਗੁ ਮਿਟਾਇਦਾ
ਸਤਿਗੁਰ ਪੂਰਾ ਕਰੈ ਤਬੀਬੀ।
ਪੈਰੀ ਪੈ ਰਹਿਰਾਸਿ ਕਰਿ ਗੁਰ
ਸਿਖ ਸੁਣਿ ਗੁਰ ਸਿਖ ਮਨੀਬੀ। (4/3)

ਗੁਰੂ ਅਰਜਨ ਦੇਵ ਹਲੀਮੀ ਦੀ ਇਸ ਭਾਵਨਾ ਦਾ ਪ੍ਰਗਟਾਵਾ ਬਹੁਤ ਥਾਂਵਾਂ ਉਤੇ ਕਰਦੇ ਹਨ, ਜਿਵੇਂ ਇੱਕ ਥਾਂ ਕਹਿੰਦੇ ਹਨ ਕਿ ਹੇ ਅਕਾਲ ਪੁਰਖ ਮੈਂ ਨੀਵੇਂ ਤੋਂ ਨੀਵਾਂ ਹੋ ਕੇ ਬਹੁਤ ਨੀਵਾਂ ਹੋ ਕੇ ਬੇਨਤੀ ਕਰਕੇ ਉਨ੍ਹਾਂ ਨੂੰ ਬੁਲਾਉਂਦਾ ਰਹਾਂ। ਮੈਂ ਆਪਾ-ਭਾਵ ਛੱਡ ਕੇ ਸੰਤਾਂ ਦੇ ਪੈਰ ਘੁਟਿਆ ਕਰਾਂ ਅਤੇ ਸੰਤਾਂ ਦੀ ਸੰਗਤਿ ਵਿਚ ਟਿਕਿਆ ਰਹਾਂ,

ਨੀਚ ਤੇ ਨੀਚੁ ਅਤਿ ਨੀਚੁ ਹੋਇ
ਕਰਿ ਬਿਨਉ ਬੁਲਾਵਉ॥
ਪਾਵ ਮਲੋਵਾ ਆਪੁ ਤਿਆਗਿ
ਸੰਤ ਸੰਗਿ ਸਮਾਵਉ॥ (ਪੰਨਾ 812)

ਹਲੀਮੀ ਅਜਿਹਾ ਗੁਣ ਹੈ ਜਿਸ ਨਾਲ ਮਨੁੱਖ ਨੂੰ ਆਪਣੀਆਂ ਊਣਤਾਈਆਂ ਅਤੇ ਕਮਜ਼ੋਰੀਆਂ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਇਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਰਾਹੀਂ ਮਨੁੱਖ ਨੂੰ ਅਨੁਭਵ ਹੁੰਦਾ ਹੈ ਕਿ ਇਹ ਜੀਵਨ ਅਤੇ ਉਸ ਦੇ ਗੁਣ ਥੋੜ-ਚਿਰੇ ਹਨ। ਇਸ ਨਾਲ ਮਨੁੱਖ ਦੇ ਅੰਦਰੋਂ ਹਉਮੈ ਦੀ ਭਾਵਨਾ ਦੂਰ ਹੋ ਜਾਂਦੀ ਹੈ। ਭਾਈ ਗੁਰਦਾਸ ਧਰਤੀ, ਅੱਗ ਅਤੇ ਪਾਣੀ ਆਦਿ ਦੀਆਂ ਉਦਾਹਰਣਾਂ ਰਾਹੀਂ ਸਮਝਾਉਂਦੇ ਹਨ ਕਿ ਇਹ ਚੀਜ਼ਾਂ ਕਿੰਨੀਆਂ ਵੱਡੀਆਂ ਹਨ ਪਰ ਕਿਸ ਤਰ੍ਹਾਂ ਇਨ੍ਹਾਂ ਵਿਚ ਹਲੀਮੀ ਹੈ। ਧਰਤੀ ਸਭ ਤੋਂ ਨੀਵੀਂ ਹੈ ਅਤੇ ਨਿਮਾਣੀ ਹੋ ਕੇ, ਆਪਣਾ ਆਪ ਗੁਆ ਕੇ, ਧੀਰਜ, ਧਰਮ ਅਤੇ ਸੰਤੋਖ ਨਾਲ ਸਭ ਦੇ ਪੈਰਾਂ ਹੇਠ ਆਉਂਦੀ ਹੈ ਅਤੇ ਲਿਵਲੀਨ ਹੋ ਕੇ ਰਹਿੰਦੀ ਹੈ। ਇਸੇ ਤਰ੍ਹਾਂ ਅੱਗ ਦਾ ਸੁਭਾਅ ਗਰਮ ਹੈ, ਤੱਤਾ ਹੈ ਅਤੇ ਪਾਣੀ ਦਾ ਸੁਭਾਅ ਠੰਡਾ ਹੈ, ਸੀਤਲ ਹੈ। ਅੱਗ ਦੀ ਉਚੀ ਲਾਟ ਤੋਂ ਘਬਰਾਹਟ ਹੁੰਦੀ ਹੈ ਅਤੇ ਸਿਰ ਉਚਾ ਕਰਕੇ ਬੁਰਾ ਕਰਦੀ ਹੈ ਪਰ ਪਾਣੀ ਨੀਵਾਣ ਵੱਲ ਜਾਂਦਾ ਹੈ ਅਤੇ ਆਪਣੀ ਨਿਮਰਤਾ ਨਾਲ ਪਰ-ਉਪਕਾਰ ਕਰਦਾ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ ਨਿਮਰ ਹੈ, ਉਹ ਗੁਰੂ ਨੂੰ ਪਿਆਰਾ ਹੈ। ਚੀਚੀ ਉਂਗਲੀ ਸਭ ਤੋਂ ਛੋਟੀ ਹੁੰਦੀ ਹੈ ਪਰ ਮੁੰਦਰੀ ਉਸ ਦਾ ਮਾਣ ਬਣਦੀ ਹੈ, ਉਸ ਨੂੰ ਸਤਿਕਾਰ ਮਿਲਦਾ ਹੈ। ਪਾਣੀ ਦੀ ਨਿੱਕੀ ਜਿਹੀ ਬੂੰਦ ਮੋਤੀ ਬਣਨ ਦੇ ਕੰਮ ਆਉਂਦੀ ਹੈ ਅਤੇ ਛੋਟਾ ਜਿਹਾ ਬੀਜ ਜਦੋਂ ਧਰਤੀ ਵਿਚ ਬੀਜਿਆ ਜਾਂਦਾ ਹੈ ਤਾਂ ਉਹ ਵੱਡੇ ਦਰੱਖਤ ਦਾ ਰੂਪ ਧਾਰਨ ਕਰ ਲੈਂਦਾ ਹੈ। ਭਾਈ ਗੁਰਦਾਸ ਅਨੁਸਾਰ ਇਸੇ ਤਰ੍ਹਾਂ ਗੁਰਮੁਖਿ ਤਾਕਤਵਰ ਹੁੰਦਿਆਂ ਵੀ ਆਪਣੀ ਤਾਕਤ ਦਾ ਮੁਜ਼ਾਹਰਾ ਨਹੀਂ ਕਰਦਾ, ਉਹ ਹਲੀਮੀ ਵਿਚ ਵਿਚਰਦਾ ਹੈ।

**ਸੰਤੋਖ:** ਅਗਲਾ ਗੁਣ ਸੰਤੋਖ ਹੈ ਜੋ ਕਿ ਸੰਸਕ੍ਰਿਤ ਦੇ ਸ਼ਬਦ 'ਸੰਤੋਸ਼' ਦਾ ਪੰਜਾਬੀ ਰੂਪ ਹੈ। ਸੰਤੋਖ ਅਜਿਹਾ ਗੁਣ ਹੈ ਜਿਸ ਦੀ ਸਿੱਖ ਨੈਤਿਕਤਾ ਵਿਚ ਬਹੁਤ ਵੱਡੀ ਭੂਮਿਕਾ ਹੈ। ਅਸਲ ਵਿਚ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਕਰਮ-ਕਾਂਡ ਵਿਚੋਂ ਕੱਢ ਕੇ ਨੈਤਿਕ ਗੁਣਾਂ ਨਾਲ ਜੋੜਿਆ। ਅਜਿਹੇ ਨੈਤਿਕ ਗੁਣਾਂ ਨਾਲ ਜਿਨ੍ਹਾਂ ਰਾਹੀਂ ਮਨੁੱਖ ਦਾ ਵਿਅਕਤੀਗਤ ਕਲਿਆਣ ਅਤੇ ਸਮਾਜ ਦਾ ਕਲਿਆਣ ਦੋਵੇਂ ਸੰਭਵ ਹੋ ਸਕਦੇ ਹਨ। ਸਮਾਜ ਦੇ ਕਲਿਆਣ ਬਿਨਾਂ ਵਿਅਕਤੀਗਤ ਮੁਕਤੀ ਕੋਈ ਮਾਅਨੇ ਨਹੀਂ ਰੱਖਦੀ ਅਤੇ ਵਿਅਕਤੀਗਤ ਮੁਕਤੀ ਦੇ ਨਾਲ ਹੀ ਸਮਾਜ ਦੀ ਮੁਕਤੀ ਸੰਭਵ ਹੈ। ਇਸੇ ਲਈ ਗੁਰਮਤਿ ਨੈਤਿਕਤਾ ਵਿਚ ਕਿਸੇ ਇਕਾਂਤ ਵਿਚ ਜਾ ਕੇ, ਸਮਾਜ ਦਾ ਤਿਆਗ ਕਰਕੇ ਹੱਠ ਜੋਗ ਜਾਂ ਕਠਿਨ ਤਪੱਸਿਆ ਕਰਨ ਦੀ ਪ੍ਰੇਰਨਾ ਨਹੀਂ ਕੀਤੀ ਗਈ ਬਲਕਿ ਸਤਿ-ਸੰਗਤਿ ਵਿਚ ਜਾ ਕੇ ਗੁਰੂ ਦੀ ਅਗਵਾਈ ਵਿਚ ਨਾਮ ਜਪਣ ਦੀ ਪ੍ਰੇਰਨਾ ਕੀਤੀ ਗਈ ਹੈ।

ਗੁਰਮਤਿ ਅਨੁਸਾਰ ਨਾਮ ਜਪਣਾ ਕੋਈ ਤੋਤੇ-ਰਟਣੀ ਨਹੀਂ ਸਗੋਂ ਨਾਮ ਸਿਮਰਨ ਦਾ ਅਰਥ ਹੈ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ, ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ ਅਤੇ ਫਿਰ ਆਪਣੀ ਕਰਨੀ ਰਾਹੀਂ, ਆਪਣੀ ਰਹਿਣੀ ਰਾਹੀਂ ਉਨ੍ਹਾਂ ਗੁਣਾਂ ਨੂੰ ਪ੍ਰਗਟ ਕਰਨਾ। ਇਸ ਲਈ ਸਿੱਖ ਨੈਤਿਕਤਾ ਕਿਸੇ ਕਿਸਮ ਦੀਆਂ ਧਾਰਮਿਕ ਰਸਮਾਂ ਜਾਂ ਕਰਮ-ਕਾਂਡ ਨਾਲ ਨਹੀਂ ਜੁੜੀ ਹੋਈ ਬਲਕਿ ਇੱਕ ਖਾਸ ਕਿਸਮ ਦੀ ਜੀਵਨ ਜਾਚ ਹੈ, ਜਿਸ ਵਿਚ ਮਨੁੱਖ ਦੀ ਕਰਨੀ ਸ਼ਾਮਲ ਹੈ। ਇਹ ਕਰਨੀ ਮਨੁੱਖ ਦੇ ਅਧਿਆਤਮਕ ਆਦਰਸ਼ ਨਾਲ ਇੱਕਸੁਰਤਾ ਹੈ, ਮੇਲ ਹੈ ਜੋ ਕਿ ਇਸ ਦਾ ਧੁਰਾ ਹੈ, ਮੂਲ ਹੈ। 'ਕਰਨੀ' ਤੋਂ ਮਨੁੱਖ ਥੱਕ ਵੀ ਸਕਦਾ ਹੈ, ਉਸ ਦੇ ਅੰਦਰ ਉਕਤਾਹਟ ਪੈਦਾ ਹੋ ਸਕਦੀ ਹੈ ਪਰ ਸੰਤੋਖ ਅਜਿਹਾ ਗੁਣ ਹੈ ਜੋ ਮਨੁੱਖ ਨੂੰ ਇਸ ਉਕਤਾਹਟ ਤੋਂ ਬਚਾਉਂਦਾ ਹੈ। ਇਸ ਲਈ ਸੰਤੋਖ ਸਿੱਖ ਨੈਤਿਕਤਾ ਦਾ ਅਹਿਮ ਅਤੇ ਜ਼ਰੂਰੀ ਹਿੱਸਾ ਹੈ।

ਇਹ ਬਿਲਕੁਲ ਸੰਭਵ ਹੈ ਕਿ ਮਨੁੱਖ ਜਦੋਂ ਉਹ ਸਭ ਕੁੱਝ ਕਰਨ ਦਾ ਉਦਮ ਕਰ ਚੁੱਕਦਾ ਹੈ, ਕੋਸ਼ਿਸ਼ ਕਰ ਚੁੱਕਦਾ ਹੈ ਜੋ ਉਹ ਕਰ ਸਕਦਾ ਉਸ ਦਾ ਫਲ ਉਸ ਦੀ ਕਰਨੀ ਦੇ ਅਨੁਰੂਪ ਨਾ ਨਿਕਲੇ। ਇਹ ਬਹੁਤ ਸੰਕਟਮਈ ਘੜੀ ਹੁੰਦੀ ਹੈ ਜਦੋਂ ਮਨੁੱਖੀ ਕਰਨੀ ਦੀ ਉਬਲਦੀ ਦੇਗ ਦਾ ਨਤੀਜਾ ਬਿਲਕੁਲ ਉਲਟ ਨਿਕਲੇ ਤਾਂ ਮਨੁੱਖ ਹਾਲਾਤ ਨਾਲ ਸਮਝੌਤਾ ਕਰਨ ਲਈ ਦੋ ਬਦਲ ਚੁਣ ਸਕਦਾ ਹੈ: ਵੈਰਾਗ ਜਾਂ ਸੰਤੋਖ। ਵੈਰਾਗ ਦਾ ਵਿਚਾਰ ਮਨ ਨੂੰ ਜ਼ਿਆਦਾ ਲੁਭਾਉਣਾ ਲੱਗ ਸਕਦਾ ਹੈ ਕਿਉਂਕਿ ਇਸ ਨਾਲ ਮਨੁੱਖ ਹਾਲਾਤ ਨਾਲ ਸ਼ਾਇਦ ਛੇਤੀ ਸਾਵਾਂ ਹੋ ਜਾਂਦਾ ਹੈ। ਪ੍ਰੰਤੂ ਸੰਤੋਖ ਦਾ ਰਸਤਾ ਨੈਤਿਕ ਤੌਰ ਤੇ ਜ਼ਿਆਦਾ ਅਹਿਮ ਅਤੇ ਚਿਰ-ਸਥਾਈ ਹੈ ਕਿਉਂਕਿ ਮਨੁੱਖ ਆਪਣੀ ਕਰਨੀ ਦੇ ਫਲ ਨੂੰ ਜ਼ਿਆਦਾ ਸਹਿਜ ਨਾਲ, ਦੁਬਾਰਾ ਕਰਮ ਕਰਨ ਦੀ ਦ੍ਰਿੜਤਾ ਦਾ ਤਿਆਗ ਕੀਤੇ ਬਗੈਰ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਿਹਤਰ ਢੰਗ ਨਾਲ ਤਿਆਰ ਹੋ ਕੇ, ਸਵੀਕਾਰ ਕਰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੰਤੋਖ ਮਿਹਨਤ ਨਾਲ ਪ੍ਰਾਪਤ ਕੀਤੀ ਮਾਨਸਿਕ ਅਵਸਥਾ ਹੈ, ਜੋ ਕਿ ਤਿਆਗ ਦੀ ਚੋਣ ਦੇ ਉਲਟ, ਮਨੁੱਖੀ ਸ਼ਖਸੀਅਤ ਲਈ ਕਰਨੀ ਵਾਸਤੇ ਸੁਰੱਖਿਅਤ-ਛਤਰੀ ਦਾ ਕੰਮ ਕਰਦਾ ਹੈ।

ਸਾਰੇ ਗੁਰੂ ਸਾਹਿਬਾਨ ਨੇ ਸੰਤੋਖ ਦੇ ਇਸ ਅਹਿਮ ਪਹਿਲੂ 'ਤੇ ਜ਼ੋਰ ਦਿੱਤਾ ਹੈ। ਇਸ ਦੀ ਅਹਿਮੀਅਤ ਕਿੰਨੀ ਹੈ ਜਾਂ ਸੰਤੋਖ ਨੂੰ ਕਿੰਨਾ ਉਚਾ ਸਥਾਨ ਦਿੱਤਾ ਗਿਆ ਹੈ, ਇਸ ਦਾ ਪਤਾ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਬਾਣੀ ਵਿਚ ਜੇ ਗੁਰੂ ਸਾਹਿਬਾਨ ਨੇ ਕਿਤੇ ਵੀ ਤਿੰਨ ਗੁਣਾਂ ਤੋਂ ਵੱਧ ਦਾ ਵਰਣਨ ਨਹੀਂ ਕੀਤਾ ਤਾਂ ਸੰਤੋਖ ਦਾ ਜ਼ਿਕਰ ਉਨ੍ਹਾਂ ਵਿਚ ਜ਼ਰੂਰ ਕੀਤਾ ਹੈ ਜਿਵੇਂ 'ਸਤ ਸੰਤੋਖ ਵੀਚਾਰੋ' ਜਾਂ 'ਸਤ ਸੰਤੋਖ ਸੰਜਮ।' ਇਸੇ ਤਰ੍ਹਾਂ ਇਸ ਗੁਣ ਦੀ ਮਹੱਤਤਾ ਇਸ ਗੱਲ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ 'ਸੰਤੋਖ' ਸ਼ਬਦ ਦਾ ਜ਼ਿਕਰ 'ਸਤ' ਨਾਲ ਵਾਰ ਵਾਰ ਆਇਆ ਹੈ। ਜਨਮ ਸਾਖੀਆਂ ਵਿਚ ਵੀ ਅਧਿਆਤਮਕ ਉਨਤੀ ਦੇ ਇੱਕ ਪੱਖ ਵਜੋਂ ਇਸ ਦਾ ਜ਼ਿਕਰ ਕੀਤਾ ਮਿਲਦਾ ਹੈ ਜਿਵੇਂ ਸਤਸੰਗਤਿ, ਸਤਿ, ਸਾਮ, ਦਾਮ, ਸੰਤੋਖ ਆਦਿ।

ਸੰਤੋਖ ਦੇ ਸੁਭਾਅ ਦੀ ਗੱਲ ਕਰਦਿਆਂ ਇਹ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਮਨੁੱਖ ਨੂੰ ਕਿਸ ਨਾਲ ਜਾਂ ਕਿਵੇਂ ਸੰਤੋਖ ਆਉਣਾ ਚਾਹੀਦਾ ਹੈ? ਕੀ ਮਨੁੱਖ ਨੂੰ ਗ਼ਰੀਬੀ, ਭੁੱਖ ਜਾਂ ਥੁੜ ਤੋਂ ਬਿਨਾਂ ਇਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਦੇ ਸੰਤੋਖ ਕਰ ਲੈਣਾ ਚਾਹੀਦਾ ਹੈ? ਕੀ ਸੰਤੋਖ ਦਾ ਅਰਥ ਹੈ ਹਾਲਾਤ ਨੂੰ ਜਿਵੇਂ ਦੇ ਤਿਵੇਂ ਮਨਜ਼ੂਰ ਕਰ ਲੈਣਾ? ਕੀ ਇਸ ਦਾ ਮਤਲਬ ਬੁਰਾਈ, ਆਲਸ ਜਾਂ ਅਕਰਨੀ ਤੇ ਸੰਤੋਖ ਕਰ ਲੈਣਾ ਹੈ? ਕੀ ਸੰਤੋਖ ਦਾ ਅਰਥ ਹੈ ਹਾਲਾਤ ਨੂੰ ਬਿਨਾਂ ਨੈਤਿਕ-ਅਧਿਆਤਮਕ ਉਨਤੀ ਵੱਲ ਕਦਮ ਪੁੱਟਿਆਂ ਉਵੇਂ ਸਵੀਕਾਰ ਕਰ ਲੈਣਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਗੁਰਬਾਣੀ ਅਨੁਸਾਰ ਅਗਲੇ ਲੇਖ ਵਿਚ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ।

*(ਚਲਦਾ)*

## ਗੁਰਬਾਣੀ ਗਿਆਨ

# ਏਕੁ ਪਿਤਾ ਏਕਸ ਕੇ ਹਮ ਬਾਰਿਕ

**ਸੋਰਠਿ ਮਹਲਾ ੫ ਘਰੁ 2 ਚਉਪਦੇ**

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ
ਹਰਿ ਦਰਸਨੁ ਦੇਹੁ ਦਿਖਾਈ॥੧॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ॥
ਇਹੁ ਮਨੁ ਤੇਰਾ ਭਾਈ॥ਰਹਾਉ॥
ਪਾਵ ਮਲੋਵਾ ਮਲਿ ਮਲਿ ਧੋਵਾ
ਇਹੁ ਮਨੁ ਤੈ ਕੂ ਦੇਸਾ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ
ਪ੍ਰਭ ਮਿਲਉ ਦੇਹੁ ਉਪਦੇਸਾ॥੨॥
ਮਾਨੁ ਨ ਕੀਜੈ ਸਰਣਿ ਪਰੀਜੈ
ਕਰੈ ਸੁ ਭਲਾ ਮਨਾਈਐ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ
ਇਉ ਦਰਸਨੁ ਹਰਿ ਜੀਉ ਪਾਈਐ॥੩॥
ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ
ਹਰਿ ਨਾਮਾ ਹੈ ਮੀਠਾ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਸਭੁ ਅਕੁਲ ਨਿਰੰਜਨੁ ਡੀਠਾ॥

ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਮਿਤਰ ਪਿਆਰੇ ਜੀਉ! ਸਾਡਾ ਸਭਨਾਂ ਦਾ ਇਕੋ ਹੀ ਪਿਤਾ ਹੈ ਅਤੇ ਅਸੀਂ ਇਸ ਜਗਤ ਦੇ ਸਾਰੇ ਹੀ ਜੀਵ ਇਕੋ ਪ੍ਰਭ ਜੀ ਦੇ ਬੱਚੇ ਹਾਂ। ਤੂ ਮੇਰਾ ਗੁਰ ਹਾਈ, ਭਾਵ ਹੇ ਮਿਤਰ! ਤੂੰ ਤਾਂ ਮੇਰਾ ਗੁਰਭਾਈ ਹੈ। ਇਸ ਲਈ ਮੇਰੀ ਬੇਨਤੀ ਸੁਣ ਅਤੇ ਮੈਨੂੰ ਮਿਹਰਬਾਨ ਪ੍ਰਭ ਦੇ ਦਰਸ਼ਨ ਕਰਾ ਦੇ। ਇਸ ਦੇ ਵੱਟੇ ਮੇਰੀ ਜਿੰਦ ਤੈਥੋਂ ਸਦਾ ਹੀ ਸਦਕੜੇ ਜਾਇਆ ਕਰੇਗੀ। ਬਸ! ਇਕ ਵਾਰੀ ਜਗਤ ਪਿਤਾ ਦੇ ਮੈਨੂੰ ਤੂੰ ਦੀਦਾਰ ਕਰਾ ਦੇ।

ਸੁਣਿ ਮੀਤਾ ਧੂਰੀ ਕਉ ਬਲਿ ਜਾਈ॥
ਇਹੁ ਮਨੁ ਤੇਰਾ ਭਾਈ॥ਰਹਾਉ॥

ਗੁਰਦੇਵ ਪਿਤਾ ਵਿਆਕੁਲਤਾ ਦਰਸਾਉਂਦੇ ਆਖਦੇ ਹਨ ਹੇ ਮੇਰੇ ਮਿਤਰ ਪਿਆਰੇ ਜੀਉ! ਮੇਰੀ ਇਕ ਵਾਰੀ ਬੇਨਤੀ ਤਾਂ ਸੁਣ। ਮੈਂ ਤੇਰੇ ਚਰਨਾਂ ਦੀ ਧੂੜ ਤੋਂ ਵੀ ਸਦਕੇ ਵਾਰੀ ਜਾਂਦਾ ਹਾਂ। ਤੂੰ ਤਾਂ ਮੇਰਾ ਭਰਾ ਵੀ ਹੈਂ। ਹੇ ਭਾਈ! ਮੈਂ ਆਪਣਾ ਮਨ ਵੀ ਤੇਰੇ ਅਰਪਨ ਕਰ ਦੇਵਾਂਗਾ; ਬਸ ਮੈਨੂੰ ਇਕ ਵਾਰੀ ਜਗਤ ਪਿਤਾ ਦੇ ਦਰਸ਼ਨ ਕਰਵਾ ਕੇ ਮੇਰੀ ਜੀਵਨ ਦੀ ਤੜਫ ਮੁਕਾ ਦੇ ਤੇ ਮੈਨੂੰ ਤ੍ਰਿਪਤ ਕਰ ਦੇ।

ਪਾਵ ਮਲੋਵਾ ਮਲਿ ਮਲਿ ਧੋਵਾ
ਇਹੁ ਮਨੁ ਤੈ ਕੂ ਦੇਸਾ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ
ਪ੍ਰਭ ਮਿਲਉ ਦੇਹੁ ਉਪਦੇਸਾ॥੨॥

ਪਾਵ ਮਲੋਵਾ ਮਲਿ ਮਲਿ ਧੋਵਾ, ਭਾਵ ਹੁਣ ਬਿਹਬਲਤਾ ਸਿਖਰਾਂ 'ਤੇ ਹੈ। ਮੈਂ ਪਹਿਲਾਂ ਤੇਰੇ ਦੋਵੇਂ ਪੈਰ ਮਲਾਂਗਾ ਅਤੇ ਫਿਰ ਮਲ ਮਲ ਕੇ ਧੋਵਾਂਗਾ। ਹੇ ਮਿਤਰ ਜੀਉ! ਮੈਂ ਆਪਣਾ ਇਹ ਮਨ ਵੀ ਤੈਨੂੰ ਹੀ ਦੇ ਦਿਆਂਗਾ। ਖਿਆਲ ਕਰਨਾ, ਸਤਿਗੁਰ ਮੁੜ ਮੁੜ ਮਨ ਅਰਪਣ ਦੀ ਗੱਲ ਆਖ ਰਹੇ ਹਨ। ਹੇ ਮਿਤਰ! ਮੇਰੀ ਬੇਨਤੀ ਸੁਣ; ਮੈਂ ਤੇਰੀ ਸ਼ਰਨ ਆਇਆ ਹਾਂ। ਤੂੰ ਮੈਨੂੰ ਇਹੋ ਜਿਹਾ ਉਪਦੇਸ਼ ਦੇ ਜਿਸ ਨਾਲ ਮੈਂ ਪ੍ਰਭੂ ਪਿਤਾ ਜੀ ਨੂੰ ਮਿਲ ਕੇ ਤ੍ਰਿਪਤ ਹੋ ਸਕਾਂ।

ਮਾਨੁ ਨ ਕੀਜੈ ਸਰਣਿ ਪਰੀਜੈ
ਕਰੈ ਸੁ ਭਲਾ ਮਨਾਈਐ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ
ਇਉ ਦਰਸਨੁ ਹਰਿ ਜੀਉ ਪਾਈਐ॥੩॥

ਹੁਣ ਗੁਰਦੇਵ ਜੀ ਆਖਦੇ ਹਨ ਕਿ ਹੇ ਮਿਤਰ! ਮਾਨੁ ਨ ਕੀਜੈ ਸਰਣਿ ਪਰੀਜੈ, ਭਾਵ ਜੀਵ ਨੂੰ ਕਦੀ ਕਿਸੇ ਤਰ੍ਹਾਂ ਦਾ ਵੀ ਹੰਕਾਰ ਨਹੀਂ ਕਰਨਾ ਚਾਹੀਦਾ ਅਤੇ ਪ੍ਰਭੂ ਦੀ ਸ਼ਰਨ ਪਏ ਰਹਿਣਾ ਚਾਹੀਦਾ ਹੈ। ਉਹ ਪਿਤਾ ਜੋ ਵੀ ਸਾਡੇ ਲਈ ਕਰ ਰਿਹਾ ਹੈ, ਸਾਨੂੰ ਸਭ ਨੂੰ ਭਲਾ ਕਰ ਕੇ ਮੰਨਣਾ ਹੀ ਉਹਦੇ ਹੁਕਮ ਦੇ ਵਿਚ ਰਹਿਣਾ ਹੈ। ਇਹ ਜਿੰਦ ਜਾਨ ਅਤੇ ਸਰੀਰ, ਸਾਰਾ ਕੁਝ ਉਸ ਦੇ ਅਰਪਣ ਕਰਨ ਨਾਲ ਉਸ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ।

ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ
ਹਰਿ ਨਾਮਾ ਹੈ ਮੀਠਾ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਸਭੁ ਅਕੁਲ ਨਿਰੰਜਨੁ ਡੀਠਾ॥

ਹੇ ਮੇਰੇ ਮਿਤਰ ਪਿਆਰੇ ਜੀਉ! ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਬਖ਼ਸ਼ਿਸ਼ ਸਦਕਾ ਜਿਸ ਜੀਵ ਉਤੇ ਪ੍ਰਭੂ ਦੀ ਕ੍ਰਿਪਾ ਹੋ ਜਾਵੇ, ਉਸ ਨੂੰ ਪ੍ਰਭੂ ਦਾ ਨਾਮ ਮਿੱਠਾ ਲਗਦਾ ਹੈ। ਜਨ ਨਾਨਕ ਕਉ ਗੁਰਿ ਕਿਰਪਾ ਧਾਰੀ, ਭਾਵ ਹੇ ਮਿਤਰ ਜੀਉ! ਇਸ ਦਾਸ ਨਾਨਕ 'ਤੇ ਜਦ ਗੁਰੂ ਨੇ ਕ੍ਰਿਪਾ ਕੀਤੀ ਤਾਂ ਨਾਨਕ ਨੂੰ ਵੀ ਅਕੁਲ, ਭਾਵ ਜੋ ਕਿਸੇ ਵੀ ਕੁਲ ਤੋਂ ਰਹਿਤ ਅਤੇ ਮਾਇਆ ਤੋਂ ਪਰੇ ਹੈ, ਉਹ ਪ੍ਰਭੂ ਹਰ ਥਾਂ ਦਿਸਣ ਲਗ ਪਿਆ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (4)

# ਬੰਦੇ ਦੀ ਹੋਂਦ ਲਈ ਹੰਭਲਾ

### ਪ੍ਰਸੰਗ ਲਾਲੀ ਬਾਬਾ, ਸਾਰਤਰ, ਸਿਮੋਨ ਤੇ ਸੰਗੀ-ਸਾਥੀ

*ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਆਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਕੀਤੀ ਹੈ। ਹਰ ਬੁੱਧੀਜੀਵੀ ਅਤੇ ਪਾਠਕ ਨੇ ਇਸ ਨਾਵਲ ਦੇ ਟੈਕਸਟ ਦੇ ਵੱਖ-ਵੱਖ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਅਰੰਭ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਕਹਿੰਦੇ-ਕਹਾਉਂਦੇ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ*

ਯਾਂ ਪਾਲ ਸਾਰਤਰ ਅਤੇ ਸਿਮੋਨ ਦਿ ਬੂਆ ਸਾਡੇ ਸਮਿਆਂ ਦੇ ਰੱਬ ਸਨ। ਚੜ੍ਹਦੀ ਉਮਰੇ ਉਹ ਜਦੋਂ ਇਕ-ਦੂਜੇ ਨੂੰ ਮਿਲੇ; ਵਿਆਹ ਵਰਗੇ ਕਿਸੇ ਵੀ ਬੰਧਨ ਤੋਂ ਮੁਕਤ ਜ਼ਿੰਦਗੀ ਭਰ ਇਕੱਠਿਆਂ ਰਹਿਣ ਦਾ ਫੈਸਲਾ ਕੀਤਾ; ਉਨ੍ਹਾਂ ਨੇ ਇਕ-ਦੂਜੇ ਨਾਲ ਇਹ ਵਾਅਦਾ ਵੀ ਕੀਤਾ ਕਿ ਉਹ ਇਕ-ਦੂਜੇ ਤੋਂ ਕੁਝ ਵੀ ਛੁਪਾਉਣਗੇ ਨਹੀਂ ਅਤੇ ਦੂਜੇ ਦੀ ਸੁਤੰਤਰਤਾ ਦੇ ਰਾਹ ਵਿਚ ਰੁਕਾਵਟ ਵੀ ਨਹੀਂ ਬਣਨਗੇ।

ਸਾਡੇ ਦਰਵੇਸ਼ ਦੋਸਤ ਲਾਲੀ ਬਾਬਾ ਅਕਸਰ ਹੀ ਸਾਰਤਰ ਅਤੇ ਸਿਮੋਨ ਦੀ ਗੱਲ ਕਰਦੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਫਰਾਂਸੀਸੀ ਚਿੰਤਕ ਜ਼ਿੰਦਗੀ ਦੇ ਮਹਾਂ ਜਸ਼ਨ ਦੇ ਆਪਣੀ ਕਿਸਮ ਦੇ ਜ਼ਿੰਦਾ ਸ਼ਹੀਦ ਸਨ। ਇਨ੍ਹਾਂ ਨੇ ਆਪਣੀਆਂ ਜ਼ਿੰਦਾਂ ਨੂੰ ਸੋਚ ਸਮਝ ਕੇ ਜਿਉਣ ਦੇ ਨਵੇਂ-ਨਵੇਂ ਤਜਰਬਿਆਂ ਦੀ ਮਾਨੋ 'ਲੈਬਾਰਟਰੀ' ਬਣਾਈ ਰੱਖਿਆ, ਤਾਂ ਕਿ ਨਵੀਆਂ ਨਸਲਾਂ ਦੇ ਮੁੰਡੇ-ਕੁੜੀਆਂ ਨੂੰ ਰੂਹ ਦੇ ਰੱਜ ਨਾਲ ਜਿਉਣ ਦੀ ਪ੍ਰੇਰਨਾ ਅਤੇ ਸਾਹਸ ਮਿਲੇ। ਮੇਰਾ ਵਿਸ਼ਵਾਸ ਹੈ ਕਿ ਲਾਲੀ ਬਾਬੇ ਵਿਚ ਵੀ 'ਮਾਇਆ' ਨਾਵਲ ਦੀ ਨਾਇਕਾ ਬਲਬੀਰ ਵਰਗੀ ਹੀ ਪੂਰੀ ਜ਼ਿੰਦਗੀ ਨੂੰ ਕਿਸੇ ਵਿਸ਼ਾਲ ਮੇਲੇ ਦੇ ਹਾਰ ਨਿਰੰਤਰ ਨਿਹਾਰਦੇ ਰਹਿਣ ਵਾਲੀ ਨਿਰੰਤਰ ਜੁਸਤਜੂ ਸੀ ਜਿਸ ਨੇ ਲਗਭਗ ਅੱਧੀ ਸਦੀ ਤੱਕ ਉਨ੍ਹਾਂ ਨੂੰ ਕਿਤੇ ਵੀ ਟਿਕ ਕੇ ਬਹਿਣ ਨਾ ਦਿੱਤਾ। ਉਨ੍ਹਾਂ ਦੀ ਸ਼ਖਸੀਅਤ ਆਪਣੇ ਆਪ ਵਿਚ ਹੀ ਕਲਾ ਦਾ ਕੋਈ ਵਿਲੱਖਣ ਅਜੂਬਾ ਸੀ। ਨਵਤੇਜ ਭਾਰਤੀ, ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪ੍ਰੇਮ ਪਾਲੀ, ਡਾ. ਬਲਕਾਰ ਸਿੰਘ ਤੇ ਸੁਰਜੀਤ ਪਾਤਰ, ਜੋਗਿੰਦਰ ਕੈਰੋਂ ਅਤੇ ਸ਼ਾਇਰ ਅਨੂਪ ਸਿੰਘ ਸਮੇਤ ਅਨੇਕਾਂ ਹੀ ਲੋਕ ਹਨ ਜਿਨ੍ਹਾਂ ਨੇ ਉਨ੍ਹਾਂ ਦੇ ਪ੍ਰਵਚਨਾਂ ਦਾ ਅਨੰਦ ਮਾਣਿਆ।



ਗੁਰਦਿਆਲ ਸਿੰਘ ਬੱਲ

ਅੱਜ ਤੋਂ 25-26 ਵਰ੍ਹੇ ਪਹਿਲਾਂ ਜਦੋਂ ਮਹਿਬੂਬ ਸਾਹਿਬ ਦੀ 'ਸਹਿਜੇ ਰਚਿਓ ਖਾਲਸਾ' ਨਾਂ ਦੀ ਵੱਡ-ਆਕਾਰੀ ਕਿਤਾਬ ਦਾ ਵਿਮੋਚਨ ਪੰਜਾਬੀ ਯੂਨੀਵਰਸਿਟੀ ਵਿਚ ਹੋਇਆ ਤਾਂ ਉਸ ਦਿਨ ਉਨ੍ਹਾਂ ਦਾ ਚਾਅ ਮਿਉਂਦਾ ਨਹੀਂ ਸੀ। ਅਗਲੇ ਕਈ ਦਿਨਾਂ ਤੱਕ ਉਹ ਮਹਿਬੂਬ ਨਾਲ ਆਪਣੀ ਸਾਂਝ ਦੀਆਂ ਬਾਤਾਂ ਸੁਣਾਉਂਦੇ ਰਹੇ ਸਨ।...ਤੇ 'ਮਾਇਆ' ਦੀ ਨਾਇਕਾ ਬਲਬੀਰ ਬਾਰੇ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਬਾਬੇ ਬਾਰੇ ਗੱਲ ਕਰਨ ਦੀ ਖੁੱਲ੍ਹ ਇਸ ਵਿਸ਼ਵਾਸ ਨਾਲ ਵੀ ਲੈ ਰਿਹਾ ਹਾਂ ਕਿ ਅੱਜ ਜੇ ਉਹ ਪੁਰਾਣੇ ਦਿਨਾਂ ਵਾਂਗੂ ਸਰਗਰਮ ਹੁੰਦੇ ਤਾਂ ਸੁਰਿੰਦਰ ਨੀਰ ਦੇ ਇਸ ਨਾਵਲ ਦਾ ਸਭ ਤੋਂ ਵੱਧ ਚਾਅ ਉਨ੍ਹਾਂ ਨੂੰ ਹੀ ਹੋਣਾ ਸੀ। ਇਸ ਰਚਨਾ ਦੇ ਸੁਆਗਤ ਲਈ ਜੋ ਕੰਮ ਅਮਰਜੀਤ ਸਿੰਘ ਗਰੇਵਾਲ, ਡਾ. ਬਲਕਾਰ ਸਿੰਘ ਅਤੇ ਕਰਮਜੀਤ ਸਿੰਘ (ਪੰਜਾਬੀ ਟ੍ਰਿਬਿਊਨ) ਨੇ ਕੀਤਾ ਹੈ, ਇਹ ਸਾਰੀ ਮੁਹਿੰਮ ਲਾਲੀ ਬਾਬੇ ਨੇ ਆਪਣੇ ਹੀ ਅੰਦਾਜ਼ ਵਿਚ ਇਕੱਲਿਆਂ ਹੀ ਸਿਰੇ ਚਾੜ੍ਹ ਦੇਣੀ ਸੀ।

ਕਈ ਸਾਲ ਪਹਿਲਾਂ ਕਾਫੀ ਹਾਊਸ ਮੂਹਰੇ ਬੈਠਿਆਂ ਉਨ੍ਹਾਂ ਨੂੰ ਕਿਸੇ ਨੇ 'ਵੁਦਰਿੰਗ ਹਾਈਟਸ' ਨਾਵਲ ਬਾਰੇ ਸਵਾਲ ਕਰ ਦਿੱਤਾ ਕਿ ਐਮਲੀ ਬਰੌਂਟੇ ਨੇ ਭਲਾ ਕੀ ਸੋਚ ਕੇ ਲਿਖਿਆ ਹੋਵੇਗਾ। ਉਨ੍ਹਾਂ ਨੇ ਹਵਾ 'ਚ ਹੱਥ ਮਾਰਦਿਆਂ ਇਤਨਾ ਕਹਿ ਕੇ ਗੱਲ ਮੁਕਾ ਦਿਤੀ ਸੀ ਕਿ ਪਿਆਰੇ! ਅਜਿਹੀਆਂ ਕਿਤਾਬਾਂ ਸੋਚ ਕੇ ਨਹੀਂ ਲਿਖੀਆਂ ਜਾਂਦੀਆਂ ਹੁੰਦੀਆਂ; ਬਸ ਲਿਖ ਹੋ ਜਾਂਦੀਆਂ।

ਪਿਛਲੇ ਕੁਝ ਵਰ੍ਹਿਆਂ ਦੌਰਾਨ ਮੈਂ 'ਭੂਤਵਾੜਾ ਵਿਸ਼ਵ ਵਿਦਿਆਲੇ' ਦੇ ਕਈ ਸਾਬਕਾ ਮੈਂਬਰਾਂ ਤੇ ਲਾਲੀ ਬਾਬੇ ਦੇ ਕਈ ਹੋਰ ਅਜ਼ੀਜ਼ਾਂ ਨਾਲ ਗੱਲਾਂ ਕੀਤੀਆਂ ਹਨ ਜਿਨ੍ਹਾਂ ਦਾ ਦਾਅਵਾ ਹੈ ਕਿ ਉਹ ਵਰ੍ਹਿਆਂ ਬੱਧੀ ਬਾਬੇ ਦੇ ਪ੍ਰਵਚਨ ਦੀ ਜਾਦੂਮਈ ਗ੍ਰਿਫਤ ਵਿਚ ਰਹੇ। ਕਈਆਂ ਨੂੰ ਇਸ ਗੱਲ ਦਾ ਵੀ ਫਖਰ ਹੈ ਕਿ ਉਨ੍ਹਾਂ ਨੇ ਪੂਰੀ-ਪੂਰੀ ਰਾਤ ਬਿਨਾਂ ਅੱਖ ਝਪਕਿਆਂ ਬਾਬੇ ਦੇ ਪ੍ਰਵਚਨਾਂ ਦਾ ਰਸ ਅਤੇ ਰੰਗ ਮਾਣਿਆ ਹੋਇਆ ਹੈ, ਪਰ ਜੇ ਅੱਗਿਉਂ ਸਵਾਲ ਕਰੀਏ ਕਿ ਉਹ ਕਿਹੜੀ-ਕਿਹੜੀ ਕਿਤਾਬ ਬਾਰੇ ਕੀ ਕਹਿੰਦਾ ਸੀ, ਤਾਂ ਲਗਭਗ ਸਾਰੇ ਹੀ ਕੁਰਤੁਲ-ਐਨ ਹੈਦਰ ਦੇ 'ਆਗ ਕਾ ਦਰਿਆ' ਦਾ ਜ਼ਿਕਰ ਕਰ ਕੇ ਗੱਲ ਮੁਕਾ ਦਿੰਦੇ ਹਨ। ਅਸਲ ਵਿਚ ਲਾਲੀ ਬਾਬੇ ਦੇ ਪ੍ਰਵਚਨਾਂ ਵਿਚ ਸਾਰਤਰ, ਸਿਮੋਨ, ਕਾਮੂ, ਮਾਰਲੋ ਪੋਂਟੀ ਅਤੇ ਉਨ੍ਹਾਂ ਦੇ ਅਸਤਿਤਵਾਦਵਾਦੀ ਦਰਸ਼ਨ ਨੂੰ ਅਕਸਰ ਹੀ ਕੇਂਦਰੀ ਸਥਾਨ ਪ੍ਰਾਪਤ ਸੀ।

32 ਕੁ ਸਾਲ ਪਹਿਲਾਂ 1981 ਦੇ ਗਰਮੀਆਂ ਦੇ ਕਿਸੇ ਦਿਨ ਦੀ ਕਹਾਣੀ ਹੈ, ਇਤਫਾਕਵਸ ਮੇਰੇ ਹੱਥ ਵਿਚ ਸਾਰਤਰ ਦੀ 'ਸਿਚੂਏਸ਼ਨਜ਼' ਨਾਂ ਦੀ ਲੇਖਾਂ ਅਤੇ ਯਾਦਾਂ ਦੀ ਕਿਤਾਬ ਸੀ। ਹੋਰ ਲੇਖਾਂ ਦੇ ਨਾਲ ਇਸ ਵਿਚ ਇਕ ਲੇਖ ਸਾਰਤਰ ਦੇ ਬਚਪਨ ਦੇ ਪਿਆਰੇ ਸਾਥੀ ਪਾਲ ਨਿਜਾਂ ਬਾਰੇ ਸੀ। ਨਿਜਾਂ ਚੜ੍ਹਦੀ ਉਮਰੇ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਸੀ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਨਾਜ਼ੀਆਂ ਹੱਥੋਂ ਮਾਰਿਆ ਗਿਆ। ਦੋ ਲੇਖ ਕਾਮੂ ਬਾਰੇ ਸਨ ਅਤੇ ਸਭ ਤੋਂ ਲੰਮਾ ਲੇਖ ਸਾਰਤਰ ਦੇ ਮਿੱਤਰ ਅਤੇ ਉਘੇ ਦਾਰਸ਼ਨਿਕ ਮਾਰਲੋ ਪੋਂਟੀ ਬਾਰੇ ਸੀ। ਮਾਰਲੋ ਪੋਂਟੀ ਉਮਰ 'ਚ ਸਾਰਤਰ ਨਾਲੋਂ 2-4 ਸਾਲ ਛੋਟਾ ਸੀ। ਸਾਰਤਰ ਦੀ 'ਬੀਇੰਗ ਐਂਡ ਨਥਿੰਗਨੈਸ' ਅਤੇ ਮਾਰਲੋ ਪੋਂਟੀ ਦੀ 'ਫਿਨਾਮੋਨੋਲੋਜੀ ਆਫ ਪ੍ਰਸੈਪਸ਼ਨ' 1940-45 ਦੇ ਵਿਚਾਲੇ ਲਗਭਗ ਇਕੋ ਸਮੇਂ ਪ੍ਰਕਾਸ਼ਤ ਹੋਈਆਂ ਸਨ। ਅਹਿਮੀਅਤ ਪੱਖੋਂ ਦੋਵਾਂ ਨੂੰ 20ਵੀਂ ਸਦੀ 'ਚ ਛਪੀਆਂ 5-7 ਅਹਿਮ ਦਾਰਸ਼ਨਿਕ ਪੁਸਤਕਾਂ ਵਿਚ ਸਹਿਜੇ ਹੀ ਸ਼ੁਮਾਰ ਕੀਤਾ ਜਾ ਸਕਦਾ ਹੈ। ਇਹ ਉਹ ਸਮਾਂ ਸੀ ਜਦੋਂ ਪੱਛਮ ਦੇ ਬਹੁਤੇ ਵੱਡੇ ਚਿੰਤਕ ਮਾਰਕਸਵਾਦ ਤੋਂ ਪ੍ਰਭਾਵਤ ਸਨ ਅਤੇ ਮਾਰਲੋ ਪੋਂਟੀ ਵੀ ਇਸ ਚਿੰਤਨ ਦੀ ਗ੍ਰਿਫਤ ਤੋਂ ਬਾਹਰ ਨਹੀਂ ਸੀ। ਸਟਾਲਿਨ ਦੇ ਬਦਨਾਮ 'ਮਾਸਕੋ ਮੁਕੱਦਮਿਆਂ' ਦਾ ਵਿਸ਼ਾ ਉਨ੍ਹੀਂ ਦਿਨੀਂ ਸਭ ਤੋਂ ਵੱਧ ਚਰਚਾ ਵਿਚ ਸੀ। ਸਾਰਤਰ ਦਾ ਅਜੇ ਇਸ ਸਮੇਂ ਤਕ ਮਾਰਕਸੀ ਚਿੰਤਨ ਨਾਲ ਕੋਈ ਲੈਣ-ਦੇਣ ਨਹੀਂ ਸੀ। ਮਾਰਲੋ ਪੋਂਟੀ ਨੂੰ ਰੂਸੀ ਇਨਕਲਾਬ ਤੋਂ ਬਹੁਤ ਵੱਡੀਆਂ ਉਮੀਦਾਂ ਸਨ ਅਤੇ ਇਸ ਦੇ ਆਸ਼ਿਆਂ ਨਾਲ ਉਸ ਦੀ ਸ਼ੁਰੂ-ਸ਼ੁਰੂ ਵਿਚ ਮੁਕੰਮਲ ਸਹਿਮਤੀ ਸੀ। ਮਾਰਲੋ ਪੋਂਟੀ ਨੇ ਮਾਸਕੋ ਮੁਕੱਦਮਿਆਂ ਦਾ ਤਰਕ ਉਸਾਰਨ ਲਈ 'ਹਿਊਮਨਿਜ਼ਮ ਐਂਡ ਟੈਰੋਰਿਜ਼ਮ' ਨਾਂ ਦੀ ਦਾਰਸ਼ਨਿਕ-ਰਾਜਨੀਤਿਕ ਪੁਸਤਕ ਦੀ ਰਚਨਾ ਕਰ ਦਿੱਤੀ। ਇਸ ਪੁਸਤਕ ਵਿਚ ਸਿਰਜੇ ਤਰਕ ਅਨੁਸਾਰ, ਸਵਾਲ ਇਹ ਅਹਿਮ ਨਹੀਂ ਸੀ ਕਿ ਕੋਈ ਆਦਮੀ ਕਹਿੰਦਾ ਕੀ ਸੀ ਅਤੇ ਕਰਦਾ ਕੀ ਸੀ; ਯਾਨਿ ਉਸ ਦੇ ਦਾਅਵੇ ਤੇ ਆਸ਼ੇ ਕੀ ਸਨ; ਅਸਲ ਸਵਾਲ ਇਹ ਸੀ ਕਿ ਉਸ ਦੀ ਕਹਿਣੀ ਜਾਂ ਕਰਨੀ ਨਾਲ ਇਨਕਲਾਬ ਦਾ ਕਾਜ ਸੰਵਰਦਾ ਸੀ, ਇਤਿਹਾਸ ਦੇ ਮਾਰਚ ਨੂੰ ਪ੍ਰਗਤੀ ਵਾਲੇ ਪਾਸੇ ਗਤੀ ਮਿਲਦੀ ਸੀ ਜਾਂ ਨਹੀਂ? ਸਥਿਤੀ ਦਾ ਅਜੀਬ ਵਿਰੋਧਾਭਾਸ ਸੀ।

ਮਾਰਲੋ ਪੋਂਟੀ ਦੇ ਇਨ੍ਹਾਂ ਦਿਨਾਂ ਦੇ ਚਿੰਤਨ ਤੋਂ ਪ੍ਰਭਾਵਤ ਹੋ ਕੇ ਸਾਰਤਰ ਮਾਰਕਸੀ ਚਿੰਤਨ ਅਤੇ ਕਮਿਊਨਿਸਟਾਂ ਦੇ ਨੇੜੇ ਚਲਿਆ ਗਿਆ, ਜਦੋਂ ਕਿ ਮਾਰਲੋ ਪੋਂਟੀ 1948 ਤੋਂ ਹੀ ਸਟਾਲਿਨ ਦੇ ਹੱਥ-ਕੰਡਿਆਂ ਨੂੰ ਵਧੇਰੇ ਗਹੁ ਨਾਲ ਵਾਚਦਿਆਂ, ਜਲਦੀ ਹੀ ਬਾਅਦ ਸਟਾਲਿਨ ਮਾਰਕਾ ਕਮਿਊਨਿਸਟ ਪ੍ਰੈਕਟਿਸ ਦੇ ਮੁਕੰਮਲ ਵਿਰੋਧ ਵਿਚ ਡਟ ਗਿਆ। ਫਰਾਂਸ ਦੇ ਆਪਣੇ ਜ਼ਮਾਨੇ ਦੇ ਦੋ ਸਭ ਤੋਂ ਮਹਾਨ ਚਿੰਤਕਾਂ ਦੇ ਰਾਹ ਅਖੀਰ ਇਸ ਸਵਾਲ 'ਤੇ ਤ੍ਰਾਸਦਿਕ ਅੰਦਾਜ਼ ਵਿਚ ਅਲੱਗ ਹੋ ਗਏ। ਅਲਬੇਅਰ ਕਾਮੂ ਇਸ ਤੋਂ ਪਹਿਲਾਂ 1951 'ਚ ਹੀ 'ਰਿਬੈਲ' ਲਿਖ ਕੇ ਕਮਿਊਨਿਸਟ ਜਾਂ ਫਾਸਿਸਟ, ਕਿਸੇ ਵੀ ਕਿਸਮ ਦੀ ਤਾਨਾਸ਼ਾਹੀ ਵਿਰੁਧ ਸਪਸ਼ਟ ਪੁਜੀਸ਼ਨ ਲੈ ਚੁੱਕਾ ਸੀ।

'ਸਿਚੂਏਸ਼ਨਜ਼' ਵਿਚ ਉਨ੍ਹਾਂ ਦੋਵਾਂ ਲੇਖਾਂ ਦੀ ਗੱਲ ਹੈ ਜੋ ਸਾਰਤਰ ਨੇ ਆਪਣੇ ਇਨ੍ਹਾਂ ਮਿੱਤਰਾਂ ਦੀਆਂ ਯਾਦਾਂ ਦੀ ਅਹਿਮੀਅਤ ਅਤੇ ਉਨ੍ਹਾਂ ਦੇ ਵਿਰੋਧਾਭਾਸਾਂ ਨੂੰ ਚਿਤਾਰਦਿਆਂ ਲਿਖੇ ਸਨ। ਸਾਰਤਰ ਨੇ ਕਾਮੂ ਦੀ ਮੌਤ 'ਤੇ ਲਿਖੇ ਸ਼ਰਧਾਂਜਲੀ ਲੇਖ ਵਿਚ ਉਸ ਨੂੰ ਮਹਾਨ ਜਰਮਨ ਦਾਰਸ਼ਨਿਕ ਕਾਂਟ ਦੀਆਂ ਲਿਖਤਾਂ ਨਾਲ ਸ਼ੁਰੂ ਹੁੰਦੀ ਪੱਛਮ ਦੇ ਇਖਲਾਕੀ ਚਿੰਤਨ ਦੀ ਵਿਰਾਸਤ ਵਿਚ 20ਵੀਂ ਸਦੀ 'ਚ ਪੱਛਮੀ ਸਭਿਅਤਾ ਦੀ ਜ਼ਮੀਰ ਦਾ ਸਭ ਤੋਂ ਸ਼ੁਧ ਨੁਮਾਇੰਦਾ ਕਹਿ ਕੇ ਨਮੋ ਕੀਤੀ ਹੋਈ ਹੈ। ਮਾਰਲੋ ਪੋਂਟੀ ਬਾਰੇ ਲਿਖਤ ਵਿਚ ਅਜਿਹੇ ਭਾਵ ਤਾਂ ਹੈਨ ਹੀ, ਹੋਰ ਵੀ ਬਹੁਤ ਕੁਝ ਹੈ।

...ਤੇ ਮੈਨੂੰ ਯਾਦ ਹੈ, ਮੈਂ ਮਾਰਲੋ ਪੋਂਟੀ ਵਾਲੇ ਲੇਖ ਵਿਚੋਂ ਕੁਝ ਸਤਰਾਂ ਲਾਲੀ ਬਾਬੇ ਨੂੰ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਉਨ੍ਹਾਂ ਕਿਤਾਬ ਛੂਹੀ ਵੀ ਨਹੀਂ ਸੀ; ਸਤਰਾਂ ਉਹ ਸੁਣਨੀਆਂ ਜਾਂ ਪੜ੍ਹਨੀਆਂ ਕਿਨ੍ਹੇ ਸਨ? ਸ਼ਾਮ 7 ਕੁ ਵਜੇ ਦਾ ਸਮਾਂ ਸੀ। ਸਾਰਤਰ, ਸਿਮੋਨ ਦਿ ਬੂਆ, ਕਾਮੂ ਅਤੇ ਮਾਰਲੋ ਪੋਂਟੀ ਨੂੰ ਲੈ ਕੇ ਉਨ੍ਹਾਂ ਨੇ ਪ੍ਰਵਚਨ ਸ਼ੁਰੂ ਕਰ ਦਿਤਾ। ਇਹ ਪ੍ਰਵਚਨ ਰਾਤ 12 ਵਜੇ ਤੋਂ ਵੀ ਪਾਰ ਤਕ ਜਾਰੀ ਰਿਹਾ। ਸਾਲ ਕੁ ਬਾਅਦ ਕਾਫੀ ਹਾਊਸ ਮੂਹਰੇ ਲੰਮੀ ਸਿਟਿੰਗ ਦੌਰਾਨ ਅਜਿਹਾ ਹੀ ਜਲਵਾ ਬਾਬਾ ਜੀ ਨੇ ਅਲਬੇਅਰ ਕਾਮੂ ਦੇ ਦਹਿਸ਼ਤਗਰਦੀ ਅਤੇ ਇਖਲਾਕੀ ਚੋਣ ਦੇ ਵਿਰੋਧਾਭਾਸ ਬਾਰੇ 'ਦਿ ਜਸਟ' ਨਾਂ ਦੇ ਨਾਟਕ ਅਤੇ ਨਾਲ ਹੀ 'ਰਿਬੈਲ' ਪੁਸਤਕ ਬਾਰੇ ਲੰਮਾ ਪ੍ਰਵਚਨ ਉਸਾਰਦਿਆਂ ਖੜ੍ਹਾ ਕਰ ਦਿੱਤਾ ਸੀ। ਅੱਜ ਵੀ ਯਾਦ ਹੈ, ਲਾਲੀ ਜੀ 1905 ਦੇ ਰੂਸੀ ਇੰਤਹਾਪਸੰਦਾਂ ਜਾਂ 'ਦਿ ਜਸਟ' ਨਾਟਕ ਦੇ ਥੀਮ ਬਾਰੇ ਗੱਲ ਕਰਦਿਆਂ ਬੜੀ ਹੀ ਸ਼ਿੱਦਤ ਨਾਲ ਆਖ ਰਹੇ ਸਨ: "ਗਰੈਂਡ ਡਿਊਕ ਸਰਗੇਈ ਦੀ ਗੱਡੀ ਵਿਚ ਮਾਸੂਮ ਬੱਚੇ ਉਸ ਦੇ ਨਾਲ ਜਾ ਰਹੇ ਹਨ। ਕਾਲੀਆਯੇਵ ਖੁਦ ਮਰ ਜਾਵੇਗਾ, ਉਹ ਮਾਸੂਮ ਬੱਚਿਆਂ ਉਪਰ ਬੰਬ ਕਦੀ ਵੀ, ਕਦੀ ਵੀ ਨਹੀਂ ਸੁੱਟੇਗਾ!!"

ਰੂਸੀ ਇਤਿਹਾਸ ਦੇ 70ਵਿਆਂ ਦੇ ਸਮੇਂ ਦੌਰਾਨ ਸਰਗੇਈ ਨਚੇਵ ਜੋ ਸਭ ਤੋਂ ਤੰਗ-ਨਜ਼ਰ ਅਤੇ ਖਤਰਨਾਕ ਇੰਤਹਾਪਸੰਦ ਸੀ, ਫਿਓਦੋਰ ਦਾਸਤੋਵਸਕੀ ਨੇ ਆਪਣੇ ਲੋਕਾਂ ਨੂੰ ਨਾਚੇਵ ਮਾਡਲ ਦੇ ਭਿਆਨਕ ਸਿੱਟਿਆਂ ਤੋਂ ਸਾਵਧਾਨ ਕਰਨ ਲਈ 'ਡੈਵਿਲਜ਼' ਨਾਵਲ ਲਈ ਉਸ ਦੀ ਸ਼ਖਸੀਅਤ ਅਤੇ ਉਸ ਦੇ ਚਿੰਤਨ ਨੂੰ ਹੀ ਆਧਾਰ ਬਣਾਇਆ ਸੀ। ਲਾਲੀ ਬਾਬਾ ਸਿਰੇ ਦੇ ਨੇਹਵਾਦੀ ਨਚੇਵੀਅਨ ਮਾਡਲ ਦੇ ਟਾਕਰੇ 'ਤੇ ਕਾਲੀਆਯੇਵ ਦੀ ਪੁਜ਼ੀਸ਼ਨ ਦੀ ਸਾਰੀ ਉਮਰ ਪ੍ਰੋੜਤਾ ਕਰਦਾ ਰਿਹਾ ਸੀ। ਕਾਮੂ ਦੇ ਆਤੰਕਵਾਦੀਆਂ ਬਾਰੇ ਨਾਟਕ ਅਤੇ ਉਸ ਦਿਨ ਦੇ ਪ੍ਰਵਚਨ ਦੌਰਾਨ ਉਨ੍ਹਾਂ ਨੇ ਇਹ ਗੱਲ ਕਈ ਵਾਰ ਕਹੀ ਸੀ ਕਿ ਕਿਸੇ ਵੱਡੇ ਜਾਂ ਛੋਟੇ ਕਾਜ ਦੇ ਨਾਂ 'ਤੇ ਕਿਸੇ ਦੀ ਵੀ ਹੱਤਿਆ ਕਰਨ ਵਾਲਾ ਦੋਸ਼ੀ ਹੀ ਦੋਸ਼ੀ ਹੈ; ਜੇ ਉਹ ਆਪਣੀ ਖਲੜੀ ਬਚਾਉਣ ਲਈ ਆਪਣੇ ਸਾਥੀਆਂ ਨੂੰ ਧੋਖਾ ਦਿੰਦਾ ਹੈ, ਜਾਂ ਖੁਦ ਆਪਣੀ ਜਾਨ ਦੀ ਆਹੂਤੀ ਦੇਣ ਲਈ ਤਿਆਰ ਨਹੀਂ ਹੈ। ਲਾਲੀ ਬਾਬਾ ਆਖ ਰਿਹਾ ਸੀ ਕਿ ਨਾਚੇਵ ਵਰਗਾ ਬਦ-ਆਤੰਕਵਾਦੀ ਵੀ ਉਸ ਸਮੇਂ ਬਰੀ ਹੋ ਜਾਂਦਾ ਹੈ ਜਦੋਂ ਫੜਿਆ ਜਾਣ 'ਤੇ ਮਾੜਕੂ ਜਿਹੇ ਸਰੀਰ ਦੇ ਬਾਵਜੂਦ ਆਪਣੇ ਸਾਥੀਆਂ ਦਾ ਅਤਾ-ਪਤਾ ਦੱਸਣ ਦੀ ਮੰਗ ਕਰਨ ਵਾਲੇ ਜਨਰਲ ਦੇ ਮੂੰਹ 'ਤੇ ਉਹ ਪਹਿਲਾਂ ਥੁੱਕਦਾ ਹੈ ਅਤੇ ਫਿਰ ਸਾਰੇ ਜ਼ੋਰ ਨਾਲ ਘਸੁੰਨ ਮਾਰ ਕੇ ਉਸ ਨੂੰ ਭੁੰਜੇ ਪਟਕਾ ਦਿੰਦਾ ਹੈ।...ਤੇ ਪੂਰਨ ਰੂਪ 'ਚ ਸ਼ਾਂਤ ਚਿਹਰੇ ਨਾਲ ਫਾਂਸੀ ਦਾ ਫੰਦਾ ਗਲੇ ਵਿਚ ਪਾ ਲੈਂਦਾ ਹੈ।



*ਲਾਲੀ ਬਾਬਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਨਵਤੇਜ ਭਾਰਤੀ ਵੱਲੋਂ ਲਿਖੀ ਕਿਤਾਬ 'ਲਾਲੀ' ਦੇ ਰਿਲੀਜ਼ ਸਮਾਗਮ ਮੌਕੇ।*

ਲਾਲੀ ਬਾਬੇ ਦੀਆਂ ਕਹੀਆਂ ਇਨ੍ਹਾਂ ਗੱਲਾਂ ਬਾਰੇ ਮੈਂ ਜਦੋਂ ਸੋਚ ਰਿਹਾ ਸਾਂ ਤਾਂ ਮੈਨੂੰ ਮਹਾਨ ਨ੍ਰਿਤਕੀ ਆਈਸਾ ਡੋਰਾ ਡੰਕਨ ਦੀ ਆਪਣੀ ਸਵੈ-ਜੀਵਨੀ ਦੇ ਸ਼ੁਰੂ ਵਿਚ ਉਸ ਵੱਲੋਂ ਉਘੇ ਇਤਾਲਵੀ ਕਵੀ ਗੈਬਰੀਲ ਡੀ. ਐਨਨਜੀਓ ਬਾਰੇ ਲਿਖੀਆਂ ਸਤਰਾਂ ਯਾਦ ਆ ਗਈਆਂ ਹਨ। ਡੰਕਨ ਲਿਖਦੀ ਹੈ, "ਮੈਨੂੰ ਲੋਕ ਅਕਸਰ ਹੀ ਪੁੱਛਦੇ ਹਨ ਕਿ ਉਹ ਮੁਹੱਬਤ ਨੂੰ ਵੱਧ ਅਹਿਮੀਅਤ ਦਿੰਦੀ ਹੈ ਜਾਂ ਕਲਾ ਨੂੰ; ਮੇਰਾ ਇਕੋ ਜਵਾਬ ਹੁੰਦਾ ਕਿ ਮੈਂ ਇਨ੍ਹਾਂ ਦੋਵਾਂ ਆਯਾਮਾਂ ਨੂੰ ਵਖਰਿਆ ਕੇ ਨਹੀਂ ਵੇਖ ਸਕਦੀ। ਕਲਾਤਮਿਕ ਰੁਚੀਆਂ ਵਾਲਾ ਇਨਸਾਨ ਹੀ ਸਹੀ ਅਰਥਾਂ ਵਿਚ ਪ੍ਰੇਮੀ ਹੋ ਸਕਦਾ ਹੈ। ਕੇਵਲ ਉਸ ਕੋਲ ਹੀ ਸੁੰਦਰਤਾ ਦਾ ਸਹੀ ਪ੍ਰਸੰਗ ਹੁੰਦਾ ਹੈ।"

ਡੀ. ਐਨਿਨਜੀਓ ਸਾਡੇ ਸਮਿਆਂ ਦੀਆਂ ਅਦਭੁਤ ਹਸਤੀਆਂ ਵਿਚੋਂ ਹਨ। ਉਨ੍ਹਾਂ ਦਾ ਕੱਦ-ਬੁੱਤ ਬਹੁਤ ਸਾਧਾਰਨ ਹੈ ਅਤੇ ਆਮ ਮੁਲਾਕਾਤ ਦੌਰਾਨ ਕਿਸੇ 'ਤੇ ਕੋਈ ਜ਼ਰਾ ਜਿੰਨਾ ਵੀ ਪ੍ਰਭਾਵ ਨਹੀਂ ਪੈਂਦਾ, ਪਰ ਕਮਾਲ ਹੈ ਕਿ ਜਦੋਂ ਉਹ ਆਪਣੇ ਕਿਸੇ ਮਨਪਸੰਦ ਔਰਤ ਜਾਂ ਮਰਦ ਨਾਲ ਗੱਲ ਕਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੀ ਸ਼ਖਸੀਅਤ ਦੇ ਸਮੁੱਚੇ ਰੰਗ-ਢੰਗ ਦੀ ਹੀ ਕਾਇਆ ਕਲਪ ਹੋ ਜਾਂਦੀ ਹੈ। ਅਜਿਹੇ ਪਲਾਂ ਵਿਚ ਉਨ੍ਹਾਂ ਨੂੰ ਗੱਲਾਂ ਕਰਦਿਆਂ ਵੇਖ ਕੇ ਇੰਜ ਮਾਲੂਮ ਹੁੰਦਾ ਹੈ ਜਿਵੇਂ ਸੁੰਦਰਤਾ ਦਾ ਦੇਵਤਾ ਅਪੋਲੋ ਖੁਦ ਉਨ੍ਹਾਂ ਦੀ ਆਤਮਾ ਵਿਚ ਉਤਰ ਗਿਆ ਹੋਵੇ।...ਤੇ ਅਜਿਹੇ ਪਲਾਂ ਵਿਚ ਜਿਸ ਕਿਸੇ ਵੀ ਔਰਤ 'ਤੇ ਉਸ ਦੀ ਨਜ਼ਰੇ ਇਨਾਇਤ ਹੋ ਜਾਵੇ, ਉਹ ਵੀ ਪਰੀਆਂ ਦੇ ਹਾਰ ਹੋ ਜਾਂਦੀ ਹੈ ਅਤੇ ਉਤਨੇ ਸਮੇਂ ਲਈ ਮਹਾਨ ਦਾਂਤੇ ਦੀ ਬੈਟਰਾਈਸ ਵਾਂਗ ਉਚੇ ਗਗਨਾਂ ਵਿਚ ਤੈਰਦੀ ਨਜ਼ਰ ਆਉਂਦੀ ਹੈ।

ਲਾਲਾ ਬਾਬਾ ਕੀ ਕਹਿੰਦਾ ਸੀ ਅਤੇ ਕੀ ਨਹੀਂ ਕਹਿੰਦਾ ਸੀ, ਉਸ ਦੇ ਪ੍ਰਵਚਨਾਂ ਦਾ ਕੋਈ ਅਰਥ ਹੁੰਦਾ ਸੀ ਜਾਂ ਨਹੀਂ, ਮੈਂ ਇਸ ਬਾਰੇ ਕੁਝ ਨਹੀਂ ਕਹਿਣਾ, ਪਰ ਇੰਨੀ ਗੱਲ ਮੈਂ ਦਾਅਵੇ ਨਾਲ ਜ਼ਰੂਰ ਕਹਾਂਗਾ ਕਿ ਆਈਸਾ ਡੋਰਾ ਵਰਗੀ ਆਤਮਿਕ ਤੌਰ 'ਤੇ ਜਾਗੀ ਹੋਈ ਔਰਤ ਜੇ ਕਿਤੇ ਸਾਡੇ ਇਸ ਬਾਬੇ ਨੂੰ ਮਿਲੀ ਹੁੰਦੀ ਤਾਂ ਉਹਨੇ ਬਾਬੇ ਬਾਰੇ ਉਹੋ ਕੁਝ ਹੀ ਕਹਿਣਾ ਸੀ ਜੋ ਗੈਬਰੀਲ ਡੀ ਐਨਨਜੀਓ ਬਾਰੇ ਆਖਿਆ ਸੀ।

ਲਾਲੀ ਬਾਬਾ ਜ਼ਿੰਦਗੀ ਦੇ ਹਰ ਸੋਹਣੇ, ਦਿਲਚਸਪ ਅਤੇ ਰਹੱਸਮਈ ਆਯਾਮ ਦਾ ਢਾਡੀ ਸੀ। ਜ਼ਿੰਦਗੀ ਦੇ ਕਿਸੇ ਵੀ ਕਿਸਮ ਦੇ ਜਸ਼ਨ ਦੀ ਬਿੜਕ ਆ ਜਾਵੇ, ਉਹ ਸੌ ਵਲ ਭੰਨ ਕੇ ਪਹੁੰਚਦਾ ਸੀ। ਵੱਡੀ ਗੱਲ ਇਹ ਹੁੰਦੀ ਸੀ ਕਿ ਉਹ ਦਿਨ ਭਰ ਹਰ ਕਿਸੇ ਨੂੰ ਸਬੰਧਤ ਜਸ਼ਨ ਵਿਚ ਸ਼ਰੀਕ ਹੋਣ ਲਈ ਵੀ ਦੱਸ ਪਾਈ ਜਾਂਦਾ। ਲਾਇਬਰੇਰੀ 'ਚ ਖੁਦ ਪਤਾ ਨਹੀਂ ਉਹ ਜਾਂਦਾ ਸੀ ਜਾਂ ਨਹੀਂ, ਪਰ ਲਾਇਬਰੇਰੀ 'ਚ ਕੋਈ ਕਿਤਾਬ ਪਈ ਹੈ, ਜਾਂ ਕਿਥੇ ਪਈ ਹੈ, ਉਸ ਨੂੰ ਪਤਾ ਹੁੰਦਾ ਸੀ। ਉਹ ਸੰਪਰਕ ਵਿਚ ਆਉਣ ਵਾਲੇ ਹਰ ਸੱਜਣ ਨੂੰ ਅਕਸਰ ਕਹਿੰਦਾ ਕਿ ਲਾਇਬਰੇਰੀ ਦਾ ਜ਼ਰੂਰ ਗੇੜਾ ਮਾਰੋ, ਕਿਤਾਬਾਂ ਤੋਂ ਮਿੱਟੀ ਝਾੜੋ, ਰੂਹ ਨੂੰ ਰੱਜ ਆਉਣ ਵਾਲਾ ਬੜਾ ਕੁਝ ਮਿਲੇਗਾ।

ਉਹ ਫਿਲਮ ਬਾਰੇ, ਪੇਂਟਿੰਗ ਬਾਰੇ, ਨ੍ਰਿਤ ਬਾਰੇ; ਜਾਨੀ ਕਲਾ ਦੇ ਕਿਸੇ ਰੂਪ ਬਾਰੇ ਵੀ ਗੱਲ ਕਰਦਿਆਂ ਰੰਗ ਬੰਨ੍ਹ ਦੇਣ ਦੇ ਸਮਰੱਥ ਸੀ। ਅਸਤਿਤਵਵਾਦੀ ਦਰਸ਼ਨ ਅਤੇ ਉਸ ਵਿਚ ਵੀ ਅੱਗਿਉਂ ਸਾਰਤਰ ਅਤੇ ਸਿਮੋਨ ਨਾਲ ਉਹਨੂੰ ਵਿਸ਼ੇਸ਼ ਲਗਾਉ ਸੀ। ਕਾਰਨ ਇਹ ਸੀ, 'ਮਾਇਆ' ਦੀ ਨਾਇਕਾ ਬਲਬੀਰ ਵਾਂਗ ਹੀ ਵਿਅਕਤੀਗਤ ਸੁਤੰਤਰਤਾ, ਸਵੈ-ਪ੍ਰਗਟਾਵੇ ਦਾ ਉਹ ਪੱਕਾ ਮੁੱਦਈ ਸੀ। ਕਿਸੇ ਵੀ ਕਿਸਮ ਦੇ ਰਹੱਸਵਾਦੀ ਪਰਪੰਚ ਜਾਂ ਕਿਸੇ ਤਰ੍ਹਾਂ ਦੀ ਧਾਰਮਿਕ ਤੰਗ-ਨਜ਼ਰੀ, ਬੜੇ-ਬੜੇ ਵੱਡੇ ਘੱਲੂਘਾਰਿਆਂ ਦੌਰਾਨ ਵੀ ਕਿਸੇ ਨੇ ਕਦੀ ਲਾਲੀ ਬਾਬੇ ਦੇ ਨੇੜੇ ਤੇੜਿਉਂ ਲੰਘਦੀ ਤੱਕੀ ਨਹੀਂ ਸੀ। ਇਸ ਪੱਖੋਂ ਵੀ ਉਸ ਦੀ ਤਬਾ ਆਪਣੀ 'ਨਿੱਕੀ ਭੈਣ' ਬਲਬੀਰ ਦੇ ਜੀਵਨ ਦਰਸ਼ਨ ਦੇ ਨੇੜੇ ਸੀ।

(ਚਲਦਾ)

## ਰਿਬੇਰੋ ਦੀ ਆਪਬੀਤੀ- ਆਖਰੀ ਕਿਸ਼ਤ

# ਦੋਹੀਂ ਦਲੀਂ ਮੁਕਾਬਲਾ?

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪਦੇ ਆ ਰਹੇ ਹਾਂ। ਲੜੀ ਦੀ ਇਸ ਆਖਰੀ ਕਿਸ਼ਤ ਵਿਚ ਰਿਬੇਰੋ ਉਤੇ ਹੋਏ ਹਮਲੇ ਅਤੇ ਉਸ ਤੋਂ ਬਾਅਦ ਦੇ ਵਕਤ ਦਾ ਖੁਲਾਸਾ ਹੈ। -ਸੰਪਾਦਕ*


**ਜੂਲੀਓ ਰਿਬੇਰੋ**

**ਅਨੁਵਾਦ: ਹਰਪਾਲ ਸਿੰਘ ਪੰਨੂ**

**ਫੋਨ: 91-94642-51454**


**ਪੰਨਾ 372:** ਅਮਿਤਾ ਬੋਸ ਨਾਮ ਦੀ ਬੰਗਾਲੀ ਔਰਤ ਮਿਲੀ ਜਿਹੜੀ ਸਦਾ ਲਈ ਰੋਮਾਨੀਆ ਵਿਚ ਵਸ ਗਈ ਸੀ। ਉਹ ਬੁਖਾਰੈਸਟ ਵਿਚ ਪੱਚੀ ਸਾਲ ਤੋਂ ਰਹਿ ਰਹੀ ਸੀ ਅਤੇ ਬੁਖਾਰੈਸਟ ਯੂਨੀਵਰਸਿਟੀ ਵਿਚ ਸੰਸਕ੍ਰਿਤ, ਬੰਗਲਾ ਅਤੇ ਭਾਰਤੀ ਕਲਚਰ ਪੜ੍ਹਾ ਰਹੀ ਸੀ। ਦੂਤਾਵਾਸ ਦੇ ਰਿਸਰਚ ਅਸਿਸਟੈਂਟ ਦੀ ਨਵਵਿਆਹੀ ਪਤਨੀ ਵਜੋਂ ਉਹ ਰੋਮਾਨੀਆ ਆਈ। ਕੰਮ ਮੁਕਾ ਕੇ ਜਦੋਂ ਉਸ ਦਾ ਪਤੀ ਭਾਰਤ ਪਰਤਣ ਲੱਗਾ, ਉਹ ਬੜੀ ਉਦਾਸ ਹੋਈ। ਉਸ ਨੇ ਬੁਖਾਰੈਸਟ ਯੂਨੀਵਰਸਿਟੀ ਵਿਚ ਰੋਮਾਨੀ ਸਿਖਣੀ ਸ਼ੁਰੂ ਕਰ ਦਿੱਤੀ ਤੇ ਰੋਮਾਨੀ ਸ਼ਾਇਰ ਮੀਹੇ ਏਮੀਨਿਸਕੂ ਦੀ ਸ਼ਾਇਰੀ ਉਪਰ ਫਿਦਾ ਹੋ ਗਈ। ਉਸ ਦੀ ਇੱਛਾ ਅਧਿਐਨ ਜਾਰੀ ਰੱਖ ਕੇ ਅਧਿਆਪਨ ਕਰਨ ਦੀ ਸੀ। ਭਾਰਤ ਆ ਗਈ, ਪਰ ਛੇਤੀ ਹੀ ਆਪਣੇ ਪਤੀ ਨੂੰ ਕਹਿ ਦਿੱਤਾ ਕਿ ਮੈਂ ਵਾਪਸ ਚੱਲੀ ਹਾਂ ਤੇ ਉਮਰ ਭਰ ਲਈ ਇਥੇ ਆ ਗਈ। ਉਸ ਨੇ ਪ੍ਰੋਫੈਸਰ ਬੀਬੀ ਬੁਸੁਲੇਂਗਾ ਦੀ ਨਿਗਰਾਨੀ ਵਿਚ ਏਮੀਨਿਸਕੂ ਦਾ ਅਧਿਐਨ ਕੀਤਾ। ਪ੍ਰੋਫੈਸਰ ਬੀਬੀ ਨੂੰ ਆਪਣੀ ਇਸ ਵਿਦਿਆਰਥਣ 'ਤੇ ਮਾਣ ਸੀ।

ਉਹ ਮੈਨੂੰ ਬੁਖਾਰੈਸਟ ਡਾਊਨ ਟਾਊਨ ਵਿਚ ਆਪਣੀ ਪ੍ਰੋਫੈਸਰ ਦੇ ਘਰ ਲੈ ਗਈ। ਸਾਧਾਰਨ ਜਿਹਾ ਫਲੈਟ ਸੀ ਜੋ ਕਿਤਾਬਾਂ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਭਰਿਆ ਪਿਆ ਸੀ। ਇਸ ਦਾ ਪਤੀ ਇਸ ਨਾਲੋਂ ਉਮਰ ਵਿਚ ਵਡੇਰਾ ਸੀ, ਕਮਜ਼ੋਰ ਸੀ। ਕਾਫੀ ਅਤੇ ਬ੍ਰਾਂਡੀ ਦੀ ਸੇਵਾ ਪ੍ਰੋਫੈਸਰ ਨੇ ਖੁਦ ਕੀਤੀ। ਕਿਸੇ ਜੁਆਨ ਜੋੜੇ ਕੋਲ ਇਹ ਫਲੈਟ ਹੁੰਦਾ ਤਾਂ ਸਜਿਆ ਸੰਵਰਿਆ ਹੋਣਾ ਸੀ। ਰੋਮਾਨੀਆ ਵਿਚ ਪ੍ਰੋਫੈਸਰ ਜੋੜਾ ਵੀ ਨੌਕਰ ਦਾ ਖਰਚ ਨਹੀਂ ਝੱਲ ਸਕਦਾ!

ਅਮਿਤਾ ਰਾਹੀਂ ਮੈਂ ਰੋਮਾਨੀਆ ਦੇ ਲੋਕਾਂ ਬਾਰੇ ਜਾਣ ਸਕਿਆ। ਮੇਰਾ ਕਾਰਜਕਾਲ ਪੂਰਾ ਹੋਣ ਤੋਂ ਇਕ ਸਾਲ ਪਹਿਲਾਂ ਉਸ ਦਾ ਦੇਹਾਂਤ ਹੋ ਗਿਆ। ਛੁੱਟੀਆਂ ਕੱਟਣ ਉਹ ਭਾਰਤ ਗਈ, ਉਥੇ ਪੀਲੀਆ ਹੋ ਗਿਆ। ਸੋਚਿਆ ਰੋਮਾਨੀਆ ਇਲਾਜ ਕਰਾਵਾਂਗੀ, ਬੁਖਾਰੈਸਟ ਪੁੱਜ ਕੇ ਵੀ ਘੌਲ ਕਰਦੀ ਰਹੀ। ਜਦੋਂ ਰੋਗ ਹੱਦੋਂ ਪਾਰ ਹੋ ਗਿਆ, ਇਕ ਵਿਦਿਆਰਥੀ ਹਸਪਤਾਲ ਲੈ ਗਿਆ। ਉਸ ਦੀ ਬਿਮਾਰੀ ਦਾ ਮੈਨੂੰ ਕੋਈ ਪਤਾ ਨਹੀਂ ਸੀ। ਲੰਡਨ ਤੋਂ ਉਸ ਦੇ ਭਰਾ ਦਾ ਫੋਨ ਆਇਆ। ਪਤਾ ਕੀਤਾ ਤੇ ਉਸ ਨੂੰ ਫੋਨ 'ਤੇ ਦੱਸਿਆ ਕਿ ਬੀਬੀ ਖਤਰਨਾਕ ਦਸ਼ਾ ਵਿਚ ਹੈ, ਛੇਤੀ ਆ ਜਾ। ਰਾਤ ਨੂੰ ਪੁੱਜ ਕੇ ਉਹ ਆਪਣੀ ਭੈਣ ਨਾਲ ਕੁੱਝ ਗੱਲਾਂ ਕਰ ਸਕਿਆ, ਅਗਲੀ ਸਵੇਰ ਮੌਤ ਹੋ ਗਈ।

ਅਮਿਤਾ ਦੀ ਵਿਦਾਇਗੀ ਯਾਦਗਾਰੀ ਸੀ। ਉਹ ਭਾਰਤੀ ਵੀ ਆਏ ਜਿਨ੍ਹਾਂ ਨੇ ਉਸ ਨਾਲ ਕਦੀ ਗੱਲ ਨਹੀਂ ਕੀਤੀ ਸੀ। ਨਵੇਂ ਪੁਰਾਣੇ ਵਿਦਿਆਰਥੀ ਆਏ, ਅਕਾਦਮਿਕ ਖੇਤਰ ਦੇ ਅਨੇਕ ਦੋਸਤ ਆਏ। ਭਾਰਤੀ ਵਪਾਰੀ ਅਦਿੱਤ ਰਾਠੀ ਨੇ ਸੰਸਕ੍ਰਿਤ ਸ਼ਲੋਕ ਉਚਾਰੇ। ਅਮਿਤਾ ਦਾ ਇਕ ਵਿਦਿਆਰਥੀ ਰੋਮਾਨੀ ਏਅਰਲਾਈਨ ਦਾ ਅਫਸਰ ਹੈ। ਉਸ ਨੇ ਟੈਗੋਰ ਦਾ ਉਦਾਸ ਬੰਗਲਾ ਗੀਤ ਗਾਇਆ। ਰੋਮਾਨੀ ਪ੍ਰੋਫੈਸਰ ਨੇ ਆਪਣੀ ਬੋਲੀ ਵਿਚ ਸ਼ਰਧਾਂਜਲੀ ਦਿੱਤੀ। ਮੈਂ ਕੁੱਝ ਲਫਜ਼ ਅੰਗਰੇਜ਼ੀ ਵਿਚ ਕਹੇ।

ਭਾਰਤ ਵਾਸਤੇ ਜੋ ਰੋਮਾਨੀਆ ਵਿਚ ਅਮਿਤਾ ਨੇ ਕੀਤਾ, ਕਿਹੜਾ ਰਾਜਦੂਤ ਕਰ ਸਕਦਾ ਹੈ? ਉਸ ਨੇ ਰੋਮਾਨੀਆ ਵਿਚ ਭਾਰਤੀ ਕਲਚਰ



*ਬੁਖਾਰੈਸਟ ਦੇ ਹੇਰੇਤਰੋ ਪਾਰਕ ਦਾ ਅੰਬਰੀ ਨਜ਼ਾਰਾ ਜਿਸ ਵੱਲ ਜਾਂਦਿਆਂ ਖਾੜਕੂਆਂ ਨੇ ਰਿਬੇਰੋ ਉਤੇ ਹਮਲਾ ਕੀਤਾ।*

ਸਿੰਜਿਆ। ਜਿਥੇ ਜਿਥੇ ਰੋਮਾਨੀਆ ਵਿਚ ਮੈਂ ਗਿਆ, ਅਕਾਦਮਿਕ ਖੇਤਰ ਦੇ ਲੋਕ ਡੂੰਘੇ ਪਿਆਰ ਨਾਲ ਉਸ ਦਾ ਜ਼ਿਕਰ ਕਰਦੇ। ਮੈਨੂੰ ਫਖਰ ਹੋਣ ਲਗਦਾ।

**ਪੰਨਾ 375:** ਦੂਜੀ ਵਾਰ ਕਤਲ ਦਾ ਯਤਨ

20 ਅਗਸਤ 1991 ਨੂੰ ਸਿੱਖ ਖਾੜਕੂਆਂ ਨੇ ਮੇਰੇ ਉਪਰ ਹਮਲਾ ਕੀਤਾ। ਜਾਇੰਟ ਸਕੱਤਰ (ਵਿਦੇਸ਼ੀ ਮਾਮਲੇ) ਮੈਨੂੰ ਲਗਾਤਾਰ ਵਾਰਨਿੰਗ ਭੇਜਦਾ ਰਹਿੰਦਾ ਕਿ ਹਮਲਾ ਹੋ ਸਕਦਾ ਹੈ। ਕੁੱਝ ਨਾਮ ਵੀ ਮੈਨੂੰ ਦੱਸਦਾ, ਪਰ ਠੋਸ ਸੂਚਨਾ ਕੋਈ ਨਹੀਂ ਸੀ। ਰੋਮਾਨੀਆ ਸਰਕਾਰ ਨੂੰ ਮੈਂ ਜੋ ਸੂਚਨਾ ਭੇਜਦਾ, ਉਹ ਨੋਟ ਕਰ ਲਈ ਜਾਂਦੀ, ਤੇ ਬੱਸ।

ਪੰਜਾਬ ਵਿਚ ਰਹਿੰਦੇ ਆਪਣੇ ਦੋਸਤਾਂ ਕੋਲੋਂ ਵੀ ਮੈਨੂੰ ਵਾਰਨਿੰਗ ਮਿਲਦੀ। ਐਡੀਸ਼ਨਲ ਪੁਲਿਸ ਚੀਫ ਓ.ਪੀ. ਸ਼ਰਮਾ ਨਿੱਜੀ ਖਤ ਵੀ ਲਿਖਦਾ ਰਹਿੰਦਾ, ਪਰ ਜੁਲਾਈ 91 ਵਿਚ ਮੈਨੂੰ ਸੂਚਨਾ ਮਿਲੀ ਕਿ ਹਮਲਾ ਯਕੀਨੀ ਹੈ ਤੇ ਯੋਜਨਾ ਜਰਮਨੀ ਵਿਚ ਬਣੀ ਹੈ। ਨਾਮ ਵੀ ਆ ਗਏ ਤੇ ਮੈਨੂੰ ਆਪਣੇ ਫੇਰੇ ਤੋਰੇ ਵੇਲੇ ਸਾਵਧਾਨ ਰਹਿਣਾ ਪਏਗਾ, ਸਲਾਹ ਮਿਲ ਗਈ। ਰੋਮਾਨੀ ਸਰਕਾਰ ਨੂੰ ਇਸ ਬਾਰੇ ਦੱਸ ਦਿੱਤਾ, ਪਰ ਸਰਕਾਰ ਗੰਭੀਰ ਨਹੀਂ ਸੀ ਕਿਉਂਕਿ ਕੁੱਝ ਹੁੰਦਾ ਤਾਂ ਹੈ ਨਹੀਂ; ਇਹ ਵਾਰ ਵਾਰ ਕਹੀ ਜ਼ਰੂਰ ਜਾਂਦਾ ਹੈ। ਕੁੱਝ ਦਿਨਾਂ ਬਾਅਦ ਮੈਨੂੰ ਵਿਦੇਸ਼ ਮੰਤਰੀ ਨੇ ਆਪਣੇ ਦਫਤਰ ਸੱਦਿਆ, ਕਿਹਾ- ਮੈਨੂੰ ਆਪਣੀ ਖੁਫੀਆ ਏਜੰਸੀ ਨੇ ਦੱਸਿਆ ਕਿ ਤੁਹਾਨੂੰ ਮਾਰਨ ਵਾਸਤੇ ਕੁੱਝ ਭਾਰਤੀ ਬੁਖਾਰੈਸਟ ਪੁੱਜ ਗਏ ਹਨ। ਉਸ ਨੇ ਮੈਨੂੰ ਪੁੱਛਿਆ- ਸੀਕਿਉਰਟੀ ਦਿਆਂ? ਮੈਂ 'ਹਾਂ' ਕਿਹਾ। ਇਹ ਪਹਿਲੀ ਅਗਸਤ ਦੀ ਗੱਲ ਹੈ।

ਇਸ ਦਿਨ ਤੋਂ ਲੈ ਕੇ ਕਾਰ ਵਿਚ ਦੋ ਹਥਿਆਰਬੰਦ ਗਾਰਡ ਮੇਰੀ ਗੱਡੀ ਦੇ ਪਿਛੇ ਪਿਛੇ ਚਲਦੇ। ਜੇ ਪੈਦਲ ਹੁੰਦਾ, ਤੀਹ ਕੁ ਗਜ਼ ਦੂਰ ਪੈਦਲ ਚਲਦੇ। ਹਰ ਵਕਤ ਕਾਰ ਮੇਰੇ ਮਕਾਨ ਨਜ਼ਦੀਕ ਰਹਿੰਦੀ, ਕਦੀ ਵੀ ਲੋੜ ਪੈ ਸਕਦੀ ਸੀ। ਸੁਰੱਖਿਆ ਮੁਲਾਜ਼ਮਾਂ ਦਾ ਡਰਾਇਵਰ ਨਾਲ ਵਾਇਰਲੈਸ 'ਤੇ ਸੰਪਰਕ ਰਹਿੰਦਾ। ਡਰਾਇਵਰ ਖੁਦ ਵੀ ਟ੍ਰੇਂਡ ਕਮਾਂਡੋ ਸੀ। ਆਟੋਮੈਟਿਕ ਹਥਿਆਰ ਕਾਰ ਵਿਚ ਰੱਖੇ ਹੁੰਦੇ। ਮੈਨੂੰ ਅਤੇ ਮੇਰੀ ਪਤਨੀ ਨੂੰ ਸ਼ਾਮੀ ਲੰਮੀ ਸੈਰ ਦੀ ਆਦਤ ਹੈ। ਹੇਰੇਤਰੋ, ਬੁਖਾਰੈਸਟ ਦਾ ਸਭ ਤੋਂ ਸੁਹਣਾ ਪਾਰਕ ਹੈ। ਵਾਰਨਿੰਗ ਮਿਲਣ ਪਿੱਛੋਂ ਅਸੀਂ ਰੂਟ ਬਦਲ ਬਦਲ ਕੇ ਸੈਰ ਕਰਦੇ। ਖਾੜਕੂ ਆਪਣੇ ਦੁਸ਼ਮਣ ਉਪਰ ਹਮਲਾ ਕਰਨ ਤੋਂ ਪਹਿਲੋਂ ਦੇਰ ਤੱਕ ਪਰਖ ਕੇ ਉਸ ਦਾ ਰੂਟ ਨਿਸ਼ਚਿਤ ਕਰਦੇ ਹਨ। ਸੋ, ਅਸੀਂ ਸਾਵਧਾਨੀ ਵਰਤਣੀ ਸ਼ੁਰੂ ਕਰ ਦਿੱਤੀ।

ਇਕ ਸ਼ਾਮ ਜਦੋਂ ਅਸੀਂ ਗੇੜਾ ਲਾ ਕੇ ਵਾਪਸ ਆ ਰਹੇ ਸਾਂ, ਅਸੀਂ ਤਿੰਨ ਜੁਆਨਾਂ ਨੂੰ ਤੇਜ਼ੀ ਨਾਲ ਕਾਰ ਵਿਚੋਂ ਉਤਰਦੇ ਦੇਖਿਆ ਜਿਹੜੀ ਸਾਡੇ ਘਰ ਲਾਗੇ ਖੜ੍ਹੀ ਸੀ। ਸ਼ਕਲਾਂ ਤੋਂ ਸਾਨੂੰ ਇਹ ਪੰਜਾਬੀ ਲੱਗੇ। ਜੁਲਾਈ ਦੇ ਆਖਰੀ ਦਿਨਾਂ ਦੀ ਗੱਲ ਹੈ। ਦੋ ਸੜਕ ਪਾਰ ਕਰ ਗਏ ਤੇ ਤੀਜਾ ਜੋ ਡਰਾਇਵਰ ਸੀ, ਉਨ੍ਹਾਂ ਦੇ ਨੇੜੇ ਆਇਆ ਤੇ ਕੰਨ ਵਿਚ ਹੌਲੀ ਦੇ ਕੇ ਕੁੱਝ ਕਿਹਾ। ਉਨ੍ਹਾਂ ਨੇ 'ਹਾਂ' ਵਿਚ ਸਿਰ ਹਿਲਾਇਆ। ਮੈਂ ਆਪਣੀ ਪਤਨੀ ਨੂੰ ਕਿਹਾ ਕਿ ਇਹ ਬੰਦੇ ਸ਼ੱਕੀ ਹਨ, ਕਾਰ ਦਾ ਨੰਬਰ ਪੜ੍ਹ। ਉਸ ਨੇ ਕਾਰ ਦਾ ਨੰਬਰ ਪੜ੍ਹ ਕੇ ਯਾਦ ਕਰ ਲਿਆ। ਇਸ ਥਾਂ ਤੋਂ ਸਾਡਾ ਘਰ ਇਕ ਮਿੰਟ ਦਾ ਪੈਦਲ ਰਸਤਾ ਸੀ। ਘਰ ਦੇ ਗੇਟ ਤੱਕ ਪੁੱਜ ਕੇ ਮੈਂ ਡਿਊਟੀ 'ਤੇ ਤਾਇਨਾਤ ਸੁਰੱਖਿਆ ਕਰਮੀਆਂ ਨੂੰ ਇਤਲਾਹ ਕਰ ਦਿੱਤੀ। ਉਹ ਇਨ੍ਹਾਂ ਮੁੰਡਿਆ ਨੂੰ ਚੈਕ ਕਰਨ ਲਈ ਜਾਣ ਹੀ ਲੱਗੇ ਸਨ ਕਿ ਸਿਵਲ ਕੱਪੜਿਆਂ ਵਿਚ ਉਨ੍ਹਾਂ ਦਾ ਅਫਸਰ ਰਾਊਂਡ 'ਤੇ ਮਿਲ ਗਿਆ ਤੇ ਗੱਲਾਂ ਕਰਨ ਲੱਗਾ। ਮੈਂ ਟੁੱਟੀ ਭੱਜੀ ਰੋਮਾਨੀ ਭਾਸ਼ਾ ਵਿਚ ਇਸ ਅਫਸਰ ਨੂੰ ਆਪਣਾ ਸ਼ੱਕ ਦੱਸਿਆ। ਅਫਸਰ ਨੇ ਕਿਹਾ- ਫਿਕਰ ਦੀ ਕੋਈ ਗੱਲ ਨਹੀਂ, ਤੇ ਪੁਲਿਸ ਕਰਮੀਆਂ ਨਾਲ ਫਿਰ ਗੱਲੀਂ ਲੱਗ ਗਿਆ।

**ਪੰਨਾ 376:** ਜਾਣ ਗਿਆ ਕਿ ਅਫਸਰ ਨੂੰ ਮੇਰੇ ਸ਼ੱਕ ਦੀ ਅਹਿਮੀਅਤ ਦਾ ਇਲਮ ਨਹੀਂ। ਸੋ, ਮੈਂ ਘਰ ਅੰਦਰ ਜਾ ਕੇ ਆਪਣੀ ਰੋਮਾਨੀ ਸਕੱਤਰ ਨੂੰ ਫੋਨ 'ਤੇ ਸੂਚਨਾ ਦਿੱਤੀ ਤੇ ਕਿਹਾ- ਦੇਸ਼ ਦੇ ਸੁਰੱਖਿਆ ਮਹਿਕਮੇ ਨੂੰ ਖਬਰ ਕਰ। ਉਸ ਨੇ ਅਜਿਹਾ ਹੀ ਕੀਤਾ ਤੇ ਕਿਹਾ- ਪੜਤਾਲ ਹੋ ਰਹੀ ਹੈ। ਰੋਮਾਨੀ ਐਵੇਂ ਐਵੇਂ ਦੀਆਂ ਸਤਹੀ ਪੜਤਾਲਾਂ ਕਰਦੇ ਸਨ। ਜੇ ਗੰਭੀਰ ਹੁੰਦੇ ਤਾਂ ਆਖਰੀ ਵਾਰਦਾਤ ਹੋਣ ਤੋਂ ਪਹਿਲੋਂ ਦੋਸ਼ੀ ਫੜੇ ਜਾਂਦੇ।

20 ਅਗਸਤ ਸ਼ਾਮੀ 6 ਵਜੇ ਮੈਂ ਦਫਤਰੋਂ ਘਰ ਆਇਆ ਤੇ ਪਤਨੀ ਨੂੰ ਕਿਹਾ- ਸੈਰ ਕਰੀਏ। ਉਸ ਸ਼ਾਮ ਉਸ ਦਾ ਬਾਹਰ ਨਿਕਲਣ ਨੂੰ ਮਨ ਨਹੀਂ ਸੀ, ਪਰ ਦੁਚਿਤੀ ਜਿਹੀ ਨਾਲ ਚੱਲ ਪਈ। ਅਸੀਂ ਬੁਲੇਵਾਰ ਵਾਲਾ ਪੁਰਾਣਾ ਰਸਤਾ ਚੁਣਿਆ, ਕਿਉਂਕਿ ਲੰਮੇ ਸਮੇਂ ਤੋਂ ਉਸ ਰਸਤੇ ਗਏ ਨਹੀਂ ਸਾਂ, ਸੋ ਸੁਰੱਖਿਅਤ ਰਹੇਗਾ।

ਆਮ ਵਾਂਗ ਦੋ ਰੋਮਾਨੀ ਗਾਰਦ ਸਾਡੇ ਪਿੱਛੇ ਪਿੱਛੇ ਚੱਲੇ। ਉਨ੍ਹਾਂ ਕੋਲ ਪੈਦਲ ਚਲਦਿਆਂ ਇਕ ਇਕ ਰਿਵਾਲਵਰ ਹੁੰਦਾ ਜੋ ਜੇਬ ਵਿਚ ਰੱਖਿਆ ਹੁੰਦਾ। ਇਕ ਕੋਲ ਵਾਕੀ ਟਾਕੀ ਵੀ ਸੀ, ਪਰ ਦਿਸਦਾ ਨਹੀਂ ਸੀ। ਅਜੇ ਅੱਧਾ ਕਿਲੋਮੀਟਰ ਚੱਲੇ ਹੋਵਾਂਗੇ ਕਿ ਕਾਰ ਦੀਆਂ ਜ਼ਬਰਦਸਤ ਬਰੇਕਾਂ ਲੱਗਣ ਦੀ ਕ੍ਰੀਚ ਕ੍ਰੀਚ ਆਵਾਜ਼ ਸੁਣੀ। ਇਸ ਚੌੜੀ ਸੜਕ ਉਤੇ ਤੇਜ਼ ਰਫਤਾਰ ਗੱਡੀਆਂ ਆਮ ਲੰਘਦੀਆਂ ਸਨ, ਬ੍ਰੇਕਾਂ ਦੀ ਅਜਿਹੀ ਆਵਾਜ਼ ਕਦੀ ਨਹੀਂ ਸੁਣੀ। ਇਸ ਆਵਾਜ਼ ਨੇ ਮੈਨੂੰ ਚੌਕਸ ਕਰ ਦਿੱਤਾ। ਪਿੱਛੇ ਮੁੜ ਕੇ ਦੇਖਿਆ, ਚਾਰ ਹਥਿਆਰਬੰਦ ਜੁਆਨ ਕਾਰ ਵਿਚੋਂ ਛਾਲਾਂ ਮਾਰਦੇ ਬਾਹਰ ਨਿਕਲੇ। ਇਕ ਨੇ ਮੇਰੇ ਵੱਲ ਫਾਇਰਿੰਗ ਖੋਲ੍ਹ ਦਿੱਤੀ। ਮੈਂ ਜਾਣ ਗਿਆ ਕਿ ਮੇਰੇ ਲਈ ਆਏ ਨੇ। ਜਿੰਨਾ ਤੇਜ਼ ਦੌੜ ਸਕਿਆ, ਦੌੜਿਆ; ਬਾਹਟ ਸਾਲ ਦਾ ਬੰਦਾ ਜਿੰਨਾ ਕੁ ਦੌੜ ਸਕਦਾ ਹੈ। ਦੋ ਖਾੜਕੂ ਮੇਰਾ ਪਿੱਛਾ ਕਰਦੇ ਦੌੜਦੇ ਆ ਰਹੇ ਸਨ ਜਦੋਂ ਮੈਂ ਚੌੜੀ ਸੜਕ ਪਾਰ ਕਰ ਗਿਆ। ਉਹ ਏ.ਕੇ. ਸੰਤਾਲੀ ਨਾਲ ਨਿਰੰਤਰ ਫਾਇਰਿੰਗ ਕਰ ਰਹੇ ਸਨ। ਏ.ਕੇ. ਸੰਤਾਲੀ

**(ਬਾਕੀ ਅਗਲੇ ਸਫੇ 'ਤੇ)**

# ਕਬਿਓ ਬਾਚ ਬਨਾਮ ਇਸ ਲਿਖਤ ਦਾ ਮਤਲਬ ...

ਸੰਸਕ੍ਰਿਤ ਵਿਚ ਕਵੀ ਮਾਇਨੇ ਕੇਵਲ ਕਵਿਤਾ ਰਚਣ ਵਾਲਾ ਨਹੀਂ; ਕਵੀ ਕਰਤਾ ਹੈ, ਕਰਤਾਰ ਹੈ, ਕਿਸੇ ਵੀ ਹੁਨਰ ਦਾ, ਘਾੜਤ ਦਾ। ਹਰ ਸਾਹਿਤਕਾਰ ਕਵੀ ਹੈ। ਬਾਚ ਸ਼ਬਦ ਵਾਚ ਤੋਂ ਬਣਿਆ। ਵਾਚ ਮਾਇਨੇ ਵਚਨ, ਵਾਕ, ਕਥਨ। ਸੋ, ਕਬਿਓ ਬਾਚ ਮਾਇਨੇ ਕਰਤਾ ਦਾ ਖਿਆਲ। ਇਹ ਸ਼ਬਦ ਪੰਜਾਬੀ ਵਿਚ ਪਹਿਲੀ ਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਰਤੇ, ਉਨ੍ਹਾਂ ਦੇ ਅਨੁਸਾਰੀ ਹੋ



*ਹਰਪਾਲ ਸਿੰਘ ਪੰਨੂ*

ਕੇ ਕੁੱਝ ਕਿੱਸਾਕਾਰਾਂ ਨੇ ਵੀ ਬਾਅਦ ਵਿਚ ਇਹ ਲਫਜ਼ਾਂ ਇਸਤੇਮਾਲ ਕੀਤੇ।

ਰਿਬੇਰੋ ਦੀ ਜੀਵਨੀ ਦੇ ਹਿੱਸੇ ਛਪਣ ਸਾਰ ਪੰਜਾਬੀ ਪਾਠਕਾਂ ਵਿਚ ਚੋਖੀ ਹਲਚਲ ਹੋਈ। ਬਹੁਤੇ ਪਾਠਕਾਂ ਨੇ ਚਾਹਿਆ ਹੈ, ਸਾਰੀ ਕਿਤਾਬ ਦਾ ਪੰਜਾਬੀ ਵਿਚ ਅਨੁਵਾਦ ਹੋਵੇ। ਕੁੱਝ ਪਾਠਕਾਂ ਨੇ ਮੈਨੂੰ ਸਵਾਲ ਕੀਤਾ- ਇਹ ਲਿਖਤ ਅਨੁਵਾਦ ਕਰਨ ਪਿੱਛੇ ਤੁਹਾਡਾ ਕੀ ਮਨੋਰਥ ਹੈ? ਮੇਰਾ ਉਤਰ ਸੀ- ਨਾ ਕਿਸੇ ਦਾ ਦਿਲ ਦੁਖਾਣ ਲਈ ਅਨੁਵਾਦ ਕੀਤਾ, ਨਾ ਕਿਸੇ ਨੂੰ ਖੁਸ਼ ਕਰਨ ਲਈ। ਵਾਈਕਿੰਗ ਨੇ ਇਹ ਕਿਤਾਬ 1998 ਵਿਚ ਛਾਪੀ ਸੀ; ਯਾਨਿ 15 ਸਾਲ ਪਹਿਲਾਂ। ਉਦੋਂ ਇਸ ਕਿਤਾਬ ਬਾਰੇ ਗੱਲ ਕਰਨ ਦਾ, ਗੱਲ ਸੁਣਨ ਦਾ ਮਾਹੌਲ ਨਹੀਂ ਸੀ। ਹੁਣ ਗਰਦ ਗੁਬਾਰ ਹੇਠਾਂ ਬੈਠ ਗਿਆ ਹੈ। ਹੁਣ ਆਪਾ-ਚੀਨਣ, ਵਿਸ਼ਲੇਸ਼ਣ ਕਰਨ ਦੀ ਘੜੀ ਆ ਗਈ ਹੈ। ਕਥਾ-ਵਿਖਿਆਨ ਕਰਦਿਆਂ ਸਿੱਖ ਕਥਾਕਾਰ, ਕਾਜ਼ੀ ਨੂਰ ਮੁਹੰਮਦ ਦਾ ਅਕਸਰ ਜ਼ਿਕਰ ਕਰਦੇ ਹਨ। ਸ਼ਾਇਰ ਕਾਜ਼ੀ ਨੂਰ ਮੁਹੰਮਦ ਅਹਿਮਦਸ਼ਾਹ ਅਬਦਾਲੀ ਦਾ ਸਕੱਤਰ ਸੀ। ਭਾਰਤ ਉਤੇ ਹਮਲੇ ਦੌਰਾਨ ਉਹ ਅਬਦਾਲੀ ਨਾਲ ਆਉਣ ਵਾਸਤੇ ਤਿਆਰ ਨਹੀਂ ਸੀ। ਅਬਦਾਲੀ ਨੇ ਆਪਣੀ ਸੂਰਮਗਤੀ ਉਪਰ ਜੰਗਨਾਮਾ ਲਿਖਵਾਉਣਾ ਸੀ। ਉਸ ਨੂੰ ਇਹ ਕਹਿ ਕੇ ਮਨਾਇਆ ਗਿਆ ਕਿ ਵਾਪਸੀ ਵਕਤ ਤੁਹਾਨੂੰ ਕਾਬਲ ਦਾ ਜੱਜ (ਕਾਜ਼ੀ) ਨਿਯੁਕਤ ਕਰਾਂਗੇ। ਅਜਿਹਾ ਕੀਤਾ ਗਿਆ, ਤਾਂ ਹੀ ਉਸ ਦੇ ਨਾਮ ਨਾਲ ਕਾਜ਼ੀ ਖਿਤਾਬ ਲਗਦਾ ਹੈ। ਨੂਰ ਮੁਹੰਮਦ ਦਾ ਹਵਾਲਾ ਇਸ ਕਰ ਕੇ ਦਿੱਤਾ ਜਾਂਦਾ ਹੈ ਕਿ ਉਹ ਦੁਸ਼ਮਣ ਹੁੰਦਾ ਹੋਇਆ ਕਈ ਕੁੱਝ ਸੁਹਣਾ ਲਿਖ ਗਿਆ।

ਰਿਬੇਰੋ ਭਾਰਤੀ ਸਟੇਟ ਦਾ ਕਾਰਿੰਦਾ ਸੀ ਜਿਸ ਨੇ ਦਿੱਤੀ ਗਈ ਜ਼ਿੰਮੇਵਾਰੀ ਨਿਭਾਉਣੀ ਸੀ। ਅਸੀਂ ਦੇਖਣਾ ਹੈ ਕਿ ਜ਼ਿੰਮੇਵਾਰੀ ਨਿਭਾਉਂਦਿਆਂ ਉਹ ਮਾਨਵੀ ਕਦਰਾਂ-ਕੀਮਤਾਂ ਦਾ ਕੁੱਝ ਧਿਆਨ ਰੱਖਦਾ ਹੈ ਕਿ ਤਬਾਹੀ ਦਾ ਸੁਹਾਗਾ ਫੇਰੀ ਜਾਂਦਾ ਹੈ। ਫਿਰ ਅਸੀਂ ਮੁਕਾਬਲਾ ਵੀ ਕਰਨਾ



*ਦਰਸ਼ਨ ਸਿੰਘ ਰਾਗੀ*

ਹੈ...ਮੁਕਾਬਲਾ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਅਤੇ ਪੁਲਿਸ ਚੀਫ ਕੇ.ਪੀ.ਐਸ. ਗਿੱਲ ਨਾਲ ਹੋਵੇਗਾ। ਰਿਬੇਰੋ ਦੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਸਮਾਨੰਤਰ ਬਰਾੜ ਦੀ 'ਆਪ੍ਰੇਸ਼ਨ ਬਲੂ ਸਟਾਰ' ਅਤੇ ਗਿੱਲ ਦੀ 'ਨਾਈਟਸ ਆਫ ਫਾਲਸਹੁੱਡ' ਦਾ ਅਧਿਐਨ ਕਰਨਾ ਜ਼ਰੂਰੀ ਹੈ। ਇਹ ਤਿੰਨੇ ਕਿਤਾਬਾਂ ਮੈਂ ਇਕ ਹਫਤੇ ਵਿਚ ਪੜ੍ਹੀਆਂ।



*ਡਾ. ਸੋਹਣ ਸਿੰਘ*

ਰਿਬੇਰੋ ਗੋਆ ਦਾ ਕੈਥੋਲਿਕ ਈਸਾਈ ਹੈ। ਉਸ ਦੀ ਲਿਖਤ ਵਿਚੋਂ ਕਿਸੇ ਕਿਸੇ ਥਾਂ ਈਸਾਈ ਧਰਮ ਦੀ ਝਲਕ ਦਿਸਦੀ ਹੈ। ਬਰਾੜ ਅਤੇ ਗਿੱਲ ਦੀ ਲਿਖਤ ਵਿਚੋਂ ਧਰਮ ਨਹੀਂ ਦਿਸਦਾ।

ਵਿਚਿਤਰ ਤੱਥ ਮਿਲੇ। ਖਾੜਕੂ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਜਾਨਾਂ ਵਾਰ ਰਹੇ ਹਨ, ਉਨ੍ਹਾਂ ਨੂੰ ਸਭ ਤੋਂ ਵਧੀਆ ਸਿੱਖ ਰਾਗੀ ਦਰਸ਼ਨ ਸਿੰਘ ਲਗਦਾ ਹੈ ਜਿਸ ਨੂੰ ਉਹ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰਵਾਉਣ ਵਿਚ ਕਾਮਯਾਬ ਗਏ। ਰਾਗੀ ਸਰਕਾਰ ਦਾ ਬੰਦਾ ਹੈ, ਇਸ ਦਾ ਖਾੜਕੂਆਂ ਨੂੰ ਇਲਮ ਨਹੀਂ। ਡਾ. ਸੋਹਣ ਸਿੰਘ ਪੰਥਕ ਕਮੇਟੀ ਬਣਾਉਂਦਾ ਹੈ ਜਿਸ ਵਿਚ ਸਾਰੇ ਖਾੜਕੂ ਨੇਤਾ ਯੁੱਧ ਲੜਦਿਆਂ ਮਾਰੇ ਜਾਂਦੇ ਹਨ, ਕੇਵਲ ਡਾ. ਸੋਹਣ ਸਿੰਘ ਬਚ ਜਾਂਦਾ ਹੈ। ਡਾ. ਸੋਹਣ ਸਿੰਘ ਦੇ ਪੁੱਤਰ ਸਵਰਨ ਸਿੰਘ ਬੋਪਾਰਾਇ ਨੂੰ ਮਹਾਰਾਜਾ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵਲੋਂ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਜਾਂਦਾ ਹੈ।

ਵੱਡੀ ਗਿਣਤੀ ਵਿਚ ਪੰਜਾਬ ਪੁਲਿਸ ਦੇ ਸਿੱਖ ਜੁਆਨ ਮਰੇ, ਉਸ ਤੋਂ ਕਿਤੇ ਵੱਡੀ ਗਿਣਤੀ ਵਿਚ ਖਾੜਕੂ ਸਿੱਖ ਜੁਆਨ ਕਤਲ ਹੋਏ। ਇਸ ਸਾਰੇ ਦੌਰ ਵਿਚੋਂ ਕੀ ਖੱਟਿਆ, ਕੀ ਗੁਆਇਆ? ਇਸ ਦੀ ਪੁਣ-ਛਾਣ ਕਰਦਿਆਂ ਮਨ ਡੂੰਘੀ ਉਦਾਸੀ ਵਿਚ ਘਿਰ ਜਾਂਦਾ ਹੈ।

ਬਹੁਤ ਸਾਰੇ ਪਾਠਕ ਰਿਬੇਰੋ ਦੇ ਕਿਰਦਾਰ ਨੂੰ ਜਾਣਦੇ ਹੋਣਗੇ। ਕਈਆਂ ਦਾ ਉਸ ਨਾਲ ਵਾਹ ਪਿਆ ਹੋਵੇਗਾ। ਉਸ ਦੀ ਸਵੈ-ਜੀਵਨੀ ਵਿਚ ਕਿੰਨਾ ਸੱਚ ਹੈ ਕਿੰਨਾ ਝੂਠ, ਚੰਗਾ ਹੋਏ ਜੇ ਆਪਣੀਆਂ ਲਿਖਤਾਂ ਰਾਹੀਂ ਉਹ ਸਹੀ ਨਿਸਤਾਰਾ ਕਰ ਸਕਣ।

ਏਰੀਆ ਹਥਿਆਰ ਹੈ। ਦੁਸ਼ਮਣ ਕਾਫੀ ਗਿਣਤੀ ਵਿਚ ਹੋਣ, ਤੇ ਹੋਣ ਨੇੜੇ; ਫਿਰ ਇਹ ਕੰਮ ਦਾ ਹੈ। ਸੇਧ ਕੇ ਇਸ ਨਾਲ ਨਿਸ਼ਾਨਾ ਲਾਉਣਾ ਔਖਾ ਹੈ, ਕਿਉਂਕਿ ਸੇਧ ਲਾਉਣ ਲਈ ਸਮਾਂ ਚਾਹੀਦਾ ਹੈ। ਜੇ ਤੁਹਾਡੇ ਕੋਲ ਸਿੰਨ੍ਹਣ ਵਾਸਤੇ ਸਮਾਂ ਵੀ ਹੈ ਤਾਂ ਵੀ ਪਹਿਲੀ ਗੋਲੀ ਨਿਸ਼ਾਨੇ 'ਤੇ ਲੱਗੇਗੀ, ਬਾਕੀ ਗੋਲੀਆਂ ਇੱਧਰ ਉੱਧਰ ਸੱਜੇ ਖੱਬੇ ਚੱਲਣਗੀਆਂ। ਖਾੜਕੂਆਂ ਨੂੰ ਇਹ ਹਥਿਆਰ ਇਸ ਕਰ ਕੇ ਚੰਗਾ ਲਗਦਾ ਹੈ ਕਿਉਂਕਿ ਚੁੱਕਣਾ ਸੌਖਾ ਹੈ। ਨਾਲੇ ਉਨ੍ਹਾਂ ਨੇ ਮਾਸੂਮ ਲੋਕ ਵੱਡੀ ਗਿਣਤੀ ਵਿਚ ਮਾਰਨੇ ਹੁੰਦੇ ਹਨ, ਦਹਿਲ ਪਾਉਣ ਲਈ ਭੀੜਾਂ ਵਿਚ ਇਸ ਦੀ ਵਰਤੋਂ ਕਰਨੀ ਫਿੱਟ ਬੈਠਦੀ ਹੈ।

**ਪੰਨਾ 378:** ਸੋ ਹੋਇਆ ਇਹ ਕਿ ਦੋਵਾਂ ਜੁਆਨਾਂ ਨੇ ਮੇਰੇ ਉਪਰ ਆਪਣੇ ਆਪਣੇ ਮੈਗਜ਼ੀਨ ਖਾਲੀ ਕਰ ਦਿੱਤੇ। ਮੈਂ ਭੱਜ ਕੇ ਨੇੜੇ ਦੇ ਇਕ ਖੁੱਲ੍ਹੇ ਦਰਵਾਜ਼ੇ ਵਿਚ ਵੜਨ ਹੀ ਲੱਗਾ ਸਾਂ ਕਿ ਚੂਲੇ ਵਿਚ ਪਿੱਛੋਂ ਦੀ ਗੋਲੀ ਵੱਜੀ। ਪੇਸ਼ਾਬ ਥੈਲੀ, ਗੁਦਾ ਅਤੇ ਵੱਡੀਆਂ ਨਾੜੀਆਂ ਕੋਲੋਂ ਦੀ ਲੰਘਦੀ ਗੋਲੀ ਪਾਰ ਹੋ ਗਈ। ਮੈਂ ਤੇਜ਼ੀ ਨਾਲ ਦਰਵਾਜ਼ਾ ਬੰਦ ਕਰਨ ਵਿਚ ਕਾਮਯਾਬ ਹੋ ਗਿਆ ਤੇ ਫਿਰ ਪੌੜੀਆਂ ਵਿਚ ਬੈਠ ਗਿਆ। ਕੁੱਝ ਮਿੰਟਾਂ ਵਿਚ ਮੇਰਾ ਪਿੱਛਾ ਕਰਦੀ ਕਰਦੀ ਮੇਰੀ ਪਤਨੀ ਪੁੱਜ ਗਈ ਤੇ ਜ਼ੋਰ ਜ਼ੋਰ ਦੀ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਜ਼ਖਮ ਕਾਰਨ ਮੈਥੋਂ ਖੜ੍ਹਾ ਨਾ ਹੋਇਆ ਗਿਆ। ਮੈਂ ਉਸ ਨੂੰ ਦੱਸਿਆ ਕਿ ਗੋਲੀ ਪੱਟ ਵਿਚੋਂ ਦੀ ਪਾਰ ਹੋ ਗਈ ਹੈ, ਉਠ ਨਹੀਂ ਸਕਦਾ। ਘਰ ਦਾ ਮਾਲਕ ਤੁਰੰਤ ਘਰ ਪੁੱਜ ਗਿਆ। ਉਸ ਨਾਲ ਉਸ ਦਾ ਲੇਖਕ ਦੋਸਤ ਮਿਰਸੀਆ ਵੀ ਸੀ। ਮਿਰਸੀਆ ਦਾ ਘਰ ਅੱਧੇ ਕਿਲੋਮੀਟਰ 'ਤੇ ਸੀ। ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਕਿਸੇ ਉਤੇ ਫਾਇਰ ਹੋਇਆ ਹੈ, ਤੇਜ਼ੀ ਨਾਲ ਇਹ ਦੋਵੇਂ ਉਸ ਜ਼ਖਮੀ ਦੀ ਮਦਦ ਲਈ ਆਏ ਸਨ, ਦੇਖਿਆ ਤਾਂ ਜ਼ਖਮੀ ਬੰਦਾ ਦੋਸਤ ਨਿਕਲਿਆ।

ਵਾਰਦਾਤ ਹੋ ਗਈ ਤਾਂ ਸੁਰੱਖਿਆ ਕਰਮੀਆਂ ਨੇ ਵਾਕੀ ਟਾਕੀ 'ਤੇ ਆਪਣੇ ਡਰਾਇਵਰ ਨੂੰ ਇਤਲਾਹ ਕੀਤੀ। ਡਰਾਇਵਰ ਨੇ ਤੇਜ਼ ਰਫਤਾਰ ਕਾਰ ਉਥੇ ਰੋਕ ਲਈ ਜਿਥੇ ਦੋ ਖਾੜਕੂ ਆਪਣੀ ਕਾਰ ਲਾਗੇ ਖਲੋਤੇ ਸਨ ਤੇ ਫਾਇਰ ਖੋਲ੍ਹ ਦਿੱਤਾ। ਦੋਵੇਂ ਡਿੱਗ ਪਏ। ਇਕ ਥਾਏਂ ਮਾਰਿਆ ਗਿਆ, ਦੂਜੇ ਦੇ ਪੇਟ ਵਿਚੋਂ ਦੋ ਗੋਲੀਆਂ ਪਾਰ ਹੋ ਗਈਆਂ। ਸਾਨੂੰ ਦੋਵਾਂ ਨੂੰ ਇਕੱਠਿਆਂ ਹਸਪਤਾਲ ਦਾਖਲ ਕਰਵਾਇਆ। ਉਸ ਦਾ ਆਪ੍ਰੇਸ਼ਨ ਹੋ ਗਿਆ ਤੇ ਥੋੜ੍ਹੇ ਦਿਨਾਂ ਬਾਅਦ ਤੁਰਨ ਫਿਰਨ ਲੱਗ ਪਿਆ। ਤੀਜਾ ਜਣਾ ਹਥਿਆਰ ਸਣੇ ਮੌਕੇ 'ਤੇ ਫੜਿਆ ਗਿਆ। ਚੌਥਾ ਜਣਾ ਉਸ ਕਾਰ ਵਿਚ ਬਚ ਨਿਕਲਿਆ ਜਿਸ ਨੂੰ ਪੰਜਵਾਂ ਚਲਾ ਰਿਹਾ ਸੀ। ਰੋਮਾਨੀਆ ਸਰਕਾਰ ਬੜੀਆਂ ਫੜ੍ਹਾਂ ਮਾਰਦੀ ਰਹੀ ਕਿ ਜਲਦੀ ਦੋਵਾਂ ਨੂੰ ਫੜ ਲਵਾਂਗੇ ਪਰ ਅਸਫਲ। ਸਿੱਖ ਖਾੜਕੂਆਂ ਦੀ ਰਣਨੀਤੀ ਵਿਚ ਕਦੇ ਕੋਈ ਨੁਕਸ ਨਹੀਂ ਹੁੰਦਾ।

ਬਾਅਦ ਵਿਚ ਪਤਾ ਲੱਗਾ ਕਿ ਹਮਲਾਵਰ ਬਾਰਡਰ ਦੇ ਸੁਰੱਖਿਆ ਕਰਮੀਆਂ ਨੂੰ ਡਾਲਰ ਦੇ ਕੇ ਆਰਾਮ ਨਾਲ ਲੰਘ ਆਏ ਸਨ। ਰੋਮਾਨੀ ਬਗਾਵਤ ਪਿਛੋਂ ਥੋੜ੍ਹੇ ਕੁ ਡਾਲਰ ਦੇ ਕੇ ਬਾਰਡਰ ਪਾਰ ਕਰ ਸਕੀਦਾ ਸੀ। ਡਾਲਰਾਂ ਦੀ ਬੜੀ ਮੰਗ ਸੀ, ਜੋ ਮਰਜ਼ੀ ਕਰ ਲਉ।

**ਪੰਨਾ 379:** ਸਵਿਟਜ਼ਰਲੈਂਡ ਦੇ ਸ਼ਹਿਰ ਜਿਉਰਿਖ ਵਿਚ ਬੱਲ ਭਰਾਵਾਂ ਦੇ ਘਰ ਸਾਜ਼ਿਸ਼ ਘੜੀ ਗਈ। ਇਹ ਬੱਲ ਇਥੇ ਕਈ ਸਾਲਾਂ ਤੋਂ ਰਹਿ ਰਹੇ ਸਨ, ਪਰ ਇਨ੍ਹਾਂ ਦੀਆਂ ਹਰਕਤਾਂ ਸਵਿੱਸ ਏਜੰਸੀ ਨੋਟ ਕਰ ਰਹੀ ਸੀ। ਜਿਨ੍ਹਾਂ ਪੰਜ ਜੁਆਨਾਂ ਨੇ ਹਮਲਾ ਕੀਤਾ, ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਨ। ਇਸ ਖਾਸ ਕੰਮ ਨੂੰ ਸਿਰੇ ਚਾੜ੍ਹਨ ਲਈ ਯੂਰਪ ਦੇ ਵੱਖ ਵੱਖ ਦੇਸ਼ਾਂ ਵਿਚੋਂ ਸਵਿਟਜ਼ਰਲੈਂਡ ਵਿਚ ਇਕੱਠੇ ਹੋਏ। ਇਨ੍ਹਾਂ ਦਾ ਪੰਜਾਬ ਮਨੁੱਖੀ ਅਧਿਕਾਰ ਸੰਸਥਾ ਦੀ ਲੰਡਨ ਸ਼ਾਖਾ ਨਾਲ ਸੰਪਰਕ ਸੀ, ਕਿਉਂਕਿ ਮਨੁੱਖੀ ਅਧਿਕਾਰ ਸੰਸਥਾ ਦੇ ਦੋ ਕਾਰਕੁਨ ਵਾਰਦਾਤ ਤੋਂ ਛੇਤੀ ਹੀ ਪਿੱਛੋਂ ਲੰਡਨ ਵਿਚਲੇ ਰੋਮਾਨੀਆ ਦੂਤਾਵਾਸ ਤੋਂ ਵੀਜ਼ੇ ਲੈ ਕੇ ਬੁਖਾਰੈਸਟ ਪੁੱਜ ਗਏ। ਰੋਮਾਨੀਆ ਸਰਕਾਰ ਤੋਂ ਉਨ੍ਹਾਂ ਗ੍ਰਿਫਤਾਰ ਬੰਦਿਆਂ ਦੇ ਡਿਫੈਂਸ ਲੜਨ ਦੀ ਆਗਿਆ ਪ੍ਰਾਪਤ ਕੀਤੀ। ਉਨ੍ਹਾਂ ਨੇ ਮ੍ਰਿਤਕ ਖਾੜਕੂ ਦੀ ਲਾਸ਼ ਸਸਕਾਰ ਕਰਨ ਵਾਸਤੇ ਮੰਗੀ ਜਿਸ ਦੀ ਆਗਿਆ ਨਹੀਂ ਮਿਲੀ, ਕਿਉਂਕਿ ਮ੍ਰਿਤਕ ਉਨ੍ਹਾਂ ਦਾ ਰਿਸ਼ਤੇਦਾਰ ਨਹੀਂ ਸੀ। ਦੇਹ ਰਿਸ਼ਤੇਦਾਰ ਲਿਜਾ ਸਕਦਾ ਸੀ।

ਫਾਇਰਿੰਗ ਤੋਂ ਇਕ ਘੰਟੇ ਬਾਅਦ ਤੱਕ ਹਸਪਤਾਲ ਵਿਚ ਮੈਨੂੰ ਹੋਸ਼ ਰਹੀ। ਮੈਂ ਆਪਣੇ ਸੁਰੱਖਿਆ ਕਰਮੀਆਂ ਤੋਂ ਕਾਤਲਾਂ ਬਾਰੇ ਪੁੱਛਿਆ। ਜ਼ਖਮ ਕਾਰਨ ਭੋਰਾ ਦਰਦ ਨਹੀਂ ਹੋਇਆ, ਵਧੀਕ ਖ਼ੂਨ ਵਗਣ ਕਰ ਕੇ ਕਮਜ਼ੋਰੀ ਹੈ ਈ ਸੀ। ਤਜਰਬੇ ਤੋਂ ਜਾਣਿਆ ਕਿ ਬੰਦੇ ਦੇ ਜਦੋਂ ਗੋਲੀ ਵੱਜਦੀ ਹੈ, ਉਸ ਨੂੰ ਪਤਾ ਹੀ ਨਹੀਂ ਲੱਗਦਾ। ਇਹ ਤਾਂ ਇਧਰ ਉਧਰ ਖ਼ੂਨ ਵਗਦਾ ਦੇਖ ਕੇ ਪਤਾ ਲਗਦਾ ਹੈ ਕਿ ਗੋਲੀ ਪਾਰ ਹੋ ਗਈ। ਜਲੰਧਰ ਦੇ ਹਮਲੇ ਵੇਲੇ ਮੇਰੀ ਪਤਨੀ ਦਾ ਇਹੀ ਅਨੁਭਵ ਸੀ। ਉਸ ਦੀ ਪਿੰਜਣੀ ਵਿਚੋਂ ਗੋਲੀ ਪਾਰ ਹੋ ਗਈ ਸੀ, ਉਹਨੂੰ ਪਤਾ ਈ ਨੀ ਲੱਗਾ। ਕੱਪੜਿਆਂ ਉਤੇ, ਜ਼ਮੀਨ ਉਤੇ ਖ਼ੂਨ ਦੇਖ ਕੇ ਪਤਾ ਲੱਗਾ।

ਪ੍ਰੋਫੈਸਰ ਈਗਨ ਦੀ ਗੈਰ ਹਾਜ਼ਰੀ ਵਿਚ ਡਾ. ਜਬਰੀਲ ਨੇ ਆਪ੍ਰੇਸ਼ਨ ਕੀਤਾ। ਵਿਭਾਗ ਦਾ ਮੁਖੀ ਈਗਨ ਛੁੱਟੀਆਂ ਉਤੇ ਸੀ। ਰੋਮਾਨੀ ਡਾਕਟਰ ਕਮਾਲ ਹਨ। ਨਰਸ, ਸਫਾਈ ਸੇਵਕ ਤੇ ਡਾਕਟਰ ਦੀ ਤਨਖਾਹ ਵਿਚ ਵਧੀਕ ਫਰਕ ਨਹੀਂ; ਪਰ ਨੇਕੀ ਕਰ ਰਹੇ ਹਾਂ, ਇਹੀ ਨਸ਼ਾ ਉਨ੍ਹਾਂ ਨੂੰ ਉਡਾਈ ਫਿਰਦਾ ਹੈ। ਇਸ ਹਸਪਤਾਲ ਵਿਚ ਕੇਵਲ ਡਾ. ਜਬਰੀਲ ਅਜਿਹਾ ਮਾਹਿਰ ਸੀ ਜਿਹੜਾ ਪਾਟੇ ਯੂਰਿਥਰਾ ਨੂੰ ਸਿਉਂ ਕੇ ਜੋੜ ਸਕਦਾ ਸੀ। ਮੇਰੀ ਕਿਸਮਤ ਚੰਗੀ, ਉਸ ਦਿਨ ਇਹ ਡਾਕਟਰ ਡਿਊਟੀ ਉਤੇ ਤਾਂ ਨਹੀਂ, ਪਰ ਘਰ ਹੀ ਸੀ। ਖਬਰ ਸੁਣਦਿਆਂ ਸਾਰ ਭੱਜਾ ਆਇਆ ਤੇ ਸਫਲ ਆਪ੍ਰੇਸ਼ਨ ਕੀਤਾ।

**ਪੰਨਾ 380:** ਸਾਢੇ ਤਿੰਨ ਘੰਟੇ ਆਪ੍ਰੇਸ਼ਨ ਨੂੰ ਲੱਗੇ। ਮਦਰ ਟੈਰੇਸਾ ਦੇ ਯਤੀਮਖਾਨੇ ਦੀਆਂ ਦੋ ਸਾਧਵੀਆਂ ਮੇਰੀ ਪਤਨੀ ਕੋਲ ਬੈਠੀਆਂ ਰਹੀਆਂ। ਸਾਰੀ ਰਾਤ ਸੇਵਾ ਕੀਤੀ। ਸਵੇਰ ਹੋਈ ਤਾਂ ਆਪਣੀ ਡਿਊਟੀ ਕਰਨ ਚਲੀਆਂ ਗਈਆਂ। ਪਲ ਭਰ ਲਈ ਵੀ ਅੱਖਾਂ ਬੰਦ ਨਹੀਂ ਕੀਤੀਆਂ, ਸੁਸਤਾਈਆਂ ਨਹੀਂ। ਇਸ ਬਾਰੇ ਉਨ੍ਹਾਂ ਨਾਲ ਗੱਲ ਕੀਤੀ ਤਾਂ ਕੇਵਲ ਇੰਨਾ ਸੁਣਿਆ- ਚੰਗਾ ਕੰਮ ਕਰਨ ਨਾਲ ਸਭ ਤੋਂ ਵਧੀਕ ਆਰਾਮ ਮਿਲਦਾ ਹੈ।

ਦੂਤਾਵਾਸ ਦਾ ਸਕੱਤਰ ਸੁੰਦਰਰਮਨ ਬੜਾ ਕੰਮ ਆਇਆ। ਜਦੋਂ ਤੱਕ ਮੇਰੀ ਧੀ ਅਤੇ ਜਵਾਈ ਨਹੀਂ ਪੁੱਜੇ, ਉਹ ਹਰ ਰਾਤ ਅੰਬੈਸੀ ਦੇ ਮੁਲਾਜ਼ਮ ਦੀ ਹਸਪਤਾਲ ਮੇਰੇ ਕੋਲ ਡਿਊਟੀ ਲਾਉਂਦਾ। ਸਾਰਾ ਦੂਤਾਵਾਸ ਮਦਦਗਾਰ ਸੀ।

ਰੋਮਾਨੀਆ ਵਿਚ ਵੱਖ ਵੱਖ ਦੇਸ਼ਾਂ ਦੇ ਮੇਰੇ ਰਾਜਦੂਤ ਭਰਾਵਾਂ ਨੇ ਤਾਂ ਕਮਾਲ ਕੀਤੀ। ਮਿਲਣ ਆਉਂਦੇ, ਹਰ ਇਕ ਦੇ ਹੱਥ ਵਿਚ ਗੁਲਦਸਤਾ ਹੁੰਦਾ। ਬ੍ਰਿਟਿਸ਼ ਰਾਜਦੂਤ ਮਾਈਕਲ ਨੇ ਤਾਂ ਮਾਸਕੋ ਤੋਂ ਆਪਣਾ ਮੈਡੀਕਲ ਅਫਸਰ ਬੁਲਾ ਲਿਆ। ਡਾਕਟਰ ਨੇ ਆਉਂਦਿਆਂ ਹੀ ਲੰਦਨ ਲਿਜਾਣ ਦੀ ਸਲਾਹ ਦਿੱਤੀ, ਕਿਉਂਕਿ ਉਥੇ ਵੱਡੇ ਸਰਜਨ ਹਨ। ਮੈਂ ਜਾਣ ਤੋਂ ਇਨਕਾਰ ਕਰ ਦਿੱਤਾ। ਡਾ. ਜਬਰੀਲ ਤਾਂ ਮੇਰਾ ਭਰਾ ਬਣ ਗਿਆ ਸੀ, ਮੇਰੀ ਖਬਰ ਲੈਣ ਹਰ ਸਵੇਰ 6 ਵਜੇ ਤੋਂ ਪਹਿਲਾਂ ਆ ਜਾਂਦਾ। ਚਾਰ ਪੰਜ ਵਾਰ ਦਿਨ ਵਿਚ ਗੇੜੇ ਮਾਰਦਾ। ਇਕ ਹਫਤੇ ਬਾਅਦ ਪ੍ਰੋਫੈਸਰ ਈਗਨ ਡਿਊਟੀ 'ਤੇ ਆ ਗਿਆ। ਮੇਰੇ ਸਰੀਰ ਵਿਚਲੇ ਜ਼ਖਮ ਅਜੀਬ ਸਨ। ਸਾਰੇ ਸਰਜਨ ਇਨ੍ਹਾਂ ਦਾ ਮੁਆਇਨਾ ਕਰਨ ਆਏ। ਬਾਈ ਦਿਨ ਹਸਪਤਾਲ 'ਚ ਰਿਹਾ। ਪੂਰਾ ਰਾਜ਼ੀ ਹੋਣ ਤੱਕ ਢਾਈ ਮਹੀਨੇ ਪੇਸ਼ਾਬ ਵਾਸਤੇ ਥੈਲੀ ਲੱਗੀ ਰਹੀ।

ਰੋਮਾਨੀਆ ਦੇ ਵਿਦੇਸ਼ ਮੰਤਰੀ ਨੇ ਗੁਲਦਸਤਾ ਅਤੇ ਸ਼ੁਭ ਕਾਮਨਾਵਾਂ ਭੇਜੀਆਂ। ਸਟੇਟ ਮੰਤਰੀ ਹਸਪਤਾਲ ਵੀ, ਘਰ ਵੀ ਖਬਰ ਵਾਸਤੇ ਆਉਂਦਾ ਰਿਹਾ। ਸਰਕਾਰੀ ਵਕੀਲ ਮੇਰੇ ਤੇ ਮੇਰੀ ਪਤਨੀ ਦੇ ਬਿਆਨ ਲੈਣ ਆਏ। ਰੋਮਾਨੀਆ ਵਿਚ ਪੁਲਿਸ ਤਫਤੀਸ਼ ਨਹੀਂ ਕਰਦੀ। ਪੁਲਿਸ ਕੇਵਲ ਗ੍ਰਿਫਤਾਰ ਕਰਦੀ ਹੈ, ਪੜਤਾਲ ਦਾ ਕੰਮ ਮਿਲਟਰੀ ਜਾਂ ਸਿਵਲ ਦੇ ਵਕੀਲ। ਮੁਕੱਦਮਾ ਖਤਮ ਹੋਇਆ। ਦੋਸ਼ੀਆਂ ਨੂੰ ਦਸ ਦਸ ਸਾਲ ਦੀ ਸਜ਼ਾ ਹੋਈ। ਉਨ੍ਹਾਂ ਨੇ ਆਪਣੇ ਕੀਤੇ ਦਾ ਇਕਬਾਲ ਕਰ ਲਿਆ ਸੀ, ਪਰ ਆਪਣੇ ਬਚਾਉ ਵਾਸਤੇ ਸਟੈਂਡ ਇਹ ਲਿਆ ਕਿ ਅਸੀਂ ਵਾਰਦਾਤ ਇਸ ਕਾਰਨ ਕੀਤੀ, ਕਿਉਂਕਿ ਰਿਬੇਰੋ ਨੇ ਪੰਜਾਬ ਪੁਲਿਸ ਚੀਫ ਹੁੰਦਿਆਂ ਵਧੀਕੀਆਂ ਕੀਤੀਆਂ ਸਨ।

**ਪੰਨਾ 381:** ਬੁਖਾਰੈਸਟ ਛੱਡਣ ਤੋ ਪਹਿਲਾਂ ਮੈਨੂੰ ਭਾਰਤ ਸਰਕਾਰ ਨੇ ਕਿਹਾ ਕਿ ਮੈਂ ਰੋਮਾਨੀਆ ਸਰਕਾਰ ਨੂੰ ਪੁੱਛਾਂ-ਕਿਤੇ ਖਾੜਕੂਆਂ ਨੂੰ ਸਮੇਂ ਤੋਂ ਪਹਿਲਾਂ ਰਿਹਾ ਤਾਂ ਨਹੀਂ ਕੀਤਾ ਜਾ ਰਿਹਾ? ਕਾਨੂੰਨ ਮੰਤਰੀ ਨੂੰ ਮਿਲ ਕੇ ਮੈਂ ਕਿਹਾ- ਇਨ੍ਹਾਂ ਮੁੰਡਿਆਂ ਖਿਲਾਫ ਮੈਨੂੰ ਕੋਈ ਨਿਜੀ ਰੰਜ਼ਿਸ਼ ਨਹੀਂ। ਅਸੀਂ ਦੋ ਪਾਸਿਆਂ ਤੋਂ ਲੜਨ ਵਾਲੇ ਯੋਧੇ ਹਾਂ। ਜੋ ਉਨ੍ਹਾਂ ਕੀਤਾ, ਕਰਨਾ ਹੀ ਸੀ। ਮੇਰੇ ਮਨ ਵਿਚ ਇਨ੍ਹਾਂ ਜੁਆਨਾਂ ਵਿਰੁਧ ਗੁੱਸਾ ਨਹੀਂ। ਮੈਂ ਉਨ੍ਹਾਂ ਨੂੰ ਮਿਲਣਾ ਚਾਹਿਆ, ਗੱਲ ਕਰਨੀ ਚਾਹੀ। ਮੰਤਰੀ ਨੇ ਕਿਹਾ- ਉਨ੍ਹਾਂ ਨੂੰ ਪੁੱਛਾਂਗੇ; ਜੇ ਹਾਂ ਕਰਨਗੇ, ਮਿਲਾ ਦਿਆਂਗੇ। ਮੇਰੇ ਕੋਲ ਕੋਈ ਸੁਨੇਹਾ ਨਹੀਂ ਆਇਆ। ਸੋ, ਮੈਂ ਸਮਝ ਗਿਆ; ਉਹ ਮੇਰੇ ਨਾਲ ਗੱਲ ਕਰਨ ਲਈ ਰਾਜ਼ੀ ਨਹੀਂ।

ਮਨੁੱਖੀ ਅਧਿਕਾਰ ਸੰਸਥਾ ਦੇ ਕਾਰਕੁਨ ਜੇਲ੍ਹ ਵਿਚ ਇਨ੍ਹਾਂ ਬੰਦੀਆਂ ਨਾਲ ਮੁਲਾਕਾਤਾਂ ਕਰ ਕੇ ਜਾਂਦੇ। ਪਤਾ ਲੱਗਾ ਕਿ ਇਨ੍ਹਾਂ ਨੂੰ ਧਾਰਮਿਕ ਕਿਤਾਬਾਂ ਦੇ ਕੇ ਗਏ ਹਨ। ਸਵਿੱਸ ਸਰਕਾਰ ਦਾ ਸੁਨੇਹਾ ਮਿਲਿਆ- ਬੱਲ ਭਰਾਵਾਂ ਵਿਰੁਧ ਮੁਕੱਦਮਾ ਜਿਉਰਿਖ ਵਿਚ ਚਲਾਉਣ ਦੀ ਬਜਾਇ ਜੇ ਪੈਸੇ ਲੈਣੇ ਨੇ ਤਾਂ ਲੈ ਲਉ। ਮੈਂ ਕੋਈ ਜਵਾਬ ਨਹੀਂ ਦਿੱਤਾ, ਹੈਰਾਨ ਜ਼ਰੂਰ ਹੋਇਆ। ਪਤਾ ਲੱਗਾ, ਇਹ ਸਵਿਸ ਕਾਨੂੰਨ ਅਨੁਸਾਰ ਹੋ ਸਕਦਾ ਹੈ। ਪੀੜਤ ਬੰਦਾ ਪੈਸੇ ਲੈ ਕੇ ਰਾਜ਼ੀਨਾਵਾਂ ਕਰ ਸਕਦਾ ਹੈ। ਰੋਮਾਨੀਆ ਸਰਕਾਰ ਸਾਜ਼ਿਸ਼ ਘੜਨ ਵਾਲਿਆਂ ਵਿਰੁਧ ਮੁਕੱਦਮਾ ਲੜਨ ਲਈ ਤਿਆਰ ਨਹੀਂ ਸੀ। ਮੈਂ ਸਰਕਾਰ ਵਿਚ ਨੁਕਸ ਨਹੀਂ ਕੱਢਦਾ, ਮੇਰੇ ਉਪਰ ਹਮਲਾ ਹੋਣ ਪਿਛੋਂ ਥੋੜ੍ਹੇ ਚਿਰ ਬਾਅਦ ਭਾਰਤ ਵਿਚ ਤਾਇਨਾਤ ਰੋਮਾਨੀਆ ਦੇ ਸਫੀਰ ਲਿਵੀਓ ਰਾਡੂ ਨੂੰ ਨਵੀਂ ਦਿੱਲੀ ਤੋਂ ਅਗਵਾ ਕਰ ਲਿਆ ਗਿਆ ਸੀ। ਸਤੰਬਰ 91 ਵਿਚ ਅਗਵਾ ਕਰ ਕੇ ਖਾੜਕੂਆਂ ਨੇ ਬੰਦੀਆਂ ਦੀ ਰਿਹਾਈ ਮੰਗੀ ਸੀ। ਤੇਈ ਦਿਨ ਜਦੋਂ ਤੱਕ ਉਸ ਨੂੰ ਛੱਡਿਆ ਨਹੀਂ ਗਿਆ, ਰੋਮਾਨੀਆ ਦੇ ਟੀ.ਵੀ. ਉਪਰ ਹਰ ਰੋਜ਼ ਰਾਡੂ ਦੀ ਖਬਰ ਨਸ਼ਰ ਹੁੰਦੀ ਰਹੀ। ਰੋਮਾਨੀਆ ਸਰਕਾਰ ਘਬਰਾ ਗਈ ਸੀ। ਰੋਮਾਨੀਆ ਸਰਕਾਰ ਖਾੜਕੂਆਂ ਨੂੰ ਰਿਹਾ ਕਰਨ ਦਾ ਮਨ ਬਣਾ ਰਹੀ ਸੀ ਤੇ ਲੰਡਨ ਵਿਚਲੇ ਮਨੁੱਖੀ ਅਧਿਕਾਰ ਸੰਗਠਨ ਨਾਲ ਨਿਰੰਤਰ ਰਾਬਤਾ ਸੀ।

ਖੁਸ਼ਕਿਸਮਤੀ ਸਦਕਾ ਯੂਰਪ ਦੀਆਂ ਸਭ ਸਰਕਾਰਾਂ ਨੇ ਰੋਮਾਨੀਆ ਨੂੰ ਸਖਤ ਸਟੈਂਡ ਲੈਣ ਲਈ ਕਿਹਾ। ਏਧਰ ਭਾਰਤ ਸਰਕਾਰ ਨੇ ਅਗਵਾਕਾਰ ਗਰੁਪ ਨੂੰ ਖਤਮ ਕਰਨ ਵਾਸਤੇ ਪੂਰੀ ਤਾਕਤ ਝੋਕ ਦਿੱਤੀ। ਇਸ ਸਿਲਸਿਲੇ ਦੌਰਾਨ ਰਾਡੂ ਅਗਵਾਕਾਰ ਗਰੁਪ ਦਾ ਸਫਾਇਆ ਹੋ ਗਿਆ। ਬਾਕੀ ਗਰੁੱਪਾਂ ਦਾ ਵੀ ਨੁਕਸਾਨ ਹੋਇਆ। ਖਾੜਕੂਆਂ ਵਲੋਂ ਰਾਡੂ ਨੂੰ ਅਗਵਾ ਕੀਤੇ ਜਾਣ ਮਗਰੋਂ ਪੱਛਮੀ ਦੇਸ਼ਾਂ ਦੀ ਖਾਲਿਸਤਾਨੀਆਂ ਨਾਲੋਂ ਹਮਦਰਦੀ ਜਾਂਦੀ ਰਹੀ ਜੋ ਖਾੜਕੂਆਂ ਲਈ ਵੱਡਾ ਘਾਟਾ ਸੀ। ਜਿਸ ਦੇਸ਼ ਦਾ ਹਿੰਦੁਸਤਾਨ ਜਾਂ ਖਾਲਿਸਤਾਨ ਟੱਕਰ ਦੌਰਾਨ ਕਿਸੇ ਧਿਰ ਨਾਲ ਕੋਈ ਲੈਣ ਦੇਣ ਨਹੀਂ, ਉਸ ਦੇਸ਼ ਦਾ ਮਾਸੂਮ ਬੰਦਾ ਅਗਵਾ ਕਰਨਾ ਕਿਸੇ ਨੂੰ ਪਸੰਦ ਨਹੀਂ ਆਇਆ।

ਗ੍ਰਹਿ ਮੰਤਰੀ ਰਾਜੇਸ਼ ਪਾਇਲਟ ਨੂੰ ਪਤਾ ਲੱਗਾ, ਮੈਂ ਦਿੱਲੀ ਆਇਆ ਹੋਇਆ ਹਾਂ। ਉਸ ਨੇ ਘਰ ਸੱਦ ਕੇ ਪੁੱਛਿਆ- ਮਨੀਪੁਰ ਦਾ ਗਵਰਨਰ ਲੱਗਣੈਂ? ਜੇ ਮੈਂ ਮਨੀਪੁਰ ਜਾਣਾ ਮੰਨ ਜਾਵਾਂ, ਪ੍ਰਧਾਨ ਮੰਤਰੀ ਨੇ ਮਨ ਬਣਾ ਲਿਐ ਕਿ ਮੇਰੀ ਥਾਂ ਰੋਮਾਨੀਆ ਆਪ੍ਰੇਸ਼ਨ ਬਲੂਸਟਾਰ ਦੇ ਹੀਰੋ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬੁਲਬੁਲ ਬਰਾੜ ਨੂੰ ਭੇਜ ਦਿਆਂਗੇ। ਮੈਂ ਰਾਜੇਸ਼ ਨੂੰ ਕਿਹਾ ਕਿ ਦਸੰਬਰ ਵਿਚ ਮੇਰਾ ਰੋਮਾਨੀਆ ਦਾ ਕਾਰਜਕਾਲ ਖਤਮ ਹੋ ਜਾਏਗਾ, ਉਸ ਪਿੱਛੋਂ ਗੱਲ ਕਰਾਂਗੇ। ਕੋਈ ਗੱਲ ਨਹੀਂ ਹੋਈ ਤੇ ਮੈਂ ਭੁੱਲ ਭੁਲਾ ਗਿਆ।

**ਪੰਨਾ 384:** ਮੇਰਾ ਤੀਜਾ ਸਾਲ ਖਤਮ ਹੋਣ ਵਾਲਾ ਸੀ। ਵਿਦੇਸ਼ ਸਕੱਤਰ ਬੁਖਾਰੈਸਟ ਆਇਆ। ਉਸ ਨੇ ਪੁੱਛਿਆ ਕਿ ਇਕ ਸਾਲ ਹੋਰ ਚਾਹੀਦੈ? ਮੈਂ ਸਮਝ ਗਿਆ ਕਿ ਸਰਕਾਰ ਮੈਨੂੰ ਮਨੀਪੁਰ ਦਾ ਗਵਰਨਰ ਨਹੀਂ ਲਾਏਗੀ, ਨਾ ਕੋਈ ਹੋਰ ਆਫਿਸ ਮਿਲੇਗਾ। ਸੋ ਮੈਂ 'ਹਾਂ' ਕਰ ਦਿੱਤੀ। ਚੌਥਾ ਸਾਲ ਬੀਤਣ ਵਾਲਾ ਸੀ, ਮੈਂ ਵਿਦੇਸ਼ ਸਕੱਤਰ ਨੂੰ ਪੱਤਰ ਲਿਖਿਆ ਕਿ ਹੁਣ ਰੋਮਾਨੀਆ ਵਿਚ ਹੋਰ ਸਮਾਂ ਨਹੀਂ ਰਹਾਂਗਾ। ਮੇਰਾ ਕਾਰਜਕਾਲ ਪੂਰਾ ਹੋਣ ਤੋਂ ਇਕ ਮਹੀਨਾ ਪਹਿਲਾਂ ਮੇਰੇ ਉਤਰਾਧਿਕਾਰੀ ਦੀ ਚੋਣ ਹੋ ਗਈ। ਉਹ ਤੁਰੰਤ ਜਾਇਨ ਨਹੀਂ ਕਰ ਸਕਦਾ ਸੀ, ਇਸ ਕਰ ਕੇ ਮੈਂ ਸੀਨੀਅਰ ਸਕੱਤਰ ਨੂੰ ਚਾਰਜ ਦੇ ਕੇ ਦਿੱਲੀ ਵਾਪਸ ਆ ਗਿਆ।

ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਮਿਲਿਆ। ਉਸ ਨੇ ਪੁੱਛਿਆ- ਤੁਹਾਡੀ ਕਿੰਨੀ ਉਮਰ ਹੈ? ਮੈਂ ਦੱਸਿਆ 64 ਸਾਲ। ਉਸ ਨੇ ਕਿਹਾ- ਅਜੇ ਪੰਜ ਸਾਲ ਹੋਰ ਕੰਮ ਕਰ ਸਕਦੇ ਹੋ। ਮੈਂ ਕਿਹਾ- ਪੰਜ ਕਿਉਂ, ਵਧੀਕ ਸਮਾਂ ਕੰਮ ਕਰ ਸਕਦਾ ਹਾਂ। ਸਰਕਾਰ ਦਾ ਨਾ ਸਹੀ, ਆਪਣਾ ਸਹੀ। ਪ੍ਰਧਾਨ ਮੰਤਰੀ ਨੇ ਕਿਹਾ- ਮੇਰੇ ਵਲੋਂ ਕੋਈ ਖਬਰ ਮਿਲੇਗੀ। ਦਿੱਲੀਓਂ ਤੁਰਨ ਲੱਗਿਆਂ ਮੈਂ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਏ.ਐਨ. ਵਰਮਾ ਨੂੰ ਮਿਲ ਕੇ ਦੱਸ ਆਇਆ ਸਾਂ ਜੋ ਗੱਲਬਾਤ ਸਾਡੀ ਹੋਈ ਸੀ। ਉਸ ਨੂੰ ਇਹ ਵੀ ਕਿਹਾ ਕਿ ਮੈਂ ਤਿੰਨ ਮਹੀਨੇ ਉਡੀਕਾਂਗਾ, ਯਾਨਿ ਮਾਰਚ ਦੇ ਅੰਤ ਤੱਕ। ਪ੍ਰਧਾਨ ਮੰਤਰੀ ਦਾ ਸੁਭਾਅ ਥਿਰ ਨਾ ਹੋਣ ਕਾਰਨ ਵਾਧੂ ਸਮੇਂ ਤੱਕ ਉਡੀਕ ਠੀਕ ਨਹੀਂ ਸੀ। ਜਿਵੇਂ ਲਗਦਾ ਹੀ ਸੀ, ਮੈਨੂੰ ਕੋਈ ਖਬਰ ਨਹੀਂ ਮਿਲੀ ਤੇ ਮੈਂ ਆਪਣੇ ਨਿੱਜੀ ਕੰਮ-ਕਾਰ ਵਿਚ ਰੁੱਝ ਗਿਆ। ਕਿਸੇ ਨਿੱਜੀ ਕੰਮ ਦਿੱਲੀ ਆਇਆ ਤਾਂ ਕੇਂਦਰੀ ਗ੍ਰਹਿ ਸਕੱਤਰ ਪਦਮਾਨਭੱਈਆ ਨੂੰ ਮਿਲਿਆ। ਉਸ ਨੇ ਮੇਰੇ ਕੰਨੀ ਜੰਮੂ ਕਸ਼ਮੀਰ ਦੀ ਗਵਰਨਰੀ ਦੀ ਖਬਰ ਪਾਈ। ਬੰਬਈ ਆ ਕੇ ਗੱਲ ਫੇਰ ਆਈ ਗਈ ਹੋ ਗਈ।

***(ਸਮਾਪਤ)***

## ਕਾਵਿ-ਜਗਤ

### ਮਾਂ ਨੂੰ ਯਾਦ ਕਰਦਿਆਂ

ਸਾਰੇ ਜੱਗ ਤੋਂ ਪਿਆਰੀ,
ਮੇਰੀ ਮਾਂ ਤੁਰ ਗਈ।
ਉਹਨੂੰ ਰੱਬ ਤੋਂ ਵਧਾਇਆ,
ਖੌਰੇ ਤਾਂ ਤੁਰ ਗਈ।

ਜਿਸ ਮਾਂ ਨੇ ਸੀ ਸਦਾ ਮੈਨੂੰ
ਫੁਲਾਂ 'ਤੇ ਬਿਠਾਇਆ।
ਉਹਨੂੰ ਅੱਖੀਆਂ ਦੇ ਸਾਹਵੇਂ
ਮੈਂ ਤਾਂ ਅੱਗ 'ਤੇ ਲਿਟਾਇਆ।
ਜੇਰਾ ਪੱਥਰ ਦਾ ਕੀਤਾ
ਘੁੱਟ ਸਬਰ ਦਾ ਪੀਤਾ।
ਤਨੋਂ ਲੱਗਦਾ ਏ ਜਿੱਦਾਂ
ਮੇਰੀ ਜਾਂ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

ਜਿਹੜੇ ਲਾਡਾਂ ਨਾਲ ਉਹਨੇ
ਮੈਨੂੰ ਜੱਗ ਸੀ ਦਿਖਾਇਆ।
ਮੂਲ ਇੱਕ ਪਾਸੇ
ਮੈਥੋਂ ਗਿਆ ਸੂਦ ਨਾਂ ਚੁਕਾਇਆ।
ਬੰਦਾ ਚਾਹਵੇ ਕੁਝ ਹੋਰ
ਅਤੇ ਪਾਵੇ ਕੁਝ ਹੋਰ।
ਰੱਬੀ ਰੀਤ ਨੂੰ ਨਿਭਾ ਕੇ
ਉਹ ਅਗਾਂਹ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

ਸੇਵਾ ਮਾਂ ਦੀ ਤਾਂ ਹੁੰਦੀ
ਕਹਿੰਦੇ ਰੱਬ ਦੀ ਹੀ ਪੂਜਾ।
ਐਸੀ ਪੂਜਾ ਵਾਲਾ ਇੱਥੇ
ਮੌਕਾ ਮਿਲਦਾ ਨਾ ਦੂਜਾ।
ਪੂਜਾ ਅਜੇ ਸੀ ਅਧੂਰੀ
ਰੱਬ ਪਾ ਦਿੱਤੀ ਦੂਰੀ।
ਮੇਰੀ ਪੂਜਾ ਵਾਲੀ ਸੱਧਰ
ਜਵਾਂ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

ਭਾਵੇਂ ਹੱਥੀਂ ਹੀ ਕਿਓਟੇ
ਵਿਸ਼ਵਾਸ ਨਹੀਓਂ ਆਂਦਾ।
ਬੰਦਾ ਮਾਂ ਦੀ ਆਵਾਜ਼ ਦਾ
ਭੁਲੇਖਾ ਰਹਿੰਦਾ ਖਾਂਦਾ।
ਕੋਈ ਆਖੇ ਜਦੋਂ ਪੁੱਤ
ਉਹ ਤਾਂ ਕੰਨ ਲੈਂਦਾ ਚੁੱਕ।
ਆਸੇ ਪਾਸੇ ਹੀ ਉਹ ਜਾਪੇ
ਜਿਹੜੇ ਥਾਂ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

ਜਦੋਂ ਮਾਂ ਦੀਆਂ ਯਾਦਾਂ ਨੂੰ
ਮੈਂ ਅੱਖਾਂ 'ਚੋਂ ਘੁਮਾਵਾਂ।
ਹੜ੍ਹ ਜਜ਼ਬਾਤ ਵਾਲਾ
ਫਿਰ ਰੋਕ ਨਾ ਮੈਂ ਪਾਵਾਂ।
ਜਦੋਂ ਪਾਣੀ ਛੱਲਾਂ ਮਾਰੇ
ਸਾਰੇ ਟੁੱਟਦੇ ਕਿਨਾਰੇ।
ਆਪ ਧੁੱਪ ਸਹਿੰਦੀ
ਸਾਨੂੰ ਦੇਂਦੀ ਛਾਂ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

ਕੋਈ ਮਾਂ ਦੇ ਪਿਆਰ ਵਾਲੀ
ਗੱਲ ਜੇ ਸਣਾਉਂਦਾ।
ਲੱਖ ਕਾਬੂ ਪਾ ਕੇ ਰੱਖਾਂ
ਤਾਂ ਭੀ ਚਿੱਤ ਭਰ ਆਉਂਦਾ।
ਮਾਂ ਪੁੱਤ ਦਾ ਪਿਆਰ
ਕਿੰਜ ਦੇਵੇ ਉਹ ਵਿਸਾਰ।
ਜਿਹਦੀ ਹਾਂ 'ਚ ਮਿਲਾਣ ਵਾਲੀ
ਹਾਂ ਤੁਰ ਗਈ।
ਸਾਰੇ ਜੱਗ ਤੋਂ ਪਿਆਰੀ
ਮੇਰੀ ਮਾਂ ਤੁਰ ਗਈ।

***-ਡਾ. ਗੁਰਮੀਤ ਸਿੰਘ ਬਰਸਾਲ***
***ਕੈਲੀਫੋਰਨੀਆ।***

---

### ਇਹ ਦੁੱਖ ਦੱਸੋ ਕਿੰਜ ਜਰਾਂ?

ਮਾਂ ਸੀ ਮੇਰੀ, ਅਨਪੜ੍ਹ ਮਾਂ!
ਭੋਲ਼ੀ-ਭਾਲ਼ੀ ਰੱਬ ਦਾ ਨਾਂ!
ਚੇਤੇ ਕਰਦੈ, ਕੁੱਲ ਗਰਾਂ।

ਤੜਕੇ ਉਠ ਕੇ, ਚੱਕੀ ਝੋਵੇ।
ਮਿੱਠਾ ਜਿਹਾ ਗੀਤ ਕੋਈ ਛੋਵ੍ਹੇ।
ਕੰਮ ਕਰੇਂਦੀ ਥੱਕਦੀ ਨਾ।

ਲਾਡ ਲਡਾਵੇ, ਚੁੱਕ ਘਨੇੜੇ।
ਖਾਣ ਨੂੰ ਦੇਂਦੀ ਮੱਖਣ-ਪੇੜੇ।
ਕੀ-ਕੀ ਓਦ੍ਹੀ ਸਿਫ਼ਤ ਕਰਾਂ।

ਨਿੱਤ ਦਿਹਾੜੇ ਚਰਖਾ ਡਾਹਵੇ।
ਧੀਆਂ ਦੇ ਲਈ ਦਾਜ ਬਣਾਵੇ।
ਦਿਲ 'ਚ ਧਾਰੀ ਜੋ ਸੱਧਰਾਂ।

ਸਾਰੇ ਉਸ ਨੇ ਫ਼ਰਜ਼ ਨਿਭਾਏ।
ਦੋਹਤੇ-ਪੋਤੇ, ਖ਼ੂਬ ਖਿਡਾਏ।
ਸੀਸਾਂ ਦੇਂਦੀ ਥੱਕਦੀ ਨਾ।

ਮਾਂ ਦਾ ਕਰਜ਼ਾ ਕੌਣ ਚੁਕਾਵੇ?
ਮਾਂ ਜਿਹਾ ਨਾ ਕੋਈ ਥਿਆਵੇ।
ਮਾਣੀ ਜਿਸ ਦੀ ਠੰਡੀ ਛਾਂ।

ਆਖਿਆ ਸਭਨਾਂ, ਸਾਧੂ-ਸੰਤਾਂ।
ਲਿਖਿਆ ਹੋਇਐ ਵਿਚ ਗ੍ਰੰਥਾਂ।
ਸਭ ਤੋਂ ਉਚੀ ਮਾਂ ਦੀ ਥਾਂ।

ਰੋਂਦੀ ਛੱਡ ਕੇ ਆ ਗਿਆ ਮਾਂ ਨੂੰ,
ਗ਼ਮ ਦਾ ਗੋਲ਼ਾ ਖਾ ਗਿਆ ਮਾਂ ਨੂੰ,
ਅੱਜ ਪਿਆ ਪਛਤਾਉਂਦਾ ਹਾਂ।

ਖਰਦੀ ਫਿਰ ਸੀ ਖਰ ਗਈ ਮਾਂ,
ਚੇਤੇ ਕਰਦੀ, ਮਰ ਗਈ ਮਾਂ,
ਇਹ ਦੁੱਖ ਦੱਸੋ ਕਿੰਜ ਜਰਾਂ?

***-ਰਾਠੇਸ਼ਵਰ ਸਿੰਘ ਸੂਰਾਪੁਰੀ***
***ਫੋਨ: 916-969-9337***

---

### ਵਿਛੜੀਆਂ ਰੂਹਾਂ

ਵਿਛੜੀਆਂ ਰੂਹਾਂ ਚੇਤੇ ਜਦ ਆਉਂਦੀਆਂ।
ਅੱਖੀਆਂ ਵੀ ਕਈ ਵਾਰੀ
ਅੱਥਰੂ ਵਹਾਉਂਦੀਆਂ।

ਸਾਥੀ ਬਣ ਜਾਂਦੀਆਂ ਸੀ,
ਸਾਥੀਆਂ ਨਾ' ਗੱਲਾਂ,
ਫਿਰਦੀ ਸ਼ਰਾਬ ਵਿਚ,
ਮਾਰਦੀ ਸੀ ਛੱਲਾਂ।
ਹੱਥਾਂ 'ਚੋਂ ਗਲਾਸੀਆਂ ਸੀ
ਜਦੋਂ ਟਕਰਾਉਂਦੀਆਂ।
ਵਿਛੜੀਆਂ ਰੂਹਾਂ ਚੇਤੇ ਜਦ ਆਉਂਦੀਆਂ।

ਬੋਹੜ ਵਾਂਗੂ ਜਿਨ੍ਹਾਂ ਜਿਨ੍ਹਾਂ
ਕਰੀਆਂ ਸੀ ਛਾਂਵਾਂ,
ਕੱਲ੍ਹ ਓਹੋ ਕਿੰਨੀਆਂ ਦਾ
ਜੋੜ ਕਰੀ ਜਾਵਾਂ।
ਪਾਣੀ 'ਤੇ ਲਕੀਰਾਂ
ਸੋਚਾਂ ਰਹਿਣ ਨਾ ਜਿਉਂਦੀਆਂ।
ਵਿਛੜੀਆਂ ਰੂਹਾਂ, ਚੇਤੇ ਜਦ ਆਉਂਦੀਆਂ।

ਆਖ ਕੇ ਨਿਆਣੇ ਪਾਪਾ,
ਮਾਰ ਰਹੇ ਆ ਹਾਕਾਂ,
ਕੀਤੇ ਕਲਮ ਤੇ ਘਰੇ ਆਈਆਂ
ਸਿਰਾਂ ਬਿਨ ਲਾਸ਼ਾਂ।
ਬੀਵੀਆਂ ਤੇ ਮਾਂਵਾਂ ਪਿੱਛੇ,
ਭੈਣਾਂ ਕੁਰਲਾਉਂਦੀਆਂ।
ਵਿਛੜੀਆਂ ਰੂਹਾਂ ਚੇਤੇ ਜਦ ਆਉਂਦੀਆਂ।

ਹੁਣ ਚੀਮਨੇ ਦਿਆ ਕਿਉਂ ਮਿੱਟੀ,
ਪੈਰਾਂ ਨਾ' ਖਰੋਚੇਂ,
'ਰਾਜ' ਆਉਣੇ ਨ੍ਹਈਂ ਬਿੱਟੂ ਹੁਣੀਂ,
ਜਿਨ੍ਹਾਂ ਬਾਰੇ ਸੋਚੇਂ।
ਯਾਦਾਂ ਵੀ ਕਮਾਈਆਂ ਵਾਂਗੂੰ
ਰਹਿਣ ਝਟਕਾਉਂਦੀਆ।
ਵਿਛੜੀਆਂ ਰੂਹਾਂ ਚੇਤੇ ਜਦ ਆਉਂਦੀਆਂ।

***-ਰਾਜ ਧਾਲੀਵਾਲ***

*Visit us on the web:*
***punjabtimesusa.com***

# ਭਾਰਤ ਦਾ ਆਜ਼ਾਦੀ ਸੰਗਰਾਮ ਅਤੇ ਗਦਰ ਪਾਰਟੀ ਦਾ ਸਾਹਿਤ

***ਡਾ. ਵੇਦ ਪ੍ਰਕਾਸ਼ ਵਟੁਕ 13 ਅਪਰੈਲ 1932 ਨੂੰ ਫਜ਼ਲਪੁਰ (ਸੁੰਦਰ ਨਗਰ) ਮੇਰਠ (ਯੂ.ਪੀ.) ਵਿਚ ਦੇਸ਼ ਭਗਤ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਪਹਿਲਾਂ ਆਗਰਾ ਅਤੇ ਫਿਰ ਹਾਰਵਰਡ ਯੂਨੀਵਰਸਿਟੀ ਤੋਂ ਤਾਲੀਮ ਲਈ। ਪੀਐਚ.ਡੀ. ਉਨ੍ਹਾਂ ਲੰਦਨ ਸਕੂਲ ਆਫ਼ ਓਰੀਐਂਟਲ ਐਂਡ ਅਫਰੀਕਨ ਸਟਡੀਜ਼ ਤੋਂ ਕੀਤੀ। ਉਨ੍ਹਾਂ ਅਮਰੀਕਾ ਦੀ ਕੋਲੋਰਾਡੋ, ਸ਼ਿਕਾਗੋ, ਬਰਕਲੇ (ਕੈਲੀਫੋਰਨੀਆ) ਯੂਨੀਵਰਸਿਟੀ ਵਿਚ ਢਾਈ ਦਹਾਕੇ ਪੜ੍ਹਾਇਆ ਤੇ ਇਥੋਂ ਹੀ ਉਹ ਰਿਟਾਇਰ ਹੋਏ। ਉਨ੍ਹਾਂ ਕੈਲੀਫੋਰਨੀਆ ਰਹਿੰਦਿਆਂ ਗ਼ਦਰ ਪਾਰਟੀ 'ਤੇ ਖੋਜ ਭਰਪੂਰ ਕੰਮ ਕੀਤਾ। ਉਨ੍ਹਾਂ ਗ਼ਦਰ ਪਾਰਟੀ ਦੇ ਹਫਤਾਵਾਰੀ ਪੰਜਾਬੀ ਅਖ਼ਬਾਰ 'ਗਦਰ' ਜੋ 1913-14 ਵਿਚ ਸਾਨ ਫਰਾਂਸਿਸਕੋ ਤੋਂ ਕੱਢਿਆ ਗਿਆ ਸੀ ਤੇ ਜਿਸ ਦੇ ਐਡੀਟਰ ਲਾਲਾ ਹਰਦਿਆਲ ਸਨ, ਸਕੈਨ ਕਰ ਕੇ ਕਿਤਾਬ ਦੇ ਰੂਪ ਵਿਚ ਤਿਆਰ ਕਰ ਦਿੱਤਾ ਹੈ ਤਾਂ ਕਿ ਲੋਕ ਅਸਲੀ ਤੇ ਇਤਿਹਾਸਕ ਦਸਤਾਵੇਜ਼ ਪੜ੍ਹ ਸਕਣ। ਇਸ ਕਿਤਾਬ ਵਿਚ ਉਨ੍ਹਾਂ ਭੂਮਿਕਾ ਵਜੋਂ ਲੰਮਾ ਲੇਖ ਲਿਖਿਆ ਜੋ ਗ਼ਦਰ ਸ਼ਤਾਬਦੀ ਮੌਕੇ ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ, ਫੋਨ: 661-331-5651) ਦੇ ਉਦਮ ਨਾਲ ਛਾਪਿਆ ਜਾ ਰਿਹਾ ਹੈ। ਇਸ ਵਿਚ ਗਦਰ ਦੇ ਪਿਛੋਕੜ ਬਾਰੇ ਭਰਪੂਰ ਵੇਰਵੇ ਹਨ।***

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਗਦਰ ਪਾਰਟੀ ਦੀ ਭੂਮਿਕਾ ਇਤਿਹਾਸ ਦਾ ਸੁਨਹਿਰੀ ਹਿੱਸਾ ਹੈ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਕੁਝ ਹਜ਼ਾਰ ਭਾਰਤੀ, ਬਹੁਤੇ ਪੰਜਾਬੀ ਤੇ ਉਨ੍ਹਾਂ ਵਿਚੋਂ ਵੀ 90 ਫੀਸਦੀ ਸਿੱਖ, ਅਮਰੀਕਾ ਅਤੇ ਕੈਨੇਡਾ ਗਏ ਸਨ। ਬਹੁਤੀ ਗਿਣਤੀ ਪੰਜਾਬੀ ਕਿਸਾਨਾਂ ਤੇ ਮਜ਼ਦੂਰਾਂ ਦੀ ਸੀ। ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਤੋਂ ਕੈਨੇਡਾ ਅਤੇ ਅਮਰੀਕਾ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਜ਼ਮੀਨਾਂ ਬਾਰੇ ਸੁਣਿਆ ਹੋਇਆ ਸੀ ਅਤੇ ਉਥੇ ਮਜ਼ਦੂਰੀ ਵੀ ਭਾਰਤ ਦੀ ਨਿਸਬਤ ਕਿਤੇ ਵੱਧ



**ਡਾ. ਵੇਦ ਪ੍ਰਕਾਸ਼ ਵਟੁਕ**
ਡਾਇਰੈਕਟਰ, ਫੋਕਲੋਰ ਇੰਸਟੀਚਿਊਟ
ਬਰਕਲੇ, ਕੈਲੀਫੋਰਨੀਆ

ਸੀ। ਇਹ ਉਹ ਸਮਾਂ ਸੀ ਜਦੋਂ ਬਰਤਾਨਵੀ ਸਾਮਰਾਜ ਦੀਆਂ ਗਲਤ ਨੀਤੀਆਂ ਕਾਰਨ ਭਾਰਤ ਦੀ ਆਰਥਿਕ ਹਾਲਤ ਬਹੁਤ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕੀ ਸੀ। ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਜਾ ਰਹੇ ਸਨ। ਘਰੇਲੂ ਉਦਯੋਗ ਤੇ ਹੋਰ ਛੋਟੇ-ਮੋਟੇ ਧੰਦੇ ਬੰਦ ਹੋ ਚੁੱਕੇ ਸਨ। ਪਲੇਗ, ਹੈਜ਼ਾ ਵਰਗੀਆਂ ਮਾਰੂ ਬਿਮਾਰੀਆਂ ਅਤੇ ਭਿਆਨਕ ਕਾਲ ਪੈ ਜਾਣ ਕਰ ਕੇ ਆਬਾਦੀ ਦਾ ਬਹੁਤ ਵੱਡਾ ਹਿੱਸਾ ਮੌਤ ਦੇ ਮੂੰਹ ਵਿਚ ਚਲਾ ਗਿਆ ਸੀ। 1891 ਤੋਂ 1901 ਈਸਵੀ ਤੱਕ ਭਾਰਤੀ ਆਬਾਦੀ ਕਈ ਫੀਸਦੀ ਘਟ ਗਈ ਸੀ। ਨੌਜਵਾਨਾਂ ਲਈ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਦੋ ਹੀ ਸਾਧਨ ਰਹਿ ਗਏ ਸਨ। ਫੌਜ ਦੀ ਨੌਕਰੀ ਜਾਂ ਫਿਰ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨਾ। ਲੱਖਾਂ ਪੰਜਾਬੀ ਨੌਜਵਾਨ ਫੌਜ ਵਿਚ ਭਰਤੀ ਹੋ ਗਏ। ਹਜ਼ਾਰਾਂ ਦੱਖਣੀ ਪੂਰਬੀ ਏਸ਼ੀਆ ਵਿਚ ਜਾ ਕੇ ਸਿਪਾਹੀਪੁਣਾ ਤੇ ਚੌਕੀਦਾਰੀ ਕਰਨ ਲੱਗੇ। ਕੈਨੇਡਾ ਅਤੇ ਅਮਰੀਕਾ ਦੀ ਚਮਕ-ਦਮਕ ਦੀਆਂ ਕਹਾਣੀਆਂ ਨੇ ਉਨ੍ਹਾਂ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕੀਤਾ। ਉਹ ਗਰੀਬੀ ਦੀ ਦਲ-ਦਲ ਵਿਚ ਫਸੇ ਨਰਕੀ ਜੀਵਨ ਨੂੰ ਸਵਰਗ ਬਣਾਉਣ ਲਈ ਆਪਣੇ ਘਰ-ਘਾਟ, ਜ਼ਮੀਨ-ਜਾਇਦਾਦ ਗਹਿਣੇ ਪਾ ਜਾਂ ਵੇਚ-ਵੱਟ ਕੇ ਜਾਂ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਕੈਨੇਡਾ ਅਮਰੀਕਾ ਦੇ ਪੱਛਮੀ ਸਾਹਿਲ ਦੀਆਂ ਬੰਦਰਗਾਹਾਂ 'ਤੇ ਜਾ ਉਤਰਦੇ। ਉਨ੍ਹਾਂ ਦੇ ਮੋਢਿਆਂ 'ਤੇ ਲਟਕਦੀ ਛੋਟੀ ਜਿਹੀ ਪੋਟਲੀ, ਹੱਥ ਵਿਚ ਲੋਹੇ ਦਾ ਟਰੰਕ ਅਤੇ ਮਨਾਂ ਵਿਚ ਹੁੰਦਾ ਸੀ ਸੁਨਹਿਰੀ ਭਵਿੱਖ ਦਾ ਸੁਪਨਾ। ਇਸ ਤਰ੍ਹਾਂ ਦੋ ਮਹੀਨੇ ਦੀ ਯਾਤਰਾ ਬਾਅਦ ਉਹ ਅਜਨਬੀ ਧਰਤੀ 'ਤੇ ਪੈਰ ਰੱਖਦੇ।

ਪਰਾਈ ਧਰਤੀ ਉਨ੍ਹਾਂ ਦੀ ਆਮਦ 'ਤੇ ਓਨੀ ਖੁਸ਼ੀ ਨਹੀਂ ਸੀ ਜਿੰਨਾ ਉਹ ਉਸ ਧਰਤੀ ਨੂੰ ਪਾਉਣ ਲਈ ਕਾਹਲੇ ਸਨ। ਅਮਰੀਕਾ ਦੇ ਪੂਰਬੀ ਕੰਢੇ 'ਤੇ ਆਜ਼ਾਦੀ ਦੀ ਮਸ਼ਾਲ ਹੱਥ ਵਿਚ ਫੜੀ 'ਆਜ਼ਾਦੀ ਦੀ ਦੇਵੀ' ਦਾ ਬੁੱਤ ਹੈ। ਚੀਨੀ ਦੇਸ਼ ਨਿਕਾਲਾ ਕਾਨੂੰਨ ਪਾਸ ਕਰਨ ਤੋਂ ਚਾਰ ਵਰ੍ਹੇ ਮਗਰੋਂ ਹੀ ਅਮਰੀਕੀ ਸਰਕਾਰ ਨੇ ਇਸ ਬੁੱਤ ਦੀ ਨਕਾਬ-ਕਸ਼ੀ ਕੀਤੀ ਸੀ ਜਿਸ 'ਤੇ ਅੰਗਰੇਜ਼ੀ ਵਿਚ ਇਹ ਸ਼ਬਦ ਲਿਖੇ ਹੋਏ ਹਨ,

ਮੈਨੂੰ ਸੌਂਪ ਦਿਓ
ਆਪਣੇ ਥੱਕੇ ਹਾਰੇ ਗਰੀਬ ਜਨਸਮੂਹ
ਜਿਨ੍ਹਾਂ ਦੇ ਮਨਾਂ ਵਿਚ
ਆਜ਼ਾਦੀ ਨਾਲ ਸਾਹ ਲੈਣ ਦੀ ਤਾਂਘ ਹੈ।
ਆਪਣੇ ਖੌਲਦੇ ਤੂਫਾਨ ਦੀ ਝੱਗ ਵਾਂਗ।
ਮੇਰੇ ਕੋਲ ਭੇਜ ਦਿਓ
ਉਹ ਬੇਘਰੇ ਘਬਰਾਏ (ਭੌਂਚਲੇ) ਹਜ਼ਾਰਾਂ ਲੋਕ।
ਮੈਂ ਸੋਨੇ ਦੇ ਦੁਆਰ ਕੋਲ,
ਉਨ੍ਹਾਂ ਦੀ ਉਡੀਕ ਵਿਚ ਮਸ਼ਾਲ ਲਈ ਖੜ੍ਹੀ ਹਾਂ।

ਪਰ, ਅਮਰੀਕਾ ਦੇ ਹੱਥ ਉਨ੍ਹਾਂ ਲੋਕਾਂ ਦੇ ਸਵਾਗਤ ਲਈ ਨਾ ਉਠ ਸਕੇ ਜੋ ਯੂਰਪੀ ਗੋਰੇ ਨਹੀਂ ਸਨ। ਜਿੰਨੀ ਵਿਸ਼ਾਲ ਭੂਮੀ ਸੀ, ਉਨੇ ਹੀ ਉਸ 'ਤੇ ਅਧਿਕਾਰ ਜਮਾਉਣ ਵਾਲੇ ਗੋਰੇ ਲੋਕ ਤੰਗਦਿਲ ਸਨ। ਉਨ੍ਹਾਂ ਨੂੰ 300 ਸਾਲ ਤੋਂ ਗੁਲਾਮ ਬਣਾ ਕੇ ਲਿਆਂਦੇ ਕਾਲੇ ਅਫਰੀਕਨ ਲੋਕ ਪੂਰਨ ਨਾਗਰਿਕ ਰੂਪ ਵਿਚ ਮਨਜ਼ੂਰ ਨਹੀਂ ਸਨ ਤੇ ਨਾ ਹੀ 19ਵੀਂ ਸਦੀ ਦੇ 5ਵੇਂ ਦਹਾਕੇ ਵਿਚ ਆਏ ਚੀਨੀ ਮੂਲ ਦੇ ਲੋਕ। ਜੋ ਉਸ ਧਰਤੀ ਦੇ ਮੂਲ ਨਿਵਾਸੀ ਸਨ, ਉਨ੍ਹਾਂ ਦੀ ਗੋਰਿਆਂ ਦੇ ਸਮਾਜ ਵਿਚ ਕੋਈ ਥਾਂ ਹੀ ਨਹੀਂ ਸੀ। ਬੱਸ ਉਹ ਇਕ ਸੀਮਤ ਖੇਤਰ ਵਿਚ ਕੈਦ ਹੋ ਕੇ ਰਹਿ ਗਏ ਜੋ ਉਨ੍ਹਾਂ ਲਈ ਰਾਖਵਾਂ ਕਰ ਦਿੱਤਾ ਗਿਆ ਸੀ।

ਜਿਉਂ-ਜਿਉਂ ਭਾਰਤੀਆਂ ਦੇ ਦਲ ਆਉਂਦੇ ਗਏ, ਤਿਉਂ-ਤਿਉਂ ਉਨ੍ਹਾਂ ਦੇ ਵਿਰੋਧ ਵਿਚ ਆਵਾਜ਼ ਵੀ ਉਚੀ ਹੁੰਦੀ ਗਈ। 1910 ਤੱਕ ਦਸ ਹਜ਼ਾਰ ਭਾਰਤੀਆਂ ਦੀ ਆਮਦ ਨੂੰ 'ਹਿੰਦੂ' ਹਮਲਾ ਐਲਾਨ ਕੀਤਾ ਗਿਆ। ਉਨ੍ਹਾਂ ਨੂੰ ਗੰਦੇ, ਜਾਹਲ ਅਤੇ ਘਟੀਆ ਦਰਜੇ ਦੇ ਲੋਕ ਦੱਸਿਆ ਗਿਆ। ਗੋਰਿਆਂ ਦੀਆਂ ਕਈ ਸੰਸਥਾਵਾਂ ਅਤੇ ਸਮਾਚਾਰ ਪੱਤਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹੋ ਜਿਹੇ ਅਸੱਭਿਅਕ ਲੋਕ ਕਦੀ ਪੱਛਮੀ ਦੁਨੀਆਂ ਦਾ ਅੰਗ ਨਹੀਂ ਬਣ ਸਕਦੇ। ਗੋਰੇ ਮਜ਼ਦੂਰਾਂ ਨੇ ਵੀ ਭਾਰਤੀਆਂ ਦੀ ਨਿਖੇਧੀ ਕੀਤੀ ਕਿ ਉਹ ਘੱਟ ਮਜ਼ਦੂਰੀ 'ਤੇ ਕੰਮ ਕਰ ਕੇ ਉਨ੍ਹਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਸਰਕਾਰੀ ਤੌਰ 'ਤੇ ਭਾਰਤੀਆਂ ਦੇ ਦਾਖਲੇ ਖਿਲਾਫ ਕਾਨੂੰਨ ਬਣਾਏ ਜਾਣ ਲੱਗੇ। ਉਨ੍ਹਾਂ ਨੂੰ ਨਾਗਰਿਕਤਾ ਦੇ ਨਾਲ-ਨਾਲ ਜ਼ਮੀਨ ਦੀ ਮਾਲਕੀ ਅਤੇ ਅਮਰੀਕੀ ਔਰਤਾਂ ਨਾਲ ਵਿਆਹ ਕਰਨਾ ਆਦਿ ਮਨੁੱਖੀ ਅਧਿਕਾਰਾਂ ਤੋਂ ਵੀ ਵਾਂਝਿਆ ਕਰ ਦਿੱਤਾ ਗਿਆ। ਕਈ ਥਾਂਵਾਂ 'ਤੇ ਉਨ੍ਹਾਂ ਖਿਲਾਫ਼ ਦੰਗੇ ਹੋਏ। ਸਭ ਤੋਂ ਭਿਆਨਕ ਦੰਗਾ 1907 ਵਿਚ ਵਾਸ਼ਿੰਗਟਨ ਸਟੇਟ ਦੇ ਬਲਿੰਘਮ ਸ਼ਹਿਰ ਵਿਚ ਹੋਇਆ। ਉਥੇ ਚਾਰ ਪੰਜ ਸੌ ਗੋਰੇ ਗੁੰਡਿਆਂ ਦੀ ਭੀੜ ਨੇ ਰਾਤ ਨੂੰ ਭਾਰਤੀਆਂ ਦੀ ਰਿਹਾਇਸ਼ 'ਤੇ ਹਮਲਾ ਬੋਲ ਦਿੱਤਾ। ਪੰਜਾਬੀ ਮਜ਼ਦੂਰਾਂ ਦੇ ਘਰ-ਘਾਟ ਤੇ ਸਭ ਸਾਮਾਨ ਸਾੜ ਦਿੱਤਾ ਗਿਆ। ਉਨ੍ਹਾਂ ਸ਼ਹਿਰ ਦੀ ਹੱਦ ਤੋਂ ਬਾਹਰ ਪਨਾਹ ਲਈ। ਬਹੁਤ ਸਾਰੇ ਸੁਰੱਖਿਆ ਦੇ ਨਾਂ ਹੇਠ ਜੇਲ੍ਹ ਭੇਜ ਦਿੱਤੇ ਗਏ। ਐਸੋਸੀਏਟਿਡ ਪ੍ਰੈਸ (ਏ.ਪੀ.) ਅਨੁਸਾਰ, "ਬੁਰੀ ਤਰ੍ਹਾਂ ਕੁੱਟੇ ਗਏ 'ਹਿੰਦੂ' ਹਸਪਤਾਲ ਵਿਚ ਹਨ। ਚਾਰ ਸੌ ਬੁਰੀ ਤਰ੍ਹਾਂ ਭੈਭੀਤ ਜੇਲ੍ਹ ਅਤੇ ਸਿਟੀ ਹਾਲ ਦੇ ਬਰਾਂਡੇ ਵਿਚ ਹਨ। ਸੱਤ ਸੌ ਪੰਜਾਹ ਭਾਰਤੀ ਕਿਤੇ ਬਲਿੰਘਮ ਅਤੇ ਬ੍ਰਿਟਿਸ਼ ਕੋਲੰਬੀਆ ਦੇ ਬੀਚ 'ਤੇ ਹਨ। ਭੁੱਖੇ ਪਿਆਸੇ, ਅੱਧ ਨੰਗੇ ਜ਼ਖਮੀ ਕੈਨੇਡਾ ਵੱਲ ਰਵਾਨਾ ਹੋ ਰਹੇ ਹਨ। ਪੁਲਿਸ ਬੇਵੱਸ ਹੈ। ਸਾਰੀ ਸੱਤਾ ਨੂੰ ਜਿਵੇਂ ਅਧਰੰਗ ਹੋ ਗਿਆ ਹੋਵੇ। ਇਹ ਬੇਸਹਾਰਾ ਲੋਕ ਪੁੱਛਦੇ ਹਨ ਕਿ ਅਸੀਂ ਕੀ ਗੁਨਾਹ ਕੀਤਾ ਹੈ ਜੋ ਅਮਰੀਕਾ ਦੇ ਸਵਰਗ ਵਿਚ ਨਰਕ ਭੋਗ ਰਹੇ ਹਾਂ?"

ਨਰਕ ਤਾਂ ਚੀਨੀ, ਜਪਾਨੀ ਮੂਲ ਦੇ ਲੋਕ ਵੀ ਭੋਗ ਰਹੇ ਸਨ, ਪਰ ਉਨ੍ਹਾਂ ਦੇ ਵਤਨ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਲਈ ਅਮਰੀਕਾ ਦੀ ਸਰਕਾਰ 'ਤੇ ਦਬਾਅ ਪਾਉਂਦੀਆਂ ਰਹਿੰਦੀਆਂ ਸਨ। ਭਾਰਤੀ ਲੋਕਾਂ ਉਪਰ ਬ੍ਰਿਟਿਸ਼ ਭਾਰਤੀ ਸਰਕਾਰ ਉਲਟਾ ਨਜ਼ਰ ਰੱਖਣ ਲਈ ਆਖਦੀ ਸੀ, ਤਾਂ ਕਿ ਉਨ੍ਹਾਂ ਨੂੰ ਕਿਤੇ ਆਜ਼ਾਦੀ ਦੀ ਹਵਾ ਨਾ ਲੱਗ ਜਾਵੇ। ਅੰਤ ਆਪਣੇ ਰੋਜ਼ਾਨਾ ਦੇ ਨਿੱਜੀ ਤਜਰਬੇ ਨਾਲ, ਕੁਝ ਲਾਲਾ ਹਰਦਿਆਲ ਜਿਹੇ ਵਿਦਵਾਨ ਤੇ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਪ੍ਰੇਰਨਾ ਤੇ ਸਾਥ ਨਾਲ ਭਾਰਤੀ ਪਰਵਾਸੀ ਇਸ ਨਤੀਜੇ 'ਤੇ ਪਹੁੰਚੇ ਕਿ ਇਸ ਦੁਰ-ਦਸ਼ਾ ਦਾ ਕਾਰਨ ਉਨ੍ਹਾਂ ਦੇ ਦੇਸ਼ ਦੀ ਗੁਲਾਮੀ ਹੈ। ਜਦ ਤੱਕ ਭਾਰਤ ਅੰਗਰੇਜ਼ਾਂ ਦਾ ਗੁਲਾਮ ਰਹੇਗਾ, ਉਦੋਂ ਤੱਕ ਭਾਰਤ ਵਾਸੀਆਂ ਨੂੰ ਕਿਸੇ ਵੀ ਦੇਸ਼ ਵਿਚ ਇੱਜ਼ਤ ਮਾਣ ਨਹੀਂ ਮਿਲ ਸਕਦਾ। ਇਸ ਲਈ ਹੁਣ ਪਹਿਲਾ ਫਰਜ਼ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਹੈ।

ਜਦ ਮਨਾਂ ਵਿਚ ਇਹ ਪੱਕੀ ਧਾਰਨਾ ਬੈਠ ਗਈ ਤਾਂ ਮਾਰਚ 1913 ਵਿਚ ਇਕ ਮੀਟਿੰਗ ਓਰੇਗਾਨ ਸਟੇਟ ਦੇ ਸ਼ਹਿਰ ਆਸਟੋਰੀਆ ਵਿਚ ਹੋਈ। ਉਥੇ ਭਾਰਤੀਆਂ ਵਿਚ ਦੇਸ਼ ਭਗਤੀ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਲਈ ਸੰਸਥਾ ਦੀ ਨੀਂਹ ਰੱਖੀ ਗਈ ਜਿਸ ਦਾ ਨਾਂ 'ਹਿੰਦ ਐਸੋਸੀਏਸ਼ਨ ਆਫ ਦਿ ਪੈਸਿਫਿਕ ਕੋਸਟ' ਰੱਖਿਆ ਗਿਆ। ਇਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜ੍ਹੌਲੀ ਨੂੰ ਬਣਾਇਆ ਗਿਆ। ਮੀਟਿੰਗ ਵਿਚ ਫੈਸਲਾ ਹੋਇਆ ਕਿ ਸੰਸਥਾ ਦਾ ਕੇਂਦਰੀ ਦਫਤਰ 'ਯੁਗਾਂਤਰ ਆਸ਼ਰਮ' ਸਾਨ ਫਰਾਂਸਿਸਕੋ ਵਿਚ ਹੋਵੇਗਾ। ਅਖ਼ਬਾਰ ਕੱਢਣ ਦਾ ਫੈਸਲਾ ਵੀ ਹੋਇਆ ਜਿਸ ਦਾ ਨਾਂ 1857 ਦੀ ਕ੍ਰਾਂਤੀ ਦੇ ਨਾਂ ਉਤੇ 'ਗ਼ਦਰ' ਰੱਖਿਆ ਗਿਆ। ਇਸ ਦਾ ਸੰਪਾਦਕ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

ਪਹਿਲੀ ਨਵੰਬਰ 1913 ਨੂੰ ਬਰਕਲੇ ਦੇ ਸ਼ੇਟਕ ਹੋਟਲ ਵਿਚ ਵੱਡਾ ਸਮਾਗਮ ਕਰ ਕੇ 'ਗਦਰ' ਦਾ ਪਹਿਲਾ ਅੰਕ ਜਾਰੀ ਕੀਤਾ ਗਿਆ। ਇਹ ਉਰਦੂ ਦੀ ਫਾਰਸੀ ਲਿਪੀ ਵਿਚ ਸੀ। ਇਸ ਸਮਾਰੋਹ ਵਿਚ ਭਾਰਤੀ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਤੇ ਵਿਦਵਾਨਾਂ ਤੋਂ ਇਲਾਵਾ ਅਮਰੀਕੀ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ, ਲੇਖਕ ਅਤੇ ਸਮਾਚਾਰ ਪੱਤਰਾਂ ਦੇ ਸੰਪਾਦਕ ਆਦਿ ਬੁੱਧੀਜੀਵੀਆਂ ਨੇ ਹਿੱਸਾ ਲਿਆ।

ਆਪਣੇ ਉਦਘਾਟਨੀ ਭਾਸ਼ਣ ਵਿਚ ਲਾਲਾ ਹਰਦਿਆਲ ਨੇ ਕਿਹਾ, "ਅੱਜ ਭਾਰਤ ਦੇ ਇਤਿਹਾਸ ਵਿਚ ਨਵੇਂ ਯੁੱਗ ਦਾ ਆਰੰਭ ਹੋ ਰਿਹਾ ਹੈ। ਅੱਜ ਵਿਦੇਸ਼ੀ ਧਰਤੀ 'ਤੇ ਭਾਰਤੀ ਭਾਸ਼ਾ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਜੰਗ ਸ਼ੁਰੂ ਹੋ ਰਹੀ ਹੈ। ਕਲਮ ਦੀ ਸ਼ਕਤੀ ਰਾਹੀਂ ਅੱਜ ਤੋਪ ਦੇ ਗੋਲੇ ਵਾਂਗ ਧਮਾਕਾ ਹੋ ਰਿਹਾ ਹੈ। ਇਹ ਅਖ਼ਬਾਰ ਅੰਗਰੇਜ਼ੀ ਸਾਮਰਾਜ ਦਾ ਦੁਸ਼ਮਣ ਹੈ ਅਤੇ ਭਾਰਤੀ ਨੌਜਵਾਨਾਂ ਲਈ ਵੰਗਾਰ ਦਾ ਬਿਗਲ। ਉਠੋ! ਹਥਿਆਰ ਉਠਾਓ ਅਤੇ ਆਜ਼ਾਦੀ ਲਈ ਜੰਗ ਕਰੋ।...ਸਾਡਾ ਨਾਮ ਹੈ 'ਗ਼ਦਰ' ਅਤੇ ਸਾਡਾ ਕੰਮ ਵੀ ਗ਼ਦਰ ਹੈ। ਅਸੀਂ ਇਸ ਅਖ਼ਬਾਰ ਦੇ ਹਰ ਅੰਕ ਵਿਚ ਵਿਦੇਸ਼ੀ ਸਰਕਾਰ ਦਾ ਕੱਚਾ ਚਿੱਠਾ ਖੋਲ੍ਹਾਂਗੇ। ਅਸੀਂ ਦੁਨੀਆਂ ਨੂੰ ਦੱਸ ਦਿਆਂਗੇ ਕਿ ਅੰਗਰੇਜ਼ੀ ਸਰਕਾਰ ਹਰ ਸਾਲ ਭਾਰਤ ਵਿਚੋਂ ਪੰਜਾਹ ਕਰੋੜ ਰੁਪਏ ਲੁੱਟ ਕੇ ਇੰਗਲੈਂਡ ਲੈ ਜਾਂਦੀ ਹੈ। ਇਸ ਕਾਰਨ ਅੱਜ ਭਾਰਤੀ ਲੋਕ ਇੰਨੇ ਗਰੀਬ ਹੋ ਗਏ ਹਨ ਕਿ ਉਨ੍ਹਾਂ ਦੀ ਰੋਜ਼ਾਨਾ ਔਸਤ ਆਮਦਨ ਫੀ ਬੰਦਾ ਪੰਜ ਪੈਸੇ ਹੈ। ਖੇਤੀ ਉਤੇ 65 ਫੀਸਦੀ ਲਗਾਨ ਦਾ ਬੋਝ ਲੱਦ ਦਿੱਤਾ ਗਿਆ ਹੈ। ਆਪਣੇ ਸਮਰਾਜ ਨੂੰ ਬਚਾਉਣ ਲਈ ਜ਼ਾਲਮ ਸਰਕਾਰ ਹਰ ਸਾਲ 29 ਕਰੋੜ ਰੁਪਏ ਖ਼ਰਚ ਕਰਦੀ ਹੈ।...ਅੰਗਰੇਜ਼ੀ ਰਾਜ ਵਿਚ ਕਾਲ ਪੈ ਰਹੇ ਹਨ, ਭੁੱਖਮਰੀ ਵਧ ਰਹੀ ਹੈ। ਪਿਛਲੇ ਦਸਾਂ ਸਾਲਾਂ ਵਿਚ ਕਾਲ ਨਾਲ 2 ਕਰੋੜ ਲੋਕਾਂ ਦੀ ਮੌਤ ਹੋਈ ਹੈ। ਸੋਲਾਂ ਸਾਲਾਂ ਵਿਚ ਅੱਠ ਲੱਖ ਲੋਕ ਪਲੇਗ ਅਤੇ ਹੈਜ਼ੇ ਨਾਲ ਮਾਰੇ ਗਏ ਹਨ।...ਦੇਸੀ ਰਿਆਸਤਾਂ ਅੰਗਰੇਜ਼ੀ ਰਾਜ ਵਿਚ ਮਿਲਾਉਣ ਲਈ ਉਨ੍ਹਾਂ ਵਿਚ ਫੁੱਟ, ਆਪਸੀ ਝਗੜੇ ਅਤੇ ਬੇਈਮਾਨੀ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ। ਭਾਰਤੀਆਂ ਦਾ ਕਤਲ ਕਰਨ ਵਾਲੇ ਜਾਂ ਭਾਰਤੀ ਔਰਤਾਂ ਦੀ ਇੱਜ਼ਤ ਲੁੱਟਣ ਵਾਲੇ ਅੰਗਰੇਜ਼ਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ।...ਦੋਸਤੋ! ਬ੍ਰਿਟਿਸ਼ ਭਾਰਤ ਦੀ ਆਬਾਦੀ 24 ਕਰੋੜ ਹੈ। 6 ਕਰੋੜ ਭਾਰਤੀ ਦੇਸੀ ਰਿਆਸਤਾਂ ਵਿਚ ਰਹਿੰਦੇ ਹਨ ਅਤੇ ਅੰਗਰੇਜ਼ ਅਫਸਰ, ਵਲੰਟੀਅਰ ਕੁੱਲ 1,18,562 ਹਨ। 50 ਸਾਲ ਤੋਂ ਉਪਰ ਹੋ ਗਏ ਜਦੋਂ 1857 ਦਾ ਗ਼ਦਰ ਹੋਇਆ ਸੀ। ਸਮਾਂ ਆ ਗਿਆ ਹੈ ਕਿ ਅੰਗਰੇਜ਼ੀ ਰਾਜ ਦੇ ਇਸ ਜ਼ਹਿਰੀਲੇ ਸੱਪ ਦਾ ਫਨ ਕੁਚਲ ਦੇਈਏ। ਸਭ ਇਕ ਹੋ ਕੇ ਹਥਿਆਰ ਉਠਾਓ! ਵਕਤ ਆ ਗਿਆ ਹੈ ਕਿ ਆਪਣੇ ਫੌਜੀ ਭਰਾਵਾਂ ਨੂੰ ਦੱਸੀਏ ਕਿ ਇਹ ਪੈਸਾ ਜੋ ਫੌਜਾਂ 'ਤੇ ਖਰਚ ਹੁੰਦਾ ਹੈ, ਉਹ ਸਾਡਾ ਸਭ ਦਾ ਹੈ। ਇਹ ਹਥਿਆਰ ਜਿਸ ਪੈਸੇ ਨਾਲ ਖਰੀਦੇ ਜਾਂਦੇ ਹਨ, ਉਹ ਸਾਡਾ ਹੈ। ਇਹ ਸਿਪਾਹੀ ਜਿਨ੍ਹਾਂ ਦਾ ਲਹੂ ਡੁੱਲ੍ਹਦਾ ਹੈ, ਉਹ ਸਾਡੇ ਹਨ; ਪਰ ਕਿਸ ਲਈ ਦਿੰਦੇ ਹੋ ਤੁਸੀਂ ਆਪਣੀਆਂ ਜਾਨਾਂ? ਇਹ ਕੁਰਬਾਨੀ ਦੇਸ਼ ਲਈ, ਆਪਣੇ ਸਾਂਝੇ ਹਿੱਤਾਂ ਲਈ ਅਤੇ ਆਜ਼ਾਦੀ ਲਈ ਹੋਣੀ ਚਾਹੀਦੀ ਹੈ। ਉਹ ਵਕਤ ਹੁਣ ਦੂਰ ਨਹੀਂ, ਜਦੋਂ ਕਲਮ ਦੀ ਥਾਂ ਬੰਦੂਕ ਹੋਵੇਗੀ ਅਤੇ ਸਿਆਹੀ ਦੀ ਥਾਂ ਖੂਨ ਹੋਵੇਗਾ।"


ਗ਼ਦਰ
THE SECRETARY
U.S.A.

***ਅੱਜ ਪਹਿਲੀ ਨਵੰਬਰ 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚੱਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਵਿਰੁਧ ਪਰਦੇਸ ਵਿਚੋਂ ਦੇਸੀ ਜ਼ੁਬਾਨ ਵਿਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ। ਅੰਗਰੇਜ਼ੀ ਜ਼ੁਲਮ ਦੀ ਜੜ੍ਹ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖ਼ਬਾਰ ਉਤੇ ਜ਼ਾਹਰ ਹੁੰਦਾ ਹੈ...ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਆਂ ਉਮੀਦਾਂ ਤੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ ਉਤੇ ਜੋਸ਼ ਤੇ ਹਿੰਮਤ ਦਾ ਛਿੱਟਾ ਦੇ ਕੇ ਉਨ੍ਹਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿੱਤੀ ਗਈ ਹੈ ਜਿਸ ਦਾ ਨਾਸ ਕਰੇ ਬਿਨਾਂ ਇਹ ਬੰਦ ਨਹੀਂ ਹੋਵੇਗੀ। -ਲਾਲਾ ਹਰਦਿਆਲ***

ਸਭਾ ਵਿਚ ਹਾਜ਼ਰ ਭਾਰਤ ਦੀ ਆਜ਼ਾਦੀ ਦੇ ਸਮਰਥਕ ਅਮਰੀਕਨਾਂ ਨੇ ਵਧਾਈ ਦਿੱਤੀ ਅਤੇ ਚਿਤਾਵਨੀ ਵੀ ਕਿ ਉਤੇਜਿਤ ਲੇਖ, ਜੋਸ਼ੀਲੇ ਭਾਸ਼ਣ ਅਤੇ ਅਤੀਤ ਦੀ ਗੌਰਵ ਗਾਥਾ ਹੀ ਕਾਫੀ ਨਹੀਂ ਹੈ। ਭਾਰਤ ਦਾ ਨਕਸ਼ਾ ਅਮਰੀਕਨ ਇਨਕਲਾਬ ਵਾਲੇ ਰੰਗ ਵਿਚ ਰੰਗਣਾ ਪਵੇਗਾ। ਕ੍ਰਾਂਤੀ ਦੀ ਤਿਆਰੀ ਕਰੋ, ਆਜ਼ਾਦੀ ਸੰਗਰਾਮ ਵਿਚ ਅਸੀਂ ਤੁਹਾਡੇ ਨਾਲ ਹਾਂ।

ਗਦਰ ਪਾਰਟੀ ਦੇ ਬਾਨੀ ਤੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਉਸ ਦਿਨ ਖੁਸ਼ੀ ਵਿਚ ਝੂਮ ਉਠੇ ਸਨ, "ਗ਼ਦਰੀਆਂ ਦੀ ਕਾਮਯਾਬੀ ਦੀ ਇਹ ਪਹਿਲੀ ਪੌੜੀ ਹੈ। ਜਨਤਾ ਦੀ ਖਾਤਰ ਜਨਤਾ ਦੇ ਲੀਡਰਾਂ ਦੀ ਸਾਂਝੀ ਹਿੱਸੇਦਾਰੀ ਅਤੇ ਬਰਾਬਰ ਦੀ ਮਿਹਨਤ ਦਾ ਫਲ।"

ਇਸ ਤਰ੍ਹਾਂ ਸ਼ੁਰੂ ਹੋਇਆ ਸੀ ਹਫਤਾਵਾਰੀ 'ਗ਼ਦਰ'। ਪਹਿਲਾਂ ਉਰਦੂ ਵਿਚ ਅਤੇ ਫਿਰ ਮਹੀਨੇ ਬਾਅਦ ਪੰਜਾਬੀ ਵਿਚ। ਕਿਤੇ-ਕਿਤੇ ਦੋ ਚਾਰ ਪਰਚਿਆਂ ਦਾ ਸਾਰ-ਅੰਸ਼ ਹਿੰਦੀ, ਗੁਜਰਾਤੀ, ਪਸ਼ਤੋ ਅਤੇ ਅੰਗਰੇਜ਼ੀ ਵਿਚ ਛਾਪ ਦਿੱਤਾ ਜਾਂਦਾ ਸੀ। ਭਾਰਤੀ ਪੱਤਰਕਾਰੀ ਵਿਚ 'ਗ਼ਦਰ' ਵਰਗਾ ਪਰਚਾ ਸ਼ਾਇਦ ਹੀ ਕੋਈ ਹੋਵੇ ਜੋ ਲਾਲਾ ਹਰਦਿਆਲ ਵਰਗੇ ਫਿਲਾਸਫਰ, ਮੌਲਵੀ ਬਰਕਤ ਉਲਾ ਵਰਗੇ ਧਾਰਮਿਕ ਗਿਆਨ ਦੇ ਮਾਹਿਰ, ਸਿਰੜੀ ਨੌਜਵਾਨ ਕਰਤਾਰ ਸਿੰਘ ਸਰਾਭਾ ਅਤੇ ਕਿਸਾਨਾਂ ਮਜ਼ਦੂਰਾਂ ਦੇ ਬਰਾਬਰ ਸਹਿਯੋਗ ਨਾਲ ਚੱਲਦਾ ਹੋਵੇ। 'ਗ਼ਦਰ' ਦਾ ਹਰ ਅੰਕ ਸਿਰਫ਼ ਅੱਠ ਸਫਿਆਂ ਦਾ ਹੁੰਦਾ ਸੀ। ਇਸ ਦਾ ਕੋਈ ਮੁੱਲ ਨਹੀਂ ਸੀ ਹੁੰਦਾ ਅਤੇ ਨਾ ਹੀ ਉਸ ਵਿਚ ਵਪਾਰਕ ਇਸ਼ਤਿਹਾਰ ਹੁੰਦੇ ਸਨ। ਹਾਂ, ਕਦੀ-ਕਦੀ ਇਹ ਇਸ਼ਤਿਹਾਰ ਜ਼ਰੂਰ ਛਪਦਾ ਸੀ,

ਜ਼ਰੂਰਤ ਹੈ: ਭਾਰਤ ਵਿਚ ਬਗਾਵਤ ਕਰਨ ਲਈ ਨਿੱਡਰ ਅਤੇ ਦਲੇਰ ਸਿਪਾਹੀਆਂ ਦੀ।
ਤਨਖਾਹ: ਮੌਤ
ਸਨਮਾਨ: ਸ਼ਹਾਦਤ ਅਤੇ ਆਜ਼ਾਦੀ
ਸਥਾਨ: ਭਾਰਤ ਦੀ ਰਣਭੂਮੀ

ਫਿਰ 'ਗ਼ਦਰ' ਛੇਤੀ ਹੀ ਦੁਨੀਆਂ ਭਰ ਵਿਚ ਜਿਥੇ ਕਿਤੇ ਵੀ ਭਾਰਤੀ ਰਹਿੰਦੇ ਸਨ, ਉਨ੍ਹਾਂ ਵਿਚ ਇੰਨਾ ਹਰਮਨ ਪਿਆਰਾ ਹੋ ਗਿਆ ਕਿ ਇਸ ਦੀ ਮੰਗ ਬਹੁਤ ਵਧ ਗਈ। ਹਰ ਪਾਸੇ ਤੋਂ ਪੈਸਾ ਧੜਾ-ਧੜ ਗ਼ਦਰ ਆਸ਼ਰਮ ਭੇਜਿਆ ਜਾਣ ਲੱਗਾ। ਪਰਵਾਸੀ ਭਾਰਤੀ 90 ਫੀਸਦੀ ਅਨਪੜ੍ਹ ਸਨ। ਉਹ ਇਕੱਠੇ ਹੋ ਟੋਲੀਆਂ ਬੰਨ੍ਹ 'ਗ਼ਦਰ' ਬੜੇ ਉਤਸ਼ਾਹ ਤੇ ਚਾਵਾਂ ਨਾਲ ਪੜ੍ਹਦੇ ਤੇ ਸੁਣਦੇ। ਫਿਰ ਅਨਪੜ੍ਹ ਲੋਕ ਪੜ੍ਹਨਾ ਤੇ ਲਿਖਣਾ ਸਿੱਖਣ ਲੱਗੇ। ਅਖ਼ਬਾਰ ਦਾ ਹਰ ਅੰਕ ਵੱਡੀ ਗਿਣਤੀ ਵਿਚ ਭਾਰਤ ਵੀ ਭੇਜਿਆ ਜਾਂਦਾ। ਅੰਗਰੇਜ਼ੀ ਸਰਕਾਰ ਵੱਲੋਂ ਅਨੇਕਾਂ ਬੰਦਿਸ਼ਾਂ ਦੇ ਬਾਵਜੂਦ ਕਿਸੇ ਨਾ ਕਿਸੇ ਤਰੀਕੇ ਭਾਰਤ ਭੇਜਣ ਦੇ ਪ੍ਰਬੰਧ ਕੀਤੇ ਜਾਂਦੇ। 'ਗ਼ਦਰ' ਦੁਨੀਆਂ ਭਰ ਵਿਚ ਇੰਨਾ ਹਰਮਨ ਪਿਆਰਾ ਹੋ ਗਿਆ ਕਿ ਬ੍ਰਿਟਿਸ਼ ਸਰਕਾਰ ਦੀ ਨੀਂਦ ਹਰਾਮ ਹੋ ਗਈ। ਉਸ ਨੇ ਅਮਰੀਕਾ ਦੀ ਸਰਕਾਰ ਉਤੇ ਦਬਾਅ ਪਾਇਆ ਕਿ ਉਹ ਪਰਵਾਸੀ ਭਾਰਤੀਆਂ 'ਤੇ ਸਖ਼ਤ ਨਜ਼ਰ ਰੱਖੇ।

'ਗ਼ਦਰ' ਦੇ ਪਹਿਲੇ ਸਫ਼ੇ ਦਾ ਅੱਧਾ ਹਿੱਸਾ 'ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ' ਕਾਲਮ ਨੂੰ ਸਮਰਪਿਤ ਸੀ। ਇਸ ਕਾਲਮ ਵਿਚ ਬਾਰਾਂ ਪੱਕੇ ਨੁਕਤੇ ਲਿਖੇ ਜਾਂਦੇ ਸਨ। ਇਹ ਨੁਕਤੇ ਲਾਲਾ ਹਰਦਿਆਲ ਦੇ ਗ਼ਦਰ ਸਮਾਰੋਹ ਮੌਕੇ ਦਿੱਤੇ ਭਾਸ਼ਣ ਦੇ ਆਧਾਰ 'ਤੇ ਸਨ। ਮੁੱਖ ਨੁਕਤੇ ਅੰਗਰੇਜ਼ਾਂ ਦੁਆਰਾ ਦੇਸ਼ ਨੂੰ ਲਗਾਤਾਰ ਲੁੱਟਣ, ਵਿਦਿਆ ਤੇ ਸਿਹਤ ਦੀ ਥਾਂ ਫੌਜਾਂ ਉਪਰ ਧਨ

ਖਰਚ ਕਰਨ, ਹਿੰਦੂ-ਮੁਸਲਮਾਨਾਂ ਵਿਚ ਦੁਫੇੜ ਪਾਉਣ, ਬ੍ਰਿਟਿਸ਼ ਨੀਤੀਆਂ ਕਾਰਨ ਹਰ ਦਸਾਂ ਬਾਰਾਂ ਸਾਲਾਂ ਵਿਚ ਕਾਲ ਨਾਲ ਕਰੋੜਾਂ ਲੋਕਾਂ ਦੀ ਮੌਤ ਦਾ ਹੋਣਾ, ਭਾਰਤੀ ਪੈਸੇ ਤੇ ਨੌਜਵਾਨਾਂ ਦੇ ਲਹੂ ਦੀ ਬਿਨਾ 'ਤੇ ਹੋਰਨਾਂ ਮੁਲਕਾਂ ਦੀ ਮਦਦ ਕਰਨਾ, ਦੇਸੀ ਰਿਆਸਤਾਂ ਨੂੰ ਹੜੱਪਣ ਲਈ ਸਾਜਿਸ਼ ਕਰਨਾ ਆਦਿ ਸਨ। 12ਵਾਂ ਨੁਕਤਾ ਸੀ- 1857 ਦੇ ਗ਼ਦਰ ਨੂੰ 56 ਸਾਲ ਹੋ ਗਏ ਹਨ, ਹੁਣ ਦੂਜੇ ਗ਼ਦਰ ਦੀ ਛੇਤੀ ਲੋੜ ਹੈ।

ਦੂਜੇ ਕਾਲਮ ਦਾ ਸਿਰਲੇਖ ਸੀ, 'ਅੰਕੜਿਆਂ ਦੀ ਗਵਾਹੀ।' ਇਸ ਵਿਚ ਵੱਖ-ਵੱਖ ਨੀਤੀਆਂ ਕਾਰਨ ਭਾਰਤੀਆਂ ਦੀ ਹੋਈ ਮੌਤ ਦਾ ਵੇਰਵਾ ਹੁੰਦਾ ਸੀ। ਨਾਲ ਹੀ ਸਰਕਾਰ ਦੀ ਲੁੱਟ-ਮਾਰ ਅਤੇ ਫਜ਼ੂਲ ਖਰਚੀ ਦਾ ਵਿਸ਼ਲੇਸ਼ਣ ਹੁੰਦਾ ਸੀ। ਤੀਜਾ ਕਾਲਮ 'ਤਵਾਰੀਖ ਗ਼ਦਰ 1857' ਸੀ। ਇਹ ਮਜ਼ਮੂਨ ਵੀਰ ਸਾਵਰਕਰ ਦੀ ਜ਼ਬਤ ਕੀਤੀ ਪ੍ਰਸਿੱਧ ਕਿਤਾਬ Indian war of Independence 1857 (ਆਜ਼ਾਦੀ ਲਈ ਹਿੰਦ ਦੀ ਲੜਾਈ) ਦਾ ਉਰਦੂ ਤੋਂ ਪੰਜਾਬੀ ਵਿਚ ਅਨੁਵਾਦ ਸੀ।

ਅਖ਼ਬਾਰ ਦੇ ਖਾਸ ਹਿੱਸੇ ਵਿਚ ਦੇਸ਼-ਵਿਦੇਸ਼ ਦੇ ਸਮਾਚਾਰ ਅਤੇ ਗੰਭੀਰ ਲੇਖ ਆਦਿ ਹੁੰਦੇ ਸਨ। ਇਨ੍ਹਾਂ ਲੇਖਾਂ ਵਿਚ ਭਾਰਤ ਵਿਚ ਕ੍ਰਾਂਤੀ ਕਿਸ ਤਰ੍ਹਾਂ, ਕਦੋਂ ਤੇ ਕਿਸ ਦੇ ਰਾਹੀਂ ਕੀਤੀ ਜਾਵੇ; ਕਿਸ ਤਰ੍ਹਾਂ ਢੁੱਕਵੇਂ ਸਾਧਨ ਜੁਟਾਏ ਜਾਣ; ਫੌਜਾਂ ਵਿਚ ਭਾਰਤੀ ਨੌਜਵਾਨਾਂ ਨੂੰ ਬ੍ਰਿਟਿਸ਼ ਸਾਮਰਾਜ ਵਿਰੁਧ ਅਤੇ ਦੇਸ਼ ਭਗਤੀ ਦੇ ਪੱਖ ਵਿਚ ਜੋਸ਼ ਪੈਦਾ ਕੀਤਾ ਜਾਵੇ ਆਦਿ ਵਿਸ਼ਿਆਂ 'ਤੇ ਚਰਚਾ ਹੁੰਦੀ ਸੀ। ਸੁਤੰਤਰਤਾ ਸੰਗਰਾਮ ਲਈ ਹੋਰ ਦੇਸ਼ਾਂ ਤੋਂ ਕੀ-ਕੀ ਸਿੱਖਿਆ ਜਾਵੇ; ਬਰਤਾਨੀਆ ਵਿਰੋਧੀ ਦੇਸ਼ਾਂ ਜਰਮਨੀ, ਆਇਰਲੈਂਡ ਆਦਿ ਨਾਲ ਕਿਹੋ ਜਿਹੇ ਸਬੰਧ ਹੋਣ; ਇਹੋ ਜਿਹੇ ਕੂਟਨੀਤਿਕ ਵਿਸ਼ਿਆਂ ਉਪਰ ਵੀ ਵਿਚਾਰ ਕੀਤੀ ਜਾਂਦੀ। ਮੁੱਖ ਮਕਸਦ ਭਾਰਤੀ ਸਮਾਜ ਵਿਚ ਨਾ ਬਰਾਬਰੀ ਜਾਤ-ਪਾਤ ਅਤੇ ਧਰਮਾਂ ਦੀ ਆਪਸੀ ਨਫ਼ਰਤ ਵਿਰੁਧ ਜਾਗਰੂਕਤਾ ਪੈਦਾ ਕਰਨਾ ਸੀ। ਗ਼ਦਰੀਆਂ ਨੇ ਜਿਸ ਭਾਰਤ ਦੀ ਕਲਪਨਾ ਕੀਤੀ ਸੀ, ਉਹ ਸੰਯੁਕਤ ਭਾਰਤ ਸੀ ਜੋ ਪਰਜਾਤੰਤਰ ਹੋਣ ਦੇ ਨਾਲ-ਨਾਲ ਨਿਰਪੱਖ, ਵਰਗ-ਜਾਤ ਅਤੇ ਲੁੱਟ-ਖਸੁੱਟ ਤੋਂ ਰਹਿਤ ਹੋਵੇ।

'ਯੁਗਾਂਤਰ ਆਸ਼ਰਮ' ਅਜਿਹੇ ਭਾਰਤ ਦਾ ਛੋਟਾ ਰੂਪ ਹੀ ਸੀ। ਇਥੇ ਲੋਕ ਇਕ-ਦੂਜੇ ਨੂੰ ਧਾਰਮਿਕ ਬੋਲ-ਚਾਲ ਦੀ ਥਾਂ 'ਵੰਦੇ ਮਾਤ੍ਰਮ' ਆਖ ਕੇ ਬੁਲਾਉਂਦੇ ਅਤੇ ਮਿਲਦੇ ਸਨ। ਜੁੱਤੀਆਂ ਅਤੇ ਧਰਮ ਨੂੰ ਉਹ ਦਰਵਾਜ਼ੇ ਤੋਂ ਬਾਹਰ ਹੀ ਛੱਡ ਆਉਂਦੇ ਸਨ। ਇਕੱਠੇ ਪਕਾਉਂਦੇ, ਇਕੱਠੇ ਖਾਂਦੇ ਅਤੇ ਮਿਲ ਕੇ ਗਦਰ ਅਖ਼ਬਾਰ ਛਾਪਦੇ। ਸੁਭਾਗ ਨਾਲ ਜਿਥੇ ਲਾਲਾ ਹਰਦਿਆਲ, ਮੌਲਵੀ ਬਰਕਤ ਉੱਲਾ ਅਤੇ ਭਾਈ ਭਗਵਾਨ ਸਿੰਘ ਵਰਗੇ ਫਿਲਾਸਫਰ ਤੇ ਵਿਦਵਾਨ ਸਨ, ਉਥੇ ਸਿਰੜੀ ਕਿਸਾਨ ਹਰੀ ਸਿੰਘ ਉਸਮਾਨ ਵਰਗੇ ਤਿਆਗੀ ਵੀ ਸਨ ਜਿਨ੍ਹਾਂ ਆਪਣੀ ਕਮਾਈ ਅਤੇ ਜਾਇਦਾਦ ਗ਼ਦਰ ਪਾਰਟੀ ਨੂੰ ਦਾਨ ਕਰ ਦਿੱਤੀ ਸੀ। ਇਨ੍ਹਾਂ ਵਿਚ ਸੀ ਨੌਜਵਾਨ ਵਿਦਿਆਰਥੀ ਅਤੇ ਸਖ਼ਤ ਮਿਹਨਤੀ ਕਰਤਾਰ ਸਿੰਘ ਸਰਾਭਾ ਜਿਸ ਨੇ 19 ਸਾਲ ਦੀ ਉਮਰ ਵਿਚ ਸ਼ਹੀਦੀ ਪਾਈ। ਇਨ੍ਹਾਂ ਨਾਲ ਅਮਰੀਕਾ ਵਿਚ ਵਸੇ ਦੋ ਦਲਿਤ ਪਰਵਾਸੀ ਵੀ ਸਨ। ਇਨ੍ਹਾਂ ਵਿਚੋਂ ਇਕ ਸਨ ਮੰਗੂ ਰਾਮ ਜਿਨ੍ਹਾਂ ਨੂੰ ਭਾਰਤ ਵਿਚ ਪੜ੍ਹਨ ਲਈ ਸਕੂਲ ਦੇ ਕਮਰੇ ਦੇ ਬਾਹਰ ਬੈਠਣਾ ਪੈਂਦਾ ਸੀ। ਉਸ ਨੇ ਇਸ ਮਾਹੌਲ ਵਿਚ ਰਹਿੰਦਿਆਂ ਖੁਸ਼ੀ ਵਿਚ ਆਖਿਆ, "ਮੈਂ ਆਪਣੇ ਜੀਵਨ ਵਿਚ ਪਹਿਲੀ ਵਾਰ ਆਪਣੇ ਆਪ ਨੂੰ ਬਰਾਬਰ ਅਤੇ ਆਜ਼ਾਦ ਮਨੁੱਖ ਦੇ ਰੂਪ ਵਿਚ ਦੇਖਿਆ ਹੈ।" ਇਸੇ ਹੀ ਪਾਰਟੀ ਨੇ ਮੰਗੂ ਰਾਮ ਅਤੇ ਚਾਰ ਹੋਰ ਸਾਥੀਆਂ ਦੀ ਅਗਵਾਈ ਹੇਠ ਹਥਿਆਰਾਂ ਨਾਲ ਭਰਿਆ ਜਹਾਜ਼ ਭਾਰਤ ਲੈ ਜਾਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਸੀ। ਮੰਦੇ ਭਾਗੀਂ ਭਾਰਤ ਪਹੁੰਚਣ 'ਤੇ ਇਸ ਦੇਸ਼ ਭਗਤ ਨੂੰ ਸਮਾਜ ਨੇ ਫਿਰ ਵੀ ਅਛੂਤ ਹੀ ਮੰਨਿਆ। ਆਪਣੇ ਆਪ ਨੂੰ ਇਸ ਸਰਾਪ ਤੋਂ ਮੁਕਤ ਕਰਨ ਲਈ ਉਨ੍ਹਾਂ ਆਦਿ ਧਰਮ ਮੰਡਲ ਬਣਾ ਕੇ ਦਲਿਤਾਂ ਵਿਚ ਸੁਤੰਤਰਤਾ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਲਈ ਅੰਦੋਲਨ ਚਲਾਇਆ।

'ਗ਼ਦਰ' ਅਖ਼ਬਾਰ ਦੇ ਛਪਣ ਉਪਰੰਤ ਗ਼ਦਰ ਪਾਰਟੀ ਨੇ ਕਈ ਛੋਟੀਆਂ-ਛੋਟੀਆਂ ਕਿਤਾਬਾਂ ਵੀ ਛਾਪੀਆਂ। ਇਨ੍ਹਾਂ ਵਿਚ ਸਨ 'ਗੁਲਾਮੀ ਦਾ ਜ਼ਹਿਰ', 'ਨਵਾਂ ਜ਼ਮਾਨੇ ਦੇ ਨਵੇਂ ਆਦਰਸ਼', 'ਜ਼ੁਲਮ! ਗੋਰੇ ਸ਼ਾਹੀ ਜ਼ੁਲਮ', 'ਹਿੰਦੂ ਨਸਲ ਦੀ ਸਮਾਜਕ ਜਾਤ ਅਤੇ ਬਰਾਬਰੀ ਦੇ ਅਰਥ।' ਇਨ੍ਹਾਂ ਸਭ ਵਿਚ ਜਿਥੇ ਬ੍ਰਿਟਿਸ਼ ਸਾਮਰਾਜ ਵਿਰੁਧ ਨਫ਼ਰਤ ਦੀ ਅੱਗ ਸੀ, ਉਥੇ ਭਾਰਤ ਸਮਾਜ ਦੀ ਪਿਛੇ ਖਿੱਚੂ, ਗਲੀ-ਸੜੀ ਵਿਵਸਥਾ ਦੀ ਤਿੱਖੀ ਆਲੋਚਨਾ ਅਤੇ ਨਵੇਂ ਤਰਕਸ਼ੀਲ ਸਮਾਜ, ਨਵੇਂ ਰਾਜ ਦੀ ਸਥਾਪਨਾ ਬਾਰੇ ਵੀ ਜਾਣਕਾਰੀ ਸੀ। ਇਨ੍ਹਾਂ ਰਚਨਾਵਾਂ ਨੇ ਪਰਵਾਸੀ ਭਾਰਤੀ ਸਮਾਜ ਨੂੰ ਰੱਬ ਆਸਰੇ ਅਤੇ ਕਿਸਮਤ ਦੀ ਨਿਰਾਸ਼ਾ ਵਿਚੋਂ ਕੱਢ ਕੇ ਆਤਮ-ਵਿਸ਼ਵਾਸੀ ਅਤੇ ਕ੍ਰਾਂਤੀਕਾਰੀ ਸਮਾਜ ਵਿਚ ਬਦਲ ਦਿੱਤਾ।

'ਗ਼ਦਰ' ਦਾ ਸਭ ਤੋਂ ਪ੍ਰਭਾਵਸ਼ਾਲੀ ਹਿੱਸਾ ਸੀ ਉਸ ਵਿਚ ਛਪਣ ਵਾਲੀਆਂ ਕਵਿਤਾਵਾਂ। ਇਨ੍ਹਾਂ ਕਵਿਤਾਵਾਂ ਦੀ ਰਚਨਾ ਲੋਕ ਗੀਤਾਂ ਦੀ ਪਰੰਪਰਾ ਅਨੁਸਾਰ ਲੋਕ ਛੰਦਾਂ ਵਿਚ ਕੀਤੀ ਗਈ ਸੀ। ਇਹ ਦਿਲਾਂ 'ਤੇ ਸਿੱਧਾ ਅਸਰ ਕਰਦੀਆਂ। ਇਨ੍ਹਾਂ ਕਵਿਤਾਵਾਂ ਵਿਚ ਉਸ ਭਾਰਤ ਦਾ ਵਰਣਨ ਸੀ ਜੋ ਕਦੀ ਸਭਿਅਤਾ, ਸੰਸਕ੍ਰਿਤੀ, ਗਿਆਨ, ਵਿਗਿਆਨ, ਦੌਲਤ ਅਤੇ ਸਨਮਾਨ ਵਿਚ ਦੁਨੀਆ ਭਰ ਵਿਚੋਂ ਸਿਰਮੌਰ ਸੀ; ਪਰ ਗੁਲਾਮੀ ਦੇ ਜੂਲੇ ਹੇਠ ਆਪਣੀ ਤਾਕਤ, ਸਮਰੱਥਾ ਸਭ ਕੁਝ ਗੁਆ ਬੈਠਾ ਸੀ। ਇਨ੍ਹਾਂ ਕਵਿਤਾਵਾਂ ਵਿਚ ਪਰਵਾਸੀ ਭਾਰਤੀਆਂ ਦਾ ਦਰਦ ਦੋ ਧਾਰੀ ਤਲਵਾਰ ਵਾਂਗ ਹੈ ਜਿਨ੍ਹਾਂ ਦਾ ਇੱਜ਼ਤ-ਮਾਣ ਨਾ ਆਪਣੇ ਦੇਸ਼ ਵਿਚ ਸੀ ਅਤੇ ਨਾ ਹੀ ਪਰਦੇਸ ਵਿਚ,

ਦੇਸ਼ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।

ਇਸ ਤਰ੍ਹਾਂ ਘਰੋਂ ਬੇਘਰ ਹੋਣ ਦਾ ਦੁੱਖ ਉਨ੍ਹਾਂ ਨੂੰ ਵੱਢ-ਵੱਢ ਖਾਂਦਾ। ਇਹ ਦੁੱਖ ਹੋਰ ਵੀ ਕਰੁਣਾਮਈ ਹੋ ਜਾਂਦਾ ਜਦੋਂ ਉਨ੍ਹਾਂ ਨੂੰ ਪਰਦੇਸਾਂ ਵਿਚ ਨਸਲਵਾਦ ਦੇ ਜ਼ਹਿਰੀਲੇ ਬੋਲ ਸੁਣਨੇ ਪੈਂਦੇ,

ਭਲਾ ਜੀਵਣੇ ਦਾ ਕਾਹਦਾ ਹਾਲ ਸਾਡਾ,
ਸਾਡੇ ਕੁੱਤਿਆਂ ਤੋਂ ਭੈੜੇ ਹਾਲ ਹੋ ਗਏ।
ਕੁਲੀ ਕੁਲੀ ਕਹਿ ਕੇ ਦੁਨੀਆ ਨੱਕ ਚਾੜ੍ਹੇ,
ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ।

ਦੁੱਖ ਤਾਂ ਇਸ ਗੱਲ ਦਾ ਵੀ ਸੀ ਕਿ ਭਾਰਤ ਵਿਚ ਬ੍ਰਿਟਿਸ਼ ਸਾਮਰਾਜ, ਭਾਰਤੀਆਂ ਦੇ ਧਨ ਨਾਲ ਹੀ ਉਨ੍ਹਾਂ 'ਤੇ ਜ਼ੁਲਮ ਕਰਦਾ,

ਸਾਡੇ ਪੈਸੇ ਨਾਲ ਸਾਡਾ ਸਿਰ ਕੁੱਟ ਕੇ,
ਜ਼ਾਲਮ ਫਰੰਗੀ ਲੈ ਗਏ ਦੇਸ ਲੁੱਟ ਕੇ।

---

ਪੈਸਾ ਸੂਤ ਸਾਰਾ ਹਿੰਦ ਦੇਸ਼ ਵਾਲਾ,
ਇੰਗਲੈਂਡ ਵਿਚ ਲਈ ਜਾਣ ਲੋਕੋ।
ਲੁੱਟੀ ਲਈ ਜਾਂਦੇ ਦਿਨ ਰਾਤ ਡਾਕੂ,
ਭੁੱਖੇ ਮਰਨ ਗਰੀਬ ਕਿਸਾਨ ਲੋਕੋ।

ਇਸ ਲੁੱਟ ਦਾ ਪ੍ਰਭਾਵ ਇਹ ਪਿਆ,

ਭਾਰਤ ਵਿਚ ਨਾ ਢੂੰਡਿਆ ਮਿਲੇ ਕੌਡੀ,
ਮਾਲਾ ਮਾਲ ਹੋ ਗਿਆ ਇੰਗਲਿਸਤਾਨ ਵੀਰੋ।
ਕੁੱਤੇ ਖਾਣ ਫਿਰੰਗੀ ਦੇ ਪੇਟ ਭਰ ਕੇ,
ਭੁੱਖੇ ਹਿੰਦ ਦੇ ਮਰਨ ਇਨਸਾਨ ਵੀਰੋ।

ਇਸ ਗਰੀਬੀ ਨੇ ਉਨ੍ਹਾਂ ਨੂੰ ਰੋਜ਼ੀ-ਰੋਟੀ ਦੀ ਭਾਲ ਵਿਚ ਸੱਤ ਸਮੁੰਦਰੋਂ ਪਾਰ ਜਾਣ ਲਈ ਮਜਬੂਰ ਕੀਤਾ ਸੀ,...ਤੇ ਉਥੇ ਉਨ੍ਹਾਂ ਨੂੰ ਮਿਲਦੀ ਘ੍ਰਿਣਾ, ਫਿਟਕਾਰ, ਦੁੱਖ ਅਤੇ ਹੋਰ ਸਜ਼ਾ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਜਿਨ੍ਹਾਂ ਲੋਕਾਂ ਨਾਲ ਆਪਣੇ ਦੇਸ਼ ਵਿਚ ਕੁੱਤਿਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਵਿਦੇਸ਼ਾਂ ਵਿਚ ਵੀ ਚੰਗੇ ਸਲੂਕ ਦੀ ਆਸ ਨਹੀਂ ਰੱਖਣੀ ਚਾਹੀਦੀ; ਉਸ ਦੇਸ਼ ਵਿਚ ਤਾਂ ਬਿਲਕੁਲ ਹੀ ਨਹੀਂ ਜਿਥੇ ਲੋਕ ਗੁਲਾਮੀ ਨੂੰ ਨਫ਼ਰਤ ਕਰਦੇ ਹਨ। ਉਹ ਸਮਝ ਗਏ ਕਿ ਗੁਲਾਮਾਂ ਦਾ ਕੋਈ ਮਜ਼ਹਬ ਨਹੀਂ ਹੁੰਦਾ ਤੇ ਨਾ ਹੀ ਉਨ੍ਹਾਂ ਦੀ ਕੋਈ ਇੱਜ਼ਤ ਹੁੰਦੀ ਹੈ। ਅਮਰੀਕੀ ਗੋਰਿਆਂ ਦੀਆਂ ਨਜ਼ਰਾਂ ਵਿਚ ਤਾਂ ਉਹ ਗੰਦੇ ਕੱਪੜੇ ਨਾਲ ਸਿਰ ਢੱਕੀ, 'ਦਾੜ੍ਹੀ ਮੁੱਛਾਂ ਵਾਲੀ ਕਾਲੀ ਕਾਇਰ ਭੇਡ ਵਰਗੀਆਂ ਔਰਤਾਂ' ਹਨ; ਬੇਸ਼ੱਕ ਉਹ ਬ੍ਰਿਟਿਸ਼ ਸਾਮਰਾਜ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਦੇ ਦੇਣ, ਗੋਰਿਆਂ ਦੇ ਦਿਮਾਗ ਵਿਚ ਕਾਲੇ ਗੁਲਾਮ ਹੀ ਹਨ,

ਦੁਨੀਆ ਵਿਚ ਨਾਮ ਗੁਲਾਮ ਸਾਡਾ,
ਸਾਡਾ ਝੁਲਦਾ ਨਹੀਂ ਨਿਸ਼ਾਨ ਵੀਰੋ।
ਭੇਡਾਂ ਵਾਂਗ ਤੁਰਦੇ ਅੱਗੇ ਗੋਰਿਆਂ ਦੇ,
ਸਾਨੂੰ ਕਰੇ ਮਖੌਲ ਜਹਾਨ ਵੀਰੋ।
ਕਾਲਾ ਦੇਖ ਗੁਲਾਮੀ ਦਾ ਦਾਗ ਮੱਥੇ,
ਧੱਕੇ ਮਾਰਦਾ ਕੁਲ ਜਹਾਨ ਵੀਰੋ।
ਕੀਤੇ ਯੁੱਧ ਬੜੇ ਖਾਤਿਰ ਗੋਰਿਆਂ ਦੇ,
ਹੋਈ ਭੁੱਲ ਬੜੀ ਅਣਜਾਣ ਵੀਰੋ।

ਇਸੇ ਕਾਰਨ ਆਪਸੀ ਭੇਦਭਾਵ ਤੇ ਫੁੱਟ ਕਰ ਕੇ ਅਸੀਂ 1857 ਦਾ ਯੁੱਧ ਹਾਰ ਗਏ ਅਤੇ ਗੁਲਾਮ ਰਹੇ। ਹੁਣ ਇਸ ਭੁੱਲ ਨੂੰ ਸੁਧਾਰਨ ਦਾ ਇਕੋ ਇਕ ਰਸਤਾ ਹੈ- ਸਿਰ ਹਥੇਲੀ 'ਤੇ ਰੱਖ ਕੇ ਗ਼ਦਰ ਕਰਨਾ,

ਸਭੇ ਗਲਤੀਆਂ ਤੇ ਪਾਪ ਜਾਣ ਧੋਤੇ,
ਖਾਤਿਰ ਲੜਾਂਗੇ ਜਾ ਹਿੰਦੋਸਤਾਨ ਵੀਰੋ।
ਕਸਮ ਹਿੰਦੂਆਂ ਵੇਦ ਗ੍ਰੰਥ ਵਾਲੀ,
ਮੁਸਲਮਾਨ ਨੂੰ ਕਸਮ ਕੁਰਾਨ ਵੀਰੋ।

ਤੇ ਚਿਤਾਵਨੀ ਦਿੰਦਿਆਂ ਗਦਰੀਆਂ ਨੇ ਕਿਹਾ,

ਜਿਹੜਾ ਲੜੇ ਨਾ ਨਾਲ ਫਰੰਗੀਆਂ ਦੇ,
ਸੋਈ ਤੁਖਮ ਹਰਾਮ ਸ਼ੈਤਾਨ ਵੀਰੋ।

ਇਉਂ ਪਰਵਾਸੀ ਭਾਰਤੀਆਂ ਦੇ ਮਨਾਂ ਵਿਚ ਇਹ ਬੈਠ ਗਿਆ ਕਿ ਗ਼ਦਰ ਤੋਂ ਸਿਵਾ ਆਪਣੀ ਇੱਜ਼ਤ, ਸਨਮਾਨ ਅਤੇ ਗੌਰਵ ਨੂੰ ਪਾਉਣ, ਬਚਾਉਣ ਦਾ ਕੋਈ ਰਸਤਾ ਨਹੀਂ ਹੈ। ਕੇਵਲ ਬਗਾਵਤ ਲਈ ਤਿਆਰੀ ਕਰਨਾ ਇਕੋ ਇਕ ਉਦੇਸ਼ ਅਤੇ ਗ਼ਦਰ ਲਈ ਅਰਦਾਸ ਹੀ ਇਕੋ ਇਕ ਜਾਪ ਸੀ। "ਜੇ ਤੁਸੀਂ ਕੋਈ ਗੱਲ ਕਰਦੇ ਹੋ ਤਾਂ ਗ਼ਦਰ ਦੀ ਗੱਲ ਕਰੋ; ਜੇ ਸੁਪਨਾ ਵੇਖਦੇ ਹੋ ਤਾਂ ਗ਼ਦਰ ਦਾ ਵੇਖੋ; ਜੇ ਕੁਝ ਖਾਂਦੇ ਹੋ ਤਾਂ ਗ਼ਦਰ ਲਈ ਖਾਓ। ਮਜ਼੍ਹਬਾਂ ਦੇ ਝਗੜੇ ਜਾਂ ਵੇਦ ਕੁਰਾਨ ਦੇ ਝਗੜਿਆਂ 'ਚ ਫਸੇ ਰਹਿਣਾ ਮੂਰਖਤਾ ਹੈ।" ਗ਼ਦਰੀਆਂ ਦੀ ਸਲਾਹ ਮਜ਼ਬੀ ਜਨੂੰਨੀਆਂ ਤੋਂ ਦੂਰ ਰਹਿਣ ਦੀ ਸੀ ਜੋ ਲੋਕਾਂ ਨੂੰ ਹਕੀਕਤ ਤੋਂ ਭਟਕਾ ਰਹੇ ਸਨ,

ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ,
ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।
ਜਪ ਜਾਪ ਦਾ ਵਕਤ ਬਤੀਤ ਹੋਇਆ,
ਸਮਾਂ ਆ ਗਿਆ ਤੇਗ ਉਠਾਵਣੇ ਦਾ।

ਇਹੀ ਨਹੀਂ, ਕੁਝ ਧਾਰਮਿਕ ਲੀਡਰਾਂ ਬਾਰੇ ਇਸ ਤਰ੍ਹਾਂ ਵੀ ਕਿਹਾ,

ਤੁਸੀਂ ਝਗੜਿਆਂ ਵਿਚ ਮਸ਼ਗੂਲ ਹੋਏ,
ਜਿਵੇਂ ਕੰਮ ਜਨਾਨੀਆਂ ਰੰਡੀਆਂ ਦਾ।
ਗਏ ਗਰਕ ਹਿੰਦੂ-ਮੁਸਲਮਾਨ ਸਾਰੇ,
ਆਇਆ ਜਦੋਂ ਦਾ ਰਾਜ ਫਰੰਗੀਆਂ ਦਾ।

---

ਆਪਸ ਵਿਚ ਲੜਨਾ ਮੰਦਾ ਕੰਮ ਫੜਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ,
ਰੌਲੇ ਘੱਤ ਕੇ ਵੇਦ ਕੁਰਾਨ ਵਾਲੇ।

ਗ਼ਦਰੀਆਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਾਨੂੰ ਗੁਲਾਮ ਬਣਾਉਣ ਲਈ, ਸੁਤੰਤਰਤਾ ਸੰਗਰਾਮ ਦੀ ਅਸਫਲਤਾ ਅਤੇ ਗੁਲਾਮ ਬਣਾਈ ਰੱਖਣ ਲਈ ਗ਼ਦਾਰ ਭਾਰਤੀ ਵੀ ਉਨੇ ਹੀ ਦੋਸ਼ੀ ਹਨ, ਜਿੰਨੇ ਬ੍ਰਿਟਿਸ਼; ਬਲਕਿ ਉਨ੍ਹਾਂ ਨਾਲੋਂ ਵੀ ਵੱਧ। ਬ੍ਰਿਟਿਸ਼ ਲੁੱਟਦੇ ਹਨ ਤਾਂ ਆਪਣੇ ਦੇਸ਼ ਲਈ, ਪਰ ਇਹ ਗ਼ਦਾਰ ਤਾਂ ਮਾਤਘਾਤੀ ਹਨ। ਉਨ੍ਹਾਂ ਪ੍ਰਤੀ ਗ਼ਦਰੀਆਂ ਵਿਚ ਗਹਿਰੀ ਨਫ਼ਰਤ ਭਰੀ ਹੋਈ ਸੀ। ਮਕਸਦ ਦੀ ਪ੍ਰਾਪਤੀ ਲਈ ਅਜਿਹੇ ਦੇਸ਼ਘਾਤੀ, ਚੰਡਾਲ, ਸਵਾਰਥੀ, ਭਾੜੇ ਦੇ ਟੱਟੂ ਅਤੇ ਟੋਡੀ ਬੱਚਿਆਂ ਦਾ ਖਾਤਮਾ ਕਰਨਾ ਉਨ੍ਹਾਂ ਦੇ ਏਜੰਡੇ ਦਾ ਖਾਸ ਹਿੱਸਾ ਸੀ। ਗ਼ਦਰੀਆਂ ਨਾਲ ਸਿੱਝਣ ਲਈ ਉਹ ਪਹਿਲ 'ਤੇ ਸਨ,

ਪਿੱਛੋਂ ਦੇਖਾਂਗੇ ਵੱਲ ਫਰੰਗੀਆਂ ਦੇ,
ਪਹਿਲਾਂ ਦੇਸ਼ਘਾਤੀ ਸਮਝਾ ਲਈਏ।

ਤੇ ਹੋਰ ...

ਉਨ੍ਹਾਂ ਤੁਖਮ ਹਰਾਮ ਦੇ ਪੁੱਤ ਜਾਣੋ,
ਮਦਦ ਕਰਨ ਜੋ ਇਸ ਸਰਕਾਰ ਵਾਲੀ।

ਜਾਤ-ਪਾਤ, ਭਾਸ਼ਾ, ਧਰਮ ਅਤੇ ਪ੍ਰਾਂਤਾਂ ਦੇ ਆਧਾਰ 'ਤੇ ਵੰਡੀਆਂ ਪਾਉਣ ਵਾਲੇ ਅਨਸਰਾਂ ਦੇ ਗ਼ਦਰੀ ਸਖ਼ਤ ਵਿਰੋਧੀ ਸਨ। ਉਨ੍ਹਾਂ ਨੇ ਆਪਣੀ ਪਛਾਣ, ਆਪਣਾ ਸਾਰਾ ਵਜੂਦ, ਆਪਣੇ ਆਪ ਨੂੰ ਹਿੰਦੁਸਤਾਨੀ ਆਖ ਕੇ ਉਸ ਵਿਚ ਸਮੋ ਲਿਆ। ਗ਼ਦਰ ਦੇ ਨੌਜਵਾਨ ਮਹਾਂਨਾਇਕ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਿਖਿਆ ਸੀ,

ਜੋ ਕੋਈ ਪੂਛੇ ਕਿ ਕੌਣ ਹੋ ਤੁਮ,
ਤੋ ਕਹਿ ਦੋ ਬਾਗੀ ਹੈ ਨਾਮ ਅਪਨਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,
ਗ਼ਦਰ ਕਰਨਾ ਹੈ ਕਾਮ ਅਪਨਾ।
ਨਮਾਜ਼ ਸੰਧਿਆ ਯਹੀ ਹਮਾਰੀ,
ਔਰ ਪਾਠ ਪੂਜਾ ਸਭੀ ਯਹੀ ਹੈ।
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਹੈ ਔਰ ਰਾਮ ਅਪਨਾ।

ਹੋਰ ਇਸ ਤਰ੍ਹਾਂ ਵੀ,

ਨਾ ਹਿੰਦੂ ਹੈਂ ਨਾ ਮੁਸਲਮਾਨ,
ਨਾ ਹੀ ਤੁਰਕਸਤਾਨੀ ਹੈਂ।
ਯਹਾਂ ਜਿਤਨੇ ਵੀ ਹੈਂ ਹਮ,
ਸਭ ਹਿੰਦੁਸਤਾਨੀ ਹੈਂ।

16 ਨਵੰਬਰ 1915 ਨੂੰ ਜਦੋਂ 19 ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੇ ਸ਼ਹਾਦਤ ਪਾਈ ਤਾਂ ਫਾਂਸੀ ਦੇ ਫੰਦੇ ਨੂੰ ਚੁੰਮਦਿਆਂ ਉਨ੍ਹਾਂ ਗਾਇਆ,

ਯਹੀ ਪਾਓਗੇ ਮਹਿਸ਼ਰ ਮੇਂ
ਜ਼ੁਬਾਂ ਮੇਰੀ, ਬਿਆਂ ਮੇਰਾ।
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ,
ਹੈ ਹਿੰਦੋਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ,
ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼ਹਬ, ਯਹੀ ਫਿਰਕਾ,
ਯਹੀ ਹੈ ਖਾਨਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ
ਏਕ ਜ਼ੱਰਾ ਹੂੰ,
ਯਹੀ ਬਸ ਏਕ ਪਤਾ ਮੇਰਾ,
ਯਹੀ ਨਾਮੋ ਨਿਸ਼ਾਂ ਮੇਰਾ।

---

'ਗ਼ਦਰ' ਅਖ਼ਬਾਰ ਵਿਚ ਛਪੀਆਂ ਇਨਕਲਾਬੀ ਰਾਸ਼ਟਰੀ ਕਵਿਤਾਵਾਂ ਦਾ ਸੰਗ੍ਰਹਿ 'ਗ਼ਦਰ ਦੀ ਗੂੰਜ' ਨਾਂ ਹੇਠ ਬਹੁਤ ਸਾਰੀਆਂ ਕਿਤਾਬਾਂ ਛਾਪੀਆਂ ਗਈਆਂ। ਹਿੰਦੀ, ਉਰਦੂ ਕਵਿਤਾਵਾਂ ਦਾ ਸੰਗ੍ਰਹਿ 'ਦੇਸ਼ ਭਗਤਾਂ ਦੀ ਬਾਣੀ' ਕਰ ਕੇ ਛਾਪਿਆ ਗਿਆ। ਇਨ੍ਹਾਂ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਮੁਫ਼ਤ ਵਿਚ ਵੰਡੀਆਂ ਗਈਆਂ। ਉਨ੍ਹਾਂ ਵਿਚਲੀਆਂ ਕਵਿਤਾਵਾਂ ਦੇਸ਼ ਭਗਤਾਂ ਦੀ ਜ਼ੁਬਾਨ 'ਤੇ ਗੂੰਜਣ ਲੱਗੀਆਂ। ਦਿਨ ਤਿਉਹਾਰ ਅਤੇ ਜਲਸਿਆਂ ਵਿਚ ਇਹ ਪੜ੍ਹੀਆਂ ਅਤੇ ਸੁਣੀਆਂ ਜਾਣ ਲੱਗੀਆਂ। ਜਦੋਂ 4 ਅਗਸਤ 1914 ਨੂੰ ਪਹਿਲੇ ਵਿਸ਼ਵ ਯੁੱਧ ਦਾ ਐਲਾਨ ਹੋਇਆ ਤਾਂ ਹਜ਼ਾਰਾਂ, ਗ਼ਦਰੀ ਦੇਸ਼ ਭਗਤ ਆਪਣੀ ਜਾਇਦਾਦ, ਗ਼ਦਰ ਆਸ਼ਰਮ ਨੂੰ ਦਾਨ ਕਰ ਭਾਰਤ ਚਲੇ ਗਏ। ਉਹ ਗ਼ਦਰ ਦੀ ਗੂੰਜ ਦੇ ਗੀਤ ਗਾਉਂਦੇ, ਆਜ਼ਾਦੀ ਲਈ ਲੜ ਮਰਨ ਖਾਤਰ ਉਨ੍ਹਾਂ ਦੇ ਖ਼ੂਨ ਜੋਸ਼ ਵਿਚ ਸੀ। ਕਰਤਾਰ ਸਿੰਘ ਸਰਾਭਾ ਵਾਂਗ ਉਹ ਵੀ ਜਾਣਦੇ ਸਨ ਕਿ ਉਨ੍ਹਾਂ ਦਾ ਰਾਹ ਕੰਡਿਆਂ ਭਰਿਆ ਹੈ,

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਆਜ਼ਾਦੀ ਦੇ ਇਹ ਪ੍ਰਵਾਨੇ ਦੇਸ਼ ਤੋਂ ਮਰ ਮਿਟਣ ਲਈ ਕਾਹਲੇ ਸਨ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦਾ ਖ਼ੂਨ ਕਦੀ ਬੇਕਾਰ ਨਹੀਂ ਜਾਵੇਗਾ। ਉਨ੍ਹਾਂ ਨੂੰ ਰਾਮ ਚੰਦਰ ਪੇਸ਼ਾਵਰੀ ਦੇ ਸ਼ਬਦਾਂ 'ਤੇ ਪੂਰਾ ਭਰੋਸਾ ਸੀ,

ਹਮਾਰਾ ਹਿੰਦ ਭੀ ਫੂਲੇ ਫਲੇਗਾ
ਏਕ ਦਿਨ ਲੇਕਿਨ,
ਮਿਲੇਂਗੇ ਖਾਕ ਮੇ ਲਾਖੋਂ
ਹਮਾਰੇ ਗੁਲ ਬਦਨ ਪਹਿਲੇ।

ਤੇ ਕਰਤਾਰ ਸਿੰਘ ਸਰਾਭਾ ਦੀ ਦਲੇਰੀ ਇਨ੍ਹਾਂ ਸਤਰਾਂ ਵਿਚ ਦੇਖੀ ਜਾ ਸਕਦੀ ਹੈ,

ਜ਼ੁਬਾਨੇ ਖ਼ਲਕ ਸੇ ਸੁਨ ਕਰ
ਖ਼ੁਸ਼ ਹੋਨਾ ਮੇਰੀ ਮਾਤਾ,
ਚੜ੍ਹੇ ਫਾਂਸੀ ਪੇ ਹੱਸ ਹੱਸ ਕਰ
ਤੇਰੇ ਲਖਤੇ-ਜਿਗਰ ਹੋਂਗੇ।

16 ਨਵੰਬਰ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਆਦਿ ਸੱਤ ਸੂਰਮੇ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋ ਗਏ। ਉਮਰ ਕੈਦ ਦੀ ਸਜ਼ਾ ਪਾਉਣ ਵਾਲਿਆਂ ਨੂੰ ਸ਼ਹੀਦ ਨਾ ਹੋਣ ਦਾ ਅਫ਼ਸੋਸ ਸੀ। ਉਨ੍ਹਾਂ 'ਚੋਂ ਇਕ ਪੰਡਿਤ ਜਗਤ ਰਾਮ ਨੇ ਸ਼ਹੀਦ ਸਰਾਭੇ ਦੀ ਸ਼ਹੀਦੀ 'ਤੇ ਕਿਹਾ ਸੀ,

ਫ਼ਖ਼ਰ ਹੈ ਭਾਰਤ ਕੋ,
ਏ ਕਰਤਾਰ ਤੂੰ ਜਾਤਾ ਹੈ ਆਜ।
ਜਗਤ ਔਰ ਪਿੰਗਲੇ ਕੋ ਭੀ
ਤੂੰ ਸਾਥ ਲੇ ਜਾਤਾ ਹੈ ਆਜ।
ਹਮ ਤੁਮਾਰੇ ਮਿਸ਼ਨ ਕੋ
ਪੂਰਾ ਕਰੇਂਗੇ ਸਾਥੀਓ,
ਕਸਮ ਹਰ ਹਿੰਦੀ ਤੁਮਾਰੇ ਖ਼ੂਨ ਸੇ
ਖਾਤਾ ਹੈ ਆਜ।

ਕਾਸ਼! ਅੱਜ ਉਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦੇ ਭਾਰਤ ਨੂੰ ਸਾਕਾਰ ਕਰਨ ਲਈ ਉਸ ਕਸਮ ਨੂੰ ਹਰ ਭਾਰਤੀ ਨਿਭਾ ਸਕਦਾ!

## ਕਾਵਿ-ਜਗਤ

### ਮੈਨੂੰ ਸਾਰੇ ਯਾਦ ਨੇ...

ਪਹਿਲੀ ਤੋਂ ਅਖੀਰ ਤੱਕ,
ਜਿਹੜੇ ਮੇਰੇ ਨਾਲ ਪੜ੍ਹੇ,
ਸਾਰੇ ਮੈਨੂੰ ਯਾਦ ਨੇ।
ਦੁੱਖਾਂ 'ਚ ਪਹਾੜ ਬਣ,
ਮੋਢਾ ਲਾ ਕੇ ਨਾਲ ਖੜ੍ਹੇ,
ਉਹ ਵੀ ਮੈਨੂੰ ਯਾਦ ਨੇ।

ਕਿਹਨੇ ਕਿੰਨਾ ਪਿਆਰ ਕੀਤਾ,
ਕਿਹੜੇ ਮੇਰੇ ਨਾਲ ਲੜੇ,
ਭੁੱਲਿਆ ਨਾ, ਯਾਦ ਨੇ।
ਅੰਬਰਾਂ ਨੂੰ ਜਾਂਦੀ ਗੁੱਡੀ,
ਜਿਹੜੇ ਵੇਖ ਵੇਖ ਸੜੇ,
ਉਹ ਵੀ ਮੈਨੂੰ ਯਾਦ ਨੇ।

ਮੇਰਿਆਂ ਰਾਹਾਂ 'ਚ ਜੋ ਵੀ,
ਬਣ ਕੇ ਅੜਿੱਕੇ ਅੜੇ,
ਉਹ ਵੀ ਸਾਰੇ ਯਾਦ ਨੇ।
ਕਿਹੜੇ ਕਿਹੜੇ ਤੋਂ ਮੈਂ ਬੜਾ,
ਤੇ ਕਿਹੜੇ ਕਿਹੜੇ ਮੈਥੋਂ ਬੜੇ,
'ਕੱਲੇ 'ਕੱਲੇ ਯਾਦ ਨੇ।

ਜਿਹੜਿਆਂ ਨੇ ਲਾਈਆਂ ਜੜ੍ਹਾਂ,
ਵੱਢਦੇ ਜੋ ਜੜ੍ਹਾਂ ਫੜੇ,
ਭੁੱਲਦੇ ਨਾ, ਯਾਦ ਨੇ।
ਗਰੀਬੀ ਵਾਲੇ ਸਮੇਂ ਵੱਢੇ,
ਕਣਕ ਤੇ ਕਾਹੀ ਨੜੇ,
ਉਹ ਵੀ ਮੈਨੂੰ ਯਾਦ ਨੇ।

ਹੱਥਾਂ 'ਤੇ ਚੜ੍ਹਾਇਆ ਜਿਨ੍ਹਾਂ,
ਜਿਹੜੇ ਮੇਰੇ ਹੱਥੀਂ ਚੜ੍ਹੇ,
ਅੱਜ ਵੀ ਉਹ ਯਾਦ ਨੇ।
ਜਿਨ੍ਹਾਂ ਦਿੱਤੇ ਦੁੱਖਾਂ ਵਾਲੀ,
ਅੱਗ ਵਿਚ ਖਾਬ ਸੜੇ,
ਉਹ ਵੀ ਮੈਨੂੰ ਯਾਦ ਨੇ।

ਹਿਜਰਾਂ ਦੀ ਕਾੜ੍ਹਨੀ 'ਚ,
ਜਿਹੜੇ ਮੇਰੇ ਨਾਲ ਕੜ੍ਹੇ,
ਸਾਰੇ ਮੈਨੂੰ ਯਾਦ ਨੇ।
ਹੰਝੂਆਂ ਨੂੰ ਪੂੰਝਦੇ ਜੋ,
ਹੰਝੂਆਂ 'ਚ ਨਾਲ ਹੜ੍ਹੇ,
ਉਹ ਵੀ ਮੈਨੂੰ ਯਾਦ ਨੇ।

ਚਾਦਰਾਂ ਵਿਛਾਈਆਂ ਕਈਆਂ,
ਕਈਆਂ ਚਾਹਿਆ ਬੈਠਾਂ ਰੜੇ,
ਸਾਰੇ ਮੈਨੂੰ ਯਾਦ ਨੇ।
ਕਿਨ੍ਹਾਂ ਲਾਈਆਂ ਮੱਲ੍ਹਮਾਂ,
ਕਿਨ੍ਹਾਂ ਨੇ ਸੀਨੇ ਕਿੱਲ ਜੜੇ,
ਉਹ ਵੀ ਮੈਨੂੰ ਯਾਦ ਨੇ।

ਕਿਹੜੇ ਭੁੱਲੇ, ਕਿਹੜਿਆਂ ਨੇ,
ਦਿਲ ਦੇ ਫਰੇਮ ਜੜੇ,
ਉਹ ਵੀ ਮੈਨੂੰ ਯਾਦ ਨੇ।
ਨਿੱਕਾ ਹੁੰਦਾ ਮੰਗਦਾ ਸਾਂ,
ਪੀਲੀ ਪੱਗ ਦੋ ਕੜੇ,
ਅੱਜ ਵੀ ਉਹ ਯਾਦ ਨੇ।

ਕਈਆਂ, ਪੈਰਾਂ ਦੀ ਜ਼ਮੀਨ ਖਿੱਚੀ,
ਕਈਆਂ ਹੱਥਾਂ ਦੇ ਬਣਾਏ ਥੜ੍ਹੇ,
ਸਭ ਮੈਨੂੰ ਯਾਦ ਨੇ।
ਦਰਦਾਂ ਦੇ ਮੀਂਹ ਧੁੱਪ,
ਨਿੰਮੇ ਨੇ ਜੋ ਜਰੇ ਗੜੇ,
ਉਹ ਵੀ ਮੈਨੂੰ ਯਾਦ ਨੇ।

**-ਨਿੰਮਾ ਡੱਲੇਵਾਲਾ**

---

### ਕਾਟੋ ਕਲੇਸ਼

ਵੱਡੀ ਵਿਸ਼ਾਲ ਰੈਂਚ ਕੋਠੀ
ਚਾਰ ਚੁਫੇਰਾ ਹਰਿਆ ਭਰਿਆ
ਫਲਾਂ ਫੁੱਲਾਂ ਨਾਲ ਲੱਦੇ ਬਗੀਚੇ ਕਿਆਰੀਆਂ।
ਕਾਟੋ ਆਉਂਦੀ ਮਖ਼ਮਲੀ ਘਾਹ 'ਤੇ ਲੇਟਦੀ,
ਫੁੱਲਾਂ ਨਾਲ ਮਸਤਾਉਂਦੀ
ਫੁਰਤੀਲੀ ਗਲਹਿਰੀ,
ਤਿੰਨ ਬੱਚਿਆਂ ਸੰਗ
ਜਿਵੇਂ ਛੁੱਟੀਆਂ ਮਨਾਉਂਦੀ।
ਛੋਟੇ ਬੱਚੇ ਉਪਰ ਚੜ੍ਹ ਟਪੂਸੀਆਂ ਮਾਰਦੇ,
ਉਹ ਉਨ੍ਹਾਂ ਦੇ ਮੂੰਹ ਫਲ ਪਾਉਂਦੀ।
ਵੇਖ ਕੇ ਖ਼ੁਸ਼ ਹੋਇਆ
ਚਾਂਭਲਿਆ ਰਿੜ੍ਹਦਾ ਗੁਗੂ
ਕਿਲਕਾਰੀਆਂ ਮਾਰਦਾ
ਉਨ੍ਹਾਂ ਨਾਲ ਜਾ ਰਲਦਾ।
ਇਕ ਦਿਨ... 'ਹੈ ਤੇਰਾ ਬੇੜਾ ਗਰਕ!'
ਟਮਾਟਰ, ਲਸਣ, ਖ਼ੁਰਮਾਣੀ,
ਆੜੂ ਸਭ ਟੁੱਕੇ ਹੋਏ,
ਥਾਂ ਥਾਂ 'ਤੇ ਰੁੱਡਾਂ ਖੁੱਡਾਂ ਮਿੱਟੀ ਦੇ ਢੇਰ।
ਸਾਰੇ ਗੁਲਸ਼ਨ ਦਾ ਉਜਾੜਾ ਕਰ ਧਰਿਆ,
ਵੇਖ ਕੇ ਪੀਟਰ ਕਲਪ ਉਠਿਆ।
ਸਟੋਰ ਤੋਂ ਲੈ ਆਇਆ ਮਾਰੂ-ਪੁੜੀਆਂ।
'ਇਹ ਇਨ੍ਹਾਂ ਦਾ
ਬਰੇਕਫਾਸਟ ਹੋਵੇਗਾ ਕੱਲ੍ਹ ਨੂੰ।'
ਬੜੀਆਂ ਸਵਾਦ! ਉਨ੍ਹਾਂ ਰੱਜ ਰੱਜ ਖਾਧੀਆਂ।
ਗੁਗੂ ਉਡੀਕਦਾ ਰੋਂਦਾ ਰਿਹਾ,
ਅਗਲੇ ਭਲਕ ਉਹ ਨਾ ਆਏ।
ਬੱਚੇ ਨੂੰ ਉਦਾਸ ਵੇਖ ਕੇ
ਪਤਨੀ ਖਿਝਣ ਲੱਗੀ।
ਘਰ ਵਿਚ ਮਹਾਂ-ਭਾਰਤ ਮੱਚ ਉਠਾ।
ਫੁੱਲਾਂ 'ਤੇ ਖੇਡਦੀ ਕਾਟੋ
ਫਿਰ ਕਦੇ ਨਾ ਦਿੱਸੀ,
ਮੁੜ ਗਈ ਕਾਟੋ ਕਲੇਸ਼ ਪਾ ਕੇ।

**-ਚਰਨਜੀਤ ਸਿੰਘ ਪੰਨੂ**

# ਸਮਾਜਕ ਵਿਹਾਰ ਦੀਆਂ ਪਰਤਾਂ ਬਨਾਮ ਬਿਰਤਾਂਤ ਪੱਤਰਕਾਰੀ

ਬਿਰਤਾਂਤ ਪੱਤਰਕਾਰੀ ਦੀ ਵਿਧਾ ਪੁਰਾਣੀ ਹੈ, ਪਰ ਮੌਜੂਦਾ ਦੌਰ ਵਿਚ ਇਹ ਮਕਬੂਲ ਹੋ ਰਹੀ ਹੈ। ਭਾਰਤ ਵਿਚ ਇਹ ਵਿਧਾ ਜ਼ਿਆਦਾਤਰ ਅੰਗਰੇਜ਼ੀ ਬੋਲੀ ਤੱਕ ਮਹਿਦੂਦ ਹੈ। ਇਸ ਵਿਧਾ (ਵੰਨਗੀ) ਦਾ ਨਿਭਾਅ ਰੋਜ਼ਾਨਾ ਪੱਤਰਕਾਰੀ ਤੋਂ ਵੱਖਰਾ ਹੈ। ਰੋਜ਼ਾਨਾ ਪੱਤਰਕਾਰੀ ਸੰਖੇਪ ਅਤੇ ਫੌਰੀ ਹੁੰਦੀ ਹੈ, ਪਰ ਬਿਰਤਾਂਤ ਪੱਤਰਕਾਰੀ ਤਫ਼ਸੀਲ ਅਤੇ ਚਿਰਕਾਲੀ ਪੱਖ ਨੂੰ ਧੁਰਾ ਬਣਾਉਂਦੀ ਹੈ। ਮੁੱਖਧਾਰਾ ਦੀ ਪੱਤਰਕਾਰੀ ਵਿਚ ਥਾਂ ਅਤੇ ਸਮੇਂ ਦੀਆਂ ਹੱਦਾਂ ਭਾਰੂ ਰਹਿੰਦੀਆਂ ਹਨ। ਦੂਜੇ ਪਾਸੇ ਬਿਰਤਾਂਤ ਪੱਤਰਕਾਰੀ ਸਮੇਂ-ਸਥਾਨ ਦੀਆਂ ਹੱਦਾਂ ਵਿਚ ਢਿੱਲੀ ਡੋਰ ਨਾਲ ਬੰਨ੍ਹੀ ਹੁੰਦੀ ਹੈ, ਪਰ ਇਸ ਵਿਚ ਤਤਕਾਲੀ ਤੱਤ ਦੀ ਅਹਿਮੀਅਤ ਕਾਇਮ ਰਹਿੰਦੀ ਹੈ। ਬਿਰਤਾਂਤ ਪੱਤਰਕਾਰੀ ਵਿਚ ਕਿਸੇ

ਦਲਜੀਤ ਅਮੀ

ਮਸਲੇ ਦਾ ਲੰਮਾ ਸਮਾਂ ਪਿੱਛਾ ਕੀਤਾ ਜਾਂਦਾ ਹੈ। ਕਿਸੇ ਘਟਨਾ ਦੀਆਂ ਪਰਤਾਂ ਫਰੋਲੀਆਂ ਜਾਂਦੀਆਂ ਹਨ ਜਾਂ ਕਿਸੇ ਸ਼ਖ਼ਸੀਅਤ ਨੂੰ ਕਈ ਪੱਖਾਂ ਅਤੇ ਸਮੇਂ ਨਾਲ ਜੋੜ ਕੇ ਵੇਖਣ ਦਾ ਉਪਰਾਲਾ ਕੀਤਾ ਜਾਂਦਾ ਹੈ। ਸਮਾਜਕ ਰੁਝਾਨ ਨੂੰ ਕਿਸੇ ਜੀਅ ਦੇ ਤਜਰਬੇ ਵਿਚੋਂ ਵੇਖਿਆ ਜਾਂਦਾ ਹੈ। ਕਿਰਦਾਰਾਂ, ਦ੍ਰਿਸ਼ਾਂ, ਸਰਗਰਮੀਆਂ, ਦਲੀਲ ਅਤੇ ਵਿਚਾਰਾਂ ਨੂੰ ਬਾਰੀਕ ਵੇਰਵਿਆਂ ਨਾਲ ਪੇਸ਼ ਕੀਤਾ ਜਾਂਦਾ ਹੈ। ਬਿਰਤਾਂਤ ਪੱਤਰਕਾਰੀ ਅਜਿਹੀ ਸਿਰਜਣਾਤਮਕ ਵਾਰਤਕ ਹੈ ਜੋ ਸਮਾਜਕ ਰੁਝਾਨ ਦੀ ਨੁਮਾਇੰਦਗੀ ਰਾਹੀਂ ਬਾਤ ਪਾਉਂਦੀ ਹੈ। ਖੋਜ, ਪੁਖ਼ਤਾ ਜਾਣਕਾਰੀ ਅਤੇ ਦਿਲਚਸਪੀ ਵਿਚ ਗੁੰਨ੍ਹੀ ਹੋਈ ਬਿਰਤਾਂਤ ਪੱਤਰਕਾਰੀ ਨੂੰ ਸਾਹਿਤਕ ਪੱਤਰਕਾਰੀ ਵੀ ਕਿਹਾ ਜਾਂਦਾ ਹੈ। ਪਿਛਲੇ ਸਾਲਾਂ ਦੌਰਾਨ ਇਸ ਵਿਧਾ ਵਿਚ ਨਾਵਲ ਲਿਖੇ ਗਏ ਹਨ ਜੋ ਤੱਥਾਂ ਅਤੇ ਘਟਨਾਵਾਂ ਪੱਖੋਂ ਇਤਿਹਾਸ ਮੂਲਕ ਪਰ ਨਿਭਾਅ ਪੱਖੋਂ ਕਥਾ ਮੂਲਕ ਹਨ। ਇਸ ਵਿਧਾ ਨੂੰ ਕਈ ਕੌਮਾਂਤਰੀ ਰਸਾਲਿਆਂ ਅਤੇ ਪ੍ਰਕਾਸ਼ਕਾਂ ਨੇ ਤਵੱਜੋ ਦੇਣੀ ਸ਼ੁਰੂ ਕੀਤੀ ਹੈ। ਨਤੀਜੇ ਵਜੋਂ ਕਈ ਪੱਤਰਕਾਰਾਂ ਦੀਆਂ ਕਿਤਾਬਾਂ ਸਾਹਮਣੇ ਆਈਆਂ ਹਨ।

ਇਸੇ ਕੜੀ ਵਿਚ ਪੱਤਰਕਾਰ ਚੰਦਰ ਸੁਤਾ ਡੋਗਰਾ ਦੀ ਪਲੇਠੀ ਕਿਤਾਬ 'ਮਨੋਜ ਐਂਡ ਬਬਲੀ: ਏ ਹੇਟ ਸਟੋਰੀ' ਆਈ ਹੈ। ਚੰਦਰ ਸੁਤਾ ਇਸ ਵੇਲੇ 'ਦਿ ਹਿੰਦੂ' ਅਖ਼ਬਾਰ ਵਿਚ ਕੰਮ ਕਰਦੀ ਹੈ ਅਤੇ ਪਹਿਲਾਂ ਹਫ਼ਤਾਵਾਰੀ ਰਸਾਲੇ 'ਆਊਟਲੁੱਕ' ਵਿਚ ਕੰਮ ਕਰਦੀ ਸੀ। ਦੋ ਦਹਾਕਿਆਂ ਦੇ ਪੱਤਰਕਾਰਾ ਜੀਵਨ ਵਿਚ ਚੰਦਰ ਸੁਤਾ ਨੇ ਹਰਿਆਣਾ ਵਿਚ ਬਹੁਤ ਕੰਮ ਕੀਤਾ ਹੈ। ਉਸ ਦਾ ਖਾਪ ਪੰਚਾਇਤਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨਾਲ ਲਗਾਤਾਰ ਵਾਹ ਪੈਂਦਾ ਰਿਹਾ ਹੈ। ਮਨੋਜ ਅਤੇ ਬਬਲੀ ਨੇ 2007 ਵਿਚ ਆਪਣੇ ਪਿੰਡੋਂ ਭੱਜ ਕੇ ਵਿਆਹ ਕਰਵਾਇਆ ਸੀ। ਖਾਪ ਪੰਚਾਇਤ ਨੇ ਉਨ੍ਹਾਂ ਦੇ ਵਿਆਹ ਨੂੰ ਨਾਜਾਇਜ਼ ਕਰਾਰ ਦਿੱਤਾ ਸੀ। ਬਬਲੀ ਦੇ ਘਰਦਿਆਂ ਨੇ ਦੋਵਾਂ ਦਾ ਕਤਲ ਕਰ ਦਿੱਤਾ ਸੀ। ਇਨ੍ਹਾਂ ਕਤਲਾਂ ਵਿਚ ਪੰਚਾਇਤੀਆਂ, ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਖ਼ਬਰਾਂ ਦੀਆਂ ਸੁਰਖ਼ੀਆਂ ਬਣਦੀ ਰਹੀ ਸੀ। ਚੰਦਰ ਸੁਤਾ ਨੇ ਇਨ੍ਹਾਂ ਕਤਲਾਂ ਦੇ ਪਿਛੋਕੜ ਅਤੇ ਬਾਅਦ ਦੇ ਘਟਨਾਕ੍ਰਮ ਨੂੰ ਗਵਾਹੀਆਂ, ਸਬੂਤਾਂ ਅਤੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਆਪਣੀ ਕਿਤਾਬ ਵਿਚ ਉਸਾਰਿਆ ਹੈ।

ਖਾਪ ਪੰਚਾਇਤ ਹਰਿਆਣਾ ਦੇ ਪੇਂਡੂ ਮਾਹੌਲ ਅਤੇ ਸਮਾਜਕ ਰੀਤ-ਰਿਵਾਜ ਦੀ ਪੇਸ਼ਕਾਰੀ ਵੇਲੇ ਚੰਦਰ ਸੁਤਾ ਮੁਕਾਮੀ ਪਾਠਕ ਦੇ ਨਾਲ-ਨਾਲ ਵਿੱਥ ਉੱਤੇ ਖੜੋਤੀ ਜਗਿਆਸਾ ਦਾ ਧਿਆਨ ਰੱਖਦੀ ਹੈ। ਉਹ ਸਮਾਜਕ ਕਾਰਜਸ਼ੀਲਤਾ ਨੂੰ ਦਰਜ ਕਰਦੀ ਹੋਈ ਥਾਵਾਂ, ਕਿਰਦਾਰਾਂ, ਘਟਨਾਵਾਂ ਅਤੇ ਸਮਾਜਕ ਵਿਹਾਰ ਬਾਬਤ ਬੁਨਿਆਦੀ ਜਾਣਕਾਰੀ ਮੁਹੱਈਆ ਕਰਦੀ ਹੈ ਅਤੇ ਨਾਲੋ-ਨਾਲ ਉਨ੍ਹਾਂ ਦੀ ਪੇਚੀਦਗੀ ਨੂੰ ਗੇੜ ਵਿਚ ਲੈਂਦੀ ਹੈ। ਉਹ ਮਨੋਜ ਦੀ ਮਾਂ ਚੰਦਰਪਤੀ ਅਤੇ ਭੈਣ ਸੀਮਾ ਰਾਹੀਂ ਖਾਪ ਪੰਚਾਇਤ ਦੀਆਂ ਪਾਬੰਦੀਆਂ ਦੀ ਮਾਰ ਦਾ ਅਹਿਸਾਸ ਪਾਠਕ ਤੱਕ ਪਹੁੰਚਾਉਂਦੀ ਹੈ। ਇਨ੍ਹਾਂ ਦੀ ਦ੍ਰਿੜਤਾ ਰਾਹੀਂ ਉਹ ਇਨਸਾਫ਼ ਦੀ ਲੜਾਈ ਦਾ ਹਰ ਪੜਾਅ ਚਿਤਰਦੀ ਹੈ। ਸਮਾਜਕ ਪਾਬੰਦੀਆਂ, ਪੁਲਿਸ ਉੱਤੇ ਭਾਰੂ ਸਮਾਜਕ ਵਿਹਾਰ, ਖਾਪ ਪੰਚਾਇਤਾਂ ਦੀ ਹਮਾਇਤ ਉੱਤੇ ਖੜ੍ਹੀਆਂ ਸਿਆਸੀ ਪਾਰਟੀਆਂ ਅਤੇ ਸਮਾਜਕ ਦਾਬੇ ਹੇਠ ਕੰਨੀ ਖਿਸਕਾ ਰਹੇ ਵਕੀਲ ਰਾਹੀਂ ਭਾਰੂ ਧਿਰ ਦਾ ਜ਼ੋਰ ਪੇਸ਼ ਹੁੰਦਾ ਹੈ।

ਚੰਦਰਪਤੀ ਨੇ ਆਪਣੇ ਪਤੀ ਅਤੇ ਸਹੁਰੇ ਦੀਆਂ ਮੌਤਾਂ ਤੋਂ ਬਾਅਦ ਇੱਕਲੀ ਨੇ ਚਾਰ ਬੱਚੇ ਪਾਲੇ। ਉਹ ਇਨਸਾਫ਼ ਦੀ ਲੜਾਈ ਨੂੰ ਆਪਣੀ ਜ਼ਿੰਦਗੀ ਦੇ ਸੰਘਰਸ਼ ਦੀ ਅਗਲੀ ਕੜੀ ਵਜੋਂ ਵੇਖਦੀ ਹੈ ਅਤੇ ਸੀਮਾ ਆਪਣੀ ਮਾਂ ਦੀ ਦ੍ਰਿੜਤਾ ਨੂੰ ਦਲੀਲਮੰਦ ਚਾਰਾਜੋਈ ਰਾਹੀਂ ਦੂਣ-ਸਵਾਇਆ ਕਰਦੀ ਹੈ। ਜਦੋਂ ਭਾਈਚਾਰੇ ਦੇ ਨਾਮ ਉੱਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਤਾਂ ਨਰਿੰਦਰ ਆਪਣੀ ਮਾਸੀ-ਚਾਚੀ ਚੰਦਰਪਤੀ ਦੀ ਮਦਦ ਉੱਤੇ ਆਉਂਦਾ ਹੈ। ਨਰਿੰਦਰ ਪੁਲਿਸ ਤੋਂ ਪਹਿਲਾਂ ਜਾਂਚ ਦਾ ਮੁੱਢਲਾ ਕੰਮ ਕਰਦਾ ਹੈ ਅਤੇ ਮੀਡੀਆ ਦੀ ਮਦਦ ਨਾਲ ਪੁਲਿਸ ਮਹਿਕਮੇ ਦੀ ਮਿਲੀਭੁਗਤ ਬੇਪਰਦ ਕਰਦਾ ਹੈ। ਚੰਦਰਪਤੀ, ਸੀਮਾ ਅਤੇ ਨਰਿੰਦਰ ਇਕਹਿਰੇ ਸਰੀਰਾਂ ਵਾਲੇ




ਕਿਤਾਬ ਦਾ ਟਾਈਟਲ।



ਚੰਦਰ ਸੁਤਾ ਡੋਗਰਾ

ਜੀਅ ਹਨ ਜੋ ਸਮਾਜਕ ਜ਼ੋਰਾਵਰਾਂ, ਪੱਖਪਾਤੀ ਹਕੂਮਤੀ ਲਾਣੇ, ਦੋਗਲੀਆਂ ਸਿਆਸੀ ਪਾਰਟੀਆਂ ਅਤੇ ਜਾਤੀ ਤੇ ਮਰਦਾਵੀਂ ਹੈਂਕੜ ਸਾਹਮਣੇ ਝੁਕਣ ਤੋਂ ਇਨਕਾਰ ਕਰਦੇ ਹਨ। ਇਨ੍ਹਾਂ ਲਈ ਇਨਸਾਫ਼ ਦੀ ਲੜਾਈ ਸਾਹ ਲੈਣ ਸੰਘਰਸ਼ ਹੋ ਜਾਂਦੀ ਹੈ। ਅਜਿਹੇ ਵੇਲੇ ਜਨਵਾਦੀ ਮਹਿਲਾ ਸੰਗਠਨ ਦੀਆਂ ਬੀਬੀਆਂ ਪੀੜਤ ਧਿਰ ਨਾਲ ਖੜ੍ਹਦੀਆਂ ਹਨ ਅਤੇ ਹਕੂਮਤੀ ਵਿਹਾਰ ਤੇ ਸੰਵਿਧਾਨ ਵਿਚਲਾ ਪਾੜਾ ਉਘਾੜ ਕੇ ਪੇਸ਼ ਕਰਦੀਆਂ ਹਨ।

ਚੰਦਰ ਸੁਤਾ ਡੋਗਰਾ ਇਸ ਲਿਖਤ ਵਿਚ ਬਬਲੀ ਦੀ ਮਾਂ ਓਮਪਤੀ ਰਾਹੀਂ ਦੁਖਾਂਤ ਦਾ ਗੌਣ ਪਾਸਾ ਪੇਸ਼ ਕਰਦੀ ਹੈ। ਓਮਪਤੀ ਦੇ ਘਰਦਿਆਂ ਨੇ ਉਸ ਦੀ ਧੀ ਦਾ ਕਤਲ ਕੀਤਾ ਹੈ। ਉਸ ਕੋਲ ਕੋਈ ਅਫ਼ਸੋਸ ਕਰਨ ਨਹੀਂ ਆਇਆ। ਅਫ਼ਸੋਸ ਕਰਨ ਗਈ ਜਨਵਾਦੀ ਮਹਿਲਾ ਸੰਗਠਨ ਦੀ ਆਗੂ ਜਗਮਤੀ ਸਾਂਗਵਾਨ ਨੂੰ ਘਰ ਦੇ ਬਾਹਰੋਂ ਮੋੜ ਦਿੱਤਾ ਗਿਆ। ਲੇਖਕ ਦੀ ਉਸ ਤੱਕ ਪਹੁੰਚ ਨਹੀਂ ਹੁੰਦੀ। ਓਮਪਤੀ ਦੀ ਚੁੱਪ ਅਤੇ ਬੇਵਸੀ ਚੰਦਰ ਸੁਤਾ ਵਿਚੋਂ ਬੋਲਦੀ ਹੈ। ਇਹੋ ਅਹਿਸਾਸ ਅਦਾਲਤ ਦੇ ਫ਼ੈਸਲੇ ਵਿਚ ਜੱਜ ਵਾਨੀ ਗੋਪਾਲ ਸ਼ਰਮਾ ਦਰਜ ਕਰਦੀ ਹੈ। ਮਮਤਾ ਦੀ ਤੰਦ ਬਿਨਾਂ ਬੋਲੇ ਓਮਪਤੀ, ਚੰਦਰਪਤੀ, ਜਗਮਤੀ ਸਾਂਗਵਾਨ, ਚੰਦਰ ਸੁਤਾ ਡੋਗਰਾ ਅਤੇ ਵਾਨੀ ਗੋਪਾਲ ਸ਼ਰਮਾ ਵਿਚਲਾ ਸੰਵਾਦ ਪੇਸ਼ ਕਰਦੀ ਹੈ। ਪਾਠਕ ਨੂੰ ਇਨ੍ਹਾਂ ਕਤਲਾਂ ਲਈ ਕਸੂਰਵਾਰ ਮਰਦਾਵੀਂ ਸੋਚ ਅਤੇ ਪੀੜਤ ਧਿਰ ਦੀ ਮਮਤਾਮਈ ਚੁੱਪ ਦੇ ਸਾਹਮਣੇ ਪੇਸ਼ ਕਰ ਦਿੱਤਾ ਜਾਂਦਾ ਹੈ। ਇੱਕ ਪਾਸੇ ਚੰਦਰ ਸੁਤਾ ਸਾਰੇ ਕਿਰਦਾਰਾਂ ਦੇ ਜ਼ਾਹਰ-ਬਾਤਨ ਦੀ ਤਸਵੀਰ ਪੇਸ਼ ਕਰਦੀ ਹੈ ਅਤੇ ਦੂਜੇ ਪਾਸੇ ਪਾਠਕ ਦੀ ਚਿੰਤਨੀ ਸੁਰ ਛੇੜਦੀ ਹੈ। ਉਹ ਸਮਾਜਕ ਤਬਦੀਲੀ ਦਾ ਜ਼ਿੰਮਾ ਨਹੀਂ ਚੁੱਕਦੀ, ਸਗੋਂ ਬਰੀਕ ਵੇਰਵਿਆਂ ਅਤੇ ਸੰਖੇਪ ਟਿੱਪਣੀਆਂ ਰਾਹੀਂ ਪਾਠਕ ਨੂੰ ਆਪਣੀ ਰਾਏ ਬਣਾਉਣ ਵਿਚ ਮਦਦ ਕਰਦੀ ਹੈ। ਉਹ ਹਾਲਾਤ ਨਾਲ ਆਪਣੀ ਵਿੱਥ ਕਾਇਮ ਰੱਖਦੀ ਹੈ। ਪੁਲਿਸ ਦੇ ਦਸਤਾਵੇਜ਼ਾਂ, ਅਦਾਲਤੀ ਫ਼ੈਸਲਿਆਂ, ਅਖ਼ਬਾਰੀ ਕਾਤਰਾਂ, ਟੈਲੀਵਿਜ਼ਨ ਦੀਆਂ ਰਪਟਾਂ, ਗਵਾਹੀਆਂ ਅਤੇ ਹੋਰ ਸਬੂਤਾਂ ਰਾਹੀਂ ਚੰਦਰ ਸੁਤਾ ਪਾਠਕ ਨੂੰ ਉਸ ਸਮੇਂ-ਸਥਾਨ ਦਾ ਫੇਰਾ ਪੁਆਉਂਦੀ ਹੈ। ਕਿਰਦਾਰਾਂ ਨਾਲ ਮਿਲਾਉਂਦੀ ਹੈ। ਉਨ੍ਹਾਂ ਦੀ ਸੋਚ-ਸਮਝ ਅਤੇ ਸਮਾਜਕ ਵਿਹਾਰ ਦਾ ਪਿਛੋਕੜ ਦੱਸਦੀ ਹੈ। ਉਨ੍ਹਾਂ ਦੇ ਸਾਹਮਣੇ ਖੜ੍ਹੇ ਸਵਾਲਾਂ ਦੀ ਨਿਸ਼ਾਨਦੇਹੀ ਕਰਦੀ ਹੈ।

ਮਨੋਜ ਅਤੇ ਬਬਲੀ ਦੇ ਪਿੰਡ ਕਰੋੜਾ ਵਿਚ ਉਨ੍ਹਾਂ ਦੇ ਕਤਲ 'ਇੱਜ਼ਤ ਨੂੰ ਲੱਗਿਆ ਦਾਗ਼' ਧੋਣ ਲਈ ਕੀਤੇ ਜਾਂਦੇ ਹਨ। ਉਸੇ ਪਿੰਡ ਵਿਚ ਸਵਾਲ ਹੋਇਆ ਕਿ ਜੇ ਬਬਲੀ ਦੀ ਇੱਜ਼ਤ ਲਈ ਕਤਲ ਕੀਤੇ ਜਾ ਸਕਦੇ ਹਨ ਤਾਂ ਮਨੋਜ ਦੀਆਂ ਭੈਣਾਂ ਸੀਮਾ ਅਤੇ ਰੇਖਾ ਨੂੰ ਪਾਬੰਦੀਆਂ ਰਾਹੀਂ ਖੱਜਲਖੁਆਰ ਕਿਵੇਂ ਕੀਤਾ ਜਾ ਸਕਦਾ ਹੈ? ਆਖ਼ਰ ਉਹ ਵੀ ਪਿੰਡ ਦੀਆਂ ਧੀਆਂ ਹਨ! ਕੁਝ ਨੌਜਵਾਨ ਖਾਪ ਪੰਚਾਇਤ ਦੀਆਂ ਪਾਬੰਦੀਆਂ ਤੋੜ ਕੇ ਚੰਦਰਪਤੀ ਦੇ ਘਰ ਜਾਂਦੇ ਹਨ, ਪਰ ਬਾਅਦ ਵਿਚ ਬਜ਼ੁਰਗਾਂ ਦੇ ਦਬਾਅ ਹੇਠ ਚੁੱਪ ਧਾਰ ਲੈਂਦੇ ਹਨ। ਹਰ ਸਾਲ ਦੀਵਾਲੀ 'ਤੇ ਦੀਵੇ ਵੇਚਣ ਵਾਲਾ ਬੰਦਾ, ਸਸਕਾਰ ਲਈ ਘੜਾ ਦੇਣ ਤੋਂ ਇਨਕਾਰ ਕਰਦਾ ਹੈ। ਦੁਕਾਨਦਾਰ ਸੌਦਾ ਨਹੀਂ ਵੇਚਦੇ। ਟੈਂਪੂ ਵਾਲੇ ਬਿਠਾਉਣ ਤੋਂ ਇਨਕਾਰ ਕਰਦੇ ਹਨ। ਮੱਝਾਂ ਦੇ ਖ਼ਰੀਦੇ ਹੋਏ ਚਾਰੇ ਦੇ ਪੈਸੇ ਵਾਪਸ ਹੋ ਜਾਂਦੇ ਹਨ। ਅਦਾਲਤ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਉਂਦੀ ਹੈ। ਸਾਜ਼ਿਸ਼ਕਾਰ ਸਿਆਸਤਦਾਨ ਨੂੰ ਉਮਰ ਕੈਦ ਹੁੰਦੀ ਹੈ। ਖਾਪ ਪੰਚਾਇਤ ਪਿੰਡ ਵਿਚ ਪੰਚਾਇਤੀ ਚੋਣਾਂ ਤੱਕ ਨਹੀਂ ਹੋਣ ਦਿੰਦੀ, ਪਰ ਵਿਕਾਸ ਦਾ ਮੁੱਦਾ ਮੁੜ ਕੇ ਸਵਾਲ ਬਣਦਾ ਹੈ।

ਚੰਦਰ ਸੁਤਾ ਡੋਗਰਾ ਦਾ ਪੜ੍ਹਿਆ-ਲਿਖਿਆ ਸ਼ਹਿਰੀ ਖ਼ਾਸਾ ਲਿਖਤ ਵਿਚੋਂ ਝਲਕਦਾ ਹੈ। ਉਹ ਸਿਆਸੀ ਜਾਂ ਨੈਤਿਕ ਪੈਂਤੜਾ ਨਹੀਂ ਲੈਂਦੀ, ਪਰ ਪੇਂਡੂ ਬੰਦੇ ਬਾਬਤ ਗੱਲ ਕਰਨ ਵੇਲੇ ਸ਼ਹਿਰੀ ਕੁਲੀਨਤਾ ਵਾਲੇ ਵਿਸ਼ੇਸ਼ਣ ਲਗਾਤਾਰ ਲਗਾਉਂਦੀ ਹੈ। ਉਸ ਨੂੰ ਖਾਪ ਪੰਚਾਇਤੀ ਅਤੇ ਹੋਰ ਲੋਕ ਬਦਬੂਦਾਰ ਅਤੇ ਨਾ ਨਹਾਉਣ-ਧੋਣ ਵਾਲੇ ਲੱਗਦੇ ਹਨ। ਚੰਦਰ ਸੁਤਾ ਲਈ ਸ਼ੇਵ ਨਾ ਕਰਨਾ ਗੰਦੇ ਹੋਣ ਦੀ ਨਿਸ਼ਾਨੀ ਹੈ। ਉਹ ਸਮਾਜਕ ਦਖ਼ਲਅੰਦਾਜ਼ੀ ਦੇ ਤੱਤਾਂ ਦੀ ਭਾਲ ਸਮਾਜ ਦੀ ਥਾਂ ਸਰਕਾਰੀ ਅਦਾਰਿਆਂ ਵਿਚੋਂ ਕਰਦੀ ਹੈ। ਸਮਾਜਕ ਸੋਚ ਦੇ ਦਮ ਉੱਤੇ ਦਮ ਭਰਨ ਵਾਲੇ ਰੁਝਾਨ ਦੀਆਂ ਆਪਣੀਆਂ ਪੇਚੀਦਗੀਆਂ ਹੋਣਗੀਆਂ। ਚੰਦਰਪਤੀ ਦੇ ਘਰ ਪੁੱਜਦੀਆਂ ਧਮਕੀਆਂ ਨੂੰ ਚੋਰੀ-ਛੁਪੇ ਆ ਰਹੀ ਹਮਦਰਦੀ ਕੁਝ ਨਹੀਂ ਕਰ ਸਕਦੀ, ਪਰ ਇਸ ਵਿਚੋਂ ਸਮਾਜ ਦੀਆਂ ਡੂੰਘੀਆਂ ਰਮਜ਼ਾਂ ਅਤੇ ਸੰਭਾਵਨਾ ਦੀ ਦੱਸ ਪੈਂਦੀ ਹੈ। ਇਹ ਪੱਖ ਚੰਦਰ ਸੁਤਾ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਹੋ ਸਕਦਾ ਹੈ ਕਿ ਅੰਗਰੇਜ਼ੀ ਦੇ ਪਾਠਕ ਘੇਰੇ ਲਈ ਕਾਇਦਾ ਨੁਮਾ ਕਿਤਾਬ ਮੰਨ ਨੇ ਇਸ ਪੱਖ ਦੀ ਅਹਿਮੀਅਤ ਘੱਟ ਮੰਨੀ ਗਈ ਹੋਵੇ, ਪਰ ਜੇ ਇਹ ਕਿਤਾਬ ਹਿੰਦੀ ਵਿਚ ਹੁੰਦੀ ਤਾਂ ਇਸ ਪੱਖ ਉੱਤੇ ਭਰਪੂਰ ਚਰਚਾ ਹੋਣੀ ਸੀ।

ਤਤਕਾਲੀ ਮਸਲਿਆਂ ਅਤੇ ਵਾਰਤਕ ਵਿਚ ਦਿਲਚਸਪੀ ਰੱਖਣ ਵਾਲੇ ਹਰ ਪਾਠਕ ਲਈ ਇਹ ਕਿਤਾਬ ਮੁੱਲਵਾਨ ਹੋ ਸਕਦੀ ਹੈ। ਇਹ ਬਿਨਾਂ ਸ਼ੱਕ ਬਿਰਤਾਂਤ ਪੱਤਰਕਾਰੀ ਦੀ ਨੁਮਾਇੰਦਗੀ ਕਰਨ ਵਾਲੀ ਕਿਤਾਬ ਹੈ। ਜੇ ਇਸ ਨੂੰ ਪਾਕਿਸਤਾਨੀ ਬੀਬੀ ਮੁਖ਼ਤਾਰਾਂ ਮਾਈ ਦੀ ਕਿਤਾਬ 'ਇਨ ਦਾ ਨੇਮ ਆਫ਼ ਔਨਰ' ਦੇ ਨਾਲ ਪੜ੍ਹਿਆ ਜਾਵੇ ਤਾਂ ਇੱਕੋ ਰੁਝਾਨ ਦੀਆਂ ਦੋ ਕੜੀਆਂ ਨਾਲ ਕੌਮਾਂਤਰੀ ਸਰਹੱਦਾਂ ਦੇ ਆਰ-ਪਾਰ ਕਿਸੇ ਵਡੇਰੀ ਲੜੀ ਦੀ ਸਮਝ ਪੈਂਦੀ ਹੈ। ਇਹ ਕਿਤਾਬ 'ਪੈਂਗੁਇਨ' ਨੇ ਛਾਪੀ ਹੈ। ਕੁੱਲ 239 ਸਫਿਆਂ ਵਾਲੀ ਇਸ ਕਿਤਾਬ ਦੀ ਕੀਮਤ 299 ਰੁਪਏ ਹੈ।

---

# ਪਿਆਜ਼ ਦੇ ਛਿਲਕੇ ਤੇ ਹੰਝੂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਮਿੱਤਰ ਫਿਕਰ ਤੌਂਸਵੀ ਨੇ ਆਪਣੇ ਕਾਲਮ ਦਾ ਨਾਂ 'ਪਿਆਜ਼ ਕੇ ਛਿਲਕੇ' ਰਖਿਆ ਹੋਇਆ ਸੀ। ਉਸ ਨੇ ਹਰ ਆਏ ਦਿਨ ਕਿਸੇ ਨਾ ਕਿਸੇ ਘਟਨਾ-ਕ੍ਰਮ ਦੀ ਚੀਰ ਫਾੜ ਕਰਨੀ ਹੁੰਦੀ ਸੀ। ਜਦੋਂ ਉਸ ਨੂੰ ਕੋਈ ਗੱਲ ਨਾ ਸੁੱਝਦੀ ਉਹ ਕਾਫੀ ਹਾਊਸ ਦੀਆਂ ਵੱਖ ਵੱਖ ਮੰਡਲੀਆਂ ਵਿਚ ਹਾਜ਼ਰੀ ਭਰਦਾ। ਕਾਫੀ ਪੀਣ ਲਈ ਨਹੀਂ, ਆਪਣੇ ਕੰਮ ਦਾ ਛਿਲਕਾ ਲੱਭਣ ਲਈ। ਉਸ ਦੀਆਂ ਅੱਖਾਂ ਵਿਚ ਹੰਝੂ ਭਰੀ ਉਦਾਸੀ ਹੁੰਦੀ ਆਪਣੇ ਅੰਦਰ ਦੇ ਪਿਆਜ਼ ਨੂੰ ਨਾ ਛਿੱਲ ਸਕਣ ਦੀ। ਉਸ ਨੂੰ ਗੰਢੇ ਦੇ ਉਸ ਛਿਲਕੇ ਦੀ ਲੋੜ ਹੁੰਦੀ ਜੋ ਅੱਖਾਂ ਵਿਚ ਹੰਝੂ ਨਾ ਲਿਆਵੇ।

ਅੱਜ ਗੰਢੇ ਦੀਆਂ ਕੀਮਤਾਂ ਨੇ ਸੁਆਣੀਆਂ ਦੀਆਂ ਅੱਖਾਂ ਵਿਚ ਹੰਝੂ ਲੈ ਆਂਦੇ ਹਨ। ਗੰਢਾ ਛਿਲਣ ਕਾਰਨ ਨਹੀਂ, ਗੰਢਾ ਨਾ ਛਿੱਲ ਸਕਣ ਕਾਰਨ। 1976 ਵਿਚ ਮੈਂ ਅਜਿਹੇ ਹੰਝੂ ਮਾਲਦੀਵ ਦੀਆਂ ਸੁਆਣੀਆਂ ਦੇ ਤੱਕੇ ਸਨ। ਜਿਸ ਮਹੀਨੇ ਮੈਂ ਉਥੇ ਗਿਆ, ਗੰਢਾ ਨਹੀਂ ਆਇਆ-ਨਾ ਸ੍ਰੀਲੰਕਾ ਤੋਂ ਤੇ ਨਾ ਹੀ ਭਾਰਤ ਤੋਂ। ਉਨ੍ਹਾਂ ਦੀ ਆਪਣੀ ਧਰਤੀ ਵਿਚ ਹੁੰਦਾ ਨਹੀਂ ਸੀ। ਕਈ ਦਿਨ ਇਸ ਦਾ ਮੁੱਲ ਡੇਢ ਸੌ ਰੁਪਏ ਕਿਲੋ ਰਿਹਾ ਜਦੋਂ ਤੱਕ ਤ੍ਰਿਵੇਂਦਰਮ ਰਾਹੀਂ ਨਾਸਿਕ ਦਾ ਗੰਢਾ ਉਥੇ ਨਹੀਂ ਪਹੁੰਚਿਆ। ਨਾਸਿਕ (ਭਾਰਤ) ਗੰਢੇ ਦਾ ਗੜ੍ਹ ਹੈ। ਪਿੰਪਲ ਗਾਓਂ ਤੇ ਲਾਸਲਗਾਓਂ ਦੀਆਂ ਗੰਢਾ ਮੰਡੀਆਂ ਪ੍ਰਸਿੱਧ ਹਨ। ਭਾਰਤ ਦਾ 33% ਗੰਢਾ ਮਹਾਰਾਸ਼ਟਰ ਪੈਦਾ ਕਰਦਾ ਹੈ, 18% ਕਰਨਾਟਕ ਤੇ 10% ਗੁਜਰਾਤ। ਮੇਰੇ ਪੰਜਾਬ ਦਾ ਯੋਗਦਾਨ ਤਾਂ 1.9% ਹੈ।

ਭਾਰਤ ਸਰਕਾਰ ਨੇ ਅਪ੍ਰੈਲ-ਜੂਨ ਦੇ ਤਿੰਨ ਮਹੀਨਿਆਂ ਵਿਚ 50 ਲੱਖ ਕੁਇੰਟਲ ਤੋਂ ਵੱਧ ਗੰਢਾ 15.18 ਰੁਪਏ ਪ੍ਰਤੀ ਕਿਲੋਗ੍ਰਾਮ ਵਿਦੇਸ਼ ਭੇਜ ਛੱਡਿਆ। ਲਾਸਲ ਗਾਓਂ ਮੰਡੀ ਵਿਚ ਇਸ ਦਾ ਭਾਅ 4500 ਰੁਪਏ ਪ੍ਰਤੀ ਕੁਇੰਟਲ ਹੋ ਗਿਆ। 70 ਰੁਪਏ ਪ੍ਰਤੀ ਕਿਲੋ। ਛਿਲਕੇ ਲੱਭਣ ਵਾਲੀ ਫਿਕਰ ਤੌਂਸਵੀ ਦੀ ਆਤਮਾ ਦਾ ਕੀ ਹਾਲ ਹੋਵੇਗਾ? ਹੁਣ ਸਰਕਾਰ ਦੇ ਵਿਦੇਸ਼ਾਂ ਤੋਂ ਗੰਢਾ ਮੰਗਾਉਣ ਦੇ ਐਲਾਨ ਨੇ ਵਪਾਰੀਆਂ ਦਾ ਲੁਕਾਇਆ ਹੋਇਆ ਗੰਢਾ ਮੰਡੀ ਵਿਚ ਲੈ ਆਂਦਾ ਹੈ। ਗੰਢੇ ਦਾ ਭਾਅ 70 ਰੁਪਏ ਤੋਂ ਉਤਰ ਕੇ 50 'ਤੇ ਆ ਗਿਆ ਹੈ।




ਇਸ ਦਾ ਅਸਰ ਫਿਕਰ ਤੌਂਸਵੀ ਦੀ ਧਰਤ ਉਤੇ ਹੋਣਾ ਲਾਜ਼ਮੀ ਹੈ ਜਿੱਥੇ ਅਸੀਂ ਰਹਿੰਦੇ ਹਾਂ। ਸਰਕਾਰ ਨੂੰ ਚਾਹੀਦਾ ਹੈ ਕਿ ਜਮ੍ਹਾਂ ਖੋਰਾਂ ਤੇ ਏਜੰਟਾਂ ਲਈ ਕੱਢਿਆ ਡੰਡਾ ਨਾ ਸੁੱਟ ਦੇਵੇ। ਬੜੀ ਛੇਤੀ ਨਿਰਾਸ਼ਾ ਦੇ ਹੰਝੂ ਖੁਸ਼ੀ ਦੇ ਹੰਝੂ ਹੋ ਜਾਣਗੇ।

**ਦੁਬਈ ਤੋਂ ਆਇਆ ਪ੍ਰਾਹੁਣਾ:** ਅੱਜ ਕੱਲ ਪੰਜਾਬੀ ਲੇਖਿਕਾ ਕਾਨਾ ਸਿੰਘ ਦਾ ਬੇਟਾ ਹਰਦੀਪ ਅਨੰਤ ਚੰਡੀਗੜ੍ਹ ਹੈ। ਉਸ ਨੂੰ ਦੁਬਈ ਰਹਿੰਦਿਆਂ ਕਈ ਸਾਲ ਹੋ ਗਏ ਹਨ। ਇਕ ਰੂਬਰੂ ਪ੍ਰੋਗਰਾਮ ਵਿਚ ਉਸ ਨੇ ਦੱਸਿਆ ਕਿ ਉਥੇ ਭਾਰਤੀਆਂ ਦੇ ਉਦਮ ਦੀ ਬੜੀ ਕਦਰ ਪੈਂਦੀ ਹੈ। ਪੰਜਾਬੀਆਂ ਦੀ ਖਾਸ ਕਰਕੇ। ਉਥੋਂ ਦੀ ਸਰਕਾਰ ਨੇ ਆਪਣੇ ਇਸਲਾਮੀ ਦੇਸ਼ ਦੁਬਈ ਵਿਖੇ ਆਲੀਸ਼ਾਨ ਗੁਰਦੁਆਰਾ ਬਣਾਉਣ ਦੀ ਖੁੱਲ੍ਹ ਦਿੱਤੀ। ਉਥੋਂ ਦਾ ਸ਼ੇਖ ਗੁਰਦੁਆਰੇ ਵਿਚ ਲੰਗਰ ਛਕ ਕੇ ਆਇਆ। ਇਹ ਵੀ ਦੱਸਿਆ ਕਿ ਉਥੋਂ ਦੀਆਂ ਮੁਸਲਮਾਨ ਔਰਤਾਂ ਦਾ ਪਹਿਰਾਵਾ ਯੂਰਪ ਦੀਆਂ ਮੇਮਾਂ ਨੂੰ ਮਾਤ ਪਾਉਂਦਾ ਹੈ। ਹਾਰ ਸ਼ਿੰਗਾਰ ਵੀ। ਉਨ੍ਹਾਂ ਦਾ ਅਸਲੀ ਗਹਿਣਾ ਉਨ੍ਹਾਂ ਦੀ ਸ਼ਰਮ ਤੇ ਸਲੀਕਾ ਹੈ। ਇਹ ਸਲੀਕਾ ਹਰਦੀਪ ਦੇ ਨਾਲ ਆਈ ਉਸ ਦੀ ਅੱਠ ਸਾਲਾ ਬਿਟੀਆ ਜ਼ਾਵੀਆ ਵਿਚ ਵੀ ਵੇਖਣ ਨੂੰ ਮਿਲਿਆ। ਉਸ ਨੂੰ ਦੁੱਖ ਹੈ ਕਿ ਨਵੇਂ ਗਏ ਪੰਜਾਬੀ ਇਸ ਤੋਂ ਜਾਣੂ ਨਹੀਂ ਹੁੰਦੇ। ਜਦੋਂ ਉਹ ਸ਼ਰਮਾਕਲ ਮੁਸਲਮਾਨੀਆਂ ਨੂੰ ਅੱਖਾਂ ਪਾੜ ਪਾੜ ਵੇਖਦੇ ਹਨ ਤਾਂ ਪਹਿਲੋਂ ਵੱਸੇ ਪੰਜਾਬੀਆਂ ਨੂੰ ਬੜੀ ਸ਼ਰਮ ਆਉਂਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਥੋਂ ਜਾਣ ਵਾਲਿਆਂ ਨੂੰ ਠੀਕ ਤਰ੍ਹਾਂ ਤਿਆਰ ਕਰਕੇ ਉਧਰ ਭੇਜੀਏ।

**ਨਵਾਜ਼ ਸ਼ਰੀਫ ਦੀਆਂ ਮੁਸ਼ਕਲਾਂ:** ਚੜ੍ਹਦੇ ਜੂਨ ਮਹੀਨੇ ਨਵਾਜ਼ ਸ਼ਰੀਫ ਨੇ ਪਾਕਿਸਤਾਨ ਦੀ ਵਾਗਡੋਰ ਮੁੜ ਸੰਭਾਲੀ ਤਾਂ ਭਾਰਤ ਨੇ ਇਸ ਨੂੰ ਆਗਮਨ ਕਰਕੇ ਜਾਣਿਆ। ਸ਼ਰੀਫ ਨੇ ਆਪਣੀ ਪਾਰਟੀ ਤੋਂ ਉਪਰ ਉਠ ਕੇ ਰਾਸ਼ਟਰਵਾਦੀ ਬਲੋਚ ਨੇਤਾ ਡਾ. ਮਲਿਕ ਨੂੰ ਬਲੋਚਿਸਤਾਨ ਦਾ ਮੁਖ ਮੰਤਰੀ ਥਾਪ ਕੇ ਤੇ ਪਖਤੂਨੀ ਖੈਬਰ ਵਿਚ ਮੌਲਾਨਾ ਫਜ਼ਲਉਲ ਰਹਿਮਾਨ ਦੀ ਥਾਂ ਆਪਣੇ ਰਹਿ ਚੁੱਕੇ ਰਕੀਬ ਇਮਰਾਨ ਖਾਨ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਕੇ ਵਧੀਆ ਸ਼ੁਰੂਆਤ ਕੀਤੀ ਹੈ। ਪਰ ਅਤਿਵਾਦੀ ਅਨਸਰ ਉਸ ਦੀ ਪੇਸ਼ ਨਹੀਂ ਜਾਣ ਦਿੰਦੇ। ਇਕੱਲੇ ਖੈਬਰ ਵਿਚ ਪੁਲਿਸ ਅਤੇ ਸੁਰੱਖਿਆ ਅਮਲੇ ਦੇ ਕਾਰਕੁਨਾਂ ਸਮੇਤ ਦਰਜਨਾਂ ਮਾਸੂਮਾਂ ਦੀ ਜਾਨ ਜਾ ਚੁੱਕੀ ਹੈ। ਵਪਾਰਕ ਰਾਜਧਾਨੀ ਵਜੋਂ ਜਾਣੀ ਜਾਂਦੀ ਕਰਾਚੀ ਵਿਚ ਹਰ ਆਏ ਦਿਨ ਧਮਾਕਾ ਹੋ ਰਿਹਾ ਹੈ।

ਜਦ ਸ਼ਰੀਫ ਨੇ ਸਰਬ ਪਾਰਟੀ ਕਾਨਫਰੰਸ ਬੁਲਾਉਣ ਦੀ ਸੋਚੀ ਤਾਂ ਵਾਰ ਵਾਰ ਅੱਗੇ ਪਾਉਣੀ ਪੈ ਰਹੀ ਹੈ। ਇਮਰਾਨ ਖਾਨ ਵੀ ਪੈਰ ਘਸੀਟ ਰਿਹਾ ਹੈ। ਡੇਢ ਦਰਜਨ ਟੋਲੀਆਂ ਵਿਚ ਵੰਡੇ ਤਾਲਿਬਾਨ ਵਾਰਤਾਲਾਪ ਲਈ ਅਸੰਭਵ ਸ਼ਰਤਾਂ ਰੱਖ ਰਹੇ ਹਨ। ਸੈਨਾ ਮੁਖੀ ਜਨਰਲ ਕਿਆਨੀ ਦੀ ਕਮਾਂਡ ਵਾਲੀ ਪਾਕਿਸਤਾਨੀ ਸੈਨਾ ਕਸ਼ਮੀਰ ਵਿਚ ਕੰਟਰੋਲ ਰੇਖਾ ਦੀ ਉਲੰਘਣਾ ਕਰਨੋ ਬਾਜ਼ ਨਹੀਂ ਆ ਰਹੀ। ਇਸ ਦਾ ਕਾਰਨ ਉਸ ਦੀ ਹੋਣ ਵਾਲੀ ਸੇਵਾ ਮੁਕਤੀ ਵੀ ਹੈ। ਭਾਰਤ-ਪਾਕਿ ਵਰਤਾਲਾਪ ਵਾਲੀ ਗੱਲ ਸਿਰੇ ਨਹੀਂ ਲੱਗ ਰਹੀ। ਜਨਰਲ ਕਿਆਨੀ ਵੀ ਕਹਿ ਰਿਹਾ ਹੈ ਕਿ ਪਾਕਿਸਤਾਨ ਨੂੰ ਅੰਦਰੂਨੀ ਅਤਿਵਾਦੀਆਂ ਕੋਲੋਂ ਭਾਰਤ ਨਾਲੋਂ ਵੱਧ ਖਤਰਾ ਹੈ। ਆਰਥਕ ਮੰਦਹਾਲੀ, ਅਤਿਵਾਦ, ਰਿਸ਼ਵਤਖੋਰੀ, ਮਹਿੰਗਾਈ ਤੇ ਬਿਜਲਈ ਸੋਮਿਆਂ ਦੇ ਸੁੰਗੜਨ ਕਾਰਨ ਜਨਤਾ ਦੇ ਸਾਹ ਸੂਤੇ ਪਏ ਹਨ। ਇਸ ਸਭ ਕੁਝ ਦੇ ਹੁੰਦਿਆਂ ਵੀ ਨਵਾਜ਼ ਸ਼ਰੀਫ ਨੇ ਹੌਸਲਾ ਨਹੀਂ ਹਾਰਿਆ। ਹਾਰਨਾ ਵੀ ਨਹੀਂ ਚਾਹੀਦਾ। ਉਹਦਾ ਕਹਿਣਾ ਹੈ ਕਿ ਦੋਨਾਂ ਦੇਸ਼ਾਂ ਨੂੰ ਜੰਗ ਦੀ ਥਾਂ ਸ਼ਾਂਤੀ ਬਣਾਈ ਰਖਣੀ ਚਾਹੀਦੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਦੋ ਟੁਕ ਤੋੜ-ਵਿਛੋੜਾ ਕਰਨ ਦੀ ਥਾਂ ਸਹਿਜ ਤੋਂ ਕੰਮ ਲਵੇ ਅਤੇ ਭਗਵੀਂ ਲਹਿਰ ਦੇ ਪ੍ਰਭਾਵ ਹੇਠ ਆ ਕੇ ਕੋਈ ਗਲਤ ਫੈਸਲਾ ਨਾ ਲਵੇ। ਕੰਟਰੋਲ ਰੇਖਾ ਦੀ ਸਾਂਭ ਸੰਭਾਲ ਲਈ ਸਾਡੀ ਸੈਨਾ ਕਾਫੀ ਹੈ। ਇਸ ਨੂੰ ਚਿੰਤਾ ਦਾ ਕੇਂਦਰ ਨਾ ਬਣਨ ਦੇਵੇ। ਗਵਾਂਢੀ ਦੇ ਦੁੱਖ ਨੂੰ ਆਪਣਾ ਦੁੱਖ ਸਮਝੇ। ਬਹੁਤੀਆਂ ਗੱਲਾਂ ਦਾ ਨਿਤਾਰਾ ਮਿਲ ਬੈਠਿਆਂ ਹੀ ਹੁੰਦਾ ਹੈ। ਮੂੰਹ ਵੱਟਿਆਂ ਨਹੀਂ। ਔਖੀ ਘੜੀ ਵਿਚ ਉਹ ਕਿਸੇ ਹੋਰ ਨੂੰ ਹੱਥ ਫੜਾ ਬੈਠੇ ਤਾਂ ਉਸ ਦਾ ਨਤੀਜਾ ਬਹੁਤ ਮਾੜਾ ਵੀ ਹੋ ਸਕਦਾ ਹੈ।

**ਅੰਤਿਕਾ:**
(ਮਲਿਕਜ਼ਾਦਾ ਮੰਜ਼ੂਰ ਅਹਿਮਦ)
ਅਜੀਬ ਦਰਦ ਕਾ ਰਿਸ਼ਤਾ ਹੈ
ਕਿ ਸਾਰੀ ਦੁਨੀਆ ਮੇਂ,
ਕਹੀਂ ਹੋ ਜਲਤਾ ਮਕਾਂ
ਅਪਨਾ ਘਰ ਲਗੇ ਹੈ ਮੁਝੇ।

## ਕਹਾਣੀ

# ਬਿਗਾਨਾ ਪਿੰਡ

***ਪੰਜਾਬੀ ਦੇ ਉਘੇ ਨਾਵਲਕਾਰ ਗੁਰਦਿਆਲ ਸਿੰਘ ਦੀ ਕਹਾਣੀ 'ਬਿਗਾਨਾ ਪਿੰਡ' ਅੱਜ ਤੋਂ ਕਈ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਹੋ ਰਹੀ ਵੱਡੀ ਤਬਦੀਲੀ ਦਾ ਨਜ਼ਾਰਾ ਪੇਸ਼ ਕਰਦੀ ਹੈ। ਨਵੀਂ ਪੀੜ੍ਹੀ, ਨਵੇਂ ਕੋਣ ਤੋਂ ਜ਼ਿੰਦਗੀ ਨਾਲ ਰਾਬਤਾ ਬਣਾ ਰਹੀ ਹੈ ਅਤੇ ਇਹ ਸਾਰਾ ਕੁਝ ਪੁਰਾਣੀ ਪੀੜ੍ਹੀ ਦੀ ਸਮਝ ਤੋਂ ਬਾਹਰ ਹੈ। ਗੁਰਦਿਆਲ ਸਿੰਘ ਨੇ ਇਸ ਵੱਡੀ ਤਬਦੀਲੀ ਨੂੰ ਬਹੁਤ ਸੰਜਮ ਨਾਲ ਆਪਣੀ ਇਸ ਕਹਾਣੀ ਵਿਚ ਪਰੋਇਆ ਹੈ। ਬਜ਼ੁਰਗਾਂ ਨੂੰ ਆਪਣਾ ਹੀ ਪਿੰਡ ਬਿਗਾਨਾ ਹੋ ਗਿਆ ਜਾਪਦਾ ਹੈ। ਅੱਜ ਦਾ ਪੰਜਾਬ ਤਾਂ ਉਸ ਵੇਲੇ ਹੋ ਰਹੀ ਇਸ ਤਬਦੀਲੀ ਤੋਂ ਬਹੁਤ ਅਗਾਂਹ ਨਿਕਲ ਚੁੱਕਾ ਹੈ, ਇਸੇ ਕਰ ਕੇ ਅੱਜ ਦੀ ਪੀੜ੍ਹੀ ਲਈ ਅਜਿਹੀਆਂ ਰਚਨਾਵਾਂ ਦਾ ਮੁੱਲ ਪਹਿਲਾਂ ਨਾਲੋਂ ਕਿਤੇ ਵਧੇਰੇ ਹੈ ਤਾਂ ਕਿ ਉਹ ਆਪਣੇ ਉਸ ਪਿਛੋਕੜ ਬਾਰੇ ਜਾਣ ਸਕਣ ਜਿੱਥੋਂ ਉਨ੍ਹਾਂ ਦੇ ਪੁਰਖੇ ਲੰਘੇ ਸਨ। -ਸੰਪਾਦਕ***

**ਗੁਰਦਿਆਲ ਸਿੰਘ**

ਸੱਥ ਵਿਚੋਂ ਦੋ ਨਿਆਣੇ ਗੁੱਲੀ-ਡੰਡਾ ਚੁੱਕੀ ਜਾਂਦੇ ਵੇਖ ਕੇ ਤਾਏ ਨੇ ਉਨ੍ਹਾਂ ਨੂੰ ਸੈਨਤ ਮਾਰੀ। ਉਨ੍ਹਾਂ ਵਿਚੋਂ ਇਕ ਮੂੰਹ ਵਿਚ ਉਂਗਲ ਲੈ ਕੇ ਸੰਗਦਾ ਸੰਗਦਾ ਤਾਏ ਦੇ ਨੇੜੇ ਆ ਗਿਆ, ਪਰ ਦੂਜਾ ਝੱਗੇ ਹੇਠ ਗੁੱਲੀ ਲੁਕਾ ਕੇ ਅਗਾਂਹ ਨੱਸ ਗਿਆ।

"ਔਹ ਕਹਿੰਦਾ ਸੀ ਕੁਸ਼ ਉਇ?" ਕੋਲ ਆਏ ਮੁੰਡੇ ਦੀ ਬਾਂਹ ਫੜ ਕੇ ਤਾਏ ਨੇ ਪੁੱਛਿਆ।

"ਉਹ...ਉਹ ਮਾਘੇ ਕਾ।"

"ਮਾਘੇ ਕਾ ਕੀ ਉਇ?"

"ਮਾਘੇ ਕਾਣੇ ਦਾ ਭਤੀਜਾ।"

"ਘੱਗੇ ਢੀਂਡੂ ਦਾ ਮੁੰਡਾ?

ਮੁੰਡੇ ਨੇ "ਹਾਂ' ਵਿਚ ਸਿਰ ਹਲਾ ਦਿੱਤਾ। ਤਾਇਆ ਆਪਣੀਆਂ ਸੰਘਣੀਆਂ ਮੁੱਛਾਂ ਵਿਚੋਂ ਮੁਸਕਰਾਇਆ ਤੇ ਮੂੰਹ ਮੁੰਡੇ ਦੇ ਹੋਰ ਨੇੜੇ ਕਰ ਕੇ ਹੌਲੀ ਜਿਹੀ ਬੋਲਿਆ, " ... ਤੇ ਤੂੰ ਸੰਤੇ ਬੁਝੜ ਦੈਂ ਨਾ? ਤੇਰੇ ਬਾਬੇ ਦਾ ਨਾਂ ਤੈਨੂੰ ਪਤੈ?"

ਮੁੰਡੇ ਨੇ ਜੀਭ ਬਾਹਰ ਕੱਢ ਕੇ ਤਾਏ ਤੋਂ ਬਾਂਹ ਛੁਡਾਂਦਿਆਂ ਸੰਗ ਕੇ ਮੂੰਹ ਪਾਸੇ ਕਰ ਲਿਆ।

"ਦਾਦੀ ਦਿਆ ਖਸਮਾ, ਆਵਦੇ ਬਾਬੇ ਦਾ ਨਾਂ ਨਹੀਂ ਪਤਾ? ਦੱਸ ... ਕਿਸੂ ਮੁਖਤਿਆਰ ਐ ਕਿ ਫ਼ਿੱਡੂ ਰਾਂਝਾ?"

ਤਾਇਆ ਉਚੀ ਸਾਰੀ ਹੱਸਿਆ, ਪਰ ਮੁੰਡਾ ਮੂੰਹ ਵਿਚ ਉਂਗਲ ਪਾਈ, ਗਲੀ ਦੇ ਅਗਲੇ ਸਿਰੇ 'ਤੇ ਸਹਿਮੇ ਖੜੋਤੇ, ਆਪਣੇ ਗੁੱਲੀ ਵਾਲੇ ਬੇਲੀ ਵੱਲ ਝਾਕਦਾ, ਬਾਂਹ ਛੁਡਾਉਣ ਦਾ ਯਤਨ ਕਰਦਾ ਰਿਹਾ।

"ਚੰਗਾ ਚੱਲ ਏਹੋ ਦੱਸ ਬਈ ਪੁੱਤ ਕੀਹਦੈਂ?"

"ਲਾਲੂ ਦਾ।" ਮੁੰਡੇ ਨੇ ਛੇਤੀ ਦੇਣੀ ਜੁਆਬ ਦਿੱਤਾ।

"ਗੁਰਮੁਖ ਕੇ ਲਾਲੂ ਦਾ?"

"ਹੂੰ!"

"ਲਗਦਾ 'ਹੂੰ' ਦਾ! ਨਾਨੀ ਦਿਆ ਯਾਰਾ, ਨਾ ਬਾਬਾ, ਨਾ ਤਾਇਆ, 'ਹੂੰ' ਇਹ ਕੀਹਨੇ ਮੱਤ ਦਿੱਤੀ ਐ ਉਇ ਤੈਨੂੰ?"

ਮੁੰਡੇ ਦਾ ਸੰਗ ਤੇ ਸਹਿਮ ਨਾਲ ਮੂੰਹ ਲਾਲ ਹੋ ਗਿਆ। ਤਾਏ ਦਾ ਭਾਰਾ ਚਿਹਰਾ ਵੀ ਭਖ ਗਿਆ। ਉਸ ਰਤਾ ਖਰ੍ਹਵੀਂ ਆਵਾਜ਼ ਵਿਚ ਪੁੱਛਿਆ, "ਮੈਂ ਤੇਰਾ ਕੀ ਲਗਦੈਂ ਭਲਾ?"

ਮੁੰਡਾ ਗੁੰਮ-ਸੁੰਮ ਖੜੋਤਾ ਰਿਹਾ।

"ਓਇ ਕੁਸ਼ ਤਾਂ ਬੋਲ ਨਾਨਕਿਆਂ ਦਿਆ ਜੰਮਿਆਂ?"

ਓਵੇਂ ਸਹਿਮੇ ਹੋਏ ਮੁੰਡੇ ਦੇ ਮੂੰਹੋਂ 'ਤਾਇਆ' ਨਿਕਲ ਗਿਆ।

"ਦੂਰ ਫਿਟੇ ਮੂੰਹ ਤੇਰੇ ਜੰਮਣ ਦੇ। ਮੈਂ ਤੇਰੇ ਪਿਉ ਦਾ ਵੀ ਤਾਇਆ ਤੇ ਤੇਰਾ ਵੀ ਤਾਇਆ? ਇਹ ਸਕੀਰੀ ਕਿਧਰੋਂ ਭਾਲੀ ਐ ਉਇ ਤੈਂ? ਘਰੇ ਤੇਰੀ ਕੋਈ ਦਾਦੀ, ਬੇਬੇ ਵੀ ਹੈ ਮੱਤ ਦੇਣ ਵਾਲੀ ਕਿ ਜੰਮ ਕੇ ਭੂੰਡਾਂ ਦੀਆਂ ਗਰੋਲੀਆਂ ਆਂਗੂੰ ਰੋੜ ਈ ਛੱਡੇ ਓ?"

ਤਾਏ ਨੇ ਬਾਂਹ ਛੱਡ ਕੇ ਉਹਦੇ ਘੋਨੇ ਸਿਰ 'ਤੇ ਪੋਲੀ ਜਿਹੀ ਚੁਪੇੜ ਮਾਰੀ। ਮੁੰਡਾ ਬਾਂਹ ਛੁੱਟਦਿਆਂ ਈ ਸ਼ੂਟ ਵੱਟ ਕੇ ਆਪਣੇ ਬੇਲੀ ਨਾਲ ਜਾ ਰਲਿਆ। ਉਥੋਂ ਉਹ ਦੋਏ ਪਿਛਾਂਹ ਮੁੜ ਮੁੜ ਝਾਕਦੇ ਛੱਪੜ ਵੱਲ ਭੱਜ ਗਏ। ਤਾਏ ਨੇ ਇਕ ਵਾਰੀ ਉਨ੍ਹਾਂ ਵੱਲ ਵੇਖਿਆ ਤੇ ਗੰਭੀਰ ਹੋ ਕੇ ਆਪਣੇ ਖੂੰਡੇ ਨੂੰ ਪਲੋਸਣ ਲੱਗ ਪਿਆ।

ਤੜਕਾ ਦਿਨ ਚੜ੍ਹ ਗਿਆ ਸੀ, ਪਰ ਅਜੇ ਤਾਈਂ ਤਾਏ ਦਾ ਕੋਈ ਸੱਥ ਵਾਲਾ ਬੇਲੀ ਨਹੀਂ ਸੀ ਆਇਆ। ਚਿੱਤ ਕਾਹਲਾ ਪੈਣ ਲੱਗ ਪਿਆ। ਗਲੀ ਵਿਚ ਵੀ ਸੁੰਨ-ਸਰਾਂ ਈ ਲਗਦੀ ਸੀ। ਭੁੱਲਰਾਂ ਦੇ ਘਰੋਂ, ਇਕ ਬਹੂ ਗੋਹੇ ਦਾ ਟੋਕਰਾ ਲੈ ਕੇ ਬਾਹਰ ਨਿਕਲੀ ਸੀ, ਉਸ ਪਿਛੋਂ ਕੋਈ ਨਹੀਂ ਸੀ ਦਿਸਿਆ।

"ਕੀ ਹੁੰਦਾ ਜਾਂਦੈ ਜਮਾਨੇ ਨੂੰ," ਤਾਇਆ ਆਪ ਮੁਹਾਰਾ ਈ ਬੋਲ ਪਿਆ। ਤੇ ਉਸ ਇਕ ਵਾਰ ਮੁੜ ਆਸੇ ਪਾਸੇ ਨਿਗ੍ਹਾ ਮਾਰੀ। "ਰਾਮਾ ਵੀ ਪਤਾ ਨਹੀਂ ਮਰ ਗਿਆ ਕਿ ਜਿਉਂਦੈ। ਪੁੱਛੋ ਤਾਂ ਆਖੂ, 'ਬਹੂਆਂ ਸਦੇਹਾਂ ਚਾਹ ਨ੍ਹੀਂ ਕਰ ਕੇ ਦਿੰਦੀਆਂ।' ਭਲਾ ਪੁੱਛਣ ਆਲਾ ਹੋਵੇ, ਐਹੋ ਜੀਆਂ ਬਹੂਆਂ ਨੂੰ ਫਾਹੇ ਦੇਣੈਂ! ਇਨ੍ਹਾਂ ਨੂੰ ਸਹੇੜ ਕੇ ਕਿਉਂ ਲਿਆਂਦਾ ਸੀ? ਏਦੂੰ ਤਾਂ...।"

ਪਰ ਕੋਈ ਮੰਦਾ ਬੋਲ ਬੋਲਣੋਂ ਰੁਕ ਕੇ, ਤਾਇਆ ਖੂੰਡੇ ਦਾ ਆਸਰਾ ਲੈਂਦਿਆਂ ਉਠ ਖਲੋਤਾ। ਇੰਦਰ ਕਾਰੀਗਰ ਦੇ ਕਾਰਖਾਨੇ ਵੱਲ ਤੁਰਦਿਆਂ ਫੇਰ ਆਪ ਮੁਹਾਰਾ ਬੋਲਣ ਲੱਗ ਪਿਆ, "ਅੱਗੇ ਦਿਨ ਚੜ੍ਹਦੇ ਨਾਲ ਬੁੜ੍ਹਿਆ-ਠੇਰਿਆਂ ਨੇ ਸੱਥ ਵਿਚ ਆ ਬੈਠਣਾ, ਘਰੇ ਨੂੰਹਾਂ ਧੀਆਂ ਨੇ ਸੌ ਕੰਮ ਕਰਨੇ ਹੋਣੇ, ਬੁੜ੍ਹਿਆਂ ਤੋਂ ਪੱਲੇ ਕਰਦੀਆਂ ਫਿਰਨ ਕਿ ਗੋਹਾ-ਕੂੜਾ ਨਬੇੜਨ। ਨਾਲੇ ਬੰਦੇ ਦਾ ਬੁੜ੍ਹੀਆਂ ਕੋਲੇ ਕੰਮ ਕੀ। ਪਰ ਹੁਣ ਗੁਰਮੁਖ ਅਰਗੇ ਵੀ ਠਰਕੇ ਫਿਰਦੇ, ਅਖੇ ਬਹੂਆਂ ਨੂੰ ਘੁੰਡ ਕੱਢਣ ਦੀ ਜ਼ਰੂਰਤ ਹੀ ਕਿਆ ਐ? ... ਆਹੋ! ... ਨੂੰਹ ਸਹੁਰੇ ਦੀ ਸਾਲੀ, ਬਾਬਾ ਪੋਤੀਆਂ ਦਾ ਮਾਸੜ! ਜੇ ਸੰਗ-ਛਰਮ ਈ ਨਾ ਰਹੀ ਤਾਂ ਬੰਦੇ ਵਿਚ ਤੇ ਪਸ਼ੂ ਵਿਚ ਫਰਕ ਕੀ ਹੋਇਆ ...।"

"ਓਇ ਕੀਹਦੇ ਨਾਲ ਸੁਖਮਨੀ ਦੇ ਅਰਥ ਕਰਦਾ ਆਉਂਦੈਂ ਬਈ?" ਇੰਦਰ ਨੇ ਬੱਠਲ ਵਿਚ ਅੱਗ 'ਤੇ ਸੁੱਕੇ ਸੱਕ ਸੁੱਟਦਿਆਂ, ਦੂਰੋਂ ਈ ਉਹਦਾ ਸੁਆਗਤ ਕੀਤਾ।

"ਅਰਥ ਕੀਹਦੇ ਨਾਲ ਕਰਨੇ ਐਂ ਇੰਦਰ ਸਿਆਂ, ਆਵਦੇ ਈ ਰੋਣੇ ਰੋਨੇ ਐਂ।" ਖੂੰਡੇ ਦੇ ਆਸਰੇ ਆਪਣੇ ਭਾਰੇ ਸਰੀਰ ਨੂੰ ਬੋਚਦਾ ਉਹ ਇੰਦਰ ਦੇ ਸਾਹਮਣੇ ਮੁੱਢੀ 'ਤੇ ਜਾ ਬੈਠਾ। ਧੁਖਦੇ ਸੱਕਾਂ ਦੇ ਨਿੱਘੇ ਧੂੰਏਂ ਵਿਚ ਹੱਥ ਪਾਉਂਦਿਆਂ ਉਹ ਫੇਰ ਆਪ ਮੁਹਾਰਾ ਈ ਬੋਲਣ ਲੱਗ ਪਿਆ, "ਇੰਦਰ ਸਿਆਂ, ਤੂੰ ਤਾਂ ਗਿਆਨ-ਬਾਨ ਪੁਰਛ ਐਂ, ਇਹ ਦੁਨੀਆਂ ਨੂੰ ਹੁੰਦਾ ਕੀ ਜਾਂਦੈ? ਮੈਂ ਤੜਕੇ ਦਾ ਸੱਥ ਵਿਚ ਆ ਕੇ ਬੈਠਾਂ, ਕੋਈ ਚਿੜੀ ਨ੍ਹੀਂ ਫੜਕੀ! ਖਬਰੇ ਘਰੀਂ ਬੈਠੇ ਲੋਕ ਕੀ ਗੀਤਾ ਦਾ ਪਾਠ ਕਰਦੇ ਐ? ਅੱਗੇ ਟਿੱਕੀ ਚੜ੍ਹਦੀ ਨਾਲ ਮਾਰ ਰੌਣਕਾਂ ਲੱਗ ਜਾਣੀਆਂ। ਬੁੜ੍ਹਿਆਂ-ਠੇਰਿਆਂ ਨੇ, ਮੁੰਡਿਆਂ-ਖੁੰਡਿਆਂ ਨੂੰ ਮਖੌਲ ਕਰਨੇ। ਹੁਣ ਅੱਬਲ ਤਾਂ ਕੋਈ ਆਪ ਈ ਕੁਸ ਨ੍ਹੀਂ ਕਹਿੰਦਾ, ਜੇ ਕਹਿ ਬੈਠੇ ਤਾਂ ਉਧੜ ਕੇ ਅੱਗੋਂ ਗਲ ਪੈ ਜਾਣਗੇ।...ਭਲਿਓ ਬੰਦਿਓ! ਇਹ ਤਾਂ ਸੋਚੋ ਬਈ ਜੇ ਪਿੰਡ ਵਿਚ ਐਨਾ ਈ ਸਹਿਚਾਰ ਨਾ ਰਿਹਾ ਤਾਂ ਫੇਰ ਇਥੇ ਰਹਿ ਕੇ ਕੀ ਕਰਨੈਂ, ਬਾਹਰ ਖੇਤੀਂ ਨਾ ਜਾ ਕੇ ਛੱਪਰ ਪਾ ਲਾਂਗੇ?...ਹੈਂ ਬਈ ਇੰਦਰ ਸਿਆਂ?"

"ਪਾਈ ਤਾਂ ਜਾਂਦੇ ਐ। ਹੁਣ ਤੇਰੇ ਸਾਹਮਣੇ ਤੁੱਲ੍ਹੀ ਕਿਆਂ ਨੇ, ਅਰਜਣ ਕਿਆਂ ਨੇ, ਤੋਤੂ ਨਮੋਲੀਏ ਨੇ ...ਸਾਰਿਆਂ ਨੇ ਖੇਤੀਂ ਜਾ ਕੋਠੇ ਪਾਏ। ਜਦੋਂ ਪੁੱਛੀਏ ਕਿਮੇ ਓਂ, ਆਖਣਗੇ, 'ਵੀਹ ਐਂ ਭਰਾਵੋ, ਸਿਆਪੇ 'ਚੋਂ ਨਿਕਲੇ!' ... ਲੈ, ਪਿੰਡ ਨੂੰ 'ਸਿਆਪਾ' ਈ ਦਸਦੇ ਐ!'

ਤਾਏ ਨੇ ਗਹੁ ਨਾਲ ਇੰਦਰ ਦੇ ਮੂੰਹ ਵੱਲ ਦੇਖਿਆ ਤੇ ਉਹਦੇ ਮੱਥੇ ਦੀਆਂ ਭਾਰੀਆਂ ਤਿਉੜੀਆਂ ਸੰਘਣੀਆਂ ਹੋ ਗਈਆਂ।

"ਦੂਰ ਫਿਟੇ ਮੂੰਹ! ਘਿਰਣਾ ਨਾਲ ਤਾਏ ਨੇ ਬੱਠਲ ਵਿਚੋਂ ਧੁਖਦਾ ਸੱਕ ਚੁੱਕ ਕੇ, ਉਸ ਨਾਲੋਂ ਮੋਚਿਆ ਹਿੱਸਾ ਝਾੜਿਆ ਤੇ ਆਪਣੇ ਪਾਸੀਂ ਖਿਲਰੇ ਇੰਦਰ ਦੇ ਤਿੱਖੇ ਸੰਦਾਂ ਵੱਲ ਝਾਕ ਕੇ ਖਰ੍ਹਵੀ ਅਵਾਜ਼ ਨਾਲ ਬੋਲਿਆ, "ਇੰਦਰ ਸਿਆਂ ਕਦੇ ਕਦੇ ਤਾਂ ਐਂ ਜੀਅ ਕਰਦੈ, ਬਈ ਆਹ ਜਿਹੜੇ ਅੱਜਕੱਲ੍ਹ ਦੇ ਮੁੰਡੇ-ਬਹੂਆਂ ਫੂੰ-ਫੂੰ ਕਰਦੇ ਫਿਰਦੇ ਐ ਨਾ, ਇਨ੍ਹਾਂ ਦੀਆਂ ਫੜ ਕੇ ਕੁਹਾੜੇ ਨਾਲ ਲੱਤਾਂ ਛਾਂਗ ਦਿਆਂ... ਤੇ...।"

"ਮੁੰਡੇ-ਬਹੂਆਂ ਤੈਥੋਂ ਲੱਤਾਂ ਛੰਗੌਣਗੇ ਕਿ ਆਪਣੀਆਂ ਛਾਂਗਣਗੇ?" ਇੰਦਰ ਆਪਣੀ ਖੋਦੀ, ਕਰੜ-ਬਰੜੀ ਦਾੜ੍ਹੀ 'ਤੇ ਹੱਥ ਫੇਰਦਿਆਂ ਬੋਲਿਆ, "ਅਸਲ ਵਿਚ ਬਾਈ ਸਮੇਂ ਦੀ ਗੱਲ ਹੁੰਦੀ ਐ, ਜਿਹੋ ਜੀ ਵਾ, ਓਹੋ ਜਿਆ ਓਹਲਾ। ਤੇਰੇ ਮੇਰੇ ਅਰਗਿਆਂ ਦੇ ਹੁਣ ਜ਼ਮਾਨੇ ਈ ਨ੍ਹੀਂ ਰਹੇ...।"

"ਛੱਡ ਜਾਰ, ਕੀ ਗੱਲਾਂ ਕਰਦੈਂ...। ਮੈਂ ਤਾਂ ਦੋਹਾਂ ਨੂੰ ਆਖਿਆ ਵਿਐ, ਬਈ ਜੇ ਤਾਂ ਬੰਦੇ ਬਣ ਕੇ ਚਲੋਂਗੇ ਤਾਂ ਸਭ ਕੁਝ ਥੋਡਾ। ਜੇ ਬਹੁਤੀ ਚੀਂ-ਵੀਂ ਕੀਤੀ ਤਾਂ ਸਾਲਿਓ, ਸਾਰੀ ਜ਼ਮੀਨ ਕੁੜੀਆਂ ਦੇ ਨਾਂ ਲੁਆ ਦੂੰ, ਤੁਰੇ ਫਿਰਿਓ ਡੰਡੇ ਵਜੋਂਦੇ!...ਵੇਖ ਲੈ ਕੰਨ ਵਿਚ ਪਾਏ ਨ੍ਹੀਂ ਰੜਕਦੇ। ਉਹ ਛੋਟੀ ਬਹੂ ਮਾੜਾ ਜਿਹਾ ਉਚੀ-ਨੀਵੀਂ ਹੋਣ ਲੱਗੀ ਸੀ, ਮੈਂ ਇਕ ਦਿਨ ਵਿਹੜੇ ਵਿਚ ਖੂੰਡਾ ਖੜਕਾ ਕੇ ਐਸੀ ਦਬਕਾਈ, ਉਦੂੰ ਪਿਛੋਂ ਚਾਹ ਪਾਣੀ ਨੂੰ ਦਿਨ ਨ੍ਹੀਂ ਚੜ੍ਹਨ ਦਿੰਦੀ। ਆਪੇ ਪਾਣੀ ਤੱਤਾ ਕਰ ਕੇ ਧਰ ਜੂ, ਆਪੇ...।"

"ਤੂੰ ਤਾਂ ਹੋਇਆ ਕਰਮਾਂ ਆਲਾ ਜੀ!" ਇੰਦਰ ਨੇ ਤਾਏ ਦੀ ਵਡਿਆਈ ਕਰਦਿਆਂ ਕਿਹਾ, "ਤੇਰੀ ਕੋਈ ਰੀਸ ਐ। ਨਾਲੇ ਜਦੋਂ ਵਾਹਿਗੁਰੂ ਨੇ ਉਲਾਦ ਸਲੱਗ ਦਿੱਤੀ ਹੋਵੇ ਤਾਂ ਸਭ ਕੁਝ ਆਪੇ ਰਾਸ ਆ ਜਾਂਦੈ...।"

"ਓਇ ਨਹੀਂ ਇੰਦਰ ਸਿਆਂ, ਬੰਦੇ ਵਿਚ ਆਵਦੇ ਵਿਚ ਸਾਹ-ਸਤ ਚਾਹੀਦੈ, ਬਾਕੀ ਸਭ ਗੱਲਾਂ ਆਪੇ ਰਾਸ ਆ ਜਾਂਦੀਐਂ। ਜਦੋਂ ਆਪ ਈ ਲੋਕਾਂ ਦਾ ਅਮਾਨ ਹੱਲਿਆ ਫਿਰਦੈ, ਤਾਂ ਉਲਾਦ ਕੀ ਕਰੂ? ਅਹੁ ਰਾਮੂ ਨੇ ਨੂੰਹ ਕੀ ਸਹੇੜ ਲਿਆਂਦੀ ਐ, ਸਾਰਾ ਦਿਨ ਉਸੇ ਦੀਆਂ ਗੱਲਾਂ ਈ ਕਰੀ ਜਾਊ, "ਹਮਰੀ ਬਹੂ ਘੁੰਡ ਨ੍ਹੀਂ ਕਡਤੀ, ਉਹ ਦਸ ਜਮਾਤਾਂ ਪੜ੍ਹੀ ਹੋਈ ਐ...।" ਮੁੰਡਾ ਕਿਤੇ ਬਾਹਰ ਫਿਰਦੈ, ਆਪ ਉਹਨੂੰ ਸਾਲਾ ਇਥੇ ਰੱਖੀ ਬੈਠੈ। ਬਈ ਕੰਜਰ ਦਿਆ ਕੰਜਰਾ, ਇਹਦਾ ਇੱਥੇ ਕੀ ਕੰਮ? ਹੁਣ ਦੱਸ, ਦੁਨੀਆਂ ਦਾ ਕੋਈ ਹਾਲ ਐ।...ਹੈ ਬੇੜਾ ਗਰਕਣ 'ਤੇ ਆਇਆ ਕਿ ਨਹੀਂ?"

ਇੰਦਰ ਵੀ ਗੰਭੀਰ ਹੋ ਗਿਆ ਸੀ। ਤਾਏ ਨੇ ਕੋਈ ਹੋਰ ਕਥਾ ਛੇੜ ਲਈ, ਪਰ ਪਰਤਾਪੇ ਕਾ ਸੀਰੀ ਤਾਪਾ ਕਹੀ ਤਲਪੌਣ ਆ ਗਿਆ। ਇੰਦਰ ਨੇ ਕਹੀ ਫੜ ਕੇ ਪਾਸੇ ਰੱਖਦਿਆਂ ਕਹਿ ਦਿੱਤਾ, "ਬਿੰਦ ਕੁ ਨੂੰ ਲੈ ਜੀਂ, ਅਜੇ ਬਾਈ ਨਾਲ ਗਿਆਨ ਗੋਸ਼ਟ ਕਰਦੇ ਐਂ।"

"ਤੂੰ ਭਰਾਵਾ ਗਿਆਨ ਗੋਸ਼ਟਾਂ ਫੇਰ ਕਰ ਲੀਂ, ਮੈਂ ਤਾਂ ਜੇ ਬਿੰਦ ਕੁ ਨਾ ਗਿਆ, ਮੇਰੀ ਤਾਂ ਪਰਤਾਪੇ ਦਾ ਸਜ਼ਾਦਾ ਸੰਘੀ ਘੁੱਟ ਦੂ।"

"ਤੈਥੋਂ ਕੁਝ ਨ੍ਹੀਂ ਸਰੂ ਓਇ ਕਜਾਤੇ।" ਤਾਏ ਨੇ ਉਸ ਵੱਲ ਹਿਰਖ ਕੇ ਵਿੰਹਦਿਆਂ ਕਿਹਾ।

"ਤਾਇਆ, ਘੁੱਗੀ ਕੀ ਜਾਣੇ ਸਤਗੁਰ ਕੀਆਂ ਬਾਤਾਂ।" ਤਾਪੇ ਨੇ ਪੈਰਾਂ ਭਾਰ ਬੱਠਲ ਦੇ ਨੇੜੇ ਹੋ ਕੇ ਬਹਿੰਦਿਆਂ ਕਿਹਾ, "ਤੂੰ ਤਾਂ ਘਰੋਂ 'ਬੇਦਖਲ' ਹੋਇਆ ਫਿਰਦੈਂ। ਪਰਤਾਪੇ ਕੇ ਮੁੰਡੇ ਤਾਂ ਹੁਣੇ ਐਡੇ ਚੱਕਮੇਂ ਹੋਏ ਫ਼ਿਰਦੇ ਐ, ਅਖੇ ਅਸਮਾਨ ਸਾਡਾ ਈ ਖੜ੍ਹਾਇਆ ਖੜ੍ਹੈ। ਪਰਤਾਪੇ ਵੇਲੇ ਤਾਂ ਕਦੇ ਟੁੱਕ ਦਾ ਭੋਰਾ ਵੀ ਮਿਲ ਜਾਂਦਾ ਸੀ, ਹੁਣ ਤਾਂ ਆਖਣਗੇ, ਚਾਹ ਵੀ ਘਰੋਂ ਕਰ ਕੇ ਲਿਆਇਆ ਕਰੋ। ਆਹ ਵੇਖ, ਦੁੱਧ ਦਾ ਪਊਆ, ਚਾਹ ਤੇ ਗੁੜ ਦੀ ਡਲੀ ਨਾਲ ਲੈ ਕੇ ਚੱਲਿਐਂ। ਡੱਬਾ ਖੇਤ ਰੱਖ ਛੱਡਿਐ। ਜਦੋਂ ਤਲਬ ਹੋਈ, ਆਪੇ ਕਰ ਕੇ ਪੀਊਂ...ਕੋਈ ਬਾਤ ਨ੍ਹੀਂ ਪੁੱਛਦਾ।"

ਜਦੋਂ ਤਾਪੇ ਨੇ ਆਪਣੇ ਮੂਕੇ ਦੇ ਪਿਛਲੇ ਲੜ ਨਾਲ ਬੰਨ੍ਹਿਆਂ ਨਿੱਕ-ਸੁੱਕ ਵਿਖਾਇਆ ਤਾਂ ਤਾਇਆ ਸੱਚੀਂ ਹੈਰਾਨ ਹੋਇਆ, ਪਰ ਇੰਦਰ ਨੂੰ ਕੋਈ ਹੈਰਾਨੀ ਨਾ ਹੋਈ। ਉਸ ਆਪਣੀ ਗੱਲ ਦੁਹਰਾਂਦਿਆਂ ਕਿਹਾ, "ਚੰਗਾ ਤੂੰ ਅਜੇ ਘਰੇ ਗੇੜਾ ਮਾਰਿਆ, ਫ਼ੇਰ ਮੁੜਦਾ ਲੈ ਜੀਂ। ਅਜੇ ਤਾਂ ਜਾਰ ਹੱਡ ਈ ਨਹੀਂ ਜੁੜੇ, ਠੰਢ ਤਾਂ ਵੇਖ ਉਤੋਂ ਕਿੰਨੀ ਪੈਂਦੀ ਐ।"

"ਆਹੋ ਚਾਚਾ, ਤੈਨੂੰ ਠੰਢ ਤਾਂ ਲੱਗੂ ਈ!" ਤਾਪਾ ਉਠ ਕੇ ਖੜ੍ਹਾ ਹੁੰਦਿਆਂ ਕੁਝ ਵਿਅੰਗ ਨਾਲ ਬੋਲਿਆ, "ਆਵਦੇ ਅੱਡੇ 'ਤੇ ਬੈਠੈਂ, ਕਿਸੇ ਸਾਲੇ ਦੀ ਮੀਨਮੇਖ ਨਹੀਂ, ਜੋ ਆਖੋ ਸੱਤ ਐ...ਚੰਗਾ ਫੇਰ ਮੈਂ ਹੁਣੇ ਆਊਨੈ...ਲੈ, ਚਾਚਾ ਬਣ ਕੇ ਕਰਾਦੀਂ ਹੁਣੇ...ਚੰਗਾ?

ਤਾਇਆ ਭੋਲਾ ਤਾਪੇ ਦੀ ਗੱਲ ਸੁਣ ਕੇ ਉਂਜ ਈ ਗੁੰਮ ਹੋ ਗਿਆ ਸੀ। ਅਚਾਨਕ ਉਹਨੂੰ ਜਾਪਿਆ ਜਿਵੇਂ ਉਹ ਕਿਸੇ ਹੋਰ ਪਿੰਡੋਂ ਆ ਕੇ ਵਸਿਆ ਹੋਵੇ। ਇੰਝ ਸੀਰੀ ਬੋਤਲਾਂ ਵਿਚ ਦੁੱਧ ਪਾਈ, ਚਾਹ ਦੀਆਂ ਪੁੜੀਆਂ, ਗੁੜ ਪੱਲੇ ਬੰਨ੍ਹੀ, ਉਸ 'ਆਪਣੇ ਪਿੰਡੇ' ਤਾਂ ਕਦੀ ਨਹੀਂ ਸਨ ਵੇਖੇ। ਉਨ੍ਹਾਂ ਦੇ ਸੀਰੀ ਨੂੰ ਤਾਂ ਹੁਣ ਵੀ ਮੁੰਡਿਆਂ ਦੇ ਨਾਲ ਦੀ ਚਾਹ ਮਿਲਦੀ ਸੀ; ਨਾਲ ਦੀ ਰੋਟੀ ਮਿਲਦੀ ਸੀ; ਉਹ ਆਪ ਸਾਰੀ ਉਮਰ ਇਵੇਂ ਕਰਦਾ ਰਿਹਾ ਸੀ।

"ਚੰਗਾ ਬਈ ਇੰਦਰ ਸਿਆਂ, ਮੈਂ ਵੀ ਚਲਦੈਂ।" ਤਾਏ ਨੇ ਉਠਦਿਆਂ ਕਿਹਾ।

ਇੰਦਰ ਨੇ ਦੋ ਤਿੰਨ ਵਾਰ ਉਹਨੂੰ ਬੈਠਣ ਲਈ ਕਿਹਾ, ਪਰ ਤਾਇਆ ਲੰਮਾ ਹਉਕਾ ਭਰ ਕੇ "ਵਾਖਰੂ, ਵਾਖਰੂ, ਤੇਰੇ ਰੰਗ" ਕਹਿੰਦਿਆਂ ਬਾਹਰ ਨਿਕਲ ਗਿਆ।

ਗਲੀ ਵਿਚ ਆ ਕੇ ਉਹਨੇ ਚੜ੍ਹਦੇ ਵੇਖਿਆ ਤਾਂ ਕੁਝ ਬੰਦੇ ਤੁਰੇ ਆਉਂਦੇ ਦਿਸੇ। ਉਹ ਰੁਕ ਕੇ ਗਹੁ ਨਾਲ ਉਧਰ ਤਾੜਨ ਲੱਗ ਪਿਆ, ਪਰ ਕੋਈ ਪਛਾਣ ਨਹੀਂ ਆਈ। ਬੰਦੇ ਹੋਰ ਨੇੜੇ ਆ ਗਏ, ਉਹ ਫ਼ੇਰ ਵੀ ਨਾ ਪਛਾਣ ਸਕਿਆ। ਜਦੋਂ ਉਹ ਚਾਰ ਕਰਮਾਂ ਦੀ ਵਿੱਥ 'ਤੇ ਰਹਿ ਗਏ, ਤਾਂ ਕਿਤੇ ਜਾ ਕੇ ਸੰਤੋਖ ਢਿੱਲੋਂ ਕੇ ਸੀਰੀ ਦੀ ਪਛਾਣ ਆਈ। ਉਸ ਸਿਰ ਉਤੇ ਵੱਡਾ ਸਾਰਾ ਬਿਸਤਰਾ ਚੁੱਕਿਆ ਹੋਇਆ ਸੀ, ਪਰ ਨਾਲਦਿਆਂ ਨੂੰ ਉਹਨੇ ਅਜੇ ਵੀ ਨਹੀਂ ਪਛਾਣਿਆ।

"ਤਾਇਆ ਸਤਿ ਸ੍ਰੀ ਅਕਾਲ! ਤਕੜੈ?" ਸੀਰੀ ਦੇ ਮਗਰ ਆਉਂਦੇ ਗੋਰੇ ਨਛੋਹ ਗੱਭਰੂ ਨੇ ਮੁਸਕਰਾਂਦਿਆਂ ਕਿਹਾ ਤੇ ਕੁੱਛੜ ਚੁੱਕੇ ਮੁੰਡੇ ਦੇ ਦੋਏ ਹੱਥ ਉਤਾਂਹ ਕਰਦਾ ਬੋਲਿਆ, "ਬਾਬਾ ਜੀ ਕੋ ਗੁੱਡ ਮਾਰਨਿੰਗ ਬੋਲੋ!"

ਪਰ ਭੋਲਾ ਜਿਵੇਂ ਠਠੰਬਰ ਗਿਆ। ਉਹਨੂੰ ਏਨੀ ਕੁ ਗੱਲ ਸਮਝ ਆ ਗਈ ਕਿ ਉਹ ਸੰਤੋਖੇ ਢਿੱਲੋਂ ਦਾ ਮੁੰਡਾ ਹੋ ਸਕਦਾ ਸੀ ਜਿਹੜਾ ਹਵਾਈ ਜਹਾਜ਼ਾਂ ਵਾਲੀ ਫੌਜ ਵਿਚ ਨੌਕਰ ਸੀ, ਪਰ ਉਹਦੇ ਕੁੱਛੜ ਚੁੱਕਿਆ, ਰਬੜ ਦੇ ਬਾਵੇ ਵਰਗਾ, ਲਾਲ ਖੱਟੀ ਕੋਟੀ ਤੇ ਪਸ਼ਮ ਦੇ ਟੋਪੇ ਵਾਲਾ ਨਿਆਣਾ ਤੇ ਉਹਦੇ ਮਗਰ ਆਉਂਦੀ ਲੰਮੇ ਲਾਲ ਕੋਟ ਵਾਲੀ ਸ਼ਹਿਰਨ ਕੁੜੀ ਦੀ, ਉਹਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਹ ਕੌਣ ਸੀ। ਉਹਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਸੰਤੋਖੇ ਦਾ ਇਹ ਮੁੰਡਾ ਅਜੇ ਵਿਆਹਿਆ ਨਹੀਂ ਸੀ।

"ਕਿਹੜੈ?" ਭੋਲੇ ਨੇ ਸਤਿ ਸ੍ਰੀ ਅਕਾਲ ਦਾ ਜੁਆਬ ਦਿੱਤੇ ਬਿਨਾਂ, ਉਸ ਦੇ ਮੂੰਹ ਵੱਲ ਤਕਦਿਆਂ ਪੁੱਛਿਆ।

"ਮੈਂ ਸੰਤੋਖੇ ਦਾ ਪੀਲੂ ਐਂ ਤਾਇਆ, ਪਛਾਣਿਆ ਨ੍ਹੀਂ?"

"ਪਛਾਣ ਤਾਂ ਲਿਆ...ਪਰ ਹਾਅ ਕੀ...?" ਹਰ ਸ਼ਬਦ ਹੈਰਾਨੀ ਨਾਲ ਤੇ ਲਮਕਾ ਕੇ ਬੋਲਦਿਆਂ ਭੋਲੇ ਨੇ ਕਿਹਾ, ਤੇ ਚੁੱਪ ਕਰ ਕੇ, ਅੱਧ ਨੰਗਾ ਸਿਰ ਕਰੀ, ਹੱਥ ਵਿਚ ਮਹਿੰ ਦੇ ਲੇਵੇ ਵਰਗਾ ਕਾਲਾ ਝੋਲਾ ਜਿਹਾ ਲਮਕਾਈ, ਬੋਤੇ ਦੇ ਪਿੱਛੇ-ਪਿੱਛੇ ਤੁਰੀ ਜਾਂਦੀ ਉਸ ਕੁੜੀ ਵੱਲ ਇਉਂ ਝਾਕਣ ਲੱਗ ਪਿਆ ਜਿਵੇਂ ਉਹਨੂੰ ਗੱਲ ਈ ਭੁੱਲ ਗਈ ਹੋਵੇ ਕਿ ਉਸ ਕੀ ਪੁੱਛਣਾ ਸੀ।

ਪਲਵਿੰਦਰ ਉਚੀ ਸਾਰੀ ਹੱਸ ਕੇ, ਕੁੱਛੜ ਚੁੱਕੇ ਮੁੰਡੇ ਨੂੰ ਉਤਾਂਹ ਉਗਾਸਦਿਆਂ ਬੋਲਿਆ, "ਇਹ ਤਾਇਆ ਤੇਰੀ ਨੂੰਹ ਐਂ!"

ਭੋਲੇ ਦੀ ਜਿਵੇਂ ਜੀਭ ਠਾਕੀ ਗਈ ਹੋਵੇ। ਉਹ ਆਪਣੀ ਇਸ 'ਨੂੰਹ' ਨੂੰ ਘੂਰਦਾ ਰਿਹਾ।

"ਤੈਨੂੰ ਤਾਂ ਤਾਇਆ ਜਿਵੇਂ ਚੌਂਧੀ ਈ ਲੱਗ'ਗੀ।" ਤਾਏ ਦੇ ਮੋਢੇ ਉਤੇ ਹੱਥ ਰੱਖਦਿਆਂ, ਠਹਾਕਾ ਮਾਰ ਕੇ ਪਲਵਿੰਦਰ ਨੇ ਫੇਰ ਕਿਹਾ, "ਤੂੰ ਖੂਹ ਦੇ ਡੱਡੂ ਆਂਗੂੰ ਸਾਰੀ ਉਮਰ ਤਸੀਲੋਂ ਅਗਾਂਹ ਨਹੀਂ ਟੱਪਿਆ, ਤਾਹੀਂ ਏਨਾ ਹੈਰਾਨ ਹੋਇਆ ਖੜ੍ਹੈਂ ਨਾ, ਦੁਨੀਆ ਤਾਂ ਤਾਇਆ ਚੰਦ 'ਤੇ ਅੱਪੜਗੀ!"

ਭੋਲਾ ਕੁਝ ਨਹੀਂ ਬੋਲਿਆ। ਉਹ ਪਲਵਿੰਦਰ ਨੂੰ ਕੋਈ ਮੋਟੀ ਸਾਰੀ ਗਾਲ੍ਹ ਕੱਢਣੀ ਚਾਹੁੰਦਾ ਸੀ, ਪਰ ਸਾਰੇ ਸਰੀਰ ਵਿਚ ਜਿਵੇਂ ਸੱਤਿਆ ਈ ਨਹੀਂ ਸੀ। ਮੁੰਡੇ ਨੂੰ ਕੁੱਛੜ ਚੁੱਕੀ, ਉਹਨੂੰ ਮੁੜ-ਮੁੜ ਚੁੰਮਦਾ ਤੇ ਉਸ ਨਾਲ 'ਹੋਰ ਈ' ਬੋਲੀ ਵਿਚ ਗੱਲਾਂ ਕਰਦਾ ਪਲਵਿੰਦਰ ਤਾਏ ਨੂੰ ਦੁਪਹਿਰੇ ਮਿਲਣ ਦਾ ਇਕਰਾਰ ਕਰ ਕੇ ਜਦੋਂ ਬੋਤੇ ਦੇ ਮਗਰ ਤੁਰੀ ਜਾਂਦੀ ਆਪਣੀ ਵਹੁਟੀ ਨਾਲ ਜਾ ਰਲਿਆ ਤਾਂ ਤਾਇਆ ਉਥੋਂ ਈ ਫੇਰ ਪਿਛਾਂਹ ਮੁੜ ਪਿਆ।

ਇੰਦਰ ਵੀ ਅਛੋਪਲੇ ਬਾਹਰ ਆ ਖੜੋਤਾ ਸੀ। ਉਸ ਉਹਨੂੰ ਮੁੜਦਿਆਂ ਵੇਖ ਕੇ ਵਿਅੰਗ ਨਾਲ ਕਿਹਾ, "ਕਿਉਂ, ਵੇਖੇ ਦੁਨੀਆਂ ਦੇ ਰੰਗ! ਇਹ ਸਾਰਾ ਕੁਸ਼ ਬਾਹਰੋਂ-ਬਾਹਰ ਈ ਕਰਾਈ ਫਿਰਦੈ। ਕਹਿੰਦੈ ਇਹ ਓਧਰਲੀ ਕੋਈ ਬੰਗਾਲਣ ਅਸਾਮਣ ਐ। ਆਪੇ ਸਲਾਹ ਕਰ ਕੇ ਵਿਆਹ ਕਰਾ ਲਿਆ। ਓਥੇ ਈ ਜੁਆਕ ਜੰਮ ਲੇ...ਹੈ ਵਧੀਆ ਕੰਮ ਕਿ ਨਹੀਂ ਬਈ? ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਐਨ ਕੱਰਾ ਲਾਲ ਬਰੰਗ।"

ਪਰ ਤਾਇਆ ਫੇਰ ਵੀ ਕੁਝ ਨਹੀਂ ਬੋਲਿਆ। ਉਸ ਅੱਗ ਵਾਲੇ ਬੱਠਲ ਦੇ ਕੋਲ ਆਉਂਦਿਆਂ, ਢਿੱਲੀ ਆਵਾਜ਼ 'ਚ ਕਿਹਾ, "ਇਹਦੇ 'ਤੇ ਸੱਕ-ਸੁੱਕ ਪਾ ਚਾਰ, ਮੇਰੇ ਤਾਂ ਪੈਰ ਈ ਬਲਾ ਠਰਦੇ ਜਾਂਦੇ ਐ।"



*ਪੰਜਾਬ ਦੇ ਅਜਿਹੇ ਦ੍ਰਿਸ਼ ਹੁਣ ਸ਼ਾਇਦ ਚਿਤਰਾਂ ਵਿਚ ਹੀ ਰਹਿ ਗਏ ਹਨ।*

# ਆਲਮੀ ਅਮਨ ਦਾ ਹੋਕਾ ‘ਜੁਆਏਕਸ ਨੋਇਲ’




***ਨੌਜਵਾਨ ਫਿਲਮਸਾਜ਼ ਜਤਿੰਦਰ ਮੌਹਰ ‘ਪੰਜਾਬ ਟਾਈਮਜ਼’ ਦੇ ਪਾਠਕਾਂ ਨਾਲ ਸ਼ਬਦ-ਸਾਂਝ ਪਾਉਣ ਇਕ ਵਾਰ ਫਿਰ ਹਾਜ਼ਰ ਹੈ। ਇਨ੍ਹਾਂ ਕਾਲਮਾਂ ਵਿਚ ਉਸ ਦਾ ਹਫਤਾਵਾਰੀ ਕਾਲਮ ‘ਪਹਿਲੀ ਗੱਲ’ ਛਪਦਾ ਰਿਹਾ ਹੈ ਜਿਸ ਨੂੰ ਵਾਹਵਾ ਹੁੰਗਾਰਾ ਮਿਲਿਆ ਸੀ। ਇਸ ਅੰਕ ਤੋਂ ਉਹ ਹਰ ਹਫਤੇ ‘ਕਲਾ ਤੇ ਜ਼ਿੰਦਗੀ’ ਕਾਲਮ ਨਾਲ ਦਸਤਕ ਦਿਆ ਕਰੇਗਾ। ਆਪਣੀ ਪਹਿਲੀ ਪੰਜਾਬੀ ਫਿਲਮ ‘ਮਿੱਟੀ’ (2010) ਨਾਲ ਉਹ ਫਿਲਮ ਜਗਤ ਵਿਚ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ। ਇਸ ਤੋਂ ਬਾਅਦ ਉਸ ਨੇ ‘ਸਰਸਾ’ ਬਣਾਈ। ਅੱਜਕੱਲ੍ਹ ਉਹ ਆਪਣੀ ਨਵੀਂ ਫਿਲਮ ਦੀ ਪਟਕਥਾ ਲਿਖਣ ਵਿਚ ਰੁੱਝਿਆ ਹੋਇਆ ਹੈ।***




ਅਮਰੀਕੀ ਲੋਕ-ਇਤਿਹਾਸਕਾਰ ਅਤੇ ਚਿੰਤਕ ਹਾਵਰਡ ਜ਼ਿਨ ਕਹਿੰਦਾ ਹੈ ਕਿ ਦਹਿਸ਼ਤ ਖ਼ਿਲਾਫ਼ ਜੰਗ ਦੀ ਗੱਲ ਕਿੰਨੀ ਕੁ ਜਾਇਜ਼ ਹੈ ਜਦੋਂ ਜੰਗ ਆਪਣੇ ਆਪ ‘ਚ ਅਤਿਵਾਦ ਦਾ ਰੂਪ ਹੈ? ਇਸ ਬਿਆਨ ‘ਚੋਂ ਬਾਬੇ ਹਾਵਰਡ ਦਾ ਨਿੱਜੀ ਤਜਰਬਾ ਬੋਲਦਾ ਹੈ। ਦੂਜੀ ਆਲਮੀ ਜੰਗ ‘ਚ ਉਹ ਅਮਰੀਕਾ ਵੱਲੋਂ ਬਰਲਿਨ, ਚੈਕਸਲੋਵਾਕੀਆ, ਹੰਗਰੀ ਅਤੇ ਫ਼ਰਾਂਸ ਦੇ ਸ਼ਹਿਰਾਂ ‘ਤੇ ਬੰਬਾਰੀ ਕਰਨ ਵਾਲੇ ਹਵਾਈ-ਦਸਤੇ ਦਾ ਹਿੱਸਾ ਸੀ। ਉਸ ਨੇ ਜੰਗ ਦੀ ਭਿਆਨਕਤਾ ਅੱਖੀਂ ਦੇਖੀ ਹੈ। ਜੰਗ ਦੀ ਬਰਬਰਤਾ ਅਤੇ ਉਸ ਦੇ ਸ਼ਿਕਾਰ ਲੋਕਾਂ ਦੀ ਹਾਲਤ ਦੇਖ ਕੇ ਬਾਬੇ ਨੇ ਜੰਗ ਦੇ ਖ਼ਿਲਾਫ਼ ਬੀੜਾ ਚੁੱਕ ਲਿਆ ਜੋ ਉਸ ਦੇ ਆਖ਼ਰੀ ਸਾਹਾਂ ਤੱਕ ਕਾਇਮ ਰਿਹਾ।

ਜੰਗ ਦੇ ਭਿਆਨਕ ਸਮਿਆਂ ਵਿਚ ਵੀ ਮਨੁੱਖ ਨੇ ਆਪਣਾ ਮੂਲ ਨਹੀਂ ਛੱਡਿਆ। ਅਜਿਹੇ ਹੀ ਸਮਿਆਂ ਦੀ ਬਾਤ ਪਾਉਂਦੀ ਫ਼ਿਲਮ ‘ਜੁਆਏਕਸ ਨੋਇਲ’ ਹੈ ਜੋ ਸੰਨ ਦੋ ਹਜ਼ਾਰ ਪੰਜ ਵਿਚ ਪਰਦਾ ਪੇਸ਼ ਹੋਈ ਸੀ। ਇਹ ਫਿਲਮ ਫਿਲਮਸਾਜ਼ ਕ੍ਰਿਸਟੀਅਨ ਕੇਰੀਅਨ ਨੇ ਬਣਾਈ ਸੀ। ਜੁਆਏਕਸ ਨੋਇਲ ਦਾ ਅਰਥ ਹੈ ‘ਕ੍ਰਿਸਮਸ ਮੁਬਾਰਕ’। ਇਹ ਆਲਮ ਦੀਆਂ ਸਭ ਤੋਂ ਬਿਹਤਰ ਜੰਗ-ਵਿਰੋਧੀ ਫ਼ਿਲਮਾਂ ’ਚੋਂ ਇੱਕ ਹੈ ਜੋ ਪਹਿਲੀ ਆਲਮੀ ਜੰਗ ਬਾਬਤ ਹੈ। ਇਹ ਫ਼ਿਲਮ ਸੱਚੀ ਘਟਨਾ ’ਤੇ ਆਧਾਰਿਤ ਹੈ ਜਿਸ ਦੇ ਪਾਤਰ ਅੰਗਰੇਜ਼ੀ, ਜਰਮਨ ਅਤੇ ਫਰਾਂਸੀਸੀ ਬੋਲਦੇ ਹਨ। ਫ਼ਿਲਮ ਦੀ ਸ਼ੁਰੂਆਤ ਦਿਖਾਉਂਦੀ ਹੈ ਕਿ ਸਕੂਲੀ ਬੱਚਿਆਂ ਨੂੰ ਹੋਰ ਮੁਲਕਾਂ ਨਾਲ ਨਫ਼ਰਤ ਕਰਨ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਦੁਸ਼ਮਣ ਮੁਲਕ ਦੀਆਂ ਔਰਤਾਂ ਅਤੇ ਬੱਚਿਆ ਤੱਕ ਨੂੰ ਖਤਮ ਕਰਨ ਦੀ ਸਿੱਖਿਆ ਦਿੱਤੀ ਜਾ ਰਹੀ ਹੈ ਤਾਂ ਕਿ ਦੁਸ਼ਮਣ ਮੁੜ ਸਿਰ ਨਾ ਚੁੱਕ ਸਕੇ। ਇਸੇ ਕੜੀ ’ਚ ਗੁਜਰਾਤ ਕਤਲੇਆਮ ਵੇਲੇ ਹੋਈ ਹਿੰਸਾ ਨੂੰ ਜੋੜ ਕੇ ਦੇਖਣਾ ਚਾਹੀਦਾ ਹੈ। ਮੁਸਲਮਾਨਾਂ ਦੇ ਕਤਲ, ਔਰਤਾਂ ਨਾਲ ਬਲਾਤਕਾਰ, ਘਰ ਜਾਲਣ ਦੇ ਨਾਲ ਨਾਲ ਦੁਕਾਨਾਂ ਅਤੇ ਕਾਰੋਬਾਰੀ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਤਾਂ ਕਿ ਉਹ ਲੰਬਾ ਸਮਾਂ ਮੁੜ-ਬਹਾਲੀ ਦੇ ਸੰਘਰਸ਼ ’ਚ ਲੱਗੇ ਰਹਿਣ। ਹਿੰਦੂ ਬੁਨਿਆਦਪ੍ਰਸਤ ਅੱਜ ਵੀ ਇੱਕ ਪੂਰੀ ਨਸਲ ਨੂੰ ਖਤਮ ਕਰਨ ਦੇ ਦਮਗੱਜੇ ਮਾਰ ਰਹੇ ਹਨ। ਸਕੂਲ ਦੇ ਦ੍ਰਿਸ਼ ਤੋਂ ਬਾਅਦ ਦੂਰ ਤੱਕ ਫੈਲੀਆਂ ਸ਼ਾਂਤ ਵਾਦੀਆਂ, ਪਹਾੜਾਂ, ਪਾਣੀ ਦੇ ਸੋਮਿਆਂ, ਚਾਰਗਾਹਾਂ ਅਤੇ ਸਦੀਆਂ ਤੋਂ ਲੋਕਾਂ ਦੀਆਂ ਪੈੜਾਂ ਨਾਲ ਬਣੀਆਂ ਪਗਡੰਡੀਆਂ ਦੇ ਦ੍ਰਿਸ਼ ਦਿਖਾਈ ਦਿੰਦੇ ਹਨ। ਇਨ੍ਹਾਂ ਹੀ ਰਾਹਾਂ ’ਤੇ ਸਕਾਟਲੈਂਡ ਦਾ ਮੁੰਡਾ ਸਾਈਕਲ ਭਜਾਈ ਜਾ ਰਿਹਾ ਹੈ ਜੋ ਜੰਗ ਦੀ ਭਿਆਨਕਤਾ ਤੋਂ ਬੇਖ਼ਬਰ ਜੰਗ ਦੇ ਸ਼ੁਰੂ ਹੋਣ ਦੀ ਖ਼ੁਸ਼ੀ ’ਚ ਖੀਵਾ ਹੋਇਆ ਹੈ। ਉਹ ਫ਼ੌਜ ’ਚ ਭਰਤੀ ਹੋਣ ਜਾ ਰਿਹਾ ਹੈ। ਸ਼ਾਇਦ ਉਹ ਨਹੀਂ ਜਾਣਦਾ ਕਿ ਇਸ ਕੁਦਰਤ ਅਤੇ ਉਸ ਦੇ ਜੀਆਂ ਨੇ ਜੰਗ ਦੀਆਂ ਬੇਕਿਰਕ ਲਾਟਾਂ ’ਚ ਝੁਲਸਣਾ ਹੈ। ਇਧਰ ਜਰਮਨ ’ਚ ਚਲਦੇ ਨਾਟਕ ਦੌਰਾਨ ਫ਼ੌਜੀ ਅਫ਼ਸਰ ਜੰਗ ਸ਼ੁਰੂ ਹੋਣ ਦਾ ਐਲਾਨ ਕਰਦਾ ਹੈ। ਉਹ ਨਾਟਕ ਕਲਾਕਾਰਾਂ ਅਤੇ ਦਰਸ਼ਕਾਂ ਨੂੰ ਫ਼ੌਜ ’ਚ ਭਰਤੀ ਹੋਣ ਦਾ ਹੁਕਮ ਸੁਣਾ ਜਾਂਦਾ ਹੈ। ਨਾਟਕ ਦਾ ਮੁੱਖ ਅਦਾਕਾਰ/ਗਾਇਕ ਆਪਣੀ ਪ੍ਰੇਮਿਕਾ (ਜੋ ਖ਼ੁਦ ਅਦਾਕਾਰਾ/ਗਾਇਕ ਹੈ) ਨੂੰ ਛੱਡ ਕੇ ਜੰਗੀ ਮੋਰਚੇ ’ਤੇ ਚਲਿਆ ਜਾਂਦਾ ਹੈ। ਉਸੇ ਜੰਗੀ ਮੋਰਚੇ ’ਤੇ ਡਟਿਆ ਫ਼ਰਾਂਸੀਸੀ ਅਫ਼ਸਰ ਪਰਿਵਾਰ ਨੂੰ ਯਾਦ ਕਰ ਰਿਹਾ ਹੈ। ਅਗਲੇ ਹੀ ਪਲ ਉਸ ਨੇ ਅਪਣੀ ਪਲਟਣ ਸਮੇਤ ‘ਦੁਸ਼ਮਣ’ ਨਾਲ ਭਿੜਨਾ ਹੈ। ਲੜਨ ਤੋਂ ਪਹਿਲਾਂ ਦਿੱਤੇ ਭਾਸ਼ਣ ਵਿਚ ਉਹ ਕਹਿ ਰਿਹਾ ਹੈ ਕਿ ਅਸੀਂ ਕ੍ਰਿਸਮਸ ਜ਼ਰੂਰ ਦੇਖਾਂਗੇ। ਇਹ ਭਾਸ਼ਣ ਦਲ ਦੇ ਸਿਪਾਹੀਆਂ ਲਈ ਬੇਮਾਇਨਾ ਹੈ। ਉਹ ਜਾਣਦੇ ਹਨ ਕਿ ਲੜਾਈ ਦਾ ਮਤਲਬ ਮਰਨਾ ਜਾਂ ਮਾਰਨਾ ਹੈ ਅਤੇ ਵਾਰੀ ਕਿਸੇ ਦੀ ਵੀ ਆ ਸਕਦੀ ਹੈ। ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਦੇ ਪਲਾਂ ਦਾ ਫ਼ਿਲਮਾਂਕਣ ਇੰਨਾ ਮਾਰਮਿਕ ਹੈ ਕਿ ਦਰਸ਼ਕ ਦਾ ਸਾਹ ਕੱਢ ਦਿੰਦਾ ਹੈ। ਇਹ ਦ੍ਰਿਸ਼ ਦਿਖਾਉਂਦੇ ਹਨ ਕਿ ਲੜਨ ਵਾਲਿਆਂ ਉੱਤੇ ਵੀ ਜੰਗ ਕਿਵੇਂ ਥੋਪੀ ਜਾਂਦੀ ਹੈ। ਜਰਮਨ, ਫ਼ਰਾਂਸ ਅਤੇ ਸਕੌਟਿਸ਼ ਫ਼ੌਜੀ ਘਮਾਸਾਣ ਜੰਗ ਦੇ ਇਸ ਮੋਰਚੇ ’ਤੇ ਆਹਮੋ-ਸਾਹਮਣੇ ਲੜ ਰਹੇ ਹਨ। ਜੰਗ ਦੀ ਖ਼ੁਸ਼ੀ ’ਚ ਖੀਵੇ ਹੋਏ ਸਕੌਟਿਸ਼ ਮੁੰਡੇ ਨੂੰ ਛੇਤੀ ਹੀ ਹਾਲਾਤ ਦੀ ਭਿਆਨਕਤਾ ਦਾ ਅਹਿਸਾਸ ਹੋ ਜਾਂਦਾ ਹੈ।

ਜੰਗ ਸੰਵੇਦਨਾਵਾਂ ਨੂੰ ਖ਼ਤਰਨਾਕ ਮੰਨਦੀ ਹੈ। ਜਰਮਨ ਅਫ਼ਸਰ ਅਦਾਕਾਰ ਤੋਂ ਫ਼ੌਜੀ ਬਣੇ ਪਾਤਰ ਨੂੰ ਕਹਿੰਦਾ ਹੈ ਕਿ ਕਲਾਕਾਰ ਦੀ ਔਕਾਤ ਮੀਲ ਪੱਥਰ ਤੋਂ ਵਧੇਰੇ ਕੁਝ ਨਹੀਂ ਹੁੰਦੀ। ਉਹ ਮੁਰਦੇ ਦੇ ਭਾਰ ਵਰਗੀ ਸ਼ੈਅ ਹਨ। ਇਸ ਕਰ ਕੇ ਉਹ ਕਲਾਕਾਰਾਂ ਦੇ ਫ਼ੌਜੀ ਬਣਨ ਨੂੰ ਚੰਗਾ ਨਹੀਂ ਸਮਝਦਾ। ਅਦਾਕਾਰ ਫ਼ੌਜੀ ਦੀ ਪ੍ਰੇਮਿਕਾ ਮੋਰਚੇ ਦੇ ਨੇੜੇ ਤਾਇਨਾਤ ਜਰਮਨ ਅਫ਼ਸਰਾਂ ਨੂੰ ਕ੍ਰਿਸਮਸ ਪਾਰਟੀ ਮਨਾਉਣ ਲਈ ਤਿਆਰ ਕਰ ਲੈਂਦੀ ਹੈ, ਜਿੱਥੇ ਉਹ ਗੀਤ ਗਾਵੇਗੀ। ਉਹ ਪ੍ਰੇਮੀ ਨੂੰ ਇੱਕ ਦਿਨ ਦੀ ਛੁੱਟੀ ਦਿਵਾਉਣ ‘ਚ ਕਾਮਯਾਬ ਹੋ ਜਾਂਦੀ ਹੈ ਤਾਂ ਕਿ ਉਹ ਵੀ ਪਾਰਟੀ ਵਿਚ ਨਾਲ ਗਾ ਸਕੇ। ਦੋਵੇਂ ਪ੍ਰੇਮੀ ਪੰਜ ਸਾਲ ਬਾਅਦ ਮਿਲੇ ਹਨ। ਜੰਗ ਦੇ ਪੰਜ ਸਾਲਾਂ ਦੌਰਾਨ ਕਲਾਕਾਰ ਦੀ ਮਾਨਸਿਕਤਾ ਕਿਨ੍ਹਾਂ ਪੱਥਰਾਂ ਨਾਲ ਟਕਰਾਈ ਹੋਵੇਗੀ, ਇਸ ਗੱਲ ਦਾ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਉਸ ਤੋਂ ਗਾਇਆ ਨਹੀਂ ਜਾ ਰਿਹਾ। ਪ੍ਰੇਮਿਕਾ ਦੀ ਅਪਣੱਤ ਅਤੇ ਉਸ ਦਾ ਪਿਆਰ-ਗੀਤ ਕਲਾਕਾਰ ਨੂੰ ਦੁਬਾਰਾ ਖੜ੍ਹਾ ਕਰਦਾ ਹੈ। ਉਹ ਫ਼ੈਸਲਾ ਕਰਦਾ ਹੈ ਕਿ ਵਾਪਸ ਮੋਰਚੇ ‘ਤੇ ਜਾ ਕੇ ਅਪਣੇ ਸਾਥੀਆਂ ਦੀ ਕ੍ਰਿਸਮਸ ਰਾਤ ਨੂੰ ਯਾਦਗਾਰੀ ਬਣਾਏਗਾ। ਉਨ੍ਹਾਂ ਜੀਆਂ ਨੂੰ ਗੀਤਾਂ ਦੀ ਵਧੇਰੇ ਲੋੜ ਹੈ। ਪ੍ਰੇਮਿਕਾ ਜੰਗੀ ਖਤਰੇ ਦੇ ਬਾਵਜੂਦ ਨਾਲ ਜਾਣ ਦੀ ਜ਼ਿਦ ਮਨਾ ਲੈਂਦੀ ਹੈ।

ਇਧਰ ਫ਼ਰਾਂਸੀਸੀਆਂ ਨੂੰ ਕ੍ਰਿਸਮਸ ਦੀ ਰਾਤ ਨੂੰ ਜਰਮਨਾਂ ‘ਤੇ ਹਮਲਾ ਕਰਨ ਦਾ ਹੁਕਮ ਮਿਲਦਾ ਹੈ। ਫ਼ੌਜੀਆਂ ਦਾ ਕਹਿਣਾ ਹੈ ਕਿ ਘੱਟੋ-ਘੱਟ ਅੱਜ ਦੀ ਰਾਤ ਤਾਂ ਚੈਨ ਨਾਲ ਬਿਤਾਉਣ ਦਿੱਤੀ ਜਾਵੇ, ਪਰ ਹੁਕਮ ਤਾਂ ਹੁਕਮ ਹੈ। ਇੱਕ ਫ਼ੌਜੀ ਦੀ ਡਿਊਟੀ ਲਗਦੀ ਹੈ ਕਿ ਉਹ ਜਰਮਨਾਂ ਦੀ ਖਾਈ ਦੇ ਨੇੜੇ ਜਾ ਕੇ ਪੂਰੀ ਜਾਣਕਾਰੀ ਲਵੇਗਾ ਤੇ ਮੌਕਾ ਮਿਲਦੇ ਹੀ ਹਮਲਾ ਕੀਤਾ ਜਾਵੇਗਾ। ਸਕੌਟਿਸ਼ ਫ਼ੌਜੀਆਂ ਵਿਚ ਇੱਕ ਅਮਨਪਸੰਦ ਪਾਦਰੀ ਹੈ ਜੋ ਜ਼ਖ਼ਮੀਆਂ ਦੇ ਇਲਾਜ ਲਈ ਆਇਆ ਹੈ। ਸੰਭਾਵੀ ਹਮਲੇ ਤੋਂ ਅਣਜਾਣ ਇਹ ਪਾਦਰੀ ਕ੍ਰਿਸਮਸ ਦੀ ਖ਼ੁਸ਼ੀ ‘ਚ ਆਪਣਾ ਰਵਾਇਤੀ ਸਾਜ਼ ‘ਬੀਨ-ਬਾਜਾ‘ ਵਜਾਉਣਾ ਸ਼ੁਰੂ ਕਰਦਾ ਹੈ। ਕੁਝ ਹੋਰ ਫ਼ੌਜੀ ਵੀ ਸਾਜ਼ ਚੁੱਕ ਲੈਂਦੇ ਹਨ। ਬਾਕੀ ਗਾਉਣਾ ਸ਼ੁਰੂ ਕਰ ਦਿੰਦੇ ਹਨ। ਲੋਰ ‘ਚ ਗੀਤ-ਸੰਗੀਤ ਹੋਰ ਉੱਚਾ ਹੁੰਦਾ ਹੈ। ਇਧਰ ਅਦਾਕਾਰ ਫ਼ੌਜੀ ਅਤੇ ਉਸ ਦੀ ਪ੍ਰੇਮਿਕਾ ਵੀ ਜਰਮਨ ਮੋਰਚੇ ‘ਤੇ ਆ ਪਹੁੰਚਦੇ ਹਨ ਅਤੇ ਗੀਤ ਗਾਉਣ ਦੀ ਪੇਸ਼ਕਸ਼ ਰੱਖਦੇ ਹਨ। ਮਾਮੂਲੀ ਤਕਰਾਰ ਤੋਂ ਬਾਅਦ ਵੱਡਾ ਜਰਮਨ ਅਫ਼ਸਰ ਮੰਨ ਜਾਂਦਾ ਹੈ। ਜਰਮਨ ਫ਼ੌਜੀ ਕ੍ਰਿਸਮਸ-ਰੁੱਖ ਬੰਕਰਾਂ ਉੱਪਰ ਰੱਖ ਦਿੰਦੇ ਹਨ। ਸੂਹ ਲੈਣ ਆਇਆ ਫ਼ਰਾਂਸੀਸੀ ਫ਼ੌਜੀ ਦੁਚਿੱਤੀ ‘ਚ ਪੈ ਜਾਂਦਾ ਹੈ। ਅਦਾਕਾਰ ਫ਼ੌਜੀ ਗਾਉਣਾ ਸ਼ੁਰੂ ਕਰਦਾ ਹੈ। ਇੱਕ ਜਣਾ ਮਾਊਥ ਹੌਰਨ ਵਜਾ ਰਿਹਾ ਹੈ। ਗਾਇਕ ਦੀ ਆਵਾਜ਼ ‘ਦੁਸ਼ਮਣਾਂ’ ਉਤੇ ਵੀ ਜਾਦੂਈ ਅਸਰ ਕਰਦੀ ਹੈ। ਸਕੌਟਿਸ਼ ਫ਼ੌਜੀ ਜਰਮਨ ਗੀਤ ਦੇ ਨਾਲ ਬੀਨ ਬਾਜਾ ਵਜਾਉਣਾ ਸ਼ੁਰੂ ਕਰ ਦਿੰਦਾ ਹੈ। ਅਦਾਕਾਰ ਫ਼ੌਜੀ ਬਾਜੇ ਦੇ ਨਾਲ ਸੁਰ ਮੇਲਣ ਲੱਗਦਾ ਹੈ। ਉਹ ਬੇਖ਼ੌਫ਼ ਬੰਕਰ ਦੇ ਉੱਤੇ ਚੜ੍ਹ ਕੇ ਹੋਰ ਉੱਚੀ ਗਾਉਂਦਾ ਹੈ। ਇੱਥੇ ਆਸਾਨੀ ਨਾਲ ਉਸ ਦੇ ਗੋਲੀ ਮਾਰੀ ਜਾ ਸਕਦੀ ਹੈ। ਫ਼ਰਾਂਸੀਸੀ ਅਫ਼ਸਰ ਨਾਲ ਦੇ ਨੂੰ ਗੋਲੀ ਮਾਰਨ ਤੋਂ ਰੋਕ ਦਿੰਦਾ ਹੈ। ਵੱਡਾ ਜਰਮਨ ਅਫ਼ਸਰ ਗੁੱਸੇ ‘ਚ ਅਦਾਕਾਰ ਨੂੰ ਹੇਠਾਂ ਆਉਣ ਦਾ ਹੁਕਮ ਦਿੰਦਾ ਹੈ। ਅਚਾਨਕ ਤਾੜੀਆਂ ਦੀ ਆਵਾਜ਼ ਆਉਂਦੀ ਹੈ। ਸਾਰੇ ਸਕੌਟਿਸ਼ ਫ਼ੌਜੀ ਬੰਕਰ ਤੋਂ ਬਾਹਰ ਬੈਠੇ ਗੀਤ ‘ਤੇ ਤਾੜੀਆਂ ਮਾਰ ਰਹੇ ਹਨ। ਚਾਰੇ ਪਾਸੇ ਚੁੱਪ ਪਸਰ ਜਾਂਦੀ ਹੈ। ਇਸ ਚੁੱਪ ਨੂੰ ਸਕੌਟਿਸ਼ ਫ਼ੌਜੀ ਦੇ ਬੀਨ ਬਾਜੇ ਦੀ ਕੀਲਣ ਵਾਲੀ ਆਵਾਜ਼ ਤੋੜਦੀ ਹੈ ਜੋ ਬੰਕਰ ‘ਤੇ ਖੜ੍ਹਾ ਬਾਜਾ ਵਜਾਉਣਾ ਸ਼ੁਰੂ ਕਰਦਾ ਹੈ। ਜਰਮਨ ਦਾ ਗੀਤ ਵੀ ਸ਼ੁਰੂ ਹੋ ਜਾਂਦਾ ਹੈ। ਅਦਾਕਾਰ ਹੋਰ ਜ਼ੋਰ ਨਾਲ ਗਾਉਣ ਲਗਦਾ ਹੈ ਅਤੇ ਸਕੌਟਿਸ਼ ਫ਼ੌਜੀਆਂ ਦੇ ਬੰਕਰ ਨੇੜੇ ਪਹੁੰਚ ਜਾਂਦਾ ਹੈ। ਗੀਤ ਖਤਮ ਹੋਣ ‘ਤੇ ਉਹ ਵੱਡੇ ਜਰਮਨ ਅਫ਼ਸਰ ਨੂੰ ਕਹਿੰਦਾ ਹੈ ਕਿ ਅਜਿਹਾ ਸਵਾਦ ਤਾਂ ਬਰਲਿਨ ਉਪੇਰਾ ਵਿਚ ਗਾ ਕੇ ਵੀ ਕਦੇ ਨਹੀਂ ਆਇਆ। ਤਿੰਨੇ ਫ਼ੌਜਾਂ ਦੇ ਵੱਡੇ ਅਫ਼ਸਰ ਫ਼ੈਸਲਾ ਕਰਦੇ ਹਨ ਕਿ ਅੱਜ ਦੀ ਰਾਤ ਗੋਲੀਬੰਦੀ ਰਹੇਗੀ, ਕਿਉਂਕਿ ਇੱਕ ਰਾਤ ਨਾਲ ਜੰਗ ਦਾ ਫ਼ੈਸਲਾ ਨਹੀਂ ਹੋਣ ਲੱਗਿਆ। ਇੱਕ-ਦੂਜੇ ਦੇ ਖ਼ੂਨ ਦੇ ਪਿਆਸੇ ਹੁਣ ਇਕੱਠੇ ਹੋ ਕੇ ਕ੍ਰਿਸਮਸ ਦਾ ਜਸ਼ਨ ਮਨਾ ਰਹੇ ਹਨ। ਜੰਗ ਨੂੰ ਭੁੱਲ ਕੇ ਸਭ ਸਾਂਝਾ ਵੰਡਦੇ ਹਨ। ਭੋਜਨ, ਸ਼ਰਾਬ, ਜਾਨਵਰ, ਖੋਈਆਂ ਤਸਵੀਰਾਂ ਅਤੇ ਸਿਰਨਾਵਿਆਂ ਦਾ ਵਟਾਂਦਰਾ ਹੁੰਦਾ ਹੈ। ਇੱਕ ਰਾਤ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੰਦੀ ਹੈ। ਹੁਣ ਸਾਹਮਣੇ ਖੜ੍ਹਾ ਜਣਾ ਦੁਸ਼ਮਣ ਨਹੀਂ, ਸਗੋਂ ਮਨੁੱਖ ਦੇ ਰੂਪ ‘ਚ ਦਿਸਦਾ ਹੈ। ਜਸ਼ਨ ਖਤਮ ਹੋਣ ਤੋਂ ਬਾਅਦ ਵੀ ਸਾਰੇ ਹੁਲਾਰ ‘ਚ ਹਨ। ਸਕੌਟਿਸ਼ ਪਾਦਰੀ ਦਾ ਮੰਨਣਾ ਹੈ ਕਿ ਇਹ ਸਭ ਇਸ ਕਰ ਕੇ ਹੈ ਕਿਉਂਕਿ ਉਹ ਜੰਗ ਨੂੰ ਭੁੱਲ ਗਏ ਸਨ। ਨਾਲ ਦਾ ਕਹਿੰਦਾ ਹੈ, “ਪਰ ਜੰਗ ਸਾਨੂੰ ਨਹੀਂ ਭੁੱਲਦੀ।”



***ਫਿਲਮ ‘ਜੁਆਏਕਸ ਨੋਇਲ’ ਦਾ ਇਕ ਭਾਵ-ਪੂਰਤ ਦ੍ਰਿਸ਼।***

ਚੜ੍ਹਦੀ ਸਵੇਰ ਨੂੰ ਤਣਾਅ ਦੇ ਬਾਵਜੂਦ ਤਿੰਨੇ ਅਫ਼ਸਰ ਕੌਫ਼ੀ ਸਾਂਝੀ ਕਰਦੇ ਹਨ ਅਤੇ ਮੁਰਦਾ ਫ਼ੌਜੀਆਂ ਨੂੰ ਦਫਨਾਉਣ ਦੀ ਆਗਿਆ ਦਿੰਦੇ ਹਨ। ਸਾਂਝਾ ਫੁੱਟਬਾਲ ਮੈਚ ਅਤੇ ਤਾਸ਼ ਖੇਡੀ ਜਾਂਦੀ ਹੈ। ਜਰਮਨ ਅਫ਼ਸਰ ‘ਦੁਸ਼ਮਣਾਂ’ ਨੂੰ ਜਰਮਨ ਬੰਬਾਰੀ ਤੋਂ ਬਚਾਉਣ ਲਈ ਆਪਣੇ ਬੰਕਰ ’ਚ ਪਨਾਹ ਦਿੰਦਾ ਹੈ। ਫ਼ਰਾਂਸੀਸੀ ਅਫ਼ਸਰ ਦੀ ਗਰਭਵਤੀ ਘਰਵਾਲੀ ਤੱਕ ਚਿੱਠੀ ਪੁਚਾਉਣ ‘ਚ ਮਦਦ ਕਰਦਾ ਹੈ। ਜਵਾਬੀ ਹਮਲੇ ’ਚ ਜਰਮਨਾਂ ਨੂੰ ਬਚਾਉਣ ਲਈ ਫ਼ਰਾਂਸੀਸੀ ਅਤੇ ਸਕੌਟਿਸ਼ ਉਨ੍ਹਾਂ ਨੂੰ ਅਪਣੇ ਬੰਕਰਾਂ ਵਿਚ ਪਨਾਹ ਦਿੰਦੇ ਹਨ। ਵਾਅਦਾ ਕਰਦੇ ਹਨ ਕਿ ਉਹ ਅਗਲੀ ਵਾਰ ਇੱਕ ਦੂਜੇ ਦੇ ਮੁਲਕਾਂ ’ਚ ਮਹਿਮਾਨ ਬਣ ਕੇ ਜਾਣਗੇ, ਹਮਲਾਵਰ ਬਣ ਕੇ ਨਹੀਂ। ਸੰਗੀਤ ਨਾਲ ਇੱਕ ਦੂਜੇ ਨੂੰ ਵਿਦਾਇਗੀ ਦਿੰਦੇ ਹਨ। ਘਰਾਂ ਨੂੰ ਭੇਜੀਆਂ ਚਿੱਠੀਆਂ ਨਾਲ ਛੇਤੀ ਹੀ ਸਭ ਦਾ ਭੇਤ ਖੁੱਲ੍ਹ ਜਾਂਦਾ ਹੈ। ਸਭ ਤੋਂ ਪਹਿਲੀ ਪੇਸ਼ੀ ਅਮਨਪਸੰਦ ਸਕੌਟਿਸ਼ ਪਾਦਰੀ ਦੀ ਪੈਂਦੀ ਹੈ। ਚਰਚ ਦਾ ਮੁਖੀ ਉਸ ਦੀ ਲਾਹ-ਪਾਹ ਕਰਦਾ ਹੈ ਅਤੇ ਚਰਚ ’ਚੋਂ ਕੱਢ ਦਿੰਦਾ ਹੈ। ਚਰਚ ਮੁਖੀ ਦਾ ਕਹਿਣਾ ਹੈ ਕਿ ਉਸ ਨੇ ਦੁਸ਼ਮਣਾਂ ਨਾਲ ਸਾਂਝ ਭਿਆਲੀ ਪਾ ਕੇ ਰੱਬ ਦੇ ਖ਼ਿਲਾਫ਼ ਜੁਰਮ ਕੀਤਾ ਹੈ। ਚਰਚ-ਮੁਖੀ ਜੰਗ ’ਤੇ ਜਾਣ ਵਾਲੇ ਨਵੇਂ ਰੰਗਰੂਟਾਂ ਨੂੰ ਧਾਰਮਿਕ ਵਿਖਿਆਨ ਦੇਣ ਆਇਆ ਹੈ। ਉਸ ਦਾ ਵਿਖਿਆਨ ਚਰਚ ਅਤੇ ਹੁਕਮਰਾਨਾਂ ਦੇ ਆਪਸੀ ਨਾਪਾਕ ਰਿਸ਼ਤੇ ਦੀ ਹਕੀਕਤ ਬਿਆਨ ਕਰਦਾ ਹੈ। ਦੋਵੇਂ ਹੱਦ ਦਰਜੇ ਦੇ ਮਨੁੱਖਤਾ ਵਿਰੋਧੀ ਹਨ। ਉਹ ਕਹਿੰਦਾ ਹੈ, “ਸੰਤ ਮੈਥਿਊ ਦੇ ਗੋਸਪਲ ਮੁਤਾਬਕ, ਈਸਾ ਮਸੀਹ ਨੇ ਕਿਹਾ ਸੀ ਕਿ ਮੈਂ ਧਰਤੀ ‘ਤੇ ਅਮਨ ਲਈ ਨਹੀਂ ਆਇਆ। ਮੈਂ ਤਲਵਾਰ ਲੈ ਕੇ ਆਇਆਂ ਹਾਂ। ਭਰਾਵੋ, ਰੱਬ ਦੀ ਤਲਵਾਰ ਹੁਣ ਥੋਡੇ ਹੱਥ ‘ਚ ਹੈ। ਹੁਣ ਤੁਸੀਂ ਸੱਭਿਅਤਾ ਦੇ ਰਾਖੇ ਹੋ। ਤੁਸੀਂ ਬਦੀ ਦੇ ਵਿਰੁੱਧ ਨੇਕੀ ਦੀ ਤਾਕਤ ਹੋ। ਇਹ ਜੰਗ ਆਲਮੀ ਆਜ਼ਾਦੀ ਦੀ ਰੱਖਿਆ ਲਈ ਪਵਿੱਤਰ ਧਰਮ-ਯੁੱਧ ਹੈ। ਸੱਚੀ ਗੱਲ ਇਹ ਹੈ ਕਿ ਨਾ ਤਾਂ ਜਰਮਨ ਸਾਡੇ ਵਾਂਗੂ ਰੱਬ ਦੇ ਬੱਚੇ ਹਨ ਅਤੇ ਨਾ ਹੀ ਸਾਡੇ ਵਾਂਗੂ ਸੋਚਦੇ ਹਨ। ਉਨ੍ਹਾਂ ਦੇ ਸ਼ਹਿਰਾਂ ‘ਚ ਭਰੀਆਂ ਭੀੜਾਂ ਨੂੰ ਰੱਬ ਦੇ ਬੱਚੇ ਨਹੀਂ ਕਿਹਾ ਜਾ ਸਕਦਾ। ਉਹ ਹਥਿਆਰਾਂ ਨਾਲ ਲੈਸ ਹੋ ਕੇ ਔਰਤਾਂ ਅਤੇ ਬੱਚਿਆਂ ਦੀ ਢਾਲ ਪਿੱਛੇ ਲੁਕੇ ਹੋਏ ਹਨ। ਉਹ ਰੱਬ ਦੇ ਬੱਚੇ ਨਹੀਂ ਹਨ। ਰੱਬ ਦੀ ਕਿਰਪਾ ਨਾਲ ਤੁਹਾਡੇ ਲਈ ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਹਰ ਜਰਮਨ ਨੂੰ ਖਤਮ ਕਰ ਦਿਉ; ਚਾਹੇ ਉਹ ਚੰਗੇ, ਮੰਦੇ, ਜਵਾਨ, ਬੁੱਢੇ ਅਤੇ ਬੱਚੇ; ਜੋ ਮਰਜ਼ੀ ਹੋਣ, ਤਾਂ ਕਿ ਉਹ ਮੁੜ ਕਦੇ ਸਿਰ ਨਾ ਚੁੱਕ ਸਕਣ। ਰੱਬ ਥੋਡੇ ਨਾਲ ਹੈ।”

ਵਿਖਿਆਨ ਖਤਮ ਹੋਣ ‘ਤੇ ਅਮਨਪਸੰਦ ਪਾਦਰੀ ਗਲ ’ਚੋਂ ਸਲੀਬ ਲਾਹ ਕੇ ਡੰਡੇ ’ਤੇ ਟੰਗ ਜਾਂਦਾ ਹੈ। ਸ਼ਾਇਦ ਇਹੀ ਉਸ ਦੀ ਨਾਬਰੀ ਦਾ ਪ੍ਰਗਟਾਵਾ ਹੈ। ਤਿੰਨੇ ਪਲਟਣਾਂ ਨੂੰ ਮੋਰਚੇ ਤੋਂ ਹਟਾ ਕੇ ਦੂਰ ਭੇਜਿਆ ਜਾ ਰਿਹਾ ਹੈ। ਜ਼ਾਬਤੇ ਦੀ ਉਲੰਘਣਾ ਦੀ ਸਜ਼ਾ ਤੋਂ ਉਨ੍ਹਾਂ ਨੂੰ ਇੱਕ ਹੀ ਚੀਜ਼ ਬਚਾ ਰਹੀ ਹੈ ਕਿ ਫ਼ੌਜੀਆਂ ਦੀ ਏਡੀ ਵੱਡੀ ਗਿਣਤੀ ਨੂੰ ਗੋਲੀਆਂ ਨਾਲ ਨਹੀਂ ਉਡਾਇਆ ਜਾ ਸਕਦਾ; ਉਹ ਵੀ ਘਮਾਸਾਣ ਜੰਗ ਦੀ ਹਾਲਤ ਵਿਚ, ਜਿੱਥੇ ਨਫਰੀ ਪਹਿਲਾਂ ਹੀ ਘੱਟ ਹੈ।

ਫ਼ਿਲਮ ਦੇ ਆਖਰੀ ਦ੍ਰਿਸ਼ ‘ਚ ਅਮਨ ਦੀ ਤਾਂਘ ਰੱਖਣ ਵਾਲੇ ਜਰਮਨ ਫ਼ੌਜੀਆਂ ਨੂੰ ਕਿਸੇ ਹੋਰ ਮੋਰਚੇ ‘ਤੇ ਭੇਜਿਆ ਜਾ ਰਿਹਾ ਹੈ। ਵੱਡਾ ਅਫ਼ਸਰ, ਜਰਮਨ ਸਿਪਾਹੀ ਦਾ ਮੂੰਹ ਨਾਲ ਵਜਾਉਣ ਵਾਲਾ ਵਾਜਾ ਖੋਹ ਕੇ ਤੋੜ ਦਿੰਦਾ ਹੈ। ਸਿਪਾਹੀ ਗੁਣਗੁਣਾਉਣਾ ਸ਼ੁਰੂ ਕਰਦਾ ਹੈ। ਨਾਲ ਹੀ ਬਾਕੀ ਵੀ ਆਵਾਜ਼ ਮਿਲਾਉਂਦੇ ਹਨ। ਧੁਨ ਉੱਚੀ ਹੋ ਰਹੀ ਹੈ। ਸਿਪਾਹੀ ਜੰਗ ਦੇ ਖ਼ਿਲਾਫ਼ ਮਨੁੱਖੀ ਅਹਿਦ ਨੂੰ ਭੁੰਝੇ ਨਹੀਂ ਲੱਗਣ ਦਿੰਦੇ।

ਗੀਤ ਉਨ੍ਹਾਂ ਦੀ ਤਾਕਤ ਹਨ ਜੋ ਉਨ੍ਹਾਂ ਤੋਂ ਕੋਈ ਨਹੀਂ ਖੋਹ ਸਕਦਾ। ਫ਼ਿਲਮ ਦਾ ਇਹ ਦ੍ਰਿਸ਼ ਦੇਖ ਕੇ ਤੁਰਕਿਸਤਾਨ ਦੇ ਕਵੀ ਨਾਜ਼ਿਮ ਹਿਕਮਤ ਦਾ ਚੇਤਾ ਆਉਂਦਾ ਹੈ। ਉਸ ਦੀ ਕੁਲ ਇਕਾਹਟ ਵਰ੍ਹਿਆਂ ਦੀ ਜ਼ਿੰਦਗੀ ‘ਚੋਂ ਚਾਲ੍ਹੀ ਵਰ੍ਹੇ ਜੇਲ੍ਹਾਂ ਦੇ ਲੇਖੇ ਲੱਗ ਗਏ। ਉਸ ਦੇ ਗੀਤਾਂ ਅਤੇ ਰਚਨਾਵਾਂ ਉੱਤੇ ਬਗ਼ਾਵਤ ਭੜਕਾਉਣ ਦਾ ਦੋਸ਼ ਸੀ। ਉਸ ਦਾ ਮੁਕੱਦਮਾ ਜੰਗੀ ਜਹਾਜ਼ ਵਿਚ ਚਲਾਇਆ ਗਿਆ। ਸਜ਼ਾ ਸੁਣਾਉਣ ਸਮੇਂ ਨਾਜ਼ਿਮ ਨੂੰ ਗੋਡੇ ਗੋਡੇ ਗੰਦ ‘ਚ ਖਲੋਣ ਲਈ ਮਜਬੂਰ ਕੀਤਾ ਗਿਆ। ਸਜ਼ਾ ਸੁਣਨ ਤੋਂ ਬਾਅਦ ਉਹ ਹੱਸਿਆ ਅਤੇ ਗਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਆਵਾਜ਼ ਉੱਚੀ ਹੁੰਦੀ ਗਈ ਅਤੇ ਉਸ ਨੇ ਦੁਨੀਆਂ ਭਰ ਦੇ ਪਿਆਰ-ਗੀਤ ਗਾ ਛੱਡੇ।



***‘ਜੁਆਏਕਸ ਨੋਇਲ’ ਵਿਚ ਡਿਆਨਾ ਕਰੂਗਰ।***

COMMERCIAL GRADE SECURITY SOLUTIONS




MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED $1349 +Tax

SPECIAL OFFER 8 CAMERAS INSTALLATION INCLUDED LED MONITOR INCLUDED $2349 +Tax

SPECIAL OFFER 12 CAMERAS INSTALLATION INCLUDED LED MONITOR INCLUDED $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net

Call Sukhpal
661-586-5080



# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW
*Divorce *Annulment
*International Custody

### INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

**"I take your accident personally"**

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

## We can sell your house in short sale at no cost to you.

**Selling Homes from Gilroy to Sacramento, CA**

## JUST SOLD

1. 4326 San Juan Way, Fremont, CA 94536
2. 43881 Cameron Hills Dr., Fremont CA 94539
3. 8308 Medeiros Way, Sacramento, CA 95829
4. 27659 Persimmon Dr., Hayward, CA 94544
5. 34782 Klondike Dr., Union City, CA 94587
6. 1555 Bolton Ln., Manteca, CA 95337
7. 30770 Oxford Way, Union City, CA 94587
8. 3386 San Gabriel Ave., Clovis, CA 93619
9. 4421 Corto Monterey, Union City, CA 94587
10. 8211 Mullberry Ct., Dublin, CA 94568

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Market is still hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

E-mail: jassi@jassigill.com or
Visit us @ www.jassigill.com
for hot listings

# Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095